ਐਤਵਾਰ, 17 ਮਾਰਚ, 2024
4 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 287

# ਨਵਾਂ ਜ਼ਮਾਨਾ

DAILY NAWAN ZAMANA • SUNDAY, 17 MARCH, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

## ਕੇਜਰੀਵਾਲ ਦੀ ਜ਼ਮਾਨਤ ਹੋਈ

**ਨਵੀਂ ਦਿੱਲੀ :** ਐਡੀਸ਼ਨਲ ਚੀਫ ਮੈਟਰੋਪੌਲੀਟਨ ਮੈਜਿਸਟ੍ਰੇਟ ਦਿਵਿਆ ਮਲਹੋਤਰਾ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਸੰਮਨਾਂ 'ਤੇ ਪੇਸ਼ ਨਾ ਹੋਣ ਕਾਰਨ ਈ ਡੀ ਵੱਲੋਂ ਦਾਇਰ ਕੀਤੀਆਂ ਦੋ ਸ਼ਿਕਾਇਤਾਂ ਦੇ ਸੰਬੰਧ 'ਚ ਸ਼ਨੀਵਾਰ ਜ਼ਮਾਨਤ ਦੇ ਦਿੱਤੀ। ਅਦਾਲਤ ਨੇ ਈ ਡੀ ਨੂੰ ਸ਼ਿਕਾਇਤਾਂ ਨਾਲ ਸੰਬੰਧਤ ਦਸਤਾਵੇਜ਼ ਮੁੱਖ ਮੰਤਰੀ ਨੂੰ ਸੌਂਪਣ ਦਾ ਵੀ ਨਿਰਦੇਸ਼ ਦਿੱਤਾ। ਅਗਲੀ ਸੁਣਵਾਈ ਪਹਿਲੀ ਅਪ੍ਰੈਲ ਨੂੰ ਹੋਵੇਗੀ।

## ਹਿਮਾਚਲ ਦੇ ਬਾਗੀ ਕਾਂਗਰਸੀ ਵਿਧਾਇਕਾਂ ਦੀ ਸੁਣਵਾਈ ਭਲਕੇ

**ਨਵੀਂ ਦਿੱਲੀ :** ਸੁਪਰੀਮ ਕੋਰਟ ਹਿਮਾਚਲ ਵਿਧਾਨ ਸਭਾ ਤੋਂ ਅਯੋਗ ਠਹਿਰਾਏ ਜਾਣ ਵਿਰੁੱਧ ਕਾਂਗਰਸ ਦੇ ਛੇ ਬਾਗੀ ਵਿਧਾਇਕਾਂ ਦੀ ਪਟੀਸ਼ਨ 'ਤੇ 18 ਮਾਰਚ ਨੂੰ ਸੁਣਵਾਈ ਕਰੇਗੀ। ਇਨ੍ਹਾਂ ਨੇ ਹਾਲ ਹੀ ਵਿਚ ਰਾਜ ਸਭਾ ਚੋਣ ਵਿਚ ਕਰਾਸ-ਵੋਟਿੰਗ ਕੀਤੀ ਸੀ। 6 ਬਾਗੀ ਵਿਧਾਇਕਾਂ ਸੁਧੀਰ ਸ਼ਰਮਾ, ਰਵੀ ਠਾਕੁਰ, ਰਜਿੰਦਰ ਰਾਣਾ, ਇੰਦਰ ਦੱਤ ਲਖਨਪਾਲ, ਚੇਤਨਿਆ ਸ਼ਰਮਾ ਅਤੇ ਦਵਿੰਦਰ ਕੁਮਾਰ ਭੁੱਟੋ ਨੂੰ ਬੱਜਟ ਪਾਸ ਕਰਨ ਲਈ ਕਾਂਗਰਸ ਦੇ ਵ੍ਹਿਪ ਦੀ ਉਲੰਘਣਾ ਕਰਨ 'ਤੇ ਸਪੀਕਰ ਨੇ ਅਯੋਗ ਕਰਾਰ ਦਿੱਤਾ ਸੀ।

## ਅਨੁਰਾਧਾ ਪੌਡਵਾਲ ਭਾਜਪਾ 'ਚ ਸ਼ਾਮਲ



**ਨਵੀਂ ਦਿੱਲੀ :** ਮਸ਼ਹੂਰ ਬਾਲੀਵੁੱਡ ਗਾਇਕਾ ਪਦਮਸ੍ਰੀ ਅਨੁਰਾਧਾ ਪੌਡਵਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਸ਼ਨੀਵਾਰ ਭਾਜਪਾ 'ਚ ਸ਼ਾਮਲ ਹੋ ਗਈ। ਭਾਜਪਾ ਹੈੱਡਕੁਆਰਟਰ ਵਿਖੇ ਪੌਡਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਉਹ ਮੋਦੀ ਦੀ ਅਗਵਾਈ ਵਾਲੀ ਪਾਰਟੀ 'ਚ ਸ਼ਾਮਲ ਹੋ ਕੇ ਖੁਸ਼ ਹੈ।

## ਨਵਨੀਤ ਸਹਿਗਲ ਪ੍ਰਸਾਰ ਭਾਰਤੀ ਬੋਰਡ ਦੇ ਨਵੇਂ ਚੇਅਰਮੈਨ

**ਨਵੀਂ ਦਿੱਲੀ :** ਰਿਟਾਇਰਡ ਨੌਕਰਸ਼ਾਹ ਨਵਨੀਤ ਕੁਮਾਰ ਸਹਿਗਲ ਨੂੰ ਪ੍ਰਸਾਰ ਭਾਰਤੀ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਦੇ ਅਹੁਦੇ ਦੀ ਮਿਆਦ 3 ਸਾਲ ਜਾਂ ਜਦੋਂ ਤੱਕ ਉਹ 70 ਸਾਲ ਦੇ ਨਹੀਂ ਹੋ ਜਾਂਦੇ, ਤੱਕ ਹੋਵੇਗੀ। ਇਹ ਅਹੁਦਾ ਫਰਵਰੀ 2020 ਵਿਚ ਸੂਰੀਆ ਪ੍ਰਕਾਸ਼ ਦੀ ਮਿਆਦ ਪੁੱਗ ਜਾਣ ਤੋਂ ਬਾਅਦ ਦਾ ਖਾਲੀ ਸੀ।

## ਯਾਸੀਨ ਮਲਿਕ ਦੀ ਜਥੇਬੰਦੀ 'ਤੇ ਪਾਬੰਦੀ 'ਚ ਵਾਧਾ

**ਨਵੀਂ ਦਿੱਲੀ :** ਮੋਦੀ ਸਰਕਾਰ ਨੇ ਜੇਲ੍ਹ 'ਚ ਅੱਤਵਾਦ ਦੇ ਦੋਸ਼ਾਂ ਹੇਠ ਬੰਦ ਯਾਸੀਨ ਮਲਿਕ ਦੀ ਅਗਵਾਈ ਵਾਲੇ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਨੂੰ ਹੋਰ ਪੰਜ ਸਾਲ ਲਈ ਗੈਰਕਾਨੂੰਨੀ ਜਥੇਬੰਦੀ ਐਲਾਨਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਹ ਜਥੇਬੰਦੀ ਵੱਖਵਾਦੀ ਸਰਗਰਮੀਆਂ ਜਾਰੀ ਰੱਖੇ ਹੋਏ ਹੈ। ਉਨ੍ਹਾ ਕਿਹਾ ਕਿ ਦੇਸ਼ ਦੀ ਸੁਰੱਖਿਆ, ਪ੍ਰਭੂਸੱਤਾ ਅਤੇ ਅਖੰਡਤਾ ਨੂੰ ਚੁਣੌਤੀ ਦੇਣ ਵਾਲੇ ਨੂੰ ਸਖਤ ਕਾਨੂੰਨੀ ਨਤੀਜੇ ਭੁਗਤਣੇ ਪੈਣਗੇ। ਜੰਮੂ-ਕਸ਼ਮੀਰ ਪੀਪਲਜ਼ ਫਰੀਡਮ ਲੀਗ ਅਤੇ ਜੰਮੂ-ਕਸ਼ਮੀਰ ਪੀਪਲਜ਼ ਲੀਗ (ਜੇ ਕੇ ਪੀ ਐੱਲ) ਦੇ ਚਾਰ ਸਮੂਹਾਂ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਨ੍ਹਾਂ ਵਿਚ ਜੇ ਕੇ ਪੀ ਐੱਲ (ਮੁਖਤਾਰ ਅਹਿਮਦ ਵਾਜ਼ਾ), ਜੇ ਕੇ ਪੀ ਐੱਲ (ਬਸ਼ੀਰ ਅਹਿਮਦ ਤੋਤਾ), ਜੇ ਕੇ ਪੀ ਐੱਲ (ਗੁਲਾਮ ਮੁਹੰਮਦ ਖਾਨ) ਅਤੇ ਯਾਕੂਬ ਸ਼ੇਖ ਦੀ ਅਗਵਾਈ ਵਾਲੀ ਜੇ ਕੇ ਪੀ ਐੱਲ (ਅਜ਼ੀਜ਼) ਸ਼ਾਮਲ ਹਨ।

# ਭਾਜਪਾ ਨੂੰ ਆਂਧਰਾ ਤੇ ਤਿਲੰਗਾਨਾ 'ਚ ਪ੍ਰਚਾਰ ਲਈ ਖੁੱਲ੍ਹਾ ਟੈਮ

## ਮਹਾਰਾਸ਼ਟਰ 'ਚ ਵੀ ਐਤਕੀਂ ਚਾਰ ਦੀ ਥਾਂ ਪੰਜ ਗੇੜਾਂ 'ਚ ਪੋਲਿੰਗ, ਆਮ ਚੋਣਾਂ ਦਾ ਰੌਲਾ-ਗੌਲਾ 19 ਅਪ੍ਰੈਲ ਤੋਂ ਪਹਿਲੀ ਜੂਨ ਤੱਕ ਚੱਲੇਗਾ, ਪੰਜਾਬ 'ਚ ਪੋਲਿੰਗ ਆਖਰੀ ਗੇੜ 'ਚ

**ਨਵੀਂ ਦਿੱਲੀ :** 543 ਮੈਂਬਰੀ ਲੋਕ ਸਭਾ ਲਈ ਚੋਣਾਂ ਪਿਛਲੀਆਂ ਚੋਣਾਂ ਵਾਂਗ 7 ਗੇੜਾਂ 'ਚ ਹੋਣਗੀਆਂ। ਪਹਿਲੇ ਗੇੜ ਵਿਚ 19 ਅਪਰੈਲ ਨੂੰ ਵੋਟਾਂ ਪੈਣਗੀਆਂ। 26 ਅਪਰੈਲ ਨੂੰ ਦੂਜੇ ਗੇੜ, 7, 13, 20 ਤੇ 25 ਮਈ ਅਤੇ ਪਹਿਲੀ ਜੂਨ ਨੂੰ ਕ੍ਰਮਵਾਰ ਤੀਜੇ, ਚੌਥੇ, ਪੰਜਵੇਂ, ਛੇਵੇਂ ਤੇ ਸੱਤਵੇਂ ਗੇੜ ਲਈ ਵੋਟਾਂ ਪੈਣਗੀਆਂ। ਪੰਜਾਬ 'ਚ ਆਖਰੀ ਗੇੜ 'ਚ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਚੋਣ ਤਰੀਕਾਂ ਦਾ ਐਲਾਨ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਸ਼ਨੀਵਾਰ ਕੀਤਾ। ਉਨ੍ਹਾ ਨਾਲ ਨਵੇਂ ਨਿਯੁਕਤ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਤੇ ਗਿਆਨੇਸ਼ ਕੁਮਾਰ ਵੀ ਮੌਜੂਦ ਸਨ। ਚੋਣਾਂ ਦੇ ਐਲਾਨ ਦੇ ਨਾਲ ਹੀ ਦੇਸ਼ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ। ਮੁੱਖ ਚੋਣ ਕਮਿਸ਼ਨਰ ਨੇ ਦੱਸਿਆ ਕਿ ਦੇਸ਼ 'ਚ ਕਰੀਬ 97 ਕਰੋੜ ਰਜਿਸਟਰਡ ਵੋਟਰ ਹਨ। ਇਨ੍ਹਾਂ 'ਚ 47.1 ਕਰੋੜ ਮਹਿਲਾ ਵੋਟਰ ਹਨ। 10.5




ਲੱਖ ਤੋਂ ਵੱਧ ਪੋਲਿੰਗ ਸਟੇਸ਼ਨਾਂ ਵਿਚ 55 ਲੱਖ ਈ ਵੀ ਐੱਮ ਦੀ ਵਰਤੋਂ ਹੋਵੇਗੀ। ਪਹਿਲੇ ਗੇੜ ਲਈ 102 ਸੀਟਾਂ, ਦੂਜੇ ਗੇੜ 'ਚ 89 ਸੀਟਾਂ, ਤੀਜੇ ਗੇੜ 'ਚ 94 ਸੀਟਾਂ, ਚੌਥੇ ਗੇੜ 'ਚ 96 ਸੀਟਾਂ, ਪੰਜਵੇਂ ਗੇੜ 'ਚ 49 ਸੀਟਾਂ, ਛੇਵੇਂ ਗੇੜ 'ਚ 57 ਸੀਟਾਂ ਤੇ ਸੱਤਵੇਂ ਗੇੜ 'ਚ 57 ਸੀਟਾਂ 'ਤੇ ਵੋਟਾਂ ਪੈਣਗੀਆਂ।

4 ਰਾਜਾਂ—ਸਿੱਕਮ, ਓਡੀਸ਼ਾ, ਅਰੁਣਾਚਲ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ਦੀਆਂ ਅਸੰਬਲੀ ਚੋਣਾਂ ਵੀ ਲੋਕ ਸਭਾ ਚੋਣਾਂ ਦੇ ਨਾਲ ਹੋਣਗੀਆਂ। ਅਰੁਣਾਚਲ ਦੀਆਂ 60 ਤੇ ਸਿੱਕਮ ਦੀਆਂ 32 ਸੀਟਾਂ ਲਈ 19 ਅਪਰੈਲ ਨੂੰ ਵੋਟਾਂ ਪੈਣਗੀਆਂ। ਆਂਧਰਾ 'ਚ 13 ਮਈ ਨੂੰ ਵੋਟਾਂ ਪੈਣਗੀਆਂ। ਓਡੀਸ਼ਾ ● ਬਾਕੀ ਸਫ਼ਾ 2 'ਤੇ

### 543 ਨਹੀਂ 544 ਸੀਟਾਂ!

ਮਨੀਪੁਰ ਵਿਚ ਦੋ ਲੋਕ ਸਭਾ ਸੀਟਾਂ ਹਨ, ਜਦਕਿ ਚੋਣ ਕਮਿਸ਼ਨ ਨੇ ਪਹਿਲੇ ਗੇੜ ਵਿਚ ਦੋ ਸੀਟਾਂ ਦੇ ਨਾਲ-ਨਾਲ ਦੂਜੇ ਗੇੜ ਵਿਚ ਵੀ ਇਕ ਸੀਟ 'ਤੇ ਪੋਲਿੰਗ ਦਾ ਐਲਾਨ ਕੀਤਾ ਹੈ। ਇਸ ਤਰ੍ਹਾਂ ਲੋਕ ਸਭਾ ਦੀਆਂ ਸੀਟਾਂ 543 ਤੋਂ ਵਧ ਕੇ 544 ਹੋ ਜਾਂਦੀਆਂ ਹਨ। ਮੁੱਖ ਚੋਣ ਕਮਿਸ਼ਨਰ ਨੇ ਇਹ ਘਚੋਲਾ ਦੂਰ ਕਰਦਿਆਂ ਕਿਹਾ ਕਿ ਅੰਦਰੂਨੀ ਮਨੀਪੁਰ ਹਲਕੇ ਵਿਚ 19 ਅਪ੍ਰੈਲ ਨੂੰ ਵੋਟਾਂ ਪੈਣਗੀਆਂ, ਜਦਕਿ ਬਾਹਰੀ ਮਨੀਪੁਰ ਲੋਕ ਸਭਾ ਹਲਕੇ ਵਿਚ ਪੈਂਦੇ ਕੁਝ ਅਸੰਬਲੀ ਹਲਕਿਆਂ ਵਿਚ 19 ਤੇ ਕੁਝ ਅਸੰਬਲੀ ਹਲਕਿਆਂ ਵਿਚ 26 ਅਪ੍ਰੈਲ ਨੂੰ ਵੋਟਾਂ ਪੈਣਗੀਆਂ। ਇਸ ਤਰ੍ਹਾਂ ਦੇਖਣ ਨੂੰ ਹਲਕੇ 543 ਤੋਂ 544 ਬਣ ਜਾਂਦੇ ਹਨ।

## ਸੰਘ ਨੇ ਕਿਸਾਨ ਅੰਦੋਲਨ ਨੂੰ ਵੱਖਵਾਦੀ ਦਹਿਸ਼ਤਗਰਦੀ ਨਾਲ ਜੋੜਿਆ

**ਨਾਗਪੁਰ :** ਆਰ ਐੱਸ ਐੱਸ ਨੇ ਦੋਸ਼ ਲਾਇਆ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨ ਅੰਦੋਲਨ ਦੇ ਬਹਾਨੇ ਮੁੜ ਤੋਂ ਬਦਅਮਨੀ ਫੈਲਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਉਸ ਨੇ ਇਹ ਵੀ ਕਿਹਾ ਕਿ ਇਸ ਅੰਦੋਲਨ ਰਾਹੀਂ ਪੰਜਾਬ 'ਚ 'ਵੱਖਵਾਦੀ ਦਹਿਸ਼ਤਗਰਦੀ' ਨੇ ਮੁੜ ਆਪਣਾ ਸਿਰ ਚੁੱਕਿਆ ਹੈ।

ਉਸ ਨੇ ਕਿਹਾ ਕਿ ਪੱਛਮੀ ਬੰਗਾਲ ਦੇ ਸੰਦੇਸ਼ਖਲੀ 'ਚ ਸੈਂਕੜੇ ਮਾਵਾਂ ਅਤੇ ਭੈਣਾਂ 'ਤੇ ਹੋਏ ਜ਼ੁਲਮ ਨੇ ਪੂਰੇ ਸਮਾਜ ਨੂੰ ਹਿਲਾ ਦਿੱਤਾ ਹੈ। ਉਸ ਨੇ ਮਨੀਪੁਰ 'ਚ ਜਾਤੀ ਟਕਰਾਅ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਇਸ ਨੇ ਸਮਾਜ ਦੇ ਦੋ ਵਰਗਾਂ ਮਾਇਤੀ ਅਤੇ ਕੁੱਕੀ ਵਿਚਕਾਰ ਅਵਿਸ਼ਵਾਸ ਪੈਦਾ ਕੀਤਾ ਹੈ। ਉਸ ਦੀ ਨਾਗਪੁਰ 'ਚ ਸਾਲਾਨਾ 'ਆਲ ਇੰਡੀਆ ਪ੍ਰਤੀਨਿਧੀ ਸਭਾ' ਕਾਨਫਰੰਸ 'ਚ ਜਨਰਲ ਸਕੱਤਰ ਦੱਤਾਤ੍ਰੇਯ ਹੋਸਾਬਲੇ ਵੱਲੋਂ ਪੇਸ਼ ਸਾਲਾਨਾ ਰਿਪੋਰਟ 2023-24 'ਚ ਇਹ ਟਿੱਪਣੀਆਂ ਕੀਤੀਆਂ ਗਈਆਂ ਹਨ।

# ਆਜ਼ਾਦੀ ਤੇ ਜਮਹੂਰੀਅਤ ਖਤਰੇ 'ਚ : ਮਾਨ

**ਬੰਗਾ/ਨਵਾਂਸ਼ਹਿਰ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਕਾਰਜਕਾਲ ਦੇ ਦੋ ਸਾਲ ਪੂਰੇ ਹੋਣ 'ਤੇ ਸ਼ਨੀਵਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਪੰਜਾਬ ਨੂੰ ਹਰੇਕ ਖੇਤਰ ਵਿੱਚ ਮੋਹਰੀ ਸੂਬਾ ਬਣਾ ਕੇ ਮਹਾਨ ਸ਼ਹੀਦ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੋਰ ਵੀ ਵੱਡੇ ਉਪਰਾਲੇ ਕਰਨ ਦਾ ਅਹਿਦ ਲਿਆ। ਸ਼ਹੀਦ-ਏ-ਆਜ਼ਮ ਦੇ ਜੀਵਨ ਨੂੰ ਦਰਸਾਉਣ ਲਈ ਹਾਈ-ਟੈਕ ਅਜਾਇਬ ਘਰ ਨੂੰ ਸਮਰਪਿਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਠੀਕ ਦੋ ਸਾਲ ਪਹਿਲਾਂ ਉਨ੍ਹਾਂ ਨੇ ਇਸ ਪਵਿੱਤਰ ਧਰਤੀ 'ਤੇ ਸਹੁੰ ਚੁੱਕਣ ਤੋਂ ਬਾਅਦ ਹੀ ਆਪਣਾ ਅਹੁਦਾ ਸੰਭਾਲਿਆ ਸੀ। ਉਨ੍ਹਾ ਕਿਹਾ ਕਿ ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦਾ ਹਰ ਕਾਰਜ ਉਸ ਮਹਾਨ ਸ਼ਹੀਦ ਦੇ ਸੁਪਨਿਆਂ ਨੂੰ ਪੂਰਾ



ਕਰਨਾ ਹੈ, ਜਿਨ੍ਹਾਂ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ ਸੀ। ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਉਨ੍ਹਾਂ ਨੇ ਇੱਕ ਮਿੰਟ ਲਈ ਵੀ ਅਰਾਮ ਨਹੀਂ ਕੀਤਾ ਅਤੇ ਸੂਬੇ ਦੀ ਤਰੱਕੀ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ, ਕਿਉਂਕਿ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਵਿੱਚ ਜਸ਼ਨ ਮਨਾਉਣ ਦੇ ਸਮਾਗਮ ਹੋਣੇ ਸ਼ੁਰੂ ਹੋ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਇਸ ਗਤੀ ਨੂੰ ਬਰਕਰਾਰ ਰ ੱ ਿਖ ਅ ਾ ● ਬਾਕੀ ਸਫ਼ਾ 2 'ਤੇ

# ਅਮਨ ਸਕੌਡਾ ਵਾਰਾਨਸੀ ਤੋਂ ਗ੍ਰਿਫਤਾਰ

**ਫਾਜ਼ਿਲਕਾ (ਪਰਮਜੀਤ ਢਾਬਾਂ)**

2 ਲੱਖ ਰੁਪਏ ਦੇ ਇਨਾਮੀ ਭਗੌੜੇ ਅਮਨ ਸਕੋਡਾ ਨੂੰ ਵਾਰਾਨਸੀ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਐੱਸ ਐੱਸ ਪੀ ਵਰਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਅਮਨਦੀਪ ਕੰਬੋਜ ਉਰਫ ਅਮਨ ਸਕੋਡਾ ਵਾਸੀ ਚੱਕ ਪੁੰਨਾਵਾਲਾ ਉਰਫ ਖਿਲਚੀਆਂ, ਥਾਣਾ ਵੈਰੋਕੇ ਜ਼ਿਲ੍ਹਾ ਫਾਜ਼ਿਲਕਾ ਕਾਫੀ ਸਾਲਾਂ ਤੋਂ ਭਗੌੜਾ ਚਲਿਆ ਆ ਰਿਹਾ ਸੀ। ਸਕੌਡਾ ਨੂੰ ਗ੍ਰਿਫਤਾਰ ਕਰਨ ਲਈ ਪਿਛਲੇ ਕਰੀਬ 4-5 ਸਾਲਾਂ ਤੋਂ ਫਾਜ਼ਿਲਕਾ ਪੁਲਸ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਚੰਡੀਗੜ੍ਹ, ਹਿਮਾਚਲ ਪ੍ਰਦੇਸ, ਪੰਚਕੂਲਾ, ਰਾਜਸਥਾਨ, ਹਰਿਆਣਾ ਆਦਿ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਸੀ। ਸਕੌਡਾ ਖਿਲਾਫ ਧਾਰਾ 307, 420, 384, 326, 365, 465, 467, 471, 120ਬੀ, ਭ ਦ,



66, 67 ਆਈ ਟੀ ਐਕਟ ਤਹਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਕੁੱਲ 38 ਮੁਕੱਦਮੇ ਦਰਜ ਹਨ। ਸਕੌਡਾ ਨੂੰ ਸ਼ਨੀਵਾਰ ਅਦਾਲਤ ਫਾਜ਼ਿਲਕਾ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ 20 ਮਾਰਚ ਤੱਕ ਪੁਲਸ ਰਿਮਾਂਡ ਦੇ ਦਿੱਤਾ। ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਖਾਸਮਖਾਸ ਮੰਨੇ ਜਾਂਦੇ ਸਕੌਡਾ ਨੂੰ ਫੜਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਹੰਸ ਰਾਜ ਗੋਲਡਨ ਨੇ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਪੁਲਸ ਦੀ ਇਹ ਸਭ ਤੋਂ ਵੱਡੀ ਕਾਮਯਾਬੀ ਹੈ ਅਤੇ ਇਸ ਲਈ ਜ਼ਿਲ੍ਹਾ ਫਾਜ਼ਿਲਕਾ ਦਾ ਪੁਲਸ ਮੁਖੀ ਵਧਾਈ ਦਾ ਪਾਤਰ ਹੈ। ਉਹਨਾ ਦੱਸਿਆ ਕਿ ਉਸ ਦੇ ਜ਼ਿਲ੍ਹੇ ਵਿੱਚ ਦਰਜਨਾਂ ਨੌਜਵਾਨਾਂ ਨਾਲ ● ਬਾਕੀ ਸਫ਼ਾ 2 'ਤੇ

## ਟਿੱਪਰ ਨੇ ਟੈਂਪੋ ਨੂੰ ਮਾਰੀ ਟੱਕਰ, ਔਰਤ ਦੀ ਮੌਤ, 10 ਗੰਭੀਰ ਜ਼ਖਮੀ



**ਫਿਲੌਰ (ਨਿਰਮਲ)**-ਫਿਲੌਰ ਨੇੜੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਮਹਿਲਾ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਕੁਝ ਮਹਿਲਾਵਾਂ ਅਤੇ ਮਰਦ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਤੇਜ਼ ਰਫਤਾਰ ਕਰੈਸ਼ਰ ਵਾਲੇ ਟਿੱਪਰ ਨੇ ਸਵਾਰੀਆਂ ਨਾਲ ਭਰੇ ਟੈਂਪੂ ਨੂੰ ਜ਼ਬਰਦਸਤ ਟੱਕਰ ਮਾਰੀ, ਜਿਸ ਕਾਰਨ ਟੈਂਪੂ ਪਲਟ ਕੇ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਜਿਹੜੇ ਵਕਤ ਲਈ ਬਹੁਤ ਉਡੀਕ ਸੀਗੀ,
ਆਇਆ ਚੋਣਾਂ ਲਈ ਅੱਜ ਐਲਾਨ ਮੀਆਂ।
ਘਰੋਂ ਜਿਹੜੇ ਨਹੀਂ ਕਦੀ ਸੀ ਬਾਹਰ ਆਏ,
ਉਹ ਹਨ ਲੱਗ ਪਏ ਮੱਲਣ ਮੈਦਾਨ ਮੀਆਂ।
ਜਿਹੜੇ ਲੋਕਾਂ ਦੀ ਨਜ਼ਰ ਵਿੱਚ ਅੱਤ ਮਾੜੇ,
ਬਣ ਕੇ ਆਉਣਗੇ ਬੰਦਾ ਭਗਵਾਨ ਮੀਆਂ।
ਬਚਿਆ ਚੰਗਾ ਕੋਈ ਭੈੜਿਆਂ ਵਿੱਚ ਡਿੱਠਾ,
ਉਹਨੂੰ ਆਖਣਗੇ ਇਹ ਹੀ ਸ਼ੈਤਾਨ ਮੀਆਂ।
ਅੱਖੀਂ ਲੋਕਾਂ ਦੇ ਪਾਉਣ ਲਈ ਬਹੁਤ ਘੱਟਾ,
ਵੇਚਣਗੇ ਕੂੜ, ਪਰ ਆਖਣਗੇ ਸੱਚ ਮੀਆਂ।
ਸਾਊ ਮਾਣਸ ਤੋਂ ਬੋਲ ਨਹੀਂ ਹੋਊ ਕੁਝ ਵੀ,
ਅੰਦਰੋਂ ਰਿਹਾ ਬੱਸ ਹੋਊ ਉਹ ਮੱਚ ਮੀਆਂ।

-ਤੀਸ ਮਾਰ ਖਾਂ

## ਕਾਰਲ ਮਾਰਕਸ ਦੀ 141ਵੀਂ ਬਰਸੀ ਮੌਕੇ ਸਿਧਾਂਤਕ ਕੈਂਪ

### 23 ਮਾਰਚ ਨੂੰ ਸ਼ਹੀਦੀ ਸਮਾਰਕ ਹੁਸੈਨੀਵਾਲਾ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪਰਮਜੀਤ ਸਿੰਘ, ਪੂਜਾ)**

ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਨੀਵਾਰ ਇੱਥੇ ਸਥਾਨਕ ਪ੍ਰੇਮ ਭਵਨ ਵਿਖੇ ਦੁਨੀਆ ਦੇ ਮਹਾਨ ਫਿਲਾਸਫਰ ਕਾਰਲ ਮਾਰਕਸ ਦੀ 141ਵੀਂ ਬਰਸੀ ਮੌਕੇ ਸਿਧਾਂਤਕ ਕੈਂਪ ਕਰਵਾਇਆ ਗਿਆ। ਇਸ ਸਿਧਾਂਤਕ ਕੈਂਪ ਵਿੱਚ ਵੱਖ-ਵੱਖ ਪਿੰਡਾਂ, ਬਲਾਕਾਂ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਸ ਕੈਂਪ ਦੀ ਪ੍ਰਧਾਨਗੀ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਵਿੰਦਰ ਸਿੰਘ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਨੇ ਕੀਤੀ। ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਸੂਬਾ ਮੀਤ ਮੀਤ ਪ੍ਰਧਾਨ ਸੁਖਵਿੰਦਰ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਸਿਧਾਂਤਕ ਕੈਂਪ ਨੂੰ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕੀਤਾ। ਜਗਰੂਪ ਸਿੰਘ ਨੇ ਕਿਹਾ ਕਿ ਕਾਰਲ ਮਾਰਕਸ ਦਾ ਨਾਂਅ ਦੁਨੀਆ ਦੇ ਚੋਟੀ ਦੇ ਫਿਲਾਸਫਰਾਂ ਅਤੇ ਮਹਾਨ ਮਨੁੱਖਾਂ ਵਿੱਚੋਂ ਪਹਿਲੇ ਨੰਬਰ 'ਤੇ ਹੈ, ਜਿਸ ਨੇ ਕਿਰਤੀ ਜਮਾਤ ਦੀ ਬੰਦ-ਖਲਾਸੀ ਦਾ ਵਿਗਿਆਨਕ ਢੰਗ ਤਲਾਸ਼ ਕੇ ਦਿੱਤਾ ਹੈ। 19ਵੀਂ ਸਦੀ ਤੋਂ ਅੱਜ 21ਵੀਂ ਸਦੀ ਦੇ ਤੀਜੇ ਦਹਾਕੇ ਤੱਕ ਵੀ ਕਾਰਲ ਮਾਰਕਸ ਦੇ ਹਾਣ ਦਾ ਕੋਈ ਮਨੁੱਖ ਨਹੀਂ, ਜਿਸ ਨੇ ਉਸ ਦੇ ਮੁਕਾਬਲੇ ਸਮਾਜਿਕ-ਆਰਥਿਕ ਅਤੇ ਰਾਜਨੀਤਕ ਸਿਧਾਂਤਾਂ ਦੀ ਖੋਜ ਕਰਕੇ ਲੁਕਾਈ ਦੇ ਹਿੱਤਾਂ ਲਈ ਵਰਤਿਆ ਹੋਵੇ। ਉਨ੍ਹਾ ਕਿਹਾ ਕਿ ਅਜੋਕੇ ਦੌਰ ਵਿੱਚ ਜਿਸ ਤਰ੍ਹਾਂ ਸਰਮਾਏਦਾਰੀ ਪ੍ਰਬੰਧ ਆਪਣੇ ਪੈਰ ਪਸਾਰ ਕੇ ਆਮ ਲੋਕਾਂ ਦੇ ਹੱਕਾਂ 'ਤੇ ਡਾਕੇ ਮਾਰ ਰਿਹਾ ਹੈ ਤਾਂ ● ਬਾਕੀ ਸਫ਼ਾ 2 'ਤੇ

## ਪੰਜਾਬੀ ਲਿਖਾਰੀ ਅਣਖੀ ਇਬਰਾਹੀਮਪੁਰੀ ਦੇ ਮਾਤਾ ਵਿਛੋੜਾ ਦੇ ਗਏ



**ਗੜ੍ਹਸ਼ੰਕਰ :** ਇਹ ਖਬਰ ਪੰਜਾਬੀ ਜਗਤ ਵਿੱਚ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਅੱਜਕੱਲ੍ਹ ਜਰਮਨੀ ਵੱਸਦੇ ਪੰਜਾਬੀ ਲਿਖਾਰੀ ਅਣਖੀ (ਪਰਮਜੀਤ) ਇਬਰਾਹੀਮਪੁਰੀ ਦੇ ਮਾਤਾ ਜੀ ਸ੍ਰੀਮਤੀ ਭਾਗੋ ਦਾ ਪਿੰਡ ਇਬਰਾਹੀਮਪੁਰ ਵਿੱਚ 15 ਮਾਰਚ ਨੂੰ ਦੇਹਾਂਤ ਹੋ ਗਿਆ। ਉਹਨਾਂ ਦੀ ਉਮਰ ਤਕਰੀਬਨ 104 ਸਾਲ ਸੀ। ਉਹ ਵੱਡੀ ਉਮਰੇ ਵੀ ਤੰਦਰੁਸਤ ਰਹੇ, ਪਰ ਹੁਣ ਬਹੁਤ ਥੋੜ੍ਹੇ ਸਮੇਂ ਤੋਂ ਢਿੱਲੇ ਚਲੇ ਆ ਰਹੇ ਸਨ। ਅਣਖੀ ਇਬਰਾਹੀਮਪੁਰੀ ਪਿਛਲੇ ਦੋ ਕੁ ਹਫਤਿਆਂ ਤੋਂ ਪੰਜਾਬ ਪੁੱਜੇ ਹੋਏ ਸਨ। ਅਣਖੀ ਇਬਰਾਹੀਮਪੁਰੀ ਦੇ ਬੱਚੇ ਡਾ. ਅਮਨਪ੍ਰੀਤ (ਬੇਟੀ), ਡਾ. ਕਰਨਪ੍ਰਤਾਪ ਸਿੰਘ (ਜਵਾਈ), ਨਵਪ੍ਰੀਤ (ਬੇਟੀ), ਹਰਪ੍ਰੀਤ (ਬੇਟਾ) ਵੀ ਮਾਤਾ ਜੀ ਨੂੰ ਵਿਦਾ ਕਰਨ ਲਈ ਪੰਜਾਬ ਪੁੱਜ ਗਏ ਹਨ। ਇਨ੍ਹਾਂ ਸਾਰੇ ਬੱਚਿਆਂ ਦਾ ਮਾਤਾ ਜੀ ਨਾਲ ਬੜਾ ਮੋਹ ਦਾ ਰਿਸ਼ਤਾ ਸੀ।

ਸ੍ਰੀਮਤੀ ਭਾਗੋ ਆਪਣੇ ਸ਼ਾਂਤ, ਨਰਮ ● ਬਾਕੀ ਸਫ਼ਾ 2 'ਤੇ






## ਦੋਸਾਂਝ ਵਿਖੇ ਕ੍ਰਿਕਟ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਪਿੰਡ ਦੋਸਾਂਝ ਵਿਖੇ ਟੂਰਨਾਮੈਂਟ ਕਮੇਟੀ, ਨਗਰ ਨਿਵਾਸੀਆਂ ਤੇ ਪ੍ਰਵਾਸੀ ਭਾਰਤੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ ਚਾਰ ਰੋਜ਼ਾ ਕ੍ਰਿਕਟ ਟੂਰਨਾਮੈਂਟ ਮਿੱਠੀਆਂ ਯਾਦਾਂ ਛੱਡਦਾ ਹੋਇਆ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ।ਇਸ ਟੂਰਨਾਮੈਂਟ ਵਿੱਚ ਇਲਾਕੇ ਭਰ ਤੋਂ 50 ਦੇ ਕਰੀਬ ਟੀਮਾਂ ਨੇ ਭਾਗ ਲਿਆ ਤੇ ਪਹਿਲਾ ਸਥਾਨ ਹਾਸਲ ਕਰਨ ਵਾਲੀ ਪਿੰਡ ਡਾਲਾ ਦੀ ਟੀਮ ਨੂੰ 31 ਹਜ਼ਾਰ ਦੀ ਨਕਦ ਰਾਸ਼ੀ, ਸਨਮਾਨ ਚਿੰਨ੍ਹ ਤੇ ਦੂਸਰੇ ਸਥਾਨ 'ਤੇ ਰਹਿਣ ਵਾਲੀ ਪਿੰਡ ਕੋਰੇਵਾਲਾ ਦੀ ਟੀਮ ਨੂੰ 25 ਹਜ਼ਾਰ ਰੁਪਏ ਤੇ ਸਨਮਾਨ ਚਿੰਨ੍ਹ ਦਿੱਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਆਪ ਆਗੂ ਸੁਰਜੀਤ ਸਿੰਘ ਨੇ ਇਸ ਟੂਰਨਾਮੈਂਟ ਦੀ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਤੇ ਸ਼ਲਾਘਾ ਕਰਦਿਆਂ ਕਿਹਾ ਕਿ ਖੇਡਾਂ ਸਾਨੂੰ ਸਰੀਰਕ ਵਿਕਾਸ ਦੇ ਨਾਲ ਨਾਲ ਅਨੁਸ਼ਾਸਨ ਤੇ ਸ਼ਹਿਣਸ਼ੀਲਤਾ ਵੀ ਸਿਖਾਉਂਦੀਆਂ, ਜੋ ਸਾਨੂੰ ਸਮਾਜ ਵਿੱਚ ਇੱਕ ਚੰਗੇ ਨਾਗਰਿਕ ਵਜੋਂ ਵਿਚਰਨ ਲਈ ਸਹਾਇਤਾ ਕਰਦੀਆਂ ਹਨ।ਹੋਰਨਾਂ ਤੋਂ ਇਲਾਵਾ ਇਸ ਟੂਰਨਾਮੈਂਟ ਦੀ ਰੌਣਕ ਨੂੰ ਗਿਆਨੀ ਛਿੰਦਰ ਸਿੰਘ, ਮੰਗਲੀ ਬਾਬਾ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ, ਨਛੱਤਰ ਸਿੰਘ ਸੰਘਾ ਅਮਰੀਕਾ ਵਾਲੇ, ਨਿਰਮਲ ਨਿੰਮਾ ਸੁਖਵੀਰ ਸਿੰਘ ਸੁੱਖਾ, ਮਹਿੰਦਰਪਾਲ ਲੂੰਬਾ, ਮਨਪ੍ਰੀਤ ਸਿੰਘ ਸੰਘਾ, ਇਕਬਾਲ ਸਿੰਘ ਅਮਰੀਕਾ, ਅਮਨਦੀਪ ਲੂੰਬਾ, ਲਵਕਿਰਨ ਰਖਰਾ ਰਮਨ (ਏ ਯੂ ਐੱਮ ਗਲੋਬਲ), ਅਮਨਦੀਪ ਅਮਨਾ ਆਸਟ੍ਰੇਲੀਆ, ਜਗਮੀਤ ਜੱਗਾ ਗੁਰਜੀ ਗੀਤਾਂ, ਗੁਰਮੀਤ ਸਿੰਘ, ਮਨਪ੍ਰੀਤ ਮੰਨੂੰ, ਸਿਮਰ ਤੇਜੀ ਕੈਨੇਡਾ, ਛਿੰਦਾ ਕੈਨੇਡਾ, ਗੁਰਸੇਵਕ ਰਖਰਾ, ਹਰਪ੍ਰੀਤ ਕੋਚ, ਅਮਰੀਕ ਕੈਨੇਡਾ, ਰਾਜਦੀਪ ਕੈਨੇਡਾ ਤੇ ਤਲਵਿੰਦਰ ਸਿੰਘ, ਜਗਮੀਤ ਸਿੰਘ ਨੇ ਵਧਾਇਆ।

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ 66 ਕੇ ਵੀ ਗਰਿੱਡ ਦਾ ਰੱਖਿਆ ਨੀਂਹ ਪੱਥਰ

**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪਿੰਡ ਕੜਿਆਲ ਤੇ ਖਡਿਆਲ ਵਿਖੇ ਕੇ ਵੀ ਗਰਿਡ ਸਬ-ਸਟੇਸ਼ਨਾਂ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਲੋਕਾਂ ਨੂੰ ਪਿੰਡ ਕੜਿਆਲ ਵਿਖੇ ਸੰਬੋਧਨ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਹੁਣ ਵੱਡੀ ਗਿਣਤੀ ਪਿੰਡਾਂ ਦੀ ਬਿਜਲੀ ਸਪਲਾਈ ਵਿੱਚ ਵੱਡਾ ਸੁਧਾਰ ਆਵੇਗਾ ਤੇ ਇਨ੍ਹਾਂ ਨਵੇਂ 66 ਕੇ ਵੀ ਗਰਿਡ ਸਬ-ਸਟੇਸ਼ਨ ਲਈ 12.5 ਐੱਮ.ਵੀ.ਏ. ਪਾਵਰ ਟਰਾਂਸਫਾਰਮਰ ਸਥਾਪਤ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਇਸ ਗਰਿਡ ਸਬ-ਸਟੇਸ਼ਨ ਦੀ ਉਸਾਰੀ ਲਈ 66 ਕੇ ਵੀ ਲਾਈਨ 220 ਕੇ ਵੀ ਗਰਿਡ ਸਬ-ਸਟੇਸ਼ਨ ਪਾਤੜਾਂ-ਦਿੜ੍ਹਬਾ ਤੋਂ 3.5 ਕਿਲੋਮੀਟਰ ਲਾਈਨ ਉਸਾਰ ਕੇ ਕੀਤੀ ਜਾਵੇਗੀ ਅਤੇ ਇਸ ਪ੍ਰੋਜੈਕਟ ਤੇ 3.32 ਕਰੋੜ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਇਹ ਗਰਿਡ ਸਬ-ਸਟੇਸ਼ਨ 31 ਦਸੰਬਰ ਤੱਕ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ ਅਤੇ ਇਸ ਗਰਿਡ ਦੇ ਬਣਨ ਨਾਲ 66 ਕੇ ਵੀ ਗਰਿੱਡ ਦਿੜ੍ਹਬਾ ਤੇ ਮੁਨਸ਼ੀਵਾਲਾ ਅਧੀਨ ਆਉਂਦੇ ਪਿੰਡ ਕੜਿਆਲ, ਰਤਨਗੜ੍ਹ ਸਿੰਧੜਾ, ਖੇਤਲਾ, ਧਰਮਗੜ੍ਹ ਛੰਨਾ, ਕਾਕੂਵਾਲਾ, ਕੈਂਪਰ, ਗਾਮੜੀ, ਦਿੜ੍ਹਬਾ ਤੇ ਰਾਮਪੁਰ ਛੰਨਾ ਨੂੰ ਲਾਭ ਮਿਲੇਗਾ।

ਇਸੇ ਤਰ੍ਹਾਂ ਪਿੰਡ ਖਡਿਆਲ ਵਿਖੇ ਨਵਾਂ 66 ਕੇ ਵੀ ਗਰਿੱਡ ਸਬ-ਸਟੇਸ਼ਨ ਦਾ ਨੀਂਹ ਪੱਥਰ ਰੱਖਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਗਰਿਡ ਸਬ-ਸਟੇਸ਼ਨ ਦੀ ਉਸਾਰੀ ਲਈ 66 ਕੇ ਵੀ ਲਾਈਨ 220 ਕੇ ਵੀ ਗਰਿੱਡ ਸਬ-ਸਟੇਸ਼ਨ ਬੀ.ਬੀ.ਐੱਮ.ਬੀ. ਸੰਗਰੂਰ-ਪਾਤੜਾਂ ਲਾਈਨ ਤੋਂ 4.4 ਕਿਲੋਮੀਟਰ ਨਵੀਂ ਲਾਈਨ ਉਸਾਰ ਕੇ ਕੀਤੀ ਜਾਵੇਗੀ ਤੇ ਇਸ ਪ੍ਰੋਜੈਕਟ 'ਤੇ 3.58 ਕਰੋੜ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਇਹ ਗਰਿਡ ਸਬ-ਸਟੇਸ਼ਨ 30 ਜੂਨ ਤੱਕ ਬਣ ਕੇ ਮੁਕੰਮਲ ਹੋਣ ਦੀ ਸੰਭਾਵਨਾ ਹੈ ਤੇ ਇਸ ਗਰਿਡ ਦੇ ਬਣਨ ਨਾਲ਼ 66 ਕੇ ਵੀ ਗਰਿੱਡ ਸਬ-ਸਟੇਸ਼ਨ ਸੂਲਰ ਘਰਾਟ, ਕੁਲਾਰਾਂ, ਚੱਠਾ ਨਨਹੇੜਾ ਤੇ ਸੁਨਾਮ ਨੂੰ ਰਾਹਤ ਮਿਲੇਗੀ। ਇਸ ਮੌਕੇ ਵਿੱਤ ਮੰਤਰੀ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ, ਐੱਸ.ਡੀ.ਐੱਮ. ਰਾਜੇਸ਼ ਸ਼ਰਮਾ, ਡੀ.ਐੱਸ.ਪੀ. ਪ੍ਰਿਥਵੀ ਸਿੰਘ ਚਹਿਲ, ਇੰਜ: ਰਤਨ ਕੁਮਾਰ ਮਿੱਤਲ ਉਪ ਮੁੱਖ ਇੰਜੀਨੀਅਰ, ਇੰਜ: ਮੁਨੀਸ਼ ਗਰਗ ਵਧੀਕ ਨਿਗਰਾਨ ਇੰਜੀਨੀਅਰ ਦਿੜ੍ਹਬਾ, ਇੰਜ: ਗੁਰਸ਼ਰਨ ਸਿੰਘ ਵਧੀਕ ਨਿਗਰਾਨ ਇੰਜੀਨੀਅਰ ਸੁਨਾਮ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚ, ਮੈਂਬਰ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



## ਬਿਜ਼ਨੈੱਸ ਸਟੱਡੀਜ਼ ਵਿਭਾਗ ਵੱਲੋਂ ਡਿਜੀਟਲ ਮਾਰਕੀਟਿੰਗ 'ਤੇ ਵਰਕਸ਼ਾਪ




**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਬਿਜ਼ਨੈੱਸ ਸਟੱਡੀਜ਼ ਵਿਭਾਗ ਵੱਲੋਂ ਭਾਰਤ ਸਰਕਾਰ ਦੇ ਐੱਮ ਐੱਸ ਐੱਮ ਐਂਟਰਪ੍ਰਾਈਜ਼ ਮੰਤਰਾਲੇ ਦੇ ਸਹਿਯੋਗ ਨਾਲ ਇੱਕ ਹਫ਼ਤੇ ਦੀ ਡਿਜੀਟਲ ਮਾਰਕੀਟਿੰਗ ਵਿਸ਼ੇ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਭਾਗ ਦੇ ਲਗਭਗ 35 ਵਿਦਿਆਰਥੀਆਂ ਨੇ ਭਾਗ ਲਿਆ। ਡਾ. ਸ਼ਸ਼ੀ ਕਲਾ ਤੇ ਡਾ. ਜਗਦੀਪ ਸਿੰਘ ਵਰਕਸ਼ਾਪ ਦੇ ਕੋਆਰਡੀਨੇਟਰ ਸਨ।ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਦਯੋਗ ਦੀਆਂ ਮੌਜੂਦਾ ਲੋੜਾਂ ਅਨੁਸਾਰ ਮਾਰਕੀਟਿੰਗ ਤੇ ਵਿਗਿਆਪਨ ਮਾਹਰ ਪੇਸ਼ੇਵਰ ਦੇ ਤੌਰ 'ਤੇ ਤਿਆਰ ਕਰਨਾ ਸੀ।ਮੰਤਰਾਲੇ ਦੇ ਸਹਾਇਕ ਡਾਇਰੈਕਟਰ ਸ਼੍ਰੀ ਕ੍ਰਿਸ਼ਨ ਕੁਮਾਰ ਤੇ ਸ਼੍ਰੀਮਤੀ ਅਨੂਪਮ ਖੇਮ ਉਦਘਾਟਨੀ ਸੈਸ਼ਨਾਂ ਵਿੱਚ ਮੌਜੂਦ ਸਨ ਅਤੇ ਉਨ੍ਹਾਂ ਨੇ ਛੋਟੇ ਤੇ ਮੱਧਮ ਉਦਯੋਗਾਂ ਲਈ ਡਿਜੀਟਲ ਮਾਰਕੀਟਿੰਗ ਦੀ ਮਹੱਤਤਾ ਤੇ ਆਰਥਿਕ ਵਿਕਾਸ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਵਿੱਚ ਇਸ ਦੀ ਭੂਮਿਕਾ ਬਾਰੇ ਚਾਨਣਾ ਪਾਇਆ। ਵਰਕਸ਼ਾਪ ਦੇ ਉਦਘਾਟਨੀ ਸੈਸ਼ਨ ਦੌਰਾਨ ਵਿਭਾਗ ਦੇ ਡਾ. ਨਰਿੰਦਰ ਕੌਰ ਨੇ ਸਵਾਗਤੀ ਸ਼ਬਦ ਕਹੇ। ਵਿਭਾਗ ਮੁਖੀ ਪ੍ਰੋ. ਆਨੰਦ ਬਾਂਸਲ ਨੇ ਸਾਰੇ ਸਹਿਯੋਗ ਲਈ ਮੰਤਰਾਲੇ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਡਿਜੀਟਲ ਮਾਰਕੀਟਿੰਗ ਹੁਨਰ ਨਾਲ ਲੈਸ ਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ।

ਇਸ ਵਰਕਸ਼ਾਪ ਵਿੱਚ ਡਾ. ਗੁਰਵਿੰਦਰ ਬਖ਼ਸ਼ੀ, ਸ੍ਰੀ ਸਕਸ਼ਮ ਮਦਾਨ ਤੇ ਸ੍ਰੀ ਪ੍ਰਿੰਸ ਵੋਹਰਾ ਰਿਸੋਰਸ ਪਰਸਨ ਸਨ ਅਤੇ ਉਨ੍ਹਾਂ ਸਾਰਿਆਂ ਨੇ ਵਰਕਸ਼ਾਪ ਦੇ ਵੱਖ-ਵੱਖ ਸੈਸ਼ਨਾਂ ਵਿੱਚ ਵਿਦਿਆਰਥੀਆਂ ਨੂੰ ਡਿਜੀਟਲ ਪਹਿਲੂਆਂ ਜਿਵੇਂ ਕੰਟੈਂਟ ਮਾਰਕੀਟਿੰਗ, ਈਮੇਲ ਸੋਸ਼ਲ ਮੀਡੀਆ ਮਾਰਕੀਟਿੰਗ ਆਦਿ ਬਾਰੇ ਚਾਨਣਾ ਪਾਇਆ।ਇਸ ਵਰਕਸ਼ਾਪ ਦੇ ਸਮਾਪਤੀ ਸੈਸ਼ਨ ਦੇ ਮੁੱਖ ਮਹਿਮਾਨ ਕੈਂਪਸ ਡਾਇਰੈਕਟਰ ਪ੍ਰੋ. ਕੰਵਲਜੀਤ ਸਿੰਘ ਸਨ।ਉਨ੍ਹਾਂ ਡਿਜੀਟਲ ਹੁਨਰ ਦੀ ਘਾਟ ਨੂੰ ਪੂਰਾ ਕਰਨ ਤੇ ਆਧੁਨਿਕ ਕਾਰੋਬਾਰ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਵਿੱਚ ਸਿੱਖਿਆ ਸੰਸਥਾਵਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ।ਵਰਕਸ਼ਾਪ ਦੇ ਸਮਾਪਤੀ ਸੈਸ਼ਨ ਦੌਰਾਨ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ।

## ਬਸਪਾ ਦੇ ਸੰਸਥਾਪਕ ਕਾਂਸ਼ੀ ਰਾਮ ਦਾ ਜਨਮ ਦਿਨ ਮਨਾਇਆ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਹੁਜਨ ਸਮਾਜ ਪਾਰਟੀ ਹਲਕਾ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਬਸਪਾ ਸੰਸਥਾਪਕ ਮਾਨੀਵਰ ਸਾਹਿਬ ਕਾਂਸ਼ੀ ਰਾਮ ਜੀ ਦਾ 91ਵਾਂ ਜਨਮ ਦਿਨ ਗੋਨਿਆਣਾ ਚੌਕ ਸਥਿਤ ਭਗਵਾਨ ਵਾਲਮੀਕ ਜੀ ਧਰਮਸ਼ਾਲਾ ਵਿਖੇ ਸ਼੍ਰੀ ਸਵਰੂਪ ਚੰਦ ਜ਼ਿਲ੍ਹਾ ਕੈਸ਼ੀਅਰ ਦੀ ਅਗਵਾਈ ਵਿੱਚ ਮਨਾਇਆ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ: ਮੰਦਰ ਸਿੰਘ ਸਰਾਏਨਾਗਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਕੇਕ ਕੱਟਣ ਦੀ ਰਸਮ ਅਦਾ ਕੀਤੀ, ਸਾਹਿਬ ਕਾਂਸ਼ੀ ਰਾਮ ਜੀ ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਉਂਦਿਆਂ ਬਸਪਾ ਦੇ ਸੀਨੀਅਰ ਆਗੂ ਸ਼੍ਰੀ ਚਿੰਤਰਾਮ ਨਾਹਰ ਨੇ ਕਿਹਾ ਕਿ ਉਨ੍ਹਾਂ ਦਾ ਜੀਵਨ ਸਾਡੇ ਲਈ ਇੱਕ ਪ੍ਰੇਰਨਾ ਦਾਇਕ ਹੈ, ਕਿਉਂਕਿ ਜੋ ਉਨ੍ਹਾਂ ਨੇ ਇੱਕ ਮਹਾਨ ਸ਼ਖਸੀਅਤ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਬੀ ਆਰ ਅੰਬੇਡਕਰ ਜੀ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਇਆ ਤੇ ਉਨ੍ਹਾਂ ਦੇ ਕਾਰਵਾਂ ਨੂੰ ਮੰਜ਼ਿਲ ਵੱਲ ਲੈ ਕੇ ਜਾਣਾ ਵੀ ਰਹਿੰਦੀ ਦੁਨੀਆ ਤੱਕ ਯਾਦ ਰਹੇਗਾ।ਇਸ ਤੋਂ ਹਲਕਾ ਇੰਚਾਰਜ ਬਸਪਾ ਸ਼੍ਰੀ ਜਗਦੇਵ ਅਲਾਰਮ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਸਟੇਜ ਦੀ ਕਾਰਵਾਈ ਜ਼ਿਲ੍ਹਾ ਸਕੱਤਰ ਸ਼੍ਰੀ ਪਰਮਜੀਤ ਸਿੰਘ ਪੰਮਾ ਨੇ ਬਾਖੂਬੀ ਨਿਭਾਈ।ਇਸ ਮੌਕੇ ਬਸਪਾ ਦੇ ਸੀਨੀਅਰ ਆਗੂ ਡਾਕਟਰ ਸਵਰਨ ਜੀਤ ਸਿੰਘ, ਗੁਰਬਖਸ਼ ਸਿੰਘ ਰਿਟਾਇਰ ਭਲਾਈ ਅਫਸਰ, ਸੁੰਦਰ ਲਾਲ ਜਾਟੀਵਾਲ, ਬਲਦੇਵ ਤੰਵਰ ਹਲਕਾ ਪ੍ਰਧਾਨ, ਰੋਸ਼ਨ ਲਾਲ ਹਲਕਾ ਵਾਈਸ ਪ੍ਰਧਾਨ, ਹਰਜਿੰਦਰ ਭੰਗਜੜੀ, ਜੈ ਦਿਆਲ ਸ: ਬਲਵੰਤ ਸਿੰਘ, ਰਾਜ ਕੁਮਾਰ ਰਾਠੀ, ਮੰਗਾ ਰਾਠੀ, ਰਾਜੂ ਖੂੰਨਣ ਖੁਰਦ, ਰਾਜਿੰਦਰ ਖਿੱਚੀ, ਗੁਰਦੀਪ ਸਿੰਘ ਖਾਲਸਾ, ਜਗਜੀਤ ਸੈਕਟਰੀ, ਹਰਬੰਸ ਲਾਲ ਮਹਿੰਦਰਾ ਤੋਂ ਇਲਾਵਾ ਐਡਵੋਕੇਟ ਸ਼੍ਰੀ ਨਰਿੰਦਰ ਪਾਲ ਖਿੱਚੀ ਤੇ ਨਿਰਮਲ ਖਿੱਚੀ ਆਦਿ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਵਿਖੇ ਉਤਸ਼ਾਹ ਨਾਲ ਮਨਾਇਆ 'ਕੰਜ਼ਿਊਮਰ ਹੱਬ'



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਮੈਨੇਜਮੈਂਟ ਸਟੱਡੀਜ਼ ਵਿਭਾਗ ਤੇ ਮੈਨੇਜਮੈਂਟ ਐਸੋਸੀਏਸ਼ਨ ਵੱਲੋਂ ਵਿਦਿਆਰਥੀਆਂ ਦੀਆਂ ਪ੍ਰਬੰਧਕੀ ਤੇ ਵਪਾਰਕ ਕੁਸ਼ਲਤਾਵਾਂ ਨੂੰ ਬਿਹਤਰ ਬਣਾਉਣ ਲਈ ਕੰਜ਼ਿਊਮਰ ਹੱਬ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲਗਭਗ 3000 ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਵੱਲੋਂ ਖੇਡਾਂ, ਖਾਣ-ਪੀਣ ਦੀਆਂ ਵਸਤਾਂ ਤੇ ਸਜਾਵਟ ਆਦਿ ਨਾਲ ਸੰਬੰਧਤ ਕੁੱਲ 17 ਸਟਾਲ ਲਗਾਏ ਗਏ।

ਕਾਲਜ ਗਵਰਨਿੰਗ ਬਾਡੀ ਦੇ ਆਨਰੇਰੀ ਸਕੱਤਰ ਸ੍ਰ. ਜਗਦੀਪ ਸਿੰਘ ਚੀਮਾ ਨੇ ਮੈਨੇਜਮੈਂਟ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੁਕਾਬਲੇ ਦੇ ਯੁੱਗ ਵਿੱਚ ਵਿਦਿਆਰਥੀਆਂ ਵਿੱਚ ਪ੍ਰਬੰਧਕੀ ਢਾਂਚੇ ਨੂੰ ਚਲਾਉਣ ਦੀ ਮੁਹਾਰਤ ਹੋਣਾ ਬਹੁਤ ਜ਼ਰੂਰੀ ਹੈ ਤੇ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਮੈਨੇਜਮੈਂਟ ਤੇ ਮਾਰਕਿਟਿੰਗ ਸੰਬੰਧੀ ਪ੍ਰੈਕਟਿਕਲ ਗਿਆਨ ਵਧਾਉਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਸ੍ਰ. ਅਵਤਾਰ ਸਿੰਘ ਰਿਆ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਉਸਾਰੂ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਕਾਲਜ ਦਾ ਨਾਂਅ ਰੋਸ਼ਨ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਜਿੱਥੇ ਵਿਦਿਆਰਥੀਆਂ ਦੀ ਵਿਵਹਾਰਕ ਤੇ ਵਿਹਾਰਕ ਪ੍ਰਤਿਭਾ 'ਚ ਨਿਖਾਰ ਆਉਂਦਾ ਹੈ, ਉਥੇ ਨਾਲ ਹੀ ਉਨ੍ਹਾਂ ਦੀ ਆਪਣੇ ਵਿਸ਼ੇ ਸਬੰਧੀ ਜਾਗਰੂਕਤਾ ਤੇ ਰਚਨਾਤਮਕਤਾ ਦਾ ਪਤਾ ਚੱਲਦਾ ਹੈ। ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਮੁਖੀ ਡਾ. ਕਮਲਪ੍ਰੀਤ ਕੌਰ ਤੇ ਡਾ. ਸ਼ਿਵਾਨੀ ਬੈਕਟਰ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਹੋਰ ਮਿਹਨਤ ਕਰਨ ਤੇ ਮੁਕਾਬਲਿਆਂ 'ਚ ਭਾਗ ਲੈਣ ਲਈ ਉਤਸ਼ਾਹਤ ਕੀਤਾ। ਇਸ ਮੌਕੇ ਐੱਮ ਐੱਸ ਸੀ ਆਈ. ਟੀ. ਭਾਗ ਦੂਸਰਾ ਦੀ ਟੀਮ ਨੂੰ ਜੇਤੂ ਘੋਸ਼ਿਤ ਕੀਤਾ ਗਿਆ। ਇਸੇ ਪ੍ਰਕਾਰ ਐੱਮ.ਬੀ.ਏ. ਭਾਗ ਪਹਿਲਾ ਦੀ ਟੀਮ ਦੂਸਰੇ ਤੇ ਬੀ.ਏ.ਐੱਫ. ਭਾਗ ਤੀਸਰਾ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ।

## ਮਾਨ ਸਰਕਾਰ ਬਹੁਜਨ ਸਮਾਜ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਕਰਨ 'ਚ ਫੇਲ੍ਹ : ਨੀਲੋਂਵਾਲ, ਖਡਿਆਲ



**ਦਿੜ੍ਹਬਾ (ਜਸਵੀਰ ਲਾਡੀ)**-'ਹੁਣ ਯੂ ਪੀ ਤੇ ਬਿਹਾਰ ਦੀ ਤਰ੍ਹਾਂ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿੱਚ ਰਹਿਣ ਵਾਲੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਵੀ ਸੁਰੱਖਿਅਤ ਨਹੀਂ ਹਨ ਤੇ ਭਗਵੰਤ ਮਾਨ ਦੀ ਸਰਕਾਰ ਬਹੁਜਨ ਸਮਾਜ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਕਰਨ ਵਿਚ ਫੇਲ੍ਹ ਸਾਬਿਤ ਹੋ ਹੋਈ ਹੈ।' ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬਲਵੀਰ ਆਲਮਪੁਰ ਰਿਹਾਅ ਕਰਵਾਓ ਐੱਸ ਸੀ ਬੀ ਸੀ ਐਕਸ਼ਨ ਕਮੇਟੀ ਤੇ ਅੰਬੇਡਕਰ ਮਜ਼ਦੂਰ ਚੇਤਨਾ ਮੰਚ ਪੰਜਾਬ ਦੇ ਕਨਵੀਨਰ ਕਰਨੈਲ ਸਿੰਘ ਨੀਲੋਂਵਾਲ ਤੇ ਅੰਬੇਡਕਰ ਸਭਾ ਪੰਜਾਬ ਦੇ ਪ੍ਰਧਾਨ ਹਰਜਸ ਸਿੰਘ ਖਡਿਆਲ ਨੇ ਅਨੁਸੂਚਿਤ ਜਾਤੀਆਂ ਦੇ ਜਾਲ੍ਹੀ ਸਰਟੀਫਿਕੇਟ ਧਾਰਕਾਂ ਖਿਲਾਫ ਲੜਾਈ ਲੜਨ ਵਾਲੇ ਬਲਵੀਰ ਆਲਮਪੁਰ ਦੇ ਹੱਕ ਵਿੱਚ ਮਨਰੇਗਾ ਵਿੱਚ ਕੰਮ ਕਰਦੇ ਬਹੁਜਨ ਸਮਾਜ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਸਮਰਾਲਾ ਦੇ ਪਿੰਡ ਮਾਨੂੰਪੁਰ 'ਚ ਦਲਿਤ ਔਰਤਾਂ ਦੀ ਹੋਈ ਕੁੱਟਮਾਰ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਗੁਜਰਾਂ, ਮਲੇਰਕੋਟਲਾ ਦੇ ਪਿੰਡ ਮੋਰਾਂਵਾਲੀ ਤੇ ਪਿਛਲੇ ਦਿਨੀਂ ਜ਼ਮੀਨੀ ਸੰਘਰਸ਼ ਦੀ ਲੜਾਈ ਲੜ ਰਹੇ ਮਜ਼ਦੂਰਾਂ 'ਤੇ ਪੁਲਸ ਲਾਠੀਚਾਰਜ ਕੀਤਾ ਹੈ।

ਉਨ੍ਹਾਂ ਪੰਜਾਬ ਸਰਕਾਰ ਖ਼ਿਲਾਫ਼ ਬਹੁਜਨ ਸਮਾਜ ਦੇ ਲੋਕਾਂ ਨੂੰ ਇੱਕ ਜੁੱਟ ਹੋ ਕੇ ਅਨੁਸੂਚਿਤ ਜਾਤੀਆਂ ਦੇ ਜਾਲ੍ਹੀ ਸਰਟੀਫਿਕੇਟ ਧਾਰਕਾਂ ਖਿਲਾਫ ਲੜਨ ਵਾਲੇ ਬਲਵੀਰ ਆਲਮਪੁਰ ਨੂੰ ਰਿਹਾਅ ਕਰਾਉਣ ਤੇ ਬਹੁਜਨ ਸਮਾਜ ਦੀਆਂ ਹੋਰ ਮੰਗਾਂ ਲਈ ਦੋ ਅਪ੍ਰੈਲ ਨੂੰ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਅਤੇ ਬਹੁਜਨ ਸਮਾਜ ਦੀਆਂ ਮੰਗਾਂ ਦਾ ਪੋਸਟਰ ਵੀ ਜਾਰੀ ਕੀਤਾ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵਿੱਚ ਸਿਰਫ਼ ਕਿਸਾਨਾਂ ਨੂੰ ਹੀ ਹੱਕ ਮੰਗਣ ਦਾ ਅਧਿਕਾਰ ਹੈ, ਮਜ਼ਦੂਰਾਂ ਨੂੰ ਨਹੀਂ।ਇਸ ਮੌਕੇ ਸਰਪੰਚ ਬਲਵੀਰ ਸਿੰਘ, ਜਰਨੈਲ ਸਿੰਘ, ਬੱਗੋ ਕੌਰ, ਭੋਲਾ ਸਿੰਘ, ਸੁਖਪਾਲ ਕੌਰ, ਚਰਨਜੀਤ ਕੌਰ, ਲਖਵਿੰਦਰ ਕੌਰ, ਮਨਦੀਪ ਕੌਰ ਤੇ ਸ਼ਿੰਦਰ ਕੌਰ ਆਦਿ ਹਾਜ਼ਰ ਸਨ।

## ਲੋਕ ਸਭਾ ਚੋਣਾਂ ਲਈ 'ਆਪ' ਨੂੰ ਉਮੀਦਵਾਰ ਮਿਲਣੇ ਹੋਏ ਮੁਸ਼ਕਲ : ਹਨੀ ਫੱਤਣਵਾਲਾ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੋ ਸਾਲ ਪਹਿਲਾਂ, ਜਿਸ ਪਾਰਟੀ 'ਤੇ ਪੰਜਾਬ ਦੇ ਲੋਕਾਂ ਨੇ ਬਹੁਤ ਵੱਡਾ ਵਿਸ਼ਵਾਸ ਕਰਕੇ ਵੱਡਾ ਫ਼ਤਵਾ ਦਿੱਤਾ ਸੀ, ਅੱਜ ਉਹੀ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਵਿੱਚ ਆਪਣਾ ਵਿਸ਼ਵਾਸ ਗਵਾ ਚੁੱਕੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਲੋਕ ਸਭਾ ਲਈ ਆਮ ਆਦਮੀ ਪਾਰਟੀ ਨੂੰ ਉਮੀਦਵਾਰ ਮਿਲਣੇ ਮੁਸ਼ਕਲ ਹੋਏ ਪਏ ਹਨ।ਅੱਜ ਲੋਕ ਸਭਾ ਚੋਣਾਂ ਵਿੱਚ ਇਹ ਆਪਣੀ ਪਾਰਟੀ ਦੇ ਮਿਹਨਤਕਸ਼ ਵਰਕਰਾਂ ਨੂੰ ਟਿਕਟ ਦੇਣ ਦੀ ਬਜਾਏ ਦੂਸਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਸ਼ਾਮਲ ਕਰਕੇ ਜਾਂ ਆਪਣੇ ਮੰਤਰੀਆਂ ਨੂੰ ਲੋਕ ਸਭਾ ਦੀਆਂ ਟਿਕਟਾਂ ਦੇ ਰਹੇ ਹਨ।ਇਥੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਨੇ ਪੰਜਾਬ ਦੀ ਭੋਲੀ ਭਾਲੀ ਜਨਤਾ ਦੇ ਜਜ਼ਬਾਤਾਂ ਨਾਲ ਕਿਵੇਂ ਖੇਡਿਆ ਹੈ।ਹਨੀ ਫੱਤਣਵਾਲਾ ਨੇ ਕਿਹਾ ਕਿ ਹੁਣ ਪੰਜਾਬ ਦੇ ਲੋਕ ਜਾਗ ਚੁੱਕੇ ਹਨ ਤੇ ਇਨ੍ਹਾਂ ਦੇ ਝੂਠਾਂ ਦਾ ਮੂੰਹ ਤੋੜ ਜਵਾਬ ਦੇਣਗੇ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ ਹਰ ਆਮ ਆਦਮੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਿਹਾ ਹੈ, ਜਿਸ ਦਾ ਨਤੀਜਾ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਚੋਣਾਂ ਦੌਰਾਨ ਭੁਗਤਣਾ ਪਵੇਗਾ।

## ਮੈਕਸ ਆਰਥਰ ਮੈਕਾਲਿਫ ਨੂੰ ਬਰਸੀ ਮੌਕੇ ਸ਼ਰਧਾਂਜਲੀ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਅੰਗਰੇਜ਼ੀ ਦੇ ਉੱਘੇ ਅਨੁਵਾਦਕ ਮੈਕਸ ਆਰਥਰ ਮੈਕਾਲਿਫ ਦੀ 111ਵੀਂ ਬਰਸੀ ਮੌਕੇ ਉਨ੍ਹਾਂ ਦੀ ਯਾਦ ਵਿੱਚ ਇੱਕ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ।ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਸਕੂਲ ਦੇ ਪ੍ਰਿੰਸੀਪਲ ਡਾ. ਮੋਨਿਕਾ ਨੇ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਮੈਕਸ ਆਰਥਰ ਮੈਕਾਲਿਫ ਨੇ ਸਿੱਖ ਇਤਿਹਾਸ ਤੇ ਗੁਰਬਾਣੀ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਪੂਰੀ ਦੁਨੀਆ ਵਿੱਚ ਫੈਲਾਇਆ।ਉਨ੍ਹਾਂ ਕਿਹਾ ਕਿ ਮੈਕਸ ਆਰਥਰ ਮੈਕਾਲਿਫ 19ਵੀਂ ਸਦੀ ਦੇ ਮਹਾਨ ਸਿੱਖ ਚਿੰਤਕਾਂ ਵਿੱਚ ਆਪਣੀ ਨਿਵੇਕਲੀ ਪਛਾਣ ਰੱਖਦੇ ਹਨ।ਉਨ੍ਹਾਂ ਦਾ ਗੁਰਬਾਣੀ ਸੰਬੰਧੀ ਕੀਤਾ ਕਾਰਜ ਹਰ ਸਿੱਖ ਚਿੰਤਕ ਲਈ ਪ੍ਰੇਰਨਾ ਦਾ ਸੋਮਾ ਹੈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਮੋਨਿਕਾ, ਪ੍ਰੈਜ਼ੀਡੈਂਟ ਅਨਿਲ ਵਰਮਾ, ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ ਤੇ ਸਮੂਹ ਸਟਾਫ ਨੇ ਵੀ ਮੈਕਸ ਆਰਥਰ ਮੈਕਾਲਿਫ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਉਨ੍ਹਾਂ ਦੀ ਯਾਦ ਵਿੱਚ ਇੱਕ ਮਿੰਟ ਲਈ ਮੌਨ ਵੀ ਧਾਰਨ ਕੀਤਾ ਗਿਆ।

## ਬੁਰਜ ਪਵਾਤ ਵਿਖੇ ਲਗਾਏ ਕੈਂਪ 'ਚ 210 ਗਊਆਂ ਦੀ ਜਾਂਚ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਗਊ ਸੇਵਾ ਕਮਿਸ਼ਨ ਤੇ ਪਸ਼ੂ ਪਾਲਣ ਵਿਭਾਗ ਵੱਲੋਂ ਨੇੜਲੇ ਪਿੰਡ ਬੁਰਜ ਪਵਾਤ ਵਿਖੇ ਤਹਿਸੀਲ ਪੱਧਰੀ ਗਊ ਭਲਾਈ ਕੈਂਪ ਲਗਾਇਆ ਗਿਆ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਪਰਮਦੀਪ ਸਿੰਘ ਵਾਲੀਆ ਦੇ ਦਿਸ਼ਾ-ਨਿਰਦੇਸ਼ ਤਹਿਤ ਤਹਿਸੀਲ ਵੈਟਨਰੀ ਅਫ਼ਸਰ ਡਾ. ਚੇਤਨ ਕੁਮਾਰ ਦੀ ਦੇਖ-ਰੇਖ ਹੇਠ ਲਗਾਏ ਕੈਂਪ ਵਿੱਚ ਮਾਹਰ ਡਾਕਟਰਾਂ ਵੱਲੋਂ ਕਰੀਬ 210 ਗਊਆਂ ਦੀ ਜਾਂਚ ਕੀਤੀ ਗਈ। ਡਾ. ਚੇਤਨ ਕੁਮਾਰ ਨੇ ਦੱਸਿਆ ਕਿ ਪੂਰੇ ਪੰਜਾਬ ਵਿਚ ਇਹ ਪਹਿਲਾ ਕੈਂਪ ਲਗਾਇਆ ਗਿਆ ਹੈ, ਜਿਸ ਵਿੱਚ ਗਊਆਂ ਦਾ ਇਲਾਜ ਕਰਨ ਉਪਰੰਤ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ ਗਈਆਂ। ਧਿਆਨ ਫਾਊਂਡੇਸ਼ਨ ਵੱਲੋਂ ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਅਜੀਤ ਲਾਕੜਾ ਤੇ ਸਮਾਜ ਸੇਵੀ ਸ਼ਕਤੀ ਆਨੰਦ ਵੀ ਪੁੱਜੇ। ਇਸ ਮੌਕੇ ਸ਼ਕਤੀ ਆਨੰਦ ਨੇ ਬੁਰਜ ਪਵਾਤ ਗਊਸ਼ਾਲਾ ਵਿੱਚ ਸਰਕਾਰੀ ਡਾਕਟਰਾਂ ਵੱਲੋਂ ਗਊਆਂ ਦਾ ਇਲਾਜ ਤੇ ਇੱਥੋਂ ਦੀ ਸਫ਼ਾਈ ਦੇ ਪੁਖਤਾ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਗੁਰਦਿਆਲ ਸਿੰਘ, ਫਾਰਮਾਸਿਸਟ ਪਰਮਿੰਦਰ ਸਿੰਘ, ਸਰਪੰਚ ਜਸਵੀਰ ਕੌਰ, ਧਰਮਪਾਲ ਸਿੰਘ, ਜੋਗਿੰਦਰ ਸਿੰਘ ਮੌਜੂਦ ਸਨ।

## ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਸੰਗਰੂਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਅੰਮ੍ਰਿਤ ਗਰਗ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਿਹਤ ਮੰਤਰੀ ਪੰਜਾਬ ਦੇ ਹਲਕੇ ਵਿੱਚ ਲਗਾਏ ਜਾਣ ਵਾਲੇ 17 ਮਾਰਚ 2024 ਦੇ ਧਰਨੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸਮੂਹ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਮੰਨੀਆਂ ਮੰਗਾਂ ਨੂੰ ਲਾਗੂ ਨਾ ਕਰਨ ਕਰਕੇ ਰੋਸ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਮੰਗ ਕੀਤੀ ਕਿ ਫਾਰਮੇਸੀ ਅਫਸਰਾਂ ਦੀ 520 ਦੀ ਕਰੀਬ ਪਈਆਂ ਖਾਲੀ ਅਸਾਮੀਆਂ ਨੂੰ ਭਰਿਆ ਜਾਵੇ, ਡੀ ਐੱਚ ਐੱਮ ਪੰਜਾਬ ਦੀ ਸਿਫਾਰਸ਼ ਅਨੁਸਾਰ ਨਵੀਆਂ ਅਸਾਮੀਆਂ ਦੀ ਰਚਨਾ ਕੀਤੀ ਜਾਵੇ, ਵਿੱਦਿਅਕ ਯੋਗਤਾ ਅਨੁਸਾਰ ਤਨਖਾਹ ਸਕੇਲ ਦਿੱਤਾ ਜਾਵੇ, 2004 ਤੋਂ ਬਾਅਦ ਭਰਤੀ ਹੋਏ ਸਾਰੇ ਫਾਰਮੇਸੀ ਅਫਸਰਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਅਧੀਨ ਲਿਆਂਦਾ ਜਾਵੇ, ਜੇਲ੍ਹ ਡਿਊਟੀ, ਅਮਰਨਾਥ ਡਿਊਟੀ ਵਿੱਚ ਆ ਰਹੀ ਮੁਸ਼ਕਲਾਂ ਦਾ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਮੰਗਾਂ ਦਾ ਨਿਪਟਾਰਾ ਜਲਦੀ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਸੀਨੀਅਰ ਆਗੂ ਅਨੀਲ ਕੁਮਾਰ ਮਿੱਤਲ, ਕਰਨ ਕੁਮਾਰ, ਸੁਭਾਸ਼ ਚੰਦ ਸਿੰਗਲਾ, ਰਣਜੀਤ ਸਿੰਘ, ਸੁਖਵਿੰਦਰ ਬਬਲਾ, ਨਰਿੰਦਰਪਾਲ, ਨਰੇਸ਼ ਅਰੋੜਾ, ਲਖਵਿੰਦਰ ਕੁਮਾਰ, ਸੁਧੀਰ ਸਿੰਗਲਾ ਤੇ ਫਾਰੂਕ ਆਜਮ ਹਾਜ਼ਰ ਸਨ।

# ...ਸ.ਫ਼ਾ 1 ਦੇ ਬਾਕੀ

## ਆਜ਼ਾਦੀ ਤੇ ਜਮਹੂਰੀਅਤ...

ਜਾਵੇਗਾ ਅਤੇ ਪੰਜਾਬ ਜਲਦੀ ਹੀ ਦੇਸ਼ ਦਾ ਮੋਹਰੀ ਸੂਬਾ ਬਣ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਸੀ ਕਿ ਸੂਬੇ ਦੇ ਸਾਰੇ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਡਾ. ਬੀ.ਆਰ. ਅੰਬੇਡਕਰ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਪਰਾਲਾ ਇਨ੍ਹਾਂ ਦੋਵਾਂ ਆਗੂਆਂ ਨੂੰ ਸ਼ਰਧਾਂਜਲੀ ਹੈ, ਕਿਉਂਕਿ ਸ਼ਹੀਦ ਭਗਤ ਸਿੰਘ ਨੇ ਦੇਸ਼ ਲਈ ਆਜ਼ਾਦੀ ਲਿਆਂਦੀ ਸੀ, ਜਦਕਿ ਬਾਬਾ ਸਾਹਿਬ ਭਾਰਤ ਦੇ ਸੰਵਿਧਾਨ ਦੇ ਮੁੱਖ ਨਿਰਮਾਤਾ ਸਨ, ਜੋ ਸਾਡੇ ਲੋਕਤੰਤਰ ਨੂੰ ਸੇਧ ਦੇ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਆਜ਼ਾਦੀ ਅਤੇ ਜਮਹੂਰੀਅਤ, ਦੋਵੇਂ ਖਤਰੇ ਵਿੱਚ ਹਨ, ਕਿਉਂਕਿ ਕੇਂਦਰ ਸਰਕਾਰ ਇਨ੍ਹਾਂ ਨੂੰ ਸਾਬੋਤਾਜ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੀ ਅਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਕੇਂਦਰੀ ਏਜੰਸੀਆਂ ਨੂੰ ਬਾਂਹ ਮਰੋੜ ਕੇ ਉਨ੍ਹਾਂ ਦੀ ਆਵਾਜ਼ ਬੰਦ ਕਰਨ ਲਈ ਵਰਤਿਆ ਜਾ ਰਿਹਾ ਹੈ। ਇਸੇ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਰਡੀਨੈਂਸ ਲਿਆ ਕੇ ਨਿਆਂਪਾਲਿਕਾ ਦੇ ਹੁਕਮਾਂ ਨੂੰ ਉਲਟਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਵਿੱਚ ਨਵੇਂ ਮੈਡੀਕਲ ਕਾਲਜ ਸਥਾਪਤ ਕਰ ਰਹੀ ਹੈ ਅਤੇ ਹੁਸ਼ਿਆਰਪੁਰ ਅਤੇ ਕਪੂਰਥਲਾ ਦੇ ਮੈਡੀਕਲ ਕਾਲਜਾਂ 'ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਅਕਾਲੀ ਦਲ 'ਚ ਪਰਤਣ ਵਾਲੇ ਕੁਝ ਆਗੂਆਂ 'ਤੇ ਵਿਅੰਗ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹਨਾਂ ਆਗੂਆਂ ਦਾ ਸਿਆਸੀ ਭਵਿੱਖ ਖਤਮ ਹੋ ਚੁੱਕਾ ਹੈ, ਜਿਨ੍ਹਾਂ ਨੂੰ ਲੋਕਾਂ ਨੇ ਕਈ ਵਾਰ ਨਕਾਰਿਆ ਹੈ। ਉਨ੍ਹਾ ਕਿਹਾ ਕਿ ਇਹ ਆਗੂ ਅਕਾਲੀ ਦਲ 'ਚ 'ਘਰ ਵਾਪਸ' ਤਾਂ ਕਰ ਸਕਦੇ ਹਨ, ਪਰ ਆਮ ਲੋਕਾਂ ਦਾ ਦਿਲ ਕਦੇ ਨਹੀਂ ਜਿੱਤ ਸਕਦੇ, ਜੋ ਜਾਣਦੇ ਹਨ ਕਿ ਇਹ ਆਗੂ ਸਿਰਫ ਆਪਣਾ ਫਾਇਦਾ ਸੋਚਦੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸ਼ਹੀਦ ਦੇ ਪਿਤਾ ਸਵਰਗੀ ਕਿਸ਼ਨ ਸਿੰਘ ਦੀ ਸਮਾਧ 'ਤੇ ਵੀ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲ ਵੀ ਭੇਟ ਕੀਤੇ। ਭਗਵੰਤ ਸਿੰਘ ਮਾਨ ਨੇ ਨਵੇਂ ਬਣੇ ਅਜਾਇਬ ਘਰ ਦਾ ਦੌਰਾ ਵੀ ਕੀਤਾ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ 325 ਕਰੋੜ ਰੁਪਏ ਦੀ ਲਾਗਤ ਨਾਲ ਵੇਰਕਾ ਮਿਲਕ ਪਲਾਂਟ ਮੁਹਾਲੀ ਦੇ ਵਿਸਥਾਰ ਦਾ ਨੀਂਹ ਪੱਥਰ ਵੀ ਰੱਖਿਆ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦਾ ਖੇਤੀਬਾੜੀ ਕਾਲਜ ਲੋਕਾਂ ਨੂੰ ਸਮਰਪਿਤ ਕੀਤਾ।ਕਾਲਜ ਦੀ ਸਥਾਪਨਾ ਪੀ ਏ ਯੂ ਵੱਲੋਂ ਸੂਬਾ ਸਰਕਾਰ ਦੇ ਸਹਿਯੋਗ ਨਾਲ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਹ ਕਾਲਜ ਪੀ ਏ ਯੂ ਦਾ ਪਹਿਲਾ ਕਾਲਜ ਹੈ, ਜੋ ਯੂਨੀਵਰਸਿਟੀ ਕੈਂਪਸ ਦੇ ਬਾਹਰ ਸਥਾਪਤ ਕੀਤਾ ਗਿਆ ਹੈ। ਮਾਨ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਇਸ ਖਿੱਤੇ ਵਿੱਚ ਖੇਤੀਬਾੜੀ ਨੂੰ ਹੁਲਾਰਾ ਦੇਣਾ ਹੈ, ਕਿਉਂਕਿ ਇਹ ਖਿੱਤਾ ਕੁਝ ਪ੍ਰਸਥਿਤੀਆਂ ਕਾਰਨ ਸੂਬੇ ਦੇ ਬਾਕੀ ਹਿੱਸਿਆਂ ਨਾਲੋਂ ਪਛੜਿਆ ਰਹਿ ਗਿਆ ਹੈ।

ਉਨ੍ਹਾ ਦੱਸਿਆ ਕਿ ਇਸ ਕਾਲਜ ਵਿੱਚ ਵਿਦਿਆਰਥੀ ਬੀ ਐੱਸ ਸੀ ਐਗਰੀਕਲਚਰ ਦੇ ਚਾਰ ਸਾਲਾ ਡਿਗਰੀ ਕੋਰਸ ਵਿੱਚ ਦਾਖਲਾ ਲੈ ਸਕਣਗੇ ਅਤੇ ਹਰ ਸਾਲ ਇਸ ਡਿਗਰੀ ਕੋਰਸ ਵਿੱਚ 120 ਵਿਦਿਆਰਥੀ ਦਾਖਲਾ ਲੈ ਸਕਦੇ ਹਨ। ਉਹਨਾ ਦੱਸਿਆ ਕਿ ਸੂਬਾ ਸਰਕਾਰ ਨੇ ਕਾਲਜ ਲਈ 50 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਵਿੱਚੋਂ 35 ਕਰੋੜ ਰੁਪਏ ਕੈਂਪਸ ਵਿੱਚ ਇਮਾਰਤਾਂ ਦੀ ਉਸਾਰੀ ਲਈ ਅਤੇ ਬਾਕੀ ਦੀ ਰਾਸ਼ੀ ਆਉਣ ਵਾਲੇ ਪੰਜ ਸਾਲਾਂ ਲਈ ਤਨਖਾਹਾਂ ਦੇਣ ਵਾਸਤੇ ਵਰਤੀ ਜਾਵੇਗੀ।

## ਟਿੱਪਰ ਨੇ ਟੈਂਪੋ ਨੂੰ ਮਾਰੀ ..

ਮੂਧਾ ਹੋ ਗਿਆ ਅਤੇ ਟੈਂਪੂ ਵਿੱਚ ਸਵਾਰ 10 ਦੇ ਕਰੀਬ ਸਵਾਰੀਆਂ ਬੁਰੀ ਤਰ੍ਹਾਂ ਫੱਟੜ ਹੋ ਗਈਆਂ। ਟੈਂਪੂ ਨੂੰ ਟੱਕਰ ਮਾਰਨ ਤੋਂ ਪਹਿਲਾਂ ਟਿੱਪਰ ਨੇ ਇੱਕ ਮਹਿਲਾ ਨੂੰ ਜ਼ਬਰਦਸਤ ਟੱਕਰ ਮਾਰੀ। ਉਕਤ ਮਹਿਲਾ ਨੂੰ ਟਿੱਪਰ ਦੇ ਟਾਇਰਾਂ ਹੇਠੋਂ ਰਾਹਗੀਰਾਂ ਨੇ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ। ਰਾਹਗੀਰਾਂ ਨੇ ਤੁਰੰਤ 108 ਐਂਬੂਲੈਂਸ ਦੀ ਮਦਦ ਨਾਲ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ। ਜ਼ਖਮੀਆਂ ਦੀ ਪਛਾਣ ਸੱਤਪਾਲ ਪੁੱਤਰ ਤਾਰਾ ਸਿੰਘ, ਗੁਰਮੀਤ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਅਸ਼ਾਹੂਰ, ਨੰਜੋ ਪਤਨੀ ਰਾਮ ਆਸਰਾ, ਰਾਮ ਆਸਰਾ ਪੁੱਤਰ ਚਰਨ ਦਾਸ ਵਾਸੀ ਮਾਂਗਟ, ਅਨੀਤਾ ਪਤਨੀ ਕਾਲਾ ਵਾਸੀ ਛਿਛੋਵਾਲ, ਸਾਹਿਲ ਪੁੱਤਰ ਰਾਮ ਨਰੈਣ ਵਾਸੀ ਗੜ੍ਹਾ ਵਜੋਂ ਹੋਈ ਹੈ। ਡਾਕਟਰਾਂ ਨੇ ਗੰਭੀਰ ਜ਼ਖਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਜਲੰਧਰ ਵਿਖੇ ਰੈਫਰ ਕਰ ਦਿੱਤਾ ਅਤੇ ਬਾਕੀ ਮਰੀਜ਼ਾਂ ਦੀ ਮੱਲ੍ਹਮਪੱਟੀ ਕਰ ਦਿੱਤੀ। ਹਲਕਾ ਫਿਲੌਰ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਅਤੇ ਸਿੱਖਿਆ ਵਿਭਾਗ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ ਅਤੇ ਇਸ ਦਰਦਨਾਕ ਘਟਨਾ ਦੌਰਾਨ ਜ਼ਖ਼ਮੀ ਜ਼ਰੀਜਾਂ ਦਾ ਵਧੀਆ ਇਲਾਜ ਕਰਨ ਲਈ ਡਾਕਟਰਾਂ ਨੂੰ ਹਦਾਇਤਾਂ ਦਿੱਤੀਆਂ। ਥਾਣਾ ਫਿਲੌਰ ਦੇ ਏ ਐੱਸ ਆਈ ਵਿਜੇ ਕੁਮਾਰ ਨੇ ਟਿੱਪਰ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ-ਪੜਤਾਲ ਸ਼ੁਰੂ ਕਰ ਦਿੱਤੀ। ਉਨ੍ਹਾ ਦੱਸਿਆ ਕਿ ਮ੍ਰਿਤਕ ਮਹਿਲਾ ਦੀ ਪਛਾਣ ਅਜੇ ਹੋਣੀ ਬਾਕੀ ਹੈ।

## ਭਾਜਪਾ ਨੂੰ ਆਂਧਰਾ ਤੇ ...

ਵਿਚ ਚਾਰ ਪੜਾਵਾਂ 'ਚ 13, 20, 25 ਮਈ ਅਤੇ 1 ਜੂਨ ਨੂੰ ਵੋਟਾਂ ਪੈਣਗੀਆਂ। 26 ਅਸੰਬਲੀ ਹਲਕਿਆਂ ਲਈ ਜ਼ਿਮਨੀ ਚੋਣਾਂ ਵੀ ਕਰਵਾਈਆਂ ਜਾਣਗੀਆਂ।

ਦੱਖਣੀ ਰਾਜਾਂ, ਜਿੱਥੇ ਭਾਜਪਾ ਦਾ ਇਸ ਵਾਰ ਸਭ ਤੋਂ ਵੱਧ ਜ਼ੋਰ ਲੱਗਾ ਹੋਇਆ ਹੈ ਤੇ ਪ੍ਰਧਾਨ ਮੰਤਰੀ ਗੇੜੇ 'ਤੇ ਗੇੜੇ ਮਾਰ ਰਹੇ ਹਨ, ਵਿਚ ਚੋਣਾਂ 19 ਅਪ੍ਰੈਲ ਤੋਂ 13 ਮਈ ਤੱਕ ਚੱਲਣਗੀਆਂ। ਕਰਨਾਟਕ ਵਿਚ 26 ਅਪ੍ਰੈਲ ਨੂੰ 14 ਸੀਟਾਂ ਤੇ 7 ਮਈ ਨੂੰ 14 ਸੀਟਾਂ ਲਈ ਵੋਟਾਂ ਪੈਣਗੀਆਂ। ਤਾਮਿਲਨਾਡੂ ਵਿਚ 19 ਅਪ੍ਰੈਲ, ਆਂਧਰਾ ਵਿਚ 13 ਮਈ, ਕੇਰਲਾ ਵਿਚ 26 ਅਪ੍ਰੈਲ ਤੇ ਤਿਲੰਗਾਨਾ ਵਿਚ 13 ਮਈ ਨੂੰ ਵੋਟਾਂ ਪੈਣਗੀਆਂ। ਇਨ੍ਹਾਂ ਪੰਜ ਰਾਜਾਂ ਵਿਚ 130 ਸੀਟਾਂ ਹਨ। ਤਾਮਿਲਨਾਡੂ 39, ਕਰਨਾਟਕ 28, ਆਂਧਰਾ 25, ਕੇਰਲਾ 20 ਤੇ ਤਿਲੰਗਾਨਾ 17 ਸਾਂਸਦ ਚੁਣਦੇ ਹਨ। ਇਕ ਸੀਟ ਪੁਡੂਚੇਰੀ ਦੀ ਹੈ। 2019 ਵਿਚ ਭਾਜਪਾ ਨੂੰ ਆਂਧਰਾ, ਤਾਮਿਲਨਾਡੂ, ਕੇਰਲਾ ਤੇ ਪੁਡੂਚੇਰੀ ਵਿਚ ਕੋਈ ਸੀਟ ਨਹੀਂ ਮਿਲੀ ਸੀ। ਇਸ ਨੇ ਕਰਨਾਟਕ ਵਿਚ 28 ਵਿੱਚੋਂ 25 ਤੇ ਤਿਲੰਗਾਨਾ 'ਚ 17 ਵਿੱਚੋਂ 4 ਸੀਟਾਂ ਜਿੱਤੀਆਂ ਸਨ। ਕਰਨਾਟਕ ਤੇ ਤਿਲੰਗਾਨਾ ਵਿਚ ਕਾਂਗਰਸ, ਤਾਮਿਲਨਾਡੂ ਵਿਚ ਡੀ ਐੱਮ ਕੇ ਦੀ ਅਗਵਾਈ ਵਾਲੇ ਸੈਕੂਲਰ ਪ੍ਰੋਗਰੈਸਿਵ ਅਲਾਇੰਸ ਤੇ ਕੇਰਲਾ ਵਿਚ ਖੱਬੇ-ਜਮਹੂਰੀ ਮੋਰਚੇ ਦਾ ਰਾਜ ਹੈ। 2019 ਵਿਚ ਆਂਧਰਾ ਵਿਚ ਪੋਲਿੰਗ ਪਹਿਲੇ ਪੜਾਅ (25) ਅਪ੍ਰੈਲ ਨੂੰ ਹੋ ਗਈ ਸੀ, ਜਦਕਿ ਕਰਨਾਟਕ ਵਿਚ ਦੂਜੇ ਤੇ ਤੀਜੇ ਪੜਾਅ (18 ਅਪ੍ਰੈਲ ਤੇ 23 ਅਪ੍ਰੈਲ) 'ਚ ਹੋਈ ਸੀ। ਕੇਰਲਾ ਵਿਚ ਪੋਲਿੰਗ ਤੀਜੇ ਪੜਾਅ ਵਿਚ ਹੋਈ ਸੀ। ਤਾਮਿਲਨਾਡੂ ਵਿਚ ਦੂਜੇ ਪੜਾਅ ਵਿਚ ਅਤੇ ਤਿਲੰਗਾਨਾ ਵਿਚ ਪਹਿਲੇ ਪੜਾਅ ਵਿਚ ਵੋਟਾਂ ਪਈਆਂ ਸਨ। ਆਂਧਰਾ ਤੇ ਤਿਲੰਗਾਨਾ ਵਿਚ ਪੋਲਿੰਗ ਪਹਿਲੇ ਪੜਾਅ ਵਿਚ ਹੋਈ ਸੀ, ਪਰ ਹੁਣ ਚੌਥੇ ਪੜਾਅ (13 ਮਈ) 'ਚ ਹੋਵੇਗੀ। ਮਹਾਰਾਸ਼ਟਰ, ਜਿੱਥੇ ਐਤਕੀਂ ਗਹਿਗਚ ਮੁਕਾਬਲਾ ਹੈ, ਵਿਚ ਪੋਲਿੰਗ ਪੰਜ ਪੜਾਵਾਂ 'ਚ ਹੋਵੇਗੀ, ਜਦਕਿ ਪਿਛਲੀ ਵਾਰ ਚਾਰ ਪੜਾਵਾਂ 'ਚ ਹੋਈ ਸੀ। ਪੱਛਮੀ ਬੰਗਾਲ ਵਿਚ ਪਿਛਲੀ ਵਾਰ ਵਾਂਗ 7 ਪੜਾਵਾਂ ਵਿਚ ਪੋਲਿੰਗ ਹੋਵੇਗੀ। ਇਨ੍ਹਾਂ ਚੋਣਾਂ ਵਿਚ ਭਾਜਪਾ ਲਈ ਦੱਖਣੀ ਰਾਜ, ਮਹਾਰਾਸ਼ਟਰ ਤੇ ਬੰਗਾਲ ਬਹੁਤ ਅਹਿਮ ਹਨ। ਚੋਣ ਸ਼ਡਿਊਲ ਮੁਤਾਬਕ ਉਸ ਨੂੰ ਪ੍ਰਚਾਰ ਲਈ ਖੁੱਲ੍ਹਾ ਸਮਾਂ ਮਿਲ ਜਾਵੇਗਾ।

ਜੰਮੂ-ਕਸ਼ਮੀਰ ਅਸੰਬਲੀ ਦੀਆਂ ਚੋਣਾਂ ਬਾਰੇ ਰਾਜੀਵ ਕੁਮਾਰ ਨੇ ਕਿਹਾ ਕਿ ਉਹ ਲੋਕ ਸਭਾ ਚੋਣਾਂ ਤੋਂ ਬਾਅਦ ਉਥੇ ਚੋਣਾਂ ਕਰਾਉਣ ਲਈ ਵਚਨਬੱਧ ਹਨ।

## ਪੰਜਾਬੀ ਲਿਖਾਰੀ ...

ਅਤੇ ਮਿਲਵਰਤਣ ਵਾਲੇ ਸੁਭਾਅ ਕਰਕੇ ਪਿੰਡ ਅਤੇ ਇਲਾਕੇ ਵਿੱਚ ਬੜੇ ਸਤਿਕਾਰ ਨਾਲ ਜਾਣੇ ਜਾਂਦੇ ਸਨ। ਮਾਤਾ ਜੀ ਦੇ ਅਕਾਲ ਚਲਾਣੇ 'ਤੇ ਜਰਮਨੀ ਤੋਂ ਵਿਸਾਖਾ ਸਿੰਘ ਅਤੇ ਸੁੱਚਾ ਸਿੰਘ ਨਰ, ਹਾਲੈਂਡ ਤੋਂ ਜੋਗਿੰਦਰ ਬਾਠ, ਯੂ ਕੇ ਤੋਂ ਸਾਊਥਾਲ ਦੇ ਐੱਮ ਪੀ ਸ੍ਰੀ ਵਰਿੰਦਰ ਸ਼ਰਮਾ, ਕੌਂਸਲਰ ਰਣਜੀਤ ਧੀਰ, ਕੌਂਸਲਰ ਹਰਭਜਨ ਕੌਰ, ਕੌਂਸਲਰ ਕੇ ਸੀ ਮੋਹਨ, ਰਾਣੋ, ਜੰਗ, ਜਸਬੀਰ ਕੌਰ ਦੂਹੜਾ, ਹਰੀਸ਼ ਮਲਹੋਤਰਾ, ਰਘੁਬੀਰ ਸੰਧਾਵਾਲੀਆ, ਪਰਮਜੀਤ ਸੰਧਾਵਾਲੀਆ, ਅਮਰ ਜਿਉਤੀ, ਸੁਖਦੇਵ ਸਿੰਘ ਔਜਲਾ, ਗੁਰਪਾਲ ਸਿੰਘ ਅਤੇ ਭਾਰਤ ਤੋਂ ਜਤਿੰਦਰ ਪਨੂੰ ਹੁਰਾਂ ਨੇ ਦੁੱਖ ਦਾ ਇਜ਼ਹਾਰ ਕੀਤਾ।

ਸ੍ਰੀਮਤੀ ਭਾਗੋ ਦਾ ਅੰਤਮ ਸੰਸਕਾਰ 18 ਮਾਰਚ ਸੋਮਵਾਰ ਨੂੰ ਸਵੇਰੇ 11 ਵਜੇ ਪਿੰਡ ਇਬਰਾਹੀਮਪੁਰ ਵਿੱਚ ਹੋਵੇਗਾ।

## ਵਿਸ਼ਵ ਦੀ ਸਭ ਤੋਂ ਲੰਮੀ ਫੁਲਕਾਰੀ ਬਣਾਉਣ ਦਾ ਮੋਗੇ ਨੂੰ ਮਿਲਿਆ ਮਾਣ




**ਮੋਗਾ (ਇਕਬਾਲ ਸਿੰਘ ਖਹਿਰਾ)**

ਮੋਗਾ ਦੀ ਸਰਬਜੀਤ ਕੌਰ ਕੋਮਲ ਨੇ ਆਪਣੇ ਹੱਥੀਂ ਤਿਆਰ ਕੀਤੀ ਦੁਨੀਆ ਦੀ ਸਭ ਤੋਂ ਲੰਮੀ ਫੁਲਕਾਰੀ, ਜਿਸ ਦਾ ਭਾਰ 4 ਕਿੱਲੋ 960 ਗਰਾਮ ਹੈ, ਜਦੋਂ ਕਿ ਇਸ ਦੀ ਲੰਬਾਈ 12 ਮੀਟਰ ਤੇ ਚੌੜਾਈ 5 ਫੁੱਟ ਹੈ। ਇਹ ਪੂਰਾ ਪਰਿਵਾਰ ਗੁਰਪ੍ਰੀਤ ਸਿੰਘ ਕੋਮਲ ਤੇ ਉਨ੍ਹਾਂ ਦੀ ਜੀਵਨ ਸਾਥਣ ਸਰਬਜੀਤ ਕੌਰ ਕੋਮਲ ਸਮੇਤ ਦੋਨੋਂ ਬੱਚੇ, ਪਰਵਾਰ ਨੂੰ ਵਿਸ਼ਵ ਰਿਕਾਰਡ ਹੋਲਡਰ ਬਣਨ ਦਾ ਵੀ ਮਾਣ ਹਾਸਲ ਹਰ ਚੁੱਕੇ ਹਨ। ਇਹ ਸ਼ੁਭ ਕਾਰਜ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਧੂਰੀ ਦੀ ਮੌਜੂਦਗੀ ਵਿੱਚ ਹੋਇਆ, ਇਸ ਫੁਲਕਾਰੀ ਨੂੰ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਧੂਰੀ, ਪ੍ਰਸਿੱਧ ਲੇਖਕ ਬਲਦੇਵ ਸਿੰਘ ਸੜਕਨਾਮਾ, ਹਾਸ ਵਿਅੰਗਕਾਰ ਲੇਖਕ ਕੇ ਐੱਲ ਗਰਗ, ਗੁਰਮੀਤ ਕੜਆਲਵੀ, ਪ੍ਰਮਜੋਤ ਸਿੰਘ ਉੱਘੇ ਸਮਾਜ ਸੇਵੀ, ਕੁਲਦੀਪ ਸਿੰਘ ਕਲਸੀ ਦੇ ਉਪਰ ਦੀ ਤਾਣ ਕੇ ਵਿਸ਼ਵ ਰਿਕਰਡ ਬਣਾਉਣ ਵੱਲ ਕਦਮ ਵਧਾਇਆ ਹੈ। ਆਉਣ ਵਾਲੇ ਦਿਨਾਂ ਵਿੱਚ ਸਰਬਜੀਤ ਕੌਰ ਕੋਮਲ ਵੱਲੋਂ ਬਣਾਈ ਫੁਲਕਾਰੀ ਦਾ ਵਿਸ਼ਵ ਦੀਆਂ ਵੱਖ ਵੱਖ ਕਿਤਾਬਾਂ 'ਚ ਨਾਮ ਦਰਜ ਹੋਵੇਗਾ। ਇਸ ਫੁਲਕਾਰੀ 'ਤੇ ਜਿੱਥੇ ਸੰਯੁਕਤ ਪੰਜਾਬ ਦਾ ਨਕਸ਼ਾ ਉਕੇਰਿਆ ਗਿਆ ਹੈ, ਉਥੇ ਹੀ ਗੁਰਮੁਖੀ ਪੈਂਤੀ ਤੇ ਪੰਜਾਬ ਦੇ ਸੱਭਿਆਚਾਰ ਨੂੰ ਰੂਪਮਾਨ ਕਰਦਾ ਗਿੱਧਾ, ਭੰਗੜਾ ਤੇ ਹੋਰ ਫੁੱਲ ਬੂਟੀਆਂ ਰੰਗਦਾਰ ਧਾਗਿਆਂ ਨਾਲ ਉਕੇਰੀਆਂ ਗਈਆਂ ਹਨ।

## ਹੁਸਨਪ੍ਰੀਤ ਨੇ ਰਾਸ਼ਟਰੀ ਪੱਧਰ 'ਤੇ 14ਵਾਂ ਰੈਂਕ ਪ੍ਰਾਪਤ ਕੀਤਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਸੰਗਰੂਰ ਵੱਲੋਂ ਵੱਖ-ਵੱਖ ਓਲੰਪੀਆਡ ਵਿੱਚ ਰੈਂਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ। ਗ੍ਰੇਡ +2 ਦੀ ਹੁਸਨਪ੍ਰੀਤ ਕੌਰ ਨੇ 17ਵੀਂ ਸੀ ਟੀ ਐੱਸ ਈ/ਐੱਨ ਟੀ ਐੱਸ ਟੀ ਵਿੱਚ ਨੈਸ਼ਨਲ ਪੱਧਰ 'ਤੇ 14ਵਾਂ ਰੈਂਕ ਪ੍ਰਾਪਤ ਕੀਤਾ ਹੈ, ਜਦਕਿ +2 ਦੇ ਦੋ ਹੋਰ ਵਿਦਿਆਰਥੀ ਪਲਕ ਗਰਗ ਤੇ ਕਸ਼ਦੀਪ ਸਿੰਘ ਨੇ ਵੀ ਲੈਵਲ-2 ਲਈ ਕੁਆਲੀਫਾਈ ਕੀਤਾ ਹੈ। ਸਕੂਲ ਦੇ ਚੇਅਰਮੈਨ ਦੀਪਕ ਗੁਪਤਾ ਤੇ ਡਾਇਰੈਕਟਰ ਪ੍ਰਿੰਸੀਪਲ ਮੈਡਮ ਮੋਨਿਕਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਨੂੰ ਹੋਰ ਵੀ ਹੁਸ਼ਿਆਰੀ ਨਾਲ ਕੰਮ ਕਰਨ ਦੀ ਅਪੀਲ ਕੀਤੀ। ਇਹ ਪ੍ਰੋਗਰਾਮ ਸ੍ਰੀਮਤੀ ਮੇਘਾ +2 ਕੋਆਰਡੀਨੇਟਰ ਦੀ ਅਗਵਾਈ ਹੇਠ ਕੀਤਾ ਗਿਆ ਸੀ। ਸ੍ਰੀ ਬਲਵਿੰਦਰ ਸੀਨੀਅਰ ਕਾਰਜਕਾਰੀ ਨੇ ਸਟੇਜ ਸੰਚਾਲਨ ਕਰਦਿਆਂ ਸਮੂਹ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸ੍ਰੀਮਤੀ ਮੀਨਾ ਸੈਣੀ ਸੀਨੀਅਰ ਕੋਆਰਡੀਨੇਟਰ ਤੇ ਸ੍ਰੀਮਤੀ ਅਨੀਤਾ, ਪ੍ਰੀਖਿਆ ਇੰਚਾਰਜ ਨੇ ਐਲਨ ਟੈਲਨਟੈਕਸ ਵਿੱਚ ਚੰਗੇ ਰੈਂਕ ਲਿਆਉਣ ਵਾਲੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ ਵੀ ਵੰਡੇ।


**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

**ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:**

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR24-13A | 26.03.2024 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲ ਆਰ ਕੰਪਾਰਟਮੈਂਟ):14034-F1, 14601-F1, 14601-R1, 14601-F2, 14614-R1, 14614-F1, 19612-F1, 14610-F1, 14612-F1, 20986-F1, 14633-F1, 14633-F2, 14633-R1, 22462-F1, 12032-F1, 19226-R1, 19226-F1, 19224-R1, 19224-F1, 12474-F1 & 16788-F1. |
| EAFZR-SLR24-13 | 27.03.2024 ਨੂੰ 11:00ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲ ਆਰ ਕੰਪਾਰਟਮੈਂਟ):15212-R1, 15212-F1, 14634-R1, 14634-F2, 12238-R1, 14634-F1, 12498-F1, 12460-F1, 12014-F1, 12422-F1, 12470-F1, 11450-F1, 12412-F1, 12588-F1, 22486-F1, 12492-F1, 12476-F1, 12414-F1, 22706-F1, 12478-F1, 12266-F1, 12446-F1, 12238-F2, 12426-F1 & 12238-F1. |
| EAFZR-SLR24-14 | 28.03.2024 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲ ਆਰ ਕੰਪਾਰਟਮੈਂਟ): 15098-F1, 12030-F1, 19108-F1, 14036-R1, 14508-R1, 12752-F1, 22552-F1, 22430-F1, 14508-F2, 15532-F1, 14036-F1, 22402-F1, 19416-F1, 22942-F1, 14508-F1, 14654-R1, 14654-F1, 19804-F1, 14654-F2, 12920-F1, 14632-F1, 14632-R1, 19028-F1, 19326-F1, 14036-F2 & 22446-F1. |

**ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।** 848/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਅਮਨ ਸਕੌਡਾ...

ਕਰੋੜਾਂ ਰੁਪਏ ਦੀ ਠੱਗੀ ਮਾਰੀ ਗਈ ਸੀ ਅਤੇ ਉਸ ਖਿਲਾਫ ਕਾਰਵਾਈ ਕਰਵਾਉਣ ਲਈ ਉਸ ਨੇ ਆਪਣੀ ਪਾਰਟੀ ਤਹਿਤ ਉਸ ਖਿਲਾਫ ਕਦਮ ਚੁੱਕਿਆ ਸੀ। ਉਸ ਨੇ ਪੁਲਸ ਅਫਸਰਾਂ ਨਾਲ ਮਿਲ ਕੇ ਉਸ 'ਤੇ ਜਾਨਲੇਵਾ ਹਮਲਾ ਕਰਵਾਇਆ ਸੀ। ਗੋਲਡਨ ਨੇ ਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਅਤੇ ਪੰਜਾਬ ਦੇ ਡੀ ਜੀ ਪੀ ਨਿਰਪੱਖ ਜਾਂਚ ਅਤੇ ਤਫਤੀਸ਼ ਕਰਵਾਉਣ ਤਾਂ ਪੰਜਾਬ ਦੇ ਕਰੀਬ ਇੱਕ ਦਰਜਨ ਆਈ ਪੀ ਐੱਸ, ਪੀ ਪੀ ਐੱਸ ਅਤੇ ਐੱਸ ਐੱਚ ਓ ਇਸ ਠੱਗ ਨਾਲ ਮਿਲੇ ਹੋਣ ਵਿੱਚ ਸ਼ਾਮਲ ਹੋ ਸਕਦੇ ਹਨ।

ਉਹਨਾ ਕਿਹਾ ਕਿ ਇਕ ਵੱਡੇ ਪੁਲਸ ਅਫਸਰ ਸਹਾਰੇ ਸਕੌਡਾ ਜ਼ਿਲ੍ਹਾ ਫਾਜ਼ਿਲਕਾ ਅਤੇ ਹੋਰ ਜ਼ਿਲ੍ਹਿਆਂ ਵਿੱਚ ਨਜਾਇਜ਼ ਮੁਕੱਦਮੇ ਦਰਜ ਕਰਵਾਉਂਦਾ ਰਿਹਾ ਹੈ, ਦੀ ਮਿਲੀਭੁਗਤ ਸਿੱਧੇ ਤੌਰ 'ਤੇ ਸਾਬਤ ਹੋ ਸਕਦੀ ਹੈ।

## ਕਾਰਲ ਮਾਰਕਸ ਦੀ 141ਵੀਂ ...

ਅਜਿਹੇ ਸਮੇਂ ਵਿੱਚ ਕਾਰਲ ਮਾਰਕਸ ਦੇ ਵਿਗਿਆਨਕ ਸਿਧਾਂਤ ਲੋਕਾਂ ਦੀ ਅਗਵਾਈ ਕਰਦੇ ਹਨ, ਜਿਨ੍ਹਾਂ ਦੀ ਮਦਦ ਨਾਲ ਅੱਜ ਵੀ ਲੋਕਾਂ ਦੀ ਬੰਦਖਲਾਸੀ ਕੀਤੀ ਜਾ ਸਕਦੀ ਹੈ।ਚਰਨਜੀਤ ਸਿੰਘ ਛਾਂਗਾ ਰਾਏ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜਦੋਂ ਅਸੀਂ ਕਾਰਲ ਮਾਰਕਸ ਦੀ ਬਰਸੀ 'ਤੇ ਜੁੜੇ ਹਾਂ ਤਾਂ ਇੱਕ ਪਾਸੇ ਦੇਸ਼ ਦੀ ਜਵਾਨੀ ਸੈਂਕੜੇ ਮੁਸ਼ਕਲਾਂ ਨਾਲ ਜੂਝ ਰਹੀ ਹੈ ਤਾਂ ਉਸ ਸਮੇਂ ਸਾਨੂੰ ਕਾਰਲ ਮਾਰਕਸ ਦੇ ਦਿਖਾਏ ਰਾਹ 'ਤੇ ਚੱਲ ਕੇ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸੰਘਰਸ਼ ਤੇਜ਼ ਕਰਨਾ ਪਵੇਗਾ। ਉਹਨਾ ਕਿਹਾ ਕਿ ਦੇਸ਼ ਦੀ ਜਵਾਨੀ ਅਤੇ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਸਰਬ ਭਾਰਤ ਨੌਜਵਾਨ ਸਭਾ ਅਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ ਜਾ ਰਿਹਾ ਹੈ, ਜਿਸ ਅਨੁਸਾਰ ਹਰ ਇੱਕ ਨੂੰ ਜਿਹੜਾ ਚਾਹੁੰਦਾ ਹੈ 18 ਤੋਂ 58 ਸਾਲ ਦੇ ਔਰਤ-ਮਰਦ ਨੂੰ ਉਹਦੀ ਯੋਗਤਾ ਮੁਤਾਬਕ ਰੁਜ਼ਗਾਰ ਦੇਣ ਦੀ ਗਰੰਟੀ ਹੋਵੇ। ਬਨੇਗਾ ਕਾਨੂੰਨ ਦੀ ਪ੍ਰਾਪਤੀ ਲਈ 23 ਮਾਰਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਦੀ ਸ਼ਹੀਦੀ ਸਮਾਰਕ ਹੁਸੈਨੀਵਾਲਾ (ਫਿਰੋਜ਼ਪੁਰ) ਵਿਖੇ ਵਿਸ਼ਾਲ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ, ਜਿਸ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਸਮੇਤ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ 'ਚ ਨੌਜਵਾਨ, ਵਿਦਿਆਰਥੀ ਭਗਤ ਸਿੰਘ ਦੀ ਫੋਟੋ ਵਾਲੀਆਂ ਬਨੇਗਾ ਦੀਆਂ ਟੀ ਸ਼ਰਟਾਂ ਪਹਿਨ ਕੇ ਸ਼ਮੂਲੀਅਤ ਕਰਨਗੇ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ 21 ਮੈਂਬਰੀ ਜ਼ਿਲ੍ਹਾ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਗੁਰਭੇਜ ਸਿੰਘ ਕੋਟਲੀ ਸੰਘਰ ਨੂੰ ਜ਼ਿਲ੍ਹਾ ਕਨਵੀਨਰ ਚੁਣਿਆ ਗਿਆ।ਇਸ ਸਿਧਾਂਤਕ ਕੈਂਪ ਵਿੱਚ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਕੋਟਲੀ ਸੰਘਰ, ਸੁਖਦੇਵ ਸਿੰਘ ਸੰਗੂਧੌਣ, ਚਰਨਜੀਤ ਸਿੰਘ ਦੋਦਾ, ਜਗਪ੍ਰੀਤ ਸਿੰਘ, ਪ੍ਰਗਟ ਸਿੰਘ ਸੁਖਨਾ, ਅਰਵਿੰਦਰ ਸਿੰਘ, ਗੁਰਜੰਟ ਸਿੰਘ, ਮਹਾਰਾਜਾ ਗੁਰਜੋਤ ਸਿੰਘ ਸ਼ੇਰਾਂਵਾਲਾ, ਰੇਸ਼ਮ ਕੌਰ ਚੰਨੂ, ਰਮਨਪ੍ਰੀਤ ਕੌਰ ਬਾਮਾ, ਬਲਾਕਾਂ ਦੇ ਨੌਜਵਾਨ ਅਤੇ ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਆਖ਼ਿਰ ਕਦੋਂ ਬਣੇਗਾ ਕਸਬਾ ਹਰਚੋਵਾਲ ਦਾ ਬੱਸ ਸਟੈਂਡ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)

ਪਿਛਲੇ ਲੰਬੇ ਸਮੇਂ ਤੋਂ ਕਸਬਾ ਹਰਚੋਵਾਲ ਵਿਖੇ ਬੱਸ ਸਟੈਂਡ ਨਾ ਹੋਣ ਕਾਰਨ ਇਲਾਕੇ ਦੇ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪੈਂਦਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗਗਨਦੀਪ ਸਿੰਘ ਰਿਆੜ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਕਸਬਾ ਹਰਚੋਵਾਲ ਦੇ ਲੋਕ ਵਿਧਾਇਕਾਂ ਨੂੰ ਹਰਚੋਵਾਲ ਵਿਖੇ ਪੱਕਾ ਬੱਸ ਸਟੈਂਡ ਅਤੇ ਜਨਤਕ ਪਖਾਨੇ ਬਣਾਉਣ ਲਈ ਵਾਰ ਬੇਨਤੀਆਂ ਕਰ ਚੁੱਕੇ ਹਾਂ ਪਰ ਕੁਝ ਪੱਲੇ ਨਹੀਂ ਪਿਆ।ਉਨ੍ਹਾਂ ਕਿਹਾ ਕਿ ਹਰ ਵਾਰ ਵੋਟਾਂ ਵੇਲੇ ਲੀਡਰ ਝੂਠੇ ਸਬਜ਼ਬਾਗ਼ ਦਿਖਾ ਕੇ ਵੋਟਾਂ ਲੈ ਕੇ ਲੋਕਾਂ ਦੀਆਂ ਮੰਗਾਂ ਨੂੰ ਠੰਡੇ ਬਸਤੇ ਵਿੱਚ ਪਾ ਦੇਂਦੇ ਹਨ।ਬੱਸ ਸਟੈਂਡ ਨਾ ਹੋਣ ਕਾਰਨ ਸਵਾਰੀਆਂ ਨੂੰ ਦੁਕਾਨਾਂ ਅੱਗੇ ਬੈਠ ਕੇ ਇੰਤਜ਼ਾਰ ਕਰਨੀ ਪੈਂਦੀ ਹੈ। ਕਸਬਾ ਹਰਚੋਵਾਲ ਇਲਾਕੇ ਦੇ ਲੋਕਾਂ ਦੀ ਵੱਡੀ ਮੰਗ ਹੈ ਕਿ ਇਥੇ ਪੱਕਾ ਬੱਸ ਸਟੈਂਡ ਸਰਕਾਰ ਵੱਲੋਂ ਉਸਾਰਿਆ ਜਾਵੇ।ਜਦ ਕਸਬਾ ਹਰਚੋਵਾਲ ਦੇ ਸਰਪੰਚ ਬਲਵਿੰਦਰ ਸਿੰਘ ਨਾਲ਼ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਹਰਚੋਵਾਲ ਬੱਸ ਸਟੈਂਡ ਬਣਾਉਣ ਲਈ ਕਈ ਵਾਰ ਮਤਾ ਪਾਇਆ ਗਿਆ।ਇਸ ਤੋਂ ਇਲਾਵਾ ਬਾਥਰੂਮ ਬਣਾਉਣ ਲਈ ਪੈਸੇ ਤਾਂ ਮਿਲ ਗਏ ਹਨ ਪਰ ਬਾਥਰੂਮ ਬਣਾਉਣ ਲਈ ਜਗ੍ਹਾ ਨਾ ਮਿਲਣ ਕਾਰਨ ਬਾਥਰੂਮ ਨਹੀਂ ਬਣ ਸਕੇ।ਅੱਡਾ ਯੂਨੀਅਨ ਪ੍ਰਧਾਨ ਡਾਕਟਰ ਰਣਜੀਤ ਸਿੰਘ, ਜਰਨਲ ਸਕੱਤਰ ਅਮਨਦੀਪ ਸਿੰਘ ਰਿਆੜ, ਜੋਗਿੰਦਰ ਸਿੰਘ ਨਾਲ਼ ਗੱਲਬਾਤ ਕੀਤੀ ਤਾਂ ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਦੇ ਨਾਲ ਸਹਿਮਤੀ ਨਾ ਬਣਨ ਕਾਰਨ ਆਪਸੀ ਥੜ੍ਹੇਬੰਦੀ ਹੋਣ ਕਾਰਨ ਹਰਚੋਵਾਲ ਅੱਡੇ ਵਿੱਚ ਬਾਥਰੂਮ ਨਹੀਂ ਬਣ ਸਕੇ।ਇਸ ਆਪਸੀ ਧੜੇਬੰਦੀ ਦਾ ਖਮਿਆਜ਼ਾ ਲੋਕ ਭੁਗਤ ਰਹੇ ਹਨ।ਉਨ੍ਹਾਂ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਬਾਥਰੂਮਾਂ ਦੀ ਉਸਾਰੀ ਜਲਦੀ ਤੋਂ ਜਲਦੀ ਕਰਵਾਈ ਜਾਵੇ।

# ਮਾਨਵ ਕਰਮ ਮਿਸ਼ਨ ਦੇ ਮੈਂਬਰ ਲਾਵਾਰਸ ਅਸਥੀਆਂ ਲੈ ਕੇ ਹਰਿਦੁਆਰ ਰਵਾਨਾ

**ਗੁਰਦਾਸਪੁਰ, (ਦਿਨੇਸ਼ ਕੁਮਾਰ)** -ਪਿਛਲੇ ਲਗਭਗ ਇੱਕ ਦਸ਼ਕ ਤੋਂ ਮਾਨਵ ਕਰਮ ਮਿਸ਼ਨ ਗੁਰਦਾਸਪੁਰ ਵੱਲੋਂ ਲਵਾਰਿਸ ਸ਼ਵਾਂ ਦਾ ਅੰਤਿਮ ਸੰਸਕਾਰ ਕਰਨ ਦੇ ਬਾਅਦ ਉਹਨਾਂ ਦੀਆਂ ਅਸਥੀਆਂ ਦਾ ਵਿਸਰਜਨ ਹਰਿਦੁਆਰ ਵਿਖੇ ਜਾਕੇ ਪੂਰੇ ਧਾਰਮਿਕ ਰੀਤੀ ਰਿਵਾਜ ਨਾਲ ਕੀਤਾ ਜਾਂਦਾ ਹੈ। ਇਸੇ ਲੜੀ ਦੇ ਤਹਿਤ ਮਾਨਵ ਕਰਮ ਮਿਸ਼ਨ ਦੇ ਮੈਂਬਰ ਪ੍ਰਧਾਨ ਸੁਭਾਸ਼ ਭੰਡਾਰੀ ਦੀ ਪ੍ਰਧਾਨਗੀ ਵਿੱਚ ਲਵਾਰਿਸ ਅਸਥੀਆਂ ਨੂੰ ਲੈਕੇ ਹਰਿਦੁਆਰ ਲਈ ਰਵਾਨਾ ਹੋਏ। ਹਰਿਦੁਆਰ ਰਵਾਨਾਂ ਹੋਣ ਵਾਲੇ ਮੈਂਬਰਾਂ ਵਿਚ ਮਾਨਵ ਕਰਮ ਮਿਸ਼ਨ ਦੇ ਅਹੁਦੇਦਾਰ ਜਨਰਲ ਸਕੱਤਰ ਰਾਜਨ ਮਹਾਜਨ, ਕੈਸ਼ੀਅਰ ਜੁਗਲ ਕਿਸ਼ੋਰ ਸਮੇਤ ਸਤੀਸ਼ ਗੁਪਤਾ, ਹਰਦੀਪ ਸਿੰਘ, ਪਵਨ ਵਰਮਾ, ਦਿਨੇਸ਼ ਸ਼ਰਮਾ, ਅਸ਼ੋਕ ਨਾਥ ਕੌਸ਼ਲ, ਸੰਜੀਵ ਕਹਿਰ, ਵਰੁਣ ਮਿੱਠੂ, ਮੁਨੀਸ਼ ਗੁਪਤਾ ਅਤੇ ਮੁਕੇਸ਼ ਸ਼ਰਮਾ ਵੀ ਸ਼ਾਮਿਲ ਸਨ।



# ਸਰਵ ਸਿੱਖਿਆ ਅਭਿਆਨ ਤੇ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਨੇ ਸੇਖਵਾਂ ਨੂੰ ਦਿੱਤਾ ਮੰਗ ਪੱਤਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਰਵ ਸਿੱਖਿਆ ਅਭਿਆਨ ਤੇ ਮਿਡ ਡੇ ਮੀਲ ਦਫਤਰੀ ਕੱਚਾ ਕਰਮਚਾਰੀ ਯੂਨੀਅਨ ਵੱਲੋਂ ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਲਈ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੂੰ ਮੰਗ ਪੱਤਰ ਦਿੱਤਾ ਗਿਆ। ਉਨ੍ਹਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਸਿੱਖਿਆ ਵਿਭਾਗ ਦੇ ਸਾਰੇ ਦਫਤਰੀ ਕਰਮਚਾਰੀਆਂ ਦੀਆਂ ਸੇਵਾਵਾਂ ਵਿਭਾਗ ਅਧੀਨ ਪੱਕੀਆਂ ਕਰਕੇ ਮੌਜੂਦਾ ਅਹੁਦਿਆਂ ਅਨੁਸਾਰ ਬਣਦੇ ਸਕੇਲਾਂ ਤੇ ਭੱਤਿਆਂ ਸਮੇਤ ਪੂਰੀਆਂ ਤਨਖਾਹਾਂ ਦਿੱਤੀਆਂ ਜਾਣ ਅਤੇ ਤਨਖਾਹ ਕਟੌਤੀ ਬੰਦ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਇਹ ਕਰਮਚਾਰੀ ਸਿੱਖਿਆ ਵਿਭਾਗ ਦੇ ਦਫਤਰਾਂ ਵਿੱਚ ਪਿਛਲੇ 14 ਸਾਲਾਂ ਤੋਂ ਵੱਖ-ਵੱਖ ਅਹੁਦਿਆਂ ਤੇ ਕੰਮ ਕਰਦੇ ਆ ਰਹੇ ਹਨ। ਇਸ ਮੌਕੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਸਰਵ ਸਿੱਖਿਆ ਅਭਿਆਨ ਤੇ ਮਿਡ ਡੇ ਮੀਲ ਦਫਤਰੀ ਕਰਮਚਾਰੀਆਂ ਦੀਆਂ ਮੰਗਾਂ ਨੂੰ ਪੰਜਾਬ ਸਰਕਾਰ ਕੋਲੋਂ ਹੱਲ ਕਰਵਾਉਣ ਦਾ ਯੂਨੀਅਨ ਆਗੂਆਂ ਨੂੰ ਭਰੋਸਾ ਦਵਾਇਆ। ਇਸ ਮੌਕੇ ਦਫਤਰੀ ਯੂਨੀਅਨ ਦੇ ਆਗੂ ਵਿਨੇ ਕੁਮਾਰ, ਨੀਤੂ ਅੱਤਰੀ, ਅਭਾ ਭਾਰਤੀ, ਰੁਪਿੰਦਰ ਕੌਰ ਤੋਂ ਇਲਾਵਾ ਬਲਾਕ ਪ੍ਰਾਈਮਰੀ ਸਿੱਖਿਆ ਅਫਸਰ ਬਲਵਿੰਦਰ ਸਿੰਘ ਗਿੱਲ, ਐਲੀਮੈਂਟਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਸਵਨੀ ਫੱਜੂਪੁਰ ਆਦਿ ਵੀ ਮੌਜੂਦ ਸਨ।



# ਪੰਜਾਬ 'ਚ 13 ਦੀਆਂ 13 ਸੀਟਾਂ ਕਾਂਗਰਸ ਦੀਆਂ : ਕੱਕੜ

**ਅੰਮਿ੍ਤਸਰ (ਜਸਬੀਰ ਸਿੰਘ ਪੱਟੀ)**-ਲੋਕ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ 13 ਦੀਆਂ 13 ਸੀਟਾਂ 'ਤੇ ਹੂੰਝਾ ਫੇਰੂ ਜਿੱਤ ਹਾਸਲ ਕਰੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੁੱਖ ਬੁਲਾਰਾ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਕੱਕੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਰਵਾਇਤੀ ਪਾਰਟੀਆਂ ਨੂੰ ਨਕਾਰਦਿਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ 13 ਦੇ 13 ਉਮੀਦਵਾਰਾਂ ਨੂੰ ਜਿਤਾ ਕੇ ਪੰਜਾਬ ਵਿਰੋਧੀਆਂ ਨੂੰ ਸ਼ੀਸ਼ਾ ਵਿਖਾਏਗੀ। ਇਸ ਮੌਕੇ ਉਨ੍ਹਾਂ ਨਾਲ ਗੁਰਦੇਵ ਸਿੰਘ ਸ਼ੂਹਰਾ, ਗੁਰਭੇਜ ਸਿੰਘ ਵਣੀਏਕੇ ਪ੍ਰਧਾਨ ਬਲਾਕ ਚੋਗਾਵਾਂ, ਲਖਵਿੰਦਰ ਸਿੰਘ ਝੰਜੋਟੀ ਪ੍ਰਧਾਨ ਬਲਾਕ ਹਰਸਾ ਛੀਨਾ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਜਸਕਰਨ ਸਿੰਘ ਕੋਹਰੀ ਪ੍ਰਧਾਨ ਯੂਥ ਕਾਂਗਰਸ ਰਾਜਾਸਾਂਸੀ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਹੈਪੀ ਸਰਪੰਚ, ਗੁਰਮੀਤ ਸਿੰਘ ਡਾਲਾ, ਸੋਨਾ ਸਿੱਧੂ, ਨਿਰਵੈਲ ਸਿੰਘ ਚੋਗਾਵਾਂ ਮੀਤ ਪ੍ਰਧਾਨ, ਰਿੰਕੂ ਚੋਗਾਵਾਂ ਕੋਆਰਡੀਨੇਟਰ, ਡਾ. ਪਰਗਟ ਸਿੰਘ ਭੁੱਲਰ ਕੋਆਰਡੀਨੇਟਰ, ਗੁਰਸੇਵਕ ਸਿੰਘ ਗੈਵੀ, ਦਿਲਬਾਗ ਸਿੰਘ ਖਿਆਲਾ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਜਸਕਰਨ ਸਿੰਘ ਸੰਧੂ, ਮੇਜਰ ਸਿੰਘ ਕੱਕੜ ਮੀਤ ਪ੍ਰਧਾਨ, ਸੁਖਦੇਵ ਸਿੰਘ ਨੱਥੂਪੁਰ, ਗੁਰਪੀਬ ਸਿੰਘ ਪੰਜੂ ਰਾਏ, ਗੁਰਸ਼ਰਨ ਸਿੰਘ ਬੱਬੀ ਕੱਕੜ ਆਦਿ ਹਾਜ਼ਰ ਸਨ।

# ਪਾਵਰਕੌਮ/ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੰਡਲ ਕਾਦੀਆਂ ਦੇ ਬਾਵਾ ਸਿੰਘ ਪ੍ਰਧਾਨ ਬਣੇ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਕਾਦੀਆਂ ਦੀ ਚੋਣ ਮੀਟਿੰਗ ਬਾਵਾ ਸਿੰਘ ਦੀ ਪ੍ਰਧਾਨਗੀ ਸਾਥੀ ਬਾਵਾ ਸਿੰਘ ਤੇ ਦਵਿੰਦਰ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਸਬ-ਡਵੀਜ਼ਨ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਪਰਮਜੀਤ ਸਿੰਘ ਕੋਟ, ਬਾਵਾ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਵਿੱਚ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਅੱਖੋਂ ਪਰੋਖੇ ਕਰਨ ਦੀ ਨਿੰਦਾ ਕੀਤੀ। ਇਸ ਮੌਕੇ ਮੰਡਲ ਕਾਦੀਆਂ ਦੀ ਪਹਿਲੀ ਬਾਡੀ ਭੰਗ ਕਰਕੇ ਮੁੜ ਨਵੇਂ ਸਿਰੇ ਤੋਂ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਜਿਸ ਵਿੱਚ ਸਰਬਸੰਮਤੀ ਨਾਲ ਸੁਖਦੇਵ ਸਿੰਘ ਰਿਆੜ ਨੂੰ ਸਰਪ੍ਰਸਤ, ਪ੍ਰਧਾਨ ਬਾਵਾ ਸਿੰਘ ਠੀਕਰੀਵਾਲ, ਸੀਨੀਅਰ ਮੀਤ ਪ੍ਰਧਾਨ ਰਵੇਲ ਸਿੰਘ ਕਲੇਰ, ਮੀਤ ਪ੍ਰਧਾਨ ਸੁਰਜੀਤ ਸਿੰਘ, ਅਨੈਤ, ਜੋਗਾ ਸਿੰਘ ਅਤੇ ਪ੍ਰੇਮ ਸਿੰਘ, ਸਕੱਤਰ ਸਾਥੀ ਪਰਮਜੀਤ ਸਿੰਘ ਕੋਟ, ਸਹਿ-ਸਕੱਤਰ ਸੋਹਣ ਲਾਲ, ਕੈਸ਼ੀਅਰ ਗੁਰਮੇਜ ਸਿੰਘ ਬੁੱਟਰ, ਪ੍ਰੈੱਸ ਸਕੱਤਰ ਦਵਿੰਦਰ ਸਿੰਘ ਸੈਣੀ, ਐਡੀਟਰ ਆਤਮਜੀਤ ਸਿੰਘ ਸੈਣੀ, ਕਾਰਜਕਾਰੀ ਮੈਂਬਰ ਵੱਸਣ ਸਿੰਘ ਤੇ ਅਜੀਤ ਸਿੰਘ, ਮੁੱਖ ਸਲਾਹਕਾਰ ਰਣਜੀਤ ਸਿੰਘ ਸੈਣੀ ਅਤੇ ਮਹਿੰਦਰ ਸਿੰਘ ਆਦਿ ਚੁਣੇ ਗਏ।



# ਉੱਘੇ ਸਮਾਜ ਸੇਵਕ ਐੱਨ ਆਰ ਆਈ ਬਾਬਾ ਰਜਿੰਦਰ ਸਿੰਘ ਬੇਦੀ ਦਾ ਸਨਮਾਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਜ਼ਿਲ੍ਹਾ ਗੁਰਦਾਸਪੁਰ ਦੇ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਅਜੋਕੇ ਸਮੇਂ ਦੇ ਹਾਣੀ ਬਣਾਉਣ ਵਾਲੇ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਨੂੰ ਅੱਜ ਸਿੱਖਿਆ ਵਿਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਬਾਬਾ ਸ਼੍ਰੀ ਚੰਦ ਆਡੀਟੋਰੀਅਮ ਵਿਖੇ ਪ੍ਰਿੰ. ਰੁਪਿੰਦਰਜੀਤ ਧਾਲੀਵਾਲ ਦੀ ਅਗਵਾਈ ਹੇਠ ਸਨਮਾਨ ਸਮਾਰੋਹ ਕਰਵਾਇਆਂ ਗਿਆ।ਇਸ ਮੌਕੇ ਸਿੱਖਿਆਂ ਵਿਭਾਗ ਵੱਲੋਂ ਮੁੱਖ ਮਹਿਮਾਨ ਵਜੋਂ ਸਟੇਟ ਐਵਾਰਡੀ ਜ਼ਿਲ੍ਹਾ ਸਿੱਖਿਆਂ ਅਫਸਰ (ਸੈਕੰਡਰੀ) ਰਾਜੇਸ਼ ਕੁਮਾਰ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸਨਮਾਨ ਸਮਾਰੋਹ ਦੌਰਾਨ ਬਾਬਾ ਰਜਿੰਦਰ ਸਿੰਘ ਬੇਦੀ ਅਤੇ ਉਨ੍ਹਾਂ ਦੀ ਧਰਮ ਸੁਪਤਨੀ ਆਤਮਜੀਤ ਕੌਰ ਬੇਦੀ ਨੂੰ ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡੀਈਓ ਰਾਜੇਸ਼ ਸ਼ਰਮਾ ਨੇ ਬਾਬਾ ਸ਼੍ਰੀ ਚੰਦ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਟਰੱਸਟ ਵੱਲੋਂ ਜੋ ਸਰਕਾਰੀ ਸਕੂਲਾਂ ਨੂੰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ।ਪ੍ਰਿੰ. ਰੁਪਿੰਦਰਜੀਤ ਧਾਲੀਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਸਿੱਖਿਆਂ ਅਫਸਰ (ਸੈਕੰਡਰੀ) ਰਾਜੇਸ਼ ਕੁਮਾਰ ਸ਼ਰਮਾ, ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਵਿਨੋਦ ਕੁਮਾਰ ਮੱਤਰੀ, ਸਾਬਕਾ ਪ੍ਰਿੰ. ਮੈਡਮ ਅਕਵਿੰਦਰ ਕੌਰ, ਸਾਬਕਾ ਲੈਕਚਰਾਰ ਬਲਵੰਤ ਰਾਏ ਆਦਿ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸੇ ਮੌਕੇ ਸਕੂਲ ਦੇ ਪ੍ਰਿੰ. ਰੁਪਿੰਦਰਜੀਤ ਧਾਲੀਵਾਲ ਨੇ ਸਮੂਹ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ।ਇਸ ਮੌਕੇ ਪ੍ਰਿੰ. ਵਰਿੰਦਰ ਸਿੰਘ ਕਾਹਲੋਂ, ਪ੍ਰਿੰ. ਬਿਕਰਮਜੀਤ ਸਿੰਘ ਚਾਹਲ, ਨਾਇਬ ਤਹਿਸੀਲਦਾਰ ਕਰਨਬੀਰ ਸਿੰਘ, ਜ਼ਿਲ੍ਹਾ ਡਾਈਡੈਂਸ ਕੌਂਸਲਰ ਪਰਮਿੰਦਰ ਸੈਣੀ, ਸਹਾਇਕ ਨੋਡਲ ਅਫਸਰ ਜ਼ਿਲਾ ਸਵੀਪ ਟੀਮ ਗੁਰਮੀਤ ਸਿੰਘ ਭੋਮਾ, ਲੈਕਚਰਾਰ ਗੁਰਮੀਤ ਸਿੰਘ ਬਾਜਵਾ, ਮੀਡੀਆਂ ਇੰਚਾਰਜ ਗਗਨਦੀਪ ਸਿੰਘ, ਸੁੱਚਾ ਸਿੰਘ ਸੈਕਟਰੀ, ਐਡਵੋਕੇਟ ਬਲਜਿੰਦਰ ਸਿੰਘ ਸ਼ਿਕਾਰ, ਮੈਡਮ ਕੰਵਲਜੀਤ ਸੋਢੀ, ਦਵਿੰਦਰ ਕੌਰ (ਬਾਇਓ ਲੈਕਚਰਾਰ), ਗੁਰਮੀਤ ਕੌਰ (ਲਾਇਬ੍ਰੇਰੀਅਨ), ਸੁਖਜਿੰਦਰ ਕੌਰ (ਕੰਪਿਊਟਰ ਫੈਕਲਟੀ), ਅਮਨਪ੍ਰੀਤ ਕੌਰ (ਕੰਪਿਊਟਰ ਫੈਕਲਟੀ), ਪਰਮਜੀਤ ਕੌਰ (ਮੈਥ ਮਿਸਟ੍ਰੈਸ) ਪੰਕਜ ਜਸਵਾਲ (ਸਾਇਸ ਮਿਸਟ੍ਰੈਸ), ਪਲਵੀ ਮਹਾਜਨ (ਵੋਕੇਸ਼ਨਲ ਟ੍ਰੇਨਰ), ਪੂਜਾ ਦੇਵੀ (ਮੈਥ ਮਿਸਟ੍ਰੈਸ), ਗਗਨਦੀਪ ਕੌਰ (ਇੰਗਲਿਸ਼ ਮਿਸਟ੍ਰੈਸ), ਸੁਖਦੀਪ ਕੌਰ (ਮੈਥ ਟੀਚਰ) ਆਦਿ ਅਧਿਆਪਕ ਹਾਜ਼ਰ ਸਨ।



# ਭਾਜਪਾ ਨਾਲ ਗੱਠਜੋੜ ਕਰਨ ਵਾਲਿਆਂ ਦਾ ਕਾਲੇ ਝੰਡਿਆਂ ਨਾਲ ਕਰਾਂਗੇ ਵਿਰੋਧ : ਸਤਨਾਮ ਪੰਨੂ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਜਥੇਬੰਦੀ ਦੇ ਸੂਬਾਈ ਆਗੂ ਸਤਨਾਮ ਸਿੰਘ ਪੰਨੂ ਤੇ ਹਰਪ੍ਰੀਤ ਸਿੰਘ ਸਿੱਧਵਾਂ ਦੀ ਅਗਵਾਈ ਹੇਠ ਪਿੰਡ ਮਨਿਹਾਲਾ ਜੈ ਸਿੰਘ ਵਾਲਾ ਵਿਖੇ ਹੋਈ, ਜਿਸ 'ਚ ਵੱਡੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜਥੇਬੰਦੀ ਦੇ ਸੀਨੀਅਰ ਆਗੂਆਂ ਵੱਲੋਂ ਮਤਾ ਪਾਸ ਕਰਦਿਆਂ ਕਿਸਾਨੀ ਅੰਦੋਲਨ 2.0 ਨੂੰ ਮਜ਼ਬੂਤ ਕਰਨ ਦਾ ਅਹਿਦ ਲੈਣ ਤੋਂ ਇਲਾਵਾ ਭਾਜਪਾ ਨਾਲ ਗੱਠਜੋੜ ਕਰਨ ਵਾਲੀ ਰਾਜਨੀਤਿਕ ਪਾਰਟੀ ਦਾ ਡਟ ਕੇ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਸਤਨਾਮ ਸਿੰਘ ਪੰਨੂ ਤੇ ਹਰਪ੍ਰੀਤ ਸਿੰਘ ਸਿੱਧਵਾਂ ਨੇ ਕਿਹਾ ਕਿ ਕਿਸਾਨਾਂ 'ਤੇ ਅਣਮਨੁੱਖੀ ਤਸ਼ੱਦਦ ਢਾਹ ਰਹੀ ਭਾਜਪਾ ਨਾਲ ਹੱਥ ਮਿਲਾਉਣ ਵਾਲੀ ਪਾਰਟੀ ਦਾ ਸੂਬੇ ਵਿੱਚ ਹਰ ਥਾਂ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਇਲੈਕਟੋਰਲ ਬਾਂਡ ਦੇ ਨਾਂਅ 'ਤੇ ਕਾਰਪੋਰੇਟਾਂ ਵੱਲੋਂ ਭਾਜਪਾ ਨੂੰ ਦਿੱਤੇ ਗਏ ਹਜ਼ਾਰਾਂ ਕਰੋੜਾਂ ਰੁਪਏ ਦੇ ਫੰਡ ਇਸ ਗੱਲ ਦਾ ਸਬੂਤ ਹਨ ਕਿ ਮੋਦੀ ਸਰਕਾਰ ਤੇ ਕਾਰੋਬਾਰੀ ਰਲ-ਮਿਲ ਕੇ ਦੇਸ਼ ਵਾਸੀਆਂ ਨੂੰ ਬੇਵਕੂਫ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਰਪੋਰੇਟਾਂ ਨਾਲ ਗੂੜੀ ਸਾਂਝ ਕਾਰਨ ਹੀ ਭਾਜਪਾ ਸਰਕਾਰ ਕਿਸਾਨਾਂ ਦੀਆਂ ਮੰਗਾਂ ਵੱਲ ਗੌਰ ਕਰਨ ਨੂੰ ਤਿਆਰ ਨਹੀਂ। ਆਗੂਆਂ ਨੇ ਕਿਹਾ ਕਿ 77 ਸਾਲ ਤੋਂ ਚੱਲ ਰਹੇ ਇਸ ਗੋਰਖ ਧੰਦੇ ਨੇ 1 ਪ੍ਰਤੀਸ਼ਤ ਅਮੀਰ ਲੋਕਾਂ ਦਾ ਦੇਸ਼ ਦੇ 73 ਪ੍ਰਤੀਸ਼ਤ ਧਨ 'ਤੇ ਕਬਜ਼ਾ ਕਰਵਾ ਦਿੱਤਾ ਹੈ ਤੇ 87 ਪ੍ਰਤੀਸ਼ਤ ਲੋਕ ਗਰੀਬੀ ਨਾਲ ਲੜ ਰਹੇ ਹਨ। ਇਸ ਮੌਕੇ ਆਗੂਆਂ ਨੇ ਦੇਸ਼ ਭਰ ਦੇ ਕਿਰਤੀ ਕਾਮਿਆਂ ਨੂੰ ਜਾਗਣ ਦਾ ਸੱਦਾ ਦਿੰਦਿਆਂ ਚੀਫ ਜਸਟਿਸ ਆਫ ਇੰਡੀਆ ਡੀ. ਵਾਈ. ਚੰਦਰਚੂੜ ਨੂੰ ਸੁਪਰੀਮ ਕੋਰਟ ਦੇ ਸਿਟਿੰਗ ਜੱਜਾਂ ਦੀ ਉੱਚ-ਪੱਧਰੀ ਕਮੇਟੀ ਬਣਾ ਕੇ ਭਾਜਪਾ ਦੇ ਮੰਤਰੀਆਂ, ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਕਾਰਪੋਰੇਟਾਂ, ਮਾਫੀਆ ਗਰੁੱਪਾਂ ਵੱਲੋਂ ਦੇਸ਼ ਦਾ ਧਨ ਲੁੱਟ ਕੇ ਹਜ਼ਾਰਾਂ ਕਰੋੜ ਦੀਆਂ ਬਣਾਈਆਂ ਜਾਇਦਾਦਾਂ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਇਨਸਾਫ ਪਸੰਦ ਲੋਕਾਂ ਨੂੰ ਲੋਕਤੰਤਰ ਬਚਾਉਣ ਲਈ ਲਾਮਬੰਦ ਹੋ ਕੇ ਸੰਘਰਸ਼ਾਂ ਦੇ ਪਿੜ ਮੱਲਣ ਦੀ ਅਪੀਲ ਵੀ ਕੀਤੀ। ਇਸ ਮੌਕੇ ਮੇਹਰ ਸਿੰਘ ਤਲਵੰਡੀ, ਦਿਲਬਾਗ ਸਿੰਘ ਪਹੂਵਿੰਡ, ਦਲਬੀਰ ਸਿੰਘ ਭੂਰਾ, ਰਣਜੀਤ ਸਿੰਘ ਚੀਮਾ, ਸਵਰਨ ਸਿੰਘ ਹਰੀਕੇ, ਸੁਖਦੇਵ ਸਿੰਘ ਦੁੱਬਲੀ, ਪੂਰਨ ਸਿੰਘ ਮੱਦਰ, ਗੁਰਜੰਟ ਸਿੰਘ ਭੱਗੂਪੁਰ, ਰਣਜੀਤ ਸਿੰਘ ਸਾਹਬਾਜਪੁਰ, ਦਲਜੀਤ ਸਿੰਘ ਕੈਰੋਂ, ਬੀਬੀ ਹਰਪ੍ਰੀਤ ਕੌਰ, ਸਿਮਰਨਜੀਤ ਕੌਰ, ਦਲਜੀਤ ਕੌਰ ਮੱਦਰ ਆਦਿ ਹਾਜ਼ਰ ਸਨ।



# ਗੁਰਦੇਵ ਸਿੰਘ ਰਜਾਦਾ ਨੂੰ ਸਦਮਾ, ਮਾਤਾ ਦਾ ਦਿਹਾਂਤ

**ਕਲਾਨੌਰ, (ਮਨਦੀਪ ਕੋਹਲੀ)**-ਕਲਾਨੌਰ ਤੋਂ ਰੋਜ਼ਾਨਾ ਸਪੋਕਸਮੈਨ ਦੇ ਪੱਤਰਕਾਰ ਗੁਰਦੇਵ ਸਿੰਘ ਰਜਾਦਾ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਮਾਤਾ ਮਹਿੰਦਰ ਕੌਰ ਉਮਰ ਕਰੀਬ 76 ਸਾਲ ਦਾ ਬੀਤੀ ਰਾਤ ਅਚਾਨਕ ਹਾਰਟ ਅਟੈਕ ਆਉਣ ਨਾਲ ਦਿਹਾਂਤ ਹੋ ਗਿਆ ਜਿਨ੍ਹਾਂ ਦਾ ਸੰਸਕਾਰ ਹਕੀਮਪੁਰ ਰੋਡ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਕਲਾਨੌਰ ਪ੍ਰੈੱਸ ਕਲੱਬ ਦੇ ਸਾਰੇ ਮੈਂਬਰਾਂ ਮਨਮੋਹਣ ਬੇਦੀ, ਵਰਿੰਦਰ ਬੇਦੀ, ਮਨਦੀਪ ਕੋਹਲੀ, ਡਿੰਪਲ ਕੁਮਾਰ, ਰਾਜਨ ਸਰਮਾ, ਇੰਦਰਮੋਹਨ ਸੋਢੀ, ਭੁਪਿੰਦਰ ਸੋਢੀ, ਇਕਬਾਲ ਸਿੰਘ ਵਾਲੀਆ, ਬਲਬੀਰ ਸਿੰਘ ਘੁੰਮਣ, ਕਮਲਜੀਤ ਬਾਊ, ਕਰਮਜੀਤ ਸਿੰਘ, ਰਕੇਸ਼ ਭਾਰਦਵਾਜ, ਆਸ਼ੂ ਵਰਮਾ, ਸਾਬੀ ਅਗਰਵਾਲ, ਰਜੇਸ਼ ਕੁਮਾਰ ਹੈਪੀ, ਮਹਿੰਦਰ ਜੋਸ਼ੀ ਆਦਿ ਵੱਲੋਂ ਗੁਰਦੇਵ ਸਿੰਘ ਰਜਾਦਾ, ਉਨ੍ਹਾਂ ਦੇ ਪਿਤਾ ਤਰਲੋਕ ਸਿੰਘ, ਭਰਾ ਸੁਖਦੇਵ ਸਿੰਘ ਰਜਾਦਾ ਅਤੇ ਪੂਰੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।



# ਜੈਮਲ ਸਿੰਘ ਜੱਲੋਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ 'ਚ ਸ਼ਾਮਲ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੱਟੀ ਹਲਕੇ ਤੋਂ ਸੀਨੀਅਰ ਆਗੂ ਬੇਅੰਤ ਸਿੰਘ ਸੰਧੂ ਦੀ ਅਗਵਾਈ ਹੇਠ ਪਿੰਡ ਜੱਲੋਕੇ ਨਾਲ ਸਬੰਧਤ ਨੰਬਰਦਾਰ ਜੈਮਲ ਸਿੰਘ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਸ਼ਾਮਲ ਹੋ ਗਏ।ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਹਰਭਾਲ ਸਿੰਘ ਬਲੇਰ ਤੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਮੀਆਂਵਿੰਡ ਵੱਲੋਂ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ ਪੱਟੀ ਹਲਕੇ ਦੇ ਪਿੰਡ ਕੋਟਬੁੱਢਾ ਸਰਕਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਪਾਰਟੀ ਦੇ ਜਰਨਲ ਸਕੱਤਰ ਹਰਭਾਲ ਸਿੰਘ ਬਲੇਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਅੰਦਰ ਸਮੁੱਚੇ ਮਾਝੇ ਅੰਦਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅੰਦਰ ਪਾਰਟੀ ਪਲੇਟਫਾਰਮ ਉਪਰ ਨੌਜਵਾਨਾਂ ਦੀਆਂ ਹੋਰ ਨਿਯੁਕਤੀਆਂ ਕੀਤੀਆ ਜਾਣਗੀਆਂ। ਉਨ੍ਹਾਂ ਸਿੱਖ ਕੌਮ ਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੰਥਕ ਫਰਜ਼ਾਂ ਨੂੰ ਪਹਿਚਾਣ ਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਝੰਡੇ ਹੇਠ ਇੱਕਤਰ ਹੋ ਕੇ ਪੰਥ ਦੇ ਸੇਵਾ ਕਰਨ ਲਈ ਅੱਗੇ ਵਧਣ।



# ਵਿਧਾਇਕ ਸ਼ੈਰੀ ਕਲਸੀ ਵੱਲੋਂ ਪਿੰਡ ਕੋਟ ਬੁੱਢਾ ਵਿਖੇ ਵਿਕਾਸ ਕਾਰਜਾਂ ਦੀ ਸ਼ੁਰੂਆਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਪਿੰਡ ਕੋਟ ਬੁੱਢਾ ਵਿਖੇ ਵੱਖ-ਵੱਖ ਵਿਕਾਸ ਕਾਰਜ ਸ਼ੁਰੂ ਕਰਵਾਏ ਗਏ।ਇਸ ਮੌਕੇ ਆਪ ਪਾਰਟੀ ਦੇ ਵਰਕਰ, ਆਗੂ, ਵਲੰਟੀਅਰ ਅਤੇ ਪਿੰਡ ਵਾਸੀ ਆਦਿ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨੇ ਕਿਹਾ ਕਿ ਮਹਿਜ਼ ਦੋ ਸਾਲਾਂ ਦੇ ਕਾਰਜਕਾਲ ਵਿੱਚ ਹਲਕੇ ਅੰਦਰ ਰਿਕਾਰਡ ਵਿਕਾਸ ਕਾਰਜ ਕਰਵਾਏ ਗਏ ਹਨ, ਜੋ ਪਹਿਲੀਆਂ ਸਰਕਾਰਾਂ ਨਹੀਂ ਕਰਵਾ ਸਕੀਆਂ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਪੱਖਪਾਤ ਤੋਂ ਬਿਨਾਂ ਵਿਕਾਸ ਕਾਰਜ ਚੱਲ ਰਹੇ ਹਨ, ਜਿਸ ਤਹਿਤ ਪਿੰਡਾਂ ਵਿੱਚ ਖੇਡ ਸਟੇਡੀਅਮ, ਪਾਰਕ, ਗੰਦੇ ਪਾਣੀ ਦੀ ਨਿਕਾਸੀ ਸਮੇਤ ਵੱਖ-ਵੱਖ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਮਿਆਰੀ ਸਿਹਤ ਸਹੂਲਤ ਦੇਣ ਵਾਲਾ 'ਆਮ ਆਦਮੀ ਕਲੀਨਿਕ' ਮਾਡਲ ਲਗਾਤਾਰ ਅੱਗੇ ਵਧ ਰਿਹਾ ਹੈ ਅਤੇ ਸੂਬੇ ਭਰ ਵਿੱਚ ਕਰੀਬ 829 ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ।ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਕਲੀਨਿਕ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ ਅਤੇ ਰੋਜ਼ਾਨਾ ਸੈਂਕੜਿਆਂ ਦੀ ਤਾਦਾਦ ਵਿੱਚ ਲੋਕ ਆਪਣਾ ਇਲਾਜ ਕਰਵਾ ਰਹੇ ਹਨ।



# ਐੱਮਪੀ ਲੈਡ ਫੰਡ 'ਚੋਂ ਬਲਾਕ ਲਈ ਸਵਾ 2 ਕਰੋੜ ਦੇ ਪ੍ਰੋਜੈਕਟ ਜਾਰੀ: ਰਾਜੂ ਪੰਡਿਤ



**ਕਲਾਨੌਰ, (ਮਨਦੀਪ ਕੋਹਲੀ)**

ਕਲਾਨੌਰ ਵਿੱਚ ਭਾਜਪਾ ਵਰਕਰਾਂ ਵੱਲੋਂ ਵਿਕਾਸ ਕੰਮਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਵਾਈਸ ਪ੍ਰਧਾਨ ਰਾਜੂ ਪੰਡਿਤ ਦੀ ਅਗਵਾਈ ਵਿੱਚ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹਾ ਵਾਈਸ ਪ੍ਰਧਾਨ ਰਾਜੂ ਪੰਡਿਤ ਨੇ ਦੱਸਿਆ ਕਿ ਐੱਮਪੀ ਲੈਡ ਫੰਡ ਵਿੱਚੋਂ ਹਲਕਾ ਡੇਰਾ ਬਾਬਾ ਨਾਨਕ ਦੇ ਬਲਾਕ ਡੇਰਾ ਬਾਬਾ ਨਾਨਕ ਅਤੇ ਕਲਾਨੌਰ ਲਈ ਕਰੀਬ ਸਵਾ ਦੋ ਕਰੋੜ ਦੇ ਪ੍ਰੋਜੈਕਟ ਲੈ ਕੇ ਆਏ ਹਨ ਜਿਨ੍ਹਾਂ ਵਿੱਚ ਬਲਾਕ ਕਲਾਨੌਰ ਵਿੱਚ ਬਣੀ ਸ਼ਿਵ ਮੰਦਿਰ ਪਾਰਕ ਵਿੱਚ ਆਉਂਦੇ ਇੱਕ ਹਫਤੇ ਦੇ ਵਿੱਚ-ਵਿੱਚ ਨੌਜਵਾਨਾਂ ਲਈ ਕਰੀਬ ਸਾਢੇ ਚਾਰ ਲੱਖ ਦੀ ਲਾਗਤ ਨਾਲ ਓਪਨ ਜਿਮ ਅਤੇ ਬੱਚਿਆਂ ਲਈ ਝੂਲੇ ਲਗਵਾਏ ਜਾ ਰਹੇ ਹਨ ਅਤੇ ਇਸ ਤੋਂ ਇਲਾਵਾ ਸ਼ਿਵ ਮੰਦਿਰ, ਬਾਜ਼ਾਰ, ਬੱਸ ਸਟੈਂਡ ਤੋਂ ਲੈ ਕੇ ਲਾਹੌਰੀ ਗੇਟ ਤੱਕ 40 ਫਲੱਡ ਲਾਈਟਾਂ ਵੀ ਲਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਬਲਾਕ ਕਲਾਨੌਰ ਦੇ ਹੀ ਪਿੰਡ ਬੁੱਚੇ ਨੰਗਲ ਵਿੱਚ ਕਰੀਬ 37 ਲੱਖ ਦੀ ਲਾਗਤ ਨਾਲ ਇੱਕ ਕਮਿਊਨਿਟੀ ਹਾਲ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ, ਬਲਾਕ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਦਰਸ਼ਨ ਸਥੱਲ ਉੱਪਰ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਇੱਕ ਹਾਈਟੈਕ ਕੈਮਰਾ ਵੀ ਲਗਾਇਆ ਜਾ ਰਿਹਾ ਹੈ ਅਤੇ ਜੌੜੀਆਂ ਕਲਾਂ ਵਿੱਚ ਇੰਟਰਟੇਨਮੈਂਟ ਪਾਰਕ ਬਣਾਇਆ ਜਾ ਰਿਹਾ ਤੇ ਹੋਰ ਵੀ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ। ਰਾਜੂ ਪੰਡਿਤ ਨੇ ਕਿਹਾ ਕਿ ਜਾਰੀ ਕੀਤੇ ਇਸ ਐੱਮਪੀ ਲੈਡ ਫੰਡ ਨਾਲ ਚੋਣ ਜ਼ਾਬਤੇ ਦਾ ਕੋਈ ਸਬੰਧ ਨਹੀਂ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਜੀਵ ਠਾਕੁਰ ਮੰਡਲ ਪ੍ਰਧਾਨ ਬਖਸ਼ੀਵਾਲ, ਚਰਨਜੀਤ ਭੰਡਾਰੀ ਮੰਡਲ ਪ੍ਰਧਾਨ ਕਲਾਨੌਰ, ਰਣਜੀਤ ਸਿੰਘ, ਰਵੀ ਮਸੀਹ, ਸ਼ਰਨਜੀਤ ਸਿੰਘ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ, ਗੁਰਪਾਲ ਸਿੰਘ ਆਦਿ ਵੀ ਹਾਜ਼ਰ ਸਨ।

# ਕਸਬਾ ਹਰੀਕੇ 'ਚ ਚੋਰਾਂ ਅੱਗੇ ਪੁਲਸ ਬੇਵਸ, ਜਨਤਾ ਖੌਫਜ਼ਦਾ !

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਕਸਬਾ ਹਰੀਕੇ ਖੇਤਰ 'ਚ ਦਰਜਨ ਭਰ ਚੋਰੀਆਂ ਨੇ ਲੋਕਾਂ ਦੇ ਸਾਹ ਸੂਤ ਕੇ ਰੱਖ ਦਿੱਤੇ ਹਨ। ਖੌਫਜ਼ਦਾ ਹੋਏ ਲੋਕਾਂ ਦਾ ਪੁਲਸ ਤੋਂ ਭਰੋਸਾ ਉੱਠ ਗਿਆ ਜਿਸ ਤੋਂ ਬਾਅਦ ਅਣਪਛਾਤਿਆਂ ਹੱਥੋਂ ਲੁੱਟੇ ਪੀੜਤਾਂ ਨੇ ਥਾਣੇ ਜਾ ਕੇ ਫਰਿਆਦ ਕਰਨੀ ਵੀ ਛੱਡ ਦਿੱਤੀ ਹੈ। ਸਮਾਜ ਦੇ ਦਰਦਮੰਦਾਂ ਦਾ ਮੰਨਣਾ ਹੈ ਕਿ ਆਮ ਲੋਕਾਂ ਦੀ ਜਾਨ ਮਾਲ ਦੀ ਰਖਵਾਲੀ ਨੂੰ ਤਿਲਾਂਜਲੀ ਦੇ ਚੁੱਕੀ ਪੁਲਸ ਕੇਵਲ ਰੇਤ ਵੇਚਣ ਨੂੰ ਹੀ ਚੋਰੀ ਸਮਝਦੀ ਹੈ ਜਿਸ 'ਤੇ ਪੁਲਸ ਦੀ ਜ਼ਿਆਦਾਤਰ ਤਵੱਜੋ ਰਹਿੰਦੀ ਹੈ। ਸਿਤਮਜ਼ਰੀਫੀ ਇਹ ਹੈ ਕਿ ਜਿਥੇ ਹਫਤੇ ਵਿੱਚ ਹੀ ਇਕ ਥਾਂ ਨੂੰ ਤਿੰਨ ਵਾਰ ਨਿਸ਼ਾਨਾ ਬਣਾਉਣ ਦੀ ਵਾਰਦਾਤ ਦੇ ਪੀੜ੍ਹਤ ਇਨਸਾਫ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ ਉਥੇ ਦੂਸਰੀ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਚੋਰਾਂ ਨੂੰ ਹੱਥ ਪਾਉਣ ਤੋਂ ਪੁਲਸ ਦੀ ਵੱਟੀ ਘੇਸਲ ਕਈ ਸਵਾਲ ਖੜ੍ਹੇ ਕਰ ਰਹੀ ਹੈ। ਦਿਲਬਾਗ ਸਿੰਘ ਰੱਤਾ ਗੁੱਦਾ ਦੇ ਘਰੋਂ ਸੋਨਾ ਤੇ ਚੋਰੀ ਹੋਣ ਨੂੰ ਮਹੀਨਾ ਬੀਤ ਜਾਣ ਦੇ ਬਾਵਜੂਦ ਕੋਈ ਨਤੀਜਾ ਨਹੀਂ। ਅੱਜ ਸੰਧੂ ਟੈਲੀਕਾਮ ਤੋਂ 2 ਦਰਜਨ ਤੋਂ ਵੱਧ ਮੋਬਾਇਲ ਚੋਰੀ ਹੋਏ। ਮੁਨੀਸ਼ ਟੈਲੀਕਾਮ ਤੋਂ ਦਿਨ-ਦਿਹਾੜੇ ਮੋਬਾਇਲ ਚੋਰੀ, ਥਾਣੇ ਸਾਹਮਣੇ ਦੀਪਕ ਸੋਨੀ ਦੀ ਦੁਕਾਨ ਦਾ ਸ਼ਟਰ ਤੋੜ ਕੇ ਨਕਦੀ ਚੁਰਾਉਣਾ, ਬਜ਼ਾਰ 'ਚ ਬੰਦ ਪੈਟਰੋਲ ਪੰਪ ਤੋਂ ਤਿੰਨ ਵਾਰ ਚੋਰੀ, ਰਾਮ ਮੂਰਤੀ ਦੇ ਗੱਲੇ ਵਿੱਚੋਂ ਨਕਦੀ ਚੋਰੀ ਸਰਕਾਰ ਦੀ ਬੇਵਸੀ ਦੀਆਂ ਜੀਵਤ ਉਦਾਹਰਣਾਂ ਹਨ। ਇਸ ਸਬੰਧੀ ਥਾਣਾ ਮੁਖੀ ਇੰਸ. ਸ਼ਿਮਲਾ ਰਾਣੀ ਨੇ ਕਿਹਾ ਕਿ ਸਾਡਾ ਖੁਫੀਆਤੰਤਰ ਚੋਰਾਂ ਦੀ ਭਾਲ ਲਈ ਪੂਰੀ ਤਰ੍ਹਾਂ ਮੁਸਤੈਦ ਹੈ ਜਿਸ ਦਾ ਨਤੀਜਾ ਜਲਦੀ ਵੇਖਣ ਨੂੰ ਮਿਲੇਗਾ।

# ਚੋਰੀਸ਼ੁਦਾ ਸਪਲੈਂਡਰ ਮੋਟਰਸਾਈਕਲ ਸਮੇਤ ਵਿਅਕਤੀ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਇਕ ਵਿਅਕਤੀ ਨੂੰ ਕਾਬੂ ਕਰਨ ਵਿਚ ਸ਼ਫਲਤਾ ਹਾਸਲ ਕੀਤੀ ਹੈ। ਐੱਸਆਈ ਸੁਲੱਖਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਮੁੱਖਬਰ ਖਾਸ ਦੀ ਇਤਲਾਹ 'ਤੇ ਅੱਡਾ ਗੋਸਲ ਵਿਖੇ ਨਾਕਾਬੰਦੀ ਕਰਕੇ ਕਥਿਤ ਦੋਸ਼ੀ ਜਤਿੰਦਰ ਸਿੰਘ ਕਾਕਾ ਪੁੱਤਰ ਕਸਮੀਰ ਸਿੰਘ ਵਾਸੀ ਸੇਖ ਕਬੀਰ ਨੂੰ ਚੋਰੀਸ਼ੁਦਾ ਮੋਟਰਸਾਈਕਲ ਮਾਰਕਾ ਸਪਲੈਂਡਰ ਬਿਨ੍ਹਾਂ ਨੰਬਰ ਸਮੇਤ ਕਾਬੂ ਕੀਤਾ ਹੈ। ਪੁੱਛਗਿੱਛ ਦੌਰਾਨ ਕਥਿਤ ਦੋਸ਼ੀ ਨੇ ਦੱਸਿਆ ਕਿ ਇਹ ਮੋਟਰਸਾਈਕਲ ਉਸ ਨੇ ਕਰੀਬ 2/3 ਮਹੀਨੇ ਪਹਿਲਾਂ ਬਟਾਲਾ ਸਾਈਡ ਤੋਂ ਚੋਰੀ ਕੀਤਾ ਸੀ ਅਤੇ ਕਲਾਨੌਰ ਸਾਈਡ ਨੂੰ ਵੇਚਣ ਲਈ ਜਾ ਰਿਹਾ ਸੀ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਜ਼ੇਰੇ ਧਾਰਾ 379 ਅਤੇ 411 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਗੋਹਲਵੜ 'ਚ ਕਿਸਾਨਾਂ, ਮਜ਼ਦੂਰਾਂ ਦਾ ਵੱਡਾ ਇਕੱਠ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਦੀ ਅਗਵਾਈ ਹੇਠ ਪਿੰਡ ਗੋਹਲਵੜ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਦਾ ਵੱਡਾ ਇਕੱਠ ਹੋਇਆ। ਇਸ ਇਕੱਠ ਵਿਚ ਪਿੰਡ ਗੋਹਲਵੜ ਦੀ ਚੁਣੀ ਹੋਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਇਕਾਈ, ਪਿੰਡ ਗੋਹਲਵੜ ਦੀ ਗ੍ਰਾਮ ਪੰਚਾਇਤ ਤੇ ਪਿੰਡ ਗੋਹਲਵੜ ਦੇ ਸਮੂਹ ਨਗਰ ਨਿਵਾਸੀ ਵੀ ਸ਼ਾਮਿਲ ਹੋਏ। ਸ਼ਹੀਦ ਹੋਏ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਤੇ ਫਿਰ ਗ੍ਰਾਮ ਸਭਾ ਦੀ ਕਾਰਵਾਈ ਸ਼ੁਰੂ ਕਰਦੇ ਹੋਏ ਪਿੰਡ ਦੇ ਸਰਪੰਚ, ਪੰਚ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਜ਼ੋਨ ਵਲੰਟੀਅਰ ਸੁਪਰਵਾਈਜ਼ਰ ਦਰਬਾਰਾ ਸਿੰਘ ਗੋਹਲਵੜ ਨੇ ਕਿਸਾਨੀ ਸੰਘਰਸ਼ ਵਿੱਚ ਤੇਜ਼ੀ ਲਈ ਕਿਸਾਨੀ ਮੰਗਾਂ 'ਤੇ ਆਧਾਰਿਤ ਮਤਾ ਗ੍ਰਾਮ ਸਭਾ ਅੱਗੇ ਪੇਸ਼ ਕੀਤਾ ਜਿਸ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਸਹਿਮਤੀ ਦਿੱਤੀ ਗਈ।



# ਜ਼ਿਲ੍ਹਾ ਲਾਇਬ੍ਰੇਰੀ ਗੁਰਦਾਸਪੁਰ ਦਾ ਹੋਇਆ ਨਵੀਨੀਕਰਨ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਸਰਕਾਰ ਵੱਲੋਂ 36.36 ਲੱਖ ਰੁਪਏ ਖ਼ਰਚ ਕਰਕੇ ਜ਼ਿਲ੍ਹਾ ਲਾਇਬ੍ਰੇਰੀ, ਗੁਰਦਾਸਪੁਰ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ। ਲਾਇਬਰੇਰੀ ਦੀ ਇਮਾਰਤ ਦੇ ਨਵੀਨੀਕਰਨ ਤੇ ਈ-ਲਾਇਬਰੇਰੀ ਦਾ ਉਦਘਾਟਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਅੱਜ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਸੁਭਾਸ਼ ਚੰਦਰ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ੍ਰੀ ਸ਼ਮਸ਼ੇਰ ਸਿੰਘ ਵੀ ਮੌਜੂਦ ਸਨ। ਜ਼ਿਲ੍ਹਾ ਲਾਇਬ੍ਰੇਰੀ ਦੇ ਉਦਘਾਟਨੀ ਸਮਾਰੋਹ ਦੌਰਾਨ ਸ਼ਹਿਰ ਵਾਸੀਆਂ, ਪਾਠਕਾਂ, ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਵਿੱਚ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਯਤਨਸ਼ੀਲ ਹੈ ਅਤੇ ਪੰਜਾਬ ਸਰਕਾਰ ਵੱਲੋਂ 36.36 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਨਾਲ ਜ਼ਿਲ੍ਹਾ ਲਾਇਬ੍ਰੇਰੀ ਦੀ ਕਾਇਆ ਕਲਪ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 10 ਲੱਖ ਰੁਪਏ ਦੇ ਕਰੀਬ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਲਾਇਬ੍ਰੇਰੀ ਉਪਰ ਖ਼ਰਚ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਲਾਇਬ੍ਰੇਰੀ ਵਿੱਚ ਈ-ਲਾਇਬ੍ਰੇਰੀ ਦੇ ਵਿਭਾਗ ਵੱਲੋਂ ਵੀ ਕੰਪਿਊਟਰ ਲਗਾਉਣ ਦੇ ਨਾਲ ਸਾਰੀ ਲਾਇਬ੍ਰੇਰੀ ਵਿੱਚ ਸੀਸੀਟੀਵੀ ਕੈਮਰੇ ਵੀ ਲਗਵਾਏ ਗਏ ਹਨ।



# ਕੰਵਰਪ੍ਰਤਾਪ ਸਿੰਘ ਵੱਲੋਂ ਫੁੱਟਬਾਲ ਟੂਰਨਾਮੈਂਟ ਦੇ ਦੂਜੇ ਦਿਨ ਦਾ ਆਗਾਜ਼



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**

ਅਜਨਾਲਾ ਕੀਰਤਨ ਦਰਬਾਰ ਸੇਵਾ ਸੁਸਾਇਟੀ ਅਜਨਾਲਾ ਦੀ ਗਰਾਊਂਡ ਵਿੱਚ ਸਵਰਾਜ ਸਪੋਰਟਸ ਕਲੱਬ ਅਜਨਾਲਾ ਵੱਲੋਂ ਕਰਵਾਏ ਜਾ ਰਹੇ 22ਵੇਂ ਨਾਕਆਊਟ ਫੁੱਟਬਾਲ ਟੂਰਨਾਮੈਂਟ ਦੇ ਦੂਸਰੇ ਦਿਨ ਦੇ ਫੁੱਟਬਾਲ ਮੈਚਾਂ ਦਾ ਉਦਘਾਟਨ ਅਜਨਾਲੇ ਹਲਕੇ ਤੋਂ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਦੇ ਸਪੁੱਤਰ ਕੰਵਰਪ੍ਰਤਾਪ ਸਿੰਘ ਅਜਨਾਲਾ ਨੇ ਕਲੱਬ ਦੇ ਪ੍ਰਧਾਨ ਮੰਗਲ ਸਿੰਘ ਨਿੱਜਰ ਦੀ ਅਗਵਾਈ 'ਚ ਕਰਵਾਏ ਜਾ ਰਹੇ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਕੀਤਾ। ਇਸ ਮੌਕੇ ਕੰਵਰਪ੍ਰਤਾਪ ਸਿੰਘ ਅਜਨਾਲਾ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਸੇ ਛੱਡ ਕੇ ਖੇਡਾਂ ਦੇ ਵਿੱਚ ਰੁਚੀ ਦਿਖਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਜਨਾਲਾ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਦਵਿੰਦਰ ਸਿੰਘ ਡੈਮ, ਅਜਨਾਲਾ ਨਗਰ ਪੰਚਾਇਤ ਦੇ ਕੌਂਸਲਰ ਗੁਰਦੇਵ ਸਿੰਘ ਨਿੱਜਰ, ਦਰਸ਼ਨ ਲਾਲ ਸ਼ਰਮਾ, ਅਮਰਵੀਰ ਸਿੰਘ ਬੱਲ, ਭਾਲੂ ਸਫੇਵਾਲੀਆ, ਗੁਰਦੀਪ ਸਿੰਘ ਸਿਰਸਾ, ਪ੍ਰਭ ਭੱਖਾ, ਅੰਮ੍ਰਿਤ ਭੱਖਾ, ਮੇਜਰ ਸਿੰਘ, ਰੋਹਿਤ ਪੁਰੀ ਲੱਕੀ, ਲੱਕੀ ਨਿੱਜਰ, ਕਾਬਲ ਸਿੰਘ ਨਿੱਜਰ ਤੋਂ ਇਲਾਵਾ ਸਵਰਾਜ ਸਪੋਰਟਸ ਕਲੱਬ ਵੱਲੋਂ ਭਾਈ ਮੰਗਲ ਸਿੰਘ ਨਿੱਜਰ, ਹੁਸਨਪ੍ਰੀਤ ਸਿੰਘ ਨਿੱਜਰ, ਜਸਬੀਰ ਸਿੰਘ ਢਿੱਲੋਂ, ਅਮਰਜੀਤ ਸਿੰਘ ਬਾਜਵਾ, ਤਲਵਿੰਦਰ ਸਿੰਘ ਪੁਰਬਾ, ਬਲਵਿੰਦਰ ਸਿੰਘ, ਮੁਨੀਸ਼ ਉੱਪਲ, ਸ਼ੁਭ ਸਿਰਸਾ ਆਦਿ ਹਾਜ਼ਰ ਸਨ।

# ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਸਾਰੇ ਰਸਤਿਆਂ ਨੂੰ ਨੋ-ਵਹੀਕਲ ਜ਼ੋਨ ਬਣਾਉਣ ਦਾ ਫੈਸਲਾ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**

ਅਰਵਿੰਦਰ ਸਿੰਘ ਅਰੋੜਾ ਸਬ ਡਵੀਜ਼ਨਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ ਨੇ ਸਥਾਨਕ ਦੁਕਾਨਦਾਰਾਂ ਦੀ ਇਕ ਅਹਿਮ ਮੀਟਿੰਗ ਬੁਲਾਈ। ਇਸ ਮੌਕੇ ਮੇਨ ਬਾਜ਼ਾਰ ਵਿੱਚ ਆਵਾਜਾਈ ਦੀ ਸਮੱਸਿਆ ਨੂੰ ਹੱਲ ਕਰਨ ਲਈ ਬਾਬਾ ਬਕਾਲਾ ਸਾਹਿਬ ਦੇ ਮੇਨ ਬਜ਼ਾਰ ਸਮੇਤ ਸਾਰੇ ਰਸਤਿਆਂ ਨੂੰ ਸਵੇਰੇ 8 ਤੋਂ ਰਾਤ 8 ਵਜੇ ਤੱਕ ਨੋ ਵਹੀਕਲ ਜ਼ੋਨ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਉਪਰ ਐੱਸਡੀਐੱਮ ਨੇ ਸਥਾਨਕ ਪੁਲਸ ਨੂੰ ਸਖਤੀ ਨਾਲ ਫੈਸਲਾ ਲਾਗੂ ਕਰਨ ਦੀ ਹਦਾਇਤ ਜਾਰੀ ਕੀਤੀ ਹੈ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਦੁਕਾਨਾਂ ਅੱਗੇ ਬੇਲੋੜੇ ਵਾਧੇ ਤੁਰੰਤ ਹਟਾ ਲੈਣ ਅਤੇ ਆਪਣਾ ਸਾਮਾਨ ਬਾਜ਼ਾਰ ਤੋਂ ਬਾਹਰ ਨਾਲ ਲਗਾਉਣ ਕਿਉਂਕਿ ਬਾਬਾ ਬਕਾਲਾ ਸਾਹਿਬ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂਆਂ ਨੂੰ ਟਰੈਫਿਕ ਦੀ ਵੱਡੀ ਸਮੱਸਿਆ ਨਾਲ ਜੂਝਣਾ ਪੈਂਦਾ ਹੈ। ਉਨ੍ਹਾਂ ਸ਼ਰਧਾਲੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਵਹੀਕਲ ਬਣੀ ਹੋਈ ਪਾਰਕਿੰਗ ਵਿੱਚ ਹੀ ਲਾ ਕੇ ਗੁਰੂ ਘਰ ਆਉਣ। ਇਸ ਮੌਕੇ ਮੀਤ ਮੈਨੇਜਰ ਜਗਤਾਰ ਸਿੰਘ, ਸੁਖਵਿੰਦਰ ਸਿੰਘ ਬੁਤਾਲਾ, ਗੁਰਮੀਤ ਸਿੰਘ ਸਬ ਇੰਸਪੈਕਟਰ, ਵਿਜੈ ਡੋਗਰਾ ਈਓ ਬਾਬਾ ਬਕਾਲਾ ਸਾਹਿਬ, ਸੋਨੂੰ ਨਗਰ ਪੰਚਾਇਤ ਬਾਬਾ ਬਕਾਲਾ, ਡਾ: ਜਸਵੰਤ ਸਿੰਘ ਸਾ: ਸਰਪੰਚ, ਬਲਕਾਰ ਸਿੰਘ ਬੱਲਾ, ਸੁਖਦੇਵ ਸਿੰਘ ਔਜਲਾ, ਜਗਪ੍ਰੀਤ ਸਿੰਘ, ਮਨਜੀਤ ਸਿੰਘ ਠੁਕਰਾਲ, ਕੁਲਦੀਪ ਸਿੰਘ ਰਜਧਾਨ, ਦਵਿੰਦਰ ਸਿੰਘ, ਧਾਮੀ ਇਲੈਕਟਰੋਨਿਕਸ ਸਮੇਤ ਵੱਡੀ ਗਿਣਤੀ ਵਿੱਚ ਦੁਕਾਨਦਾਰ ਹਾਜ਼ਰ ਸਨ।



# ਸਿੱਧਵਾਂ ਜਮੀਤਾਂ 'ਚ ਬਹਿਲ ਨੇ ਨਵੀਂ ਜਲ ਸਪਲਾਈ ਸਕੀਮ ਦਾ ਰੱਖਿਆ ਨੀਂਹ ਪੱਥਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਪਿੰਡ ਸਿੱਧਵਾਂ ਜਮੀਤਾਂ ਵਿਖੇ ਨਵੀਂ ਬਣਨ ਜਾ ਰਹੀ ਜਲ ਸਪਲਾਈ ਸਕੀਮ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਜਲ ਸਪਲਾਈ ਸਕੀਮ ਉੱਪਰ ਪੰਜਾਬ ਸਰਕਾਰ ਵੱਲੋਂ 75 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਮੌਕੇ ਪਿੰਡ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਬਹਿਲ ਨੇ ਕਿਹਾ ਕਿ ਇਸ ਜਲ ਸਪਲਾਈ ਸਕੀਮ ਦੇ ਮੁਕੰਮਲ ਹੋਣ ਨਾਲ ਪਿੰਡ ਸਿੱਧਵਾਂ ਜਮੀਤਾਂ ਦੇ ਲਗਭਗ 325 ਘਰਾਂ ਨੂੰ ਸ਼ੁੱਧ ਤੇ ਸਾਫ ਪਾਣੀ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਜਲ ਸਪਲਾਈ ਸਕੀਮ ਉੱਪਰ 50,000 ਲੀਟਰ ਦੀ ਟੈਂਕੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਦੇਣ ਲਈ ਪੰਜਾਬ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਸਰਪੰਚ ਗੁਰਦੇਵ ਸਿੰਘ, ਐੱਸਡੀਓ. ਪ੍ਰਸ਼ੋਤਮ ਸਿੰਘ ਹੁੰਦਲ, ਜੇ. ਈ. ਰਾਜਪਾਲ ਸਿੰਘ, ਰਣਜੀਤ ਸਿੰਘ, ਗੁਰਜੀਤ ਸਿੰਘ, ਬੂਟਾ ਰਾਮ, ਕਸਤੂਰੀ ਲਾਲ, ਹਰਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਕਰਮ ਮਸੀਹ, ਲਖਬੀਰ ਸਿੰਘ, ਸਾਬਕਾ ਸਰਪੰਚ ਨਿਸ਼ਾਨ ਸਿੰਘ ਤੋਂ ਇਲਾਵਾ ਇਲਾਕੇ ਦੇ ਹੋਰ ਵੀ ਮੁਹਤਬਰ ਹਾਜ਼ਰ ਸਨ।



# ਬੰਦੀ ਸਿੰਘਾਂ ਦੇ ਪਰਵਾਰ ਵੱਲੋਂ ਅੰਮ੍ਰਿਤਸਰ 'ਚ ਅੱਜ ਪੰਥਕ ਇਕੱਠ: ਸੰਧੂ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪੰਥਕ ਅਤੇ ਸਿਆਸੀ ਮਾਮਲਿਆਂ ਦੇ ਰਣਨੀਤੀ ਉਲੀਕਣ ਸਬੰਧੀ ਵਿਚਾਰ ਚਰਚਾ ਕਰਨ ਲਈ ਅਹਿਮ ਮੀਟਿੰਗ ਪਾਰਟੀ ਦੇ ਸੀਨੀਅਰ ਆਗੂ ਤੇ ਜਰਨਲ ਸਕੱਤਰ ਹਰਭਾਲ ਸਿੰਘ ਬਲੇਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਮੀਟਿੰਗ ਪੱਟੀ ਅੰਦਰ ਕੀਤੀ ਗਈ।ਸੀਨੀਅਰ ਆਗੂ ਬੇਅੰਤ ਸਿੰਘ ਸੰਧੂ ਨੇ ਦੱਸਿਆ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸਿੰਘਾਂ ਦੇ ਪਰਿਵਾਰ ਵੱਲੋਂ ਅੰਮ੍ਰਿਤਸਰ ਅੰਦਰ ਚਲਾਏ ਜਾ ਰਹੇ ਮੋਰਚੇ ਵੱਲੋਂ 17 ਮਾਰਚ ਨੂੰ ਪੰਥਕ ਇੱਕਠ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਸ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੁਰਜ਼ੋਰ ਸਮਰਥਨ ਕਰਦਾ ਹੈ।ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਸਮੁੱਚੇ ਜ਼ਿਲ੍ਹੇ ਦੇ ਹਲਕਿਆਂ ਅੰਦਰੋਂ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਪੰਥਕ ਇੱਕਠ ਅੰਦਰ ਸ਼ਮੂਲੀਅਤ ਕਰਨਗੇ।ਇਸ ਮੀਟਿੰਗ ਦੌਰਾਨ ਸੀਨੀਅਰ ਆਗੂ ਜਸਬੀਰ ਸਿੰਘ ਬਚੜੇ, ਭਾਈ ਬਲਵੰਤ ਸਿੰਘ ਗੋਪਾਲਾ, ਦਿਲਬਾਗ ਸਿੰਘ ਸੈਰੋਂ, ਦਵਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਯੂਥ ਪ੍ਰਧਾਨ ਜਗਜੀਤ ਸਿੰਘ, ਚਾਨਣ ਸਿੰਘ ਘਰਿਆਲਾ, ਅਮਨਦੀਪ ਸਿੰਘ ਸਭਰਾ, ਰਮਨਦੀਪ ਸਿੰਘ ਮੁੰਡਾ ਪਿੰਡ, ਨਵਦੀਪ ਸਿੰਘ ਕੈਰੋਂ, ਜੈਮਲ ਸਿੰਘ ਜੱਲੋਕੇ ਆਦਿ ਪੰਥਕ ਅਕਾਲੀ ਆਗੂ ਹਾਜ਼ਰ ਸਨ।

# ਡਾ: ਸੁਖਬੀਰ ਸਿੰਘ ਸੰਧੂ ਦੇ ਚੋਣ ਕਮਿਸ਼ਨਰ ਨਿਯੁਕਤ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਦੇ ਡਾ: ਸੁਖਬੀਰ ਸਿੰਘ ਸੰਧੂ ਨੂੰ ਭਾਰਤੀ ਚੋਣ ਕਮਿਸ਼ਨਰ ਚੁਣਿਆ ਗਿਆ ਹੈ। ਇਸ ਖਬਰ ਨਾਲ ਬਾਬਾ ਬਕਾਲਾ ਸਾਹਿਬ ਵਿਖੇ ਭਾਰੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਡਾ: ਸੰਧੂ ਨੇ ਆਈਏਐੱਸ ਅਧਿਕਾਰੀ ਦੇ ਰੂਪ ਵਿੱਚ 9 ਸਾਲ ਤੱਕ ਉੱਤਰਾਖੰਡ ਵਿੱਚ ਸੇਵਾਵਾਂ ਨਿਭਾਈਆਂ ਅਤੇ ਦੋ ਵਾਰ ਇੰਟਰ ਸਟੇਟ ਡੈਪੂਟੇਸ਼ਨ 'ਤੇ ਪੰਜਾਬ ਆਏ। ਹੁਣ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਭਾਰਤ ਦੇ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਖੁਸ਼ੀ ਪ੍ਰਗਟ ਕਰਨ ਵਾਲਿਆਂ ਵਿੱਚ ਅਵਤਾਰ ਸਿੰਘ ਭੁੱਲਰ ਸਾਬਕਾ ਸੰਯੁਕਤ ਡਾਇਰੈਕਟਰ ਪੰਚਾਇਤਾਂ, ਡਾ: ਵਰਿੰਦਰ ਸਿੰਘ ਜੈਂਟਲ, ਇੰਜੀਨੀਅਰ ਹਰਵੰਤ ਸਿੰਘ ਭੁੱਲਰ, ਪ੍ਰਧਾਨ ਸਵਰਨ ਸਿੰਘ ਕਾਲਾ, ਮੈਨੇਜਰ ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਪ੍ਰਿੰ. ਦਿਲਬਾਗ ਸਿੰਘ ਮਾਨ, ਪ੍ਰਿੰ. ਕੁਲਬੀਰ ਸਿੰਘ ਮਾਨ, ਮੋਹਣ ਸਿੰਘ ਕੰਗ, ਸੁਖਵਿੰਦਰ ਸਿੰਘ ਬੁਤਾਲਾ, ਡਾ: ਜਸਵੰਤ ਸਿੰਘ, ਸਰਬਜੀਤ ਸਿੰਘ ਸੰਧੂ, ਤੇਜਿੰਦਰ ਸਿੰਘ ਅਠੌਲਾ, ਸੁਖਦੇਵ ਸਿੰਘ ਔਜਲਾ, ਜੈਮਲ ਸਿੰਘ ਭੁੱਲਰ ਅਤੇ ਹੋਰਨਾਂ ਦੇ ਨਾਂ ਵਰਨਣਯੋਗ ਹਨ।

# ਜ਼ਿਲ੍ਹਾ ਸਵੀਪ ਟੀਮ ਨੇ ਡੇਰਾ ਬਾਬਾ ਨਾਨਕ ਵਿਖੇ ਵੋਟਰ ਜਾਗਰੂਕਤਾ ਕੈਂਪ ਲਗਾਇਆ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**

ਡਾ. ਹਿਮਾਂਸ਼ੂ ਅਗਰਵਾਲ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਵਿਖੇ ਵਿਦਿਆਰਥੀਆਂ ਲਈ ਸਵੀਪ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਜ਼ਿਲ੍ਹਾ ਸਵੀਪ ਨੋਡਲ ਅਫਸਰ-ਕਮ-ਡੀਈਓ (ਸ) ਰਾਜੇਸ਼ ਕੁਮਾਰ ਸ਼ਰਮਾ, ਸਹਾਇਕ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਗੁਰਮੀਤ ਸਿੰਘ ਭੋਮਾ ਸਮੇਤ ਸਵੀਪ ਟੀਮ ਵੱਲੋਂ ਲੋਕਤੰਤਰ ਦੀ ਮਜ਼ਬੂਤੀ ਲਈ ਵਿਦਿਆਰਥੀ ਵੋਟਰਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਸਬੰਧੀ ਜਾਣੂ ਕਰਵਾਇਆ ਗਿਆ ਅਤੇ ਵੋਟਾਂ ਵਿੱਚ 100 ਫੀਸਦੀ ਭਾਗੀਦਾਰੀ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਚੋਣ ਵਿਭਾਗ ਦੁਆਰਾ ਵੋਟਰ ਸੁਵਿਧਾ ਲਈ ਚਲਾਈਆਂ ਜਾ ਰਹੀਆਂ ਆਨਲਾਈਨ ਐਪਸ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜ਼ਿਲ੍ਹਾ ਸਵੀਪ ਨੋਡਲ ਅਫਸਰ-ਕਮ-ਡੀਈਓ (ਸ) ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਡੀਸੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ 'ਇਸ ਵਾਰ ਸੱਤਰ ਪਾਰ' ਦਾ ਟੀਚਾ ਪੂਰਾ ਕਰਨ ਹਿੱਤ ਜ਼ਿਲ੍ਹੇ ਦੇ ਹਰ ਵਿਧਾਨ ਸਭਾ ਹਲਕੇ ਵਿੱਚ ਸਵੀਪ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਜਿਸ ਵਿੱਚ ਵੱਖ-ਵੱਖ ਮੁਕਾਬਲਿਆਂ ਦੁਆਰਾ ਨਵੀਆਂ ਵੋਟਾਂ ਬਣਾਉਣ ਅਤੇ ਵੋਟ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ 'ਚੋਣਾਂ ਦਾ ਤਿਉਹਾਰ ਦੇਸ ਦਾ ਗਰਵ' ਮਹਾਂਉਤਸਵ ਤਹਿਤ ਸਵੀਪ ਗਤੀਵਿਧੀ ਤਹਿਤ ਨੁੱਕੜ ਨਾਟਕ, ਗਿੱਧਾ, ਭੰਗੜਾ, ਗੀਤ, ਪੋਸਟਰ ਮੇਕਿੰਗ, ਰੰਗੋਲੀ ਅਤੇ ਵੋਟਰ ਪ੍ਰਣ ਕਰਵਾਇਆ ਗਿਆ। ਵੀਵੀਪੀਏਟੀ ਬਾਰੇ ਵੀ ਜਾਣਕਾਰੀ ਦਿੱਤੀ ਗਈ। ਮੁਕਾਬਲਿਆਂ 'ਚ ਜੇਤੂ ਵਿਦਿਆਰਥੀਆਂ ਨੂੰ ਡੀਸੀ ਵੱਲੋਂ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਇਨਾਮ 5100, 2100 ਅਤੇ 1100 ਰੁਪਏ ਦਿੱਤੇ ਜਾਣਗੇ ਅਤੇ ਹਰੇਕ ਭਾਗੀਦਾਰ ਦੇ ਖਾਤੇ ਵਿੱਚ 500 ਰੁਪਏ ਭੇਜੇ ਜਾਣਗੇ। ਇਸ ਮੌਕੇ ਵੱਖ-ਵੱਖ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਅਤੇ ਪ੍ਰੋਗਰਾਮ ਵਿੱਚ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਪ੍ਰਿੰ. ਬਿਕਰਮਜੀਤ ਸਿੰਘ ਚਾਹਲ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆਂ। ਇਸ ਮੌਕੇ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ, ਮੈਡਮ ਆਤਮਜੀਤ ਕੌਰ, ਪ੍ਰਿੰ. ਰੁਪਿੰਦਰਜੀਤ ਧਾਲੀਵਾਲ, ਪ੍ਰਿੰ. ਵਰਿੰਦਰ ਸਿੰਘ ਕਾਹਲੋਂ, ਨਾਇਬ ਤਹਿਸੀਲਦਾਰ ਕਰਨਬੀਰ ਸਿੰਘ, ਜ਼ਿਲ੍ਹਾ ਗਾਈਡੈਂਸ ਕੌਂਸਲਰ ਪਰਮਿੰਦਰ ਸੈਣੀ, ਲੈਕਚਰਾਰ ਗੁਰਮੀਤ ਸਿੰਘ ਬਾਜਵਾ, ਮੀਡੀਆ ਇੰਚਾਰਜ ਗਗਨਦੀਪ ਸਿੰਘ, ਸੁੱਚਾ ਸਿੰਘ ਸੈਕਟਰੀ, ਐਡਵੋਕੇਟ ਬਲਜਿੰਦਰ ਸਿੰਘ, ਅਧਿਆਪਕ ਰਮੇਸ਼ ਅਵਸਥੀ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਸਨ।



# ਚੇਅਰਮੈਨ ਬਹਿਲ ਨੇ ਖੇਡ ਕਲੱਬਾਂ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਗਰਾਂਟਾਂ ਦੇ ਚੈੱਕ ਵੰਡੇ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਸਵੇਰੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੀਆਂ ਵੱਖ-ਵੱਖ ਖੇਡ ਕਲੱਬਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਵਿਸ਼ੇਸ਼ ਗਰਾਂਟ ਦੇ ਚੈੱਕ ਤਕਸੀਮ ਕੀਤੇ ਹਨ। ਬਹਿਲ ਵੱਲੋਂ ਬਲੱਡ ਡੋਨਰ ਸੋਸਾਇਟੀ ਗੁਰਦਾਸਪੁਰ ਨੂੰ 1.25 ਲੱਖ ਰੁਪਏ, ਬਾਬਾ ਮਿੰਡ ਸ਼ਾਹ ਵੈੱਲਫੇਅਰ ਕਲੱਬ, ਪਿੰਡ ਗੁਣੀਆਂ ਨੂੰ 1 ਲੱਖ ਰੁਪਏ, ਸਤਨਾਮ ਸਿੰਘ ਕਲੱਬ, ਪਿੰਡ ਬਾਜੇਚੱਕ ਨੂੰ 1 ਲੱਖ ਰੁਪਏ ਅਤੇ ਨਿਊ ਗੁਰਦਾਸਪੁਰ ਹਾਕੀ ਕਲੱਬ, ਗੁਰਦਾਸਪੁਰ ਨੂੰ 75 ਹਜ਼ਾਰ ਰੁਪਏ ਦੇ ਚੈੱਕ ਵੰਡੇ ਗਏ ਗਏ। ਬਹਿਲ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹੀ ਸਮਾਜ ਵਿੱਚ ਚੰਗਾ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਦੀ ਸ਼ਲਾਘਾ ਤੇ ਸਪੋਰਟ ਕੀਤੀ ਹੈ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਇਨ੍ਹਾਂ ਸੰਸਥਾਵਾਂ ਦੇ ਸਹਿਯੋਗ ਨਾਲ ਅਸੀਂ ਬਿਹਤਰ ਸਮਾਜ ਤੇ ਰੰਗਲਾ ਪੰਜਾਬ ਸਿਰਜਣ ਵਿੱਚ ਸਹਾਈ ਹੋਵਾਂਗੇ। ਗਰਾਂਟ ਦੇ ਚੈੱਕ ਪ੍ਰਾਪਤ ਕਰਨ ਵਾਲੇ ਸਮਾਜ ਸੇਵੀ ਸੰਸਥਾਵਾਂ ਅਤੇ ਖੇਡ ਕਲੱਬਾਂ ਦੇ ਨੁਮਾਇੰਦਿਆਂ ਨੇ ਪੰਜਾਬ ਸਰਕਾਰ ਅਤੇ ਚੇਅਰਮੈਨ ਰਮਨ ਬਹਿਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਏ ਡੀ ਸੀ ਵੱਲੋਂ ਲਾਅਨ ਟੈਨਿਸ ਤੇ ਬਾਸਕਟਬਾਲ ਗਰਾਊਂਡਾਂ ਦਾ ਉਦਘਾਟਨ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਉਲੰਪਿਕ ਐਸੋਸੀਏਸ਼ਨ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੇ ਵਿਸ਼ੇਸ਼ ਯਤਨਾਂ ਸਦਕਾ ਜਿਮਨੇਜ਼ੀਅਮ ਹਾਲ ਕੰਪਲੈਕਸ, ਜ਼ਿਲ੍ਹਾ ਖੇਡ ਦਫਤਰ, ਗੁਰਦਾਸਪੁਰ ਵਿਖੇ ਲਾਅਨ ਟੈਨਿਸ ਗਰਾਊਂਡ ਅਤੇ ਬਾਸਕਟਬਾਲ ਗਰਾਊਂਡਾਂ ਬਣ ਕੇ ਤਿਆਰ ਹੋ ਗਈਆਂ ਹਨ। ਇਨ੍ਹਾਂ ਖੇਡ ਮੈਦਾਨਾਂ ਦਾ ਉਦਘਾਟਨ ਏਡੀਸੀ (ਜਨਰਲ) ਸੁਭਾਸ਼ ਚੰਦਰ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਰੰਧਾਵਾ ਤੇ ਵੱਖ-ਵੱਖ ਖੇਡਾਂ ਦੇ ਕੋਚ ਸਾਹਿਬਾਨ ਤੇ ਖਿਡਾਰੀ ਵੀ ਹਾਜ਼ਰ ਸਨ। ਇਸ ਮੌਕੇ ਖਿਡਾਰੀਆਂ ਨਾਲ ਗੱਲਬਾਤ ਕਰਦੇ ਹੋਏ ਸੁਭਾਸ਼ ਚੰਦਰ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਨਿੱਜੀ ਦਿਲਚਸਪੀ ਲੈ ਕੇ ਇਨ੍ਹਾਂ ਗਰਾਊਂਡਾਂ ਦੀ ਤਿਆਰੀ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਇਨ੍ਹਾਂ ਖੇਡ ਮੈਦਾਨਾਂ ਵਿੱਚ ਖੇਡਣਾ ਅਤੇ ਮਿਹਨਤ ਕਰਨੀ ਖਿਡਾਰੀਆਂ ਦਾ ਫਰਜ਼ ਹੈ। ਨੌਜਵਾਨ ਖਿਡਾਰੀ ਪੂਰੀ ਮਿਹਨਤ ਤੇ ਲਗਨ ਨਾਲ ਆਪਣੀ ਗੇਮ ਕਰਨ ਅਤੇ ਵੱਖ-ਵੱਖ ਮੰਚਾਂ ਉੱਪਰ ਆਪਣੇ ਜ਼ਿਲ੍ਹੇ, ਸੂਬੇ ਤੇ ਦੇਸ਼ ਦਾ ਨਾਮ ਰੌਸ਼ਨ ਕਰਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਹਮੇਸ਼ਾ ਯਤਨਸ਼ੀਲ ਰਹੇਗਾ। ਇਸ ਮੌਕੇ ਖਿਡਾਰੀਆਂ ਅਤੇ ਨੌਜਵਾਨਾਂ ਨੇ ਇਨ੍ਹਾਂ ਖੇਡ ਮੈਦਾਨਾਂ ਲਈ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।



# ਮਜ਼ਦੂਰ ਲੋਕ ਉਸਾਰੋ ਮੁਹਿੰਮ ਨੂੰ ਭਰਵਾਂ ਹੁੰਗਾਰਾ

## ਪਿੰਡਾਂ 'ਚ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਜਾਰੀ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪਰਮਜੀਤ ਸਿੰਘ, ਪੂਜਾ)**-ਅੱਜ ਮੁਕਤਸਰ ਸਾਹਿਬ ਵਿਖੇ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਪਿੰਡ ਫੱਤਣਵਾਲਾ ਵਿਖੇ ਮਜ਼ਦੂਰਾਂ ਦੀ ਵਿਸ਼ਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਮਜ਼ਦੂਰ ਮਰਦਾਂ ਤੇ ਔਰਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਨਰੇਗਾ ਵਰਕਰਜ਼ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਸਿੰਘ ਵੱਟੂ ਨੇ ਕਿਹਾ ਕਿ ਮੋਦੀ ਸਰਕਾਰ ਸਰਕਾਰ ਦੀ ਇਸ ਕਰਕੇ ਨਿੰਦਾ ਕੀਤੀ ਜਾਂਦੀ ਹੈ, ਕਿਉਂਕਿ ਇਸ ਸਰਕਾਰ ਨੇ ਨਰੇਗਾ ਬਜਟ ਨੂੰ ਘਟਾ ਕੇ ਨਰੇਗਾ ਨੂੰ ਕਮਜ਼ੋਰ ਕਰਨ ਦਾ ਕੰਮ ਕੀਤਾ ਹੈ ਅਤੇ ਮੌਜੂਦਾ ਪਾਰਲੀਮੈਂਟ ਸੈਸ਼ਨ ਵਿੱਚ ਕੀਤਾ ਗਿਆ ਬਜਟ ਮਜ਼ਦੂਰ ਵਿਰੋਧੀ ਸਾਬਿਤ ਹੋਇਆ ਹੈ। ਵਿੱਤ ਮੰਤਰੀ ਸੀਤਾਰਮਨ ਵੱਲੋਂ ਪੇਸ਼ ਕੀਤੇ ਬਜਟ ਵਿੱਚ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਇੱਕ ਰੁਪਿਆ ਵੀ ਨਹੀਂ ਵਧਾਇਆ, ਜਦੋਂ ਕਿ ਯੂਨੀਅਨ 700 ਰੁਪਏ ਦਿਹਾੜੀ ਦੀ ਮੰਗ ਕਰਦੀ ਹੈ। ਇਸ ਲਈ ਮੋਦੀ ਸਰਕਾਰ ਦਾ ਮਜ਼ਦੂਰਾਂ ਪ੍ਰਤੀ ਕਰੂਰ ਚਿਹਰਾ ਹੋਰ ਨੰਗਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮਸ਼ੀਨਰੀ ਤੇ ਛਿੜਕਣ ਵਾਲੀਆਂ ਦਵਾਈਆਂ ਨੇ ਮਜ਼ਦੂਰ ਵਰਗ ਨੂੰ ਬਿੱਲਕੁੱਲ ਬੇਕਾਰ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਘੱਟ ਪੰਜਾਬ ਸਰਕਾਰ ਵੀ ਨਹੀਂ, ਪੰਜਾਬ ਸਰਕਾਰ ਮਜ਼ਦੂਰ ਦਲਿਤ ਵਿਰੋਧੀ ਸਾਬਿਤ ਹੋ ਰਹੀ ਹੈ। ਇਸ ਸਰਕਾਰਾਂ ਨੇ ਮਜ਼ਦੂਰ ਮੰਗਾਂ ਪ੍ਰਤੀ ਬੇਰੁਖੀ ਵਾਲਾ ਵਤੀਰਾ ਅਪਨਾਇਆ ਹੋਇਆ ਹੈ। ਉਕਤ ਆਗੂ ਨੇ ਕਿਹਾ ਕਿ ਨਰੇਗਾ ਅਧੀਨ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਸੱਤ ਸੌ ਰੁਪਏ ਕੀਤੀ ਜਾਵੇ। ਲੰਮੇ ਸਮੇਂ ਤੋਂ ਮਜ਼ਦੂਰਾਂ ਦੇ ਕੀਤੇ ਕੰਮਾਂ ਦਾ ਮਿਹਨਤਾਨਾ ਮਜ਼ਦੂਰਾਂ ਦੇ ਖਾਤਿਆਂ ਵਿੱਚ ਜਲਦ ਤੋਂ ਜਲਦ ਪਾਇਆ ਜਾਵੇ।ਅੱਜ ਦੀ ਮੀਟਿੰਗ ਨੂੰ ਲੋਕਲ ਆਗੂਆਂ ਨੇ ਵੀ ਸੰਬੋਧਨ ਕੀਤਾ।

# ਸਿਗਰਟ ਦੀ ਡੱਬੀ ਨੂੰ ਲੈ ਕੇ ਦੁਕਾਨਦਾਰ 'ਤੇ ਹਮਲਾ

**ਬਰੇਟਾ (ਰੀਤਵਾਲ)**-ਨਕਾਬਪੋਸ਼ ਨੌਜਵਾਨਾਂ ਵੱਲੋਂ ਬੀਤੀ ਵੀਰਵਾਰ ਦੀ ਰਾਤ ਇੱਕ ਕਰਿਆਨੇ ਦੀ ਦੁਕਾਨ 'ਤੇ ਦਾਖ਼ਲ ਹੋ ਕੇ ਸਿਗਰੇਟ ਦੀ ਡੱਬੀ ਨੂੰ ਲੈ ਕੇ ਨਕਦੀ ਲੁੱਟਣ ਅਤੇ ਦੁਕਾਨਦਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਵਾਰਦਾਤ ਤੋਂ ਬਾਅਦ ਲੁਟੇਰੇ ਮੌਕੇ ਤੋਂ ਫਰਾਰ ਹੋ ਗਏ, ਜਿਨ੍ਹਾਂ ਦੀਆਂ ਤਸਵੀਰਾਂ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈਆਂ ਹਨ। ਸ਼ਹਿਰ ਦੇ ਵਿਅਸਤ ਇਲਾਕੇ ਵਿੱਚ ਅੰਜਾਮ ਦਿੱਤੀ ਗਈ ਇਸ ਵਾਰਦਾਤ ਕਾਰਨ ਜਿੱਥੇ ਦੁਕਾਨਦਾਰ ਦਹਿਸ਼ਤ ਵਿੱਚ ਆ ਗਏ ਹਨ, ਉੱਥੇ ਸ਼ਹਿਰ ਦੀ ਕਾਨੂੰਨ ਵਿਵਸਥਾ ਦੀ ਹਾਲਤ 'ਤੇ ਵੀ ਸਵਾਲ ਉਠ ਰਹੇ ਹਨ। ਇਸ ਸਬੰਧੀ ਪੀੜਤ ਦੁਕਾਨਦਾਰ ਮੁਨੀਸ਼ ਕੁਮਾਰ ਨੇ ਦੱਸਿਆ ਕਿ ਉਹ ਬਰੇਟਾ ਦੇ ਦਿਆਲਪੁਰਾ ਰੋਡ 'ਤੇ ਕਰਿਆਣੇ ਦੀ ਦੁਕਾਨ ਕਰਦਾ ਹੈ। ਵੀਰਵਾਰ ਦੀ ਰਾਤ ਨੂੰ 8 ਵਜੇ ਦੇ ਕਰੀਬ ਕੁਝ ਨੌਜਵਾਨ ਮੇਰੇ ਤੋਂ ਉਧਾਰ ਸਿਗਰੇਟ ਦੀ ਡੱਬੀ ਮੰਗਣ ਲੱਗੇ, ਜਿਨ੍ਹਾਂ ਨੂੰ ਮੈਂ ਉਧਾਰ ਦੇਣ ਤੋਂ ਮਨ੍ਹਾ ਕਰ ਦਿੱਤਾ। ਕੁਝ ਹੀ ਸਮੇਂ ਬਾਅਦ ਇਹ ਨੌਜਵਾਨ ਆਪਣੇ ਹੋਰ ਸਾਥੀਆਂ ਨਾਲ ਮੂੰਹ ਢੱਕ ਕੇ ਤੇਜ਼ਧਾਰ ਹਥਿਆਰਾਂ ਨਾਲ ਆਏ ਤੇ ਮੇਰੀ ਦੁਕਾਨ 'ਤੇ ਹਮਲਾ ਕਰ ਦਿੱਤਾ, ਜਿੱਥੇ ਮੈਂ ਆਪਣੇ ਘਰ 'ਚ ਭੱਜ ਕੇ ਆਪਣੀ ਜਾਨ ਬਚਾਈ। ਵਾਰਦਾਤ ਤੋਂ ਬਾਅਦ ਦੁਕਾਨ ਮਾਲਕ ਮੁਨੀਸ਼ ਕੁਮਾਰ ਨੇ ਪੁਲਸ ਨੂੰ ਸੂਚਿਤ ਕੀਤਾ ਤੇ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਇਸ ਮਾਮਲੇ ਨੂੰ ਲੈ ਕੇ ਜਦ ਨਵੇਂ ਆਏ ਥਾਣਾ ਮੁਖੀ ਬਲਤੇਜ ਸਿੰਘ ਬਰੇਟਾ ਨਾਲ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਕਿਹਾ ਕਿ ਬਰੇਟਾ ਪੁਲਸ ਨੇ ਦੁਕਾਨ ਮਾਲਕ ਮੁਨੀਸ਼ ਕੁਮਾਰ ਦੇ ਬਿਆਨਾਂ 'ਤੇ ਮੁਕੱਦਮਾ ਨੰਬਰ 33 ਵੱਖ ਵੱਖ ਧਰਾਵਾਂ ਅਧੀਨ ਰਵੀ ਸਿੰਘ ਤੇ ਚਾਰ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

# 'ਆਪ' ਨੇ ਸਿੱਖਿਆ ਤੇ ਸਿਹਤ 'ਚ ਕ੍ਰਾਂਤੀਕਾਰੀ ਸੁਧਾਰ ਲਿਆਂਦੇ : ਬਲਕਾਰ ਸਿੱਧੂ

## ਕਰਮਜੀਤ ਅਨਮੋਲ ਤੇ ਗੁਰਮੀਤ ਸਿੰਘ ਖੁੱਡੀਆਂ ਨੂੰ ਵੱਡੇ ਫਰਕ ਨਾਲ ਜਿਤਾ ਕੇ ਲੋਕ ਸਭਾ ਅੰਦਰ ਭੇਜਾਂਗੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਪੰਜਾਬ ਵਿੱਚੋਂ 13 ਦੀਆਂ 13 ਸੀਟਾਂ ਜਿੱਤਣ ਜਾ ਰਹੀ ਹੈ।ਫਰੀਦਕੋਟ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਤੇ ਬਠਿੰਡਾ ਸੀਟ ਤੋਂ ਗੁਰਮੀਤ ਸਿੰਘ ਖੁੱਡੀਆਂ ਨੂੰ ਵਿਰੋਧੀ ਉਮੀਦਵਾਰਾਂ ਤੋਂ ਵੱਡੇ ਫਰਕ ਨਾਲ ਜਿੱਤਾ ਕੇ ਲੋਕ ਸਭਾ ਅੰਦਰ ਭੇਜਾਂਗੇ।ਉਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਦੋ ਸਾਲਾਂ ਦੌਰਾਨ ਜੋ ਵਿਕਾਸ ਕਾਰਜ ਕਰਵਾਏ ਹਨ, ਉਹ ਰਵਾਇਤੀ ਪਾਰਟੀਆਂ ਆਪਣੇ ਦਹਾਕਿਆਂ ਦੇ ਕਾਰਜਕਾਲ ਵਿੱਚ ਵੀ ਨਹੀਂ ਕਰ ਸਕੀਆਂ।ਉਨ੍ਹਾਂ ਕਿਹਾ ਕਿ ਸਿੱਖਿਆ ਤੇ ਸਿਹਤ ਵਿੱਚ ਕ੍ਰਾਂਤੀਕਾਰੀ ਸੁਧਾਰ ਆਮ ਆਦਮੀ ਪਾਰਟੀ ਨੇ ਲਿਆਂਦੇ ਹਨ।ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਸਕੂਲ ਆਫ ਐਮੀਨੈਂਸ ਬਣਾਏ ਗਏ ਹਨ।ਸਿਹਤ ਸਹੂਲਤਾਂ ਲਈ ਮੁਹੱਲਾ ਕਲੀਨਿਕਾਂ ਰਾਹੀਂ ਆਮ ਲੋਕਾਂ ਨੂੰ ਮੁਫ਼ਤ ਇਲਾਜ ਦੀ ਸਹੂਲਤ ਵੀ ਮਿਲਣ ਲੱਗੀ ਹੈ। ਉਨ੍ਹਾਂ ਕਿਹਾ ਕਿ ਹਰ ਹਸਪਤਾਲ ਵਿੱਚ ਮੁਫਤ ਟੈਸਟ ਤੇ ਦਵਾਈਆਂ ਮਿਲ ਰਹੀਆਂ ਹਨ।ਪਹਿਲੇ ਦੋ ਸਾਲਾਂ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਪ੍ਰਾਈਵੇਟ ਥਰਮਲ ਪਲਾਂਟ ਖਰੀਦ ਕੇ ਪੰਜਾਬ ਨੂੰ ਸਰਪਲਸ ਬਿਜਲੀ ਵਾਲਾ ਸੂਬਾ ਬਣਾ ਕੇ ਹਰ ਘਰ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ ਤੇ ਹੁਣ ਤੱਕ ਬੇਰੁਜ਼ਗਾਰੀ ਨਾਲ ਜੂਝ ਰਹੇ ਨੌਜਵਾਨਾਂ ਨੂੰ 40,000 ਤੋਂ ਵੱਧ ਸਰਕਾਰੀ ਨੌਕਰੀਆਂ ਦੇ ਕੇ ਇੱਕ ਇਤਿਹਾਸ ਬਣਾਇਆ, ਜਿਸ ਨਾਲ ਵਿਦੇਸ਼ਾਂ ਨੂੰ ਜਾ ਰਹੇ ਨੌਜਵਾਨਾਂ ਦੀ ਰਫ਼ਤਾਰ ਵਿੱਚ ਕਮੀ ਆਈ ਹੈ ਤੇ ਪੰਜਾਬ ਵਿੱਚ ਰੋਜ਼ਗਾਰ ਕਰਨ ਲਈ ਬਿਨਾਂ ਵਿਆਜ ਤੋਂ ਕਰਜ਼ੇ ਦਿੱਤੇ ਜਾ ਰਹੇ ਹਨ।ਵਿਧਾਇਕ ਬਲਕਾਰ ਸਿੱਧੂ ਨੇ ਦੱਸਿਆ ਕਿ ਕਿਸਾਨਾਂ ਦੀ ਆਮਦਨ ਵਧਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ 'ਤੇ ਸਬਸਿਡੀ ਵਾਲੇ ਕਰਜ਼ੇ ਦੇ ਕੇ ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਸਹਾਇਕ ਧੰਦਿਆਂ ਨਾਲ ਜੋੜ ਕੇ ਬਹੁਤ ਵਧੀਆ ਉਪਰਾਲਾ ਕੀਤਾ ਹੈ, ਜਿਸ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ, ਉਥੇ ਹੀ ਪੰਜਾਬ ਵਿੱਚ ਵਪਾਰ ਵੀ ਵਧੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਆਮ ਆਦਮੀ ਪਾਰਟੀ ਨੂੰ 13 ਦੀਆਂ 13 ਲੋਕ ਸਭਾ ਸੀਟਾਂ ਵੱਡੇ ਫਰਕ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਣਗੇ, ਜਿੱਥੇ ਪੰਜਾਬ ਦੇ ਲੋਕਾਂ ਦੀਆਂ ਆਸਾਂ ਤੇ ਉਮੀਦਾਂ ਨੂੰ ਪੂਰਾ ਕਰਨ ਲਈ ਬਣਦਾ ਹੱਕ ਲਿਆਵਾਂਗੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਜਗਦੀਪ ਸਿੰਘ ਯੂਥ ਵਿੰਗ ਦੇ ਕੋਆਡੀਨੇਟਰ ਨਿਯੁਕਤ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਕੀਤੇ ਗਏ ਜਥੇਬੰਦਕ ਢਾਂਚੇ ਦੇ ਵਿਸਥਾਰ ਵਿੱਚ ਸਥਾਨਕ ਆਗੂ ਜਗਦੀਪ ਸਿੰਘ ਜੱਗ ਨੂੰ ਆਮ ਆਦਮੀ ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਯੂਥ ਵਿੰਗ ਦਾ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਆਪਣੀ ਨਿਯੁਕਤੀ 'ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਤੇ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਅਮ੍ਰਿਤ ਬਰਾੜ ਸਮੇਤ ਸਮੁੱਚੀ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਉਣਗੇ ਅਤੇ ਪਾਰਟੀ ਨੂੰ ਹੋਰ ਵੀ ਮਜ਼ਬੂਤ ਕਰਨਗੇ।

## ਕਾਤਰਾਂ

### ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਅੱਜ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੁਸਾਇਟੀ ਰਾਮਪੁਰਾ ਫੂਲ ਵੱਲੋਂ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ ਜੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ ਸਵਾ: ਦੇਵ ਰਾਜ ਗੁਪਤਾ ਦੀ ਯਾਦ ਵਿੱਚ ਉਨ੍ਹਾਂ ਦੇ ਪੋਤਰੇ ਅੰਕੁਸ਼ ਗੁਪਤਾ ਅਸਟ੍ਰੇਲੀਆ ਸਪੁੱਤਰ ਮਾਸਟਰ ਅਸ਼ੋਕ ਗੁਪਤਾ ਗੁਪਤਾ ਵੱਲੋਂ 106ਵਾਂ ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ (ਲੈਂਜ) ਕੈਂਪ 17 ਮਾਰਚ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ, ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫਤਰ, ਰਾਮਪੁਰਾ ਫੂਲ ਵਿਖੇ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਅਪ੍ਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਕਰਾਉਣ ਵਾਲੇ ਮਰੀਜ਼ ਆਪਣਾ ਕੋਰੋਨਾ ਟੈਸਟ ਕਰਵਾ ਕੇ ਅਉਣ ਜਾਂ ਦੂਜੇ ਟੀਕੇ ਦਾ ਸਰਟੀਫਿਕੇਟ ਲੈ ਕੇ ਆਉਣ। ਇਸ ਮੌਕੇ ਸੁਸਾਇਟੀ ਮੈਂਬਰ ਸ਼ੇਰ ਜੰਗ ਬੌਬੀ, ਵਿਜੈ ਕੁਮਾਰ, ਅਸ਼ਵਨੀ ਕੁਮਾਰ, ਫਕੀਰ ਚੰਦ, ਅਸ਼ੋਕ ਕੁਮਾਰ, ਸੰਜੀਵ ਕੁਮਾਰ, ਅਵਿਨਾਸ਼ ਕੁਮਾਰ, ਮਿਲਵਰਤਣ ਭੰਡਾਰੀ, ਗੁਲਸ਼ਨ ਕੁਮਾਰ, ਵਿਨੋਦ ਕੁਮਾਰ, ਪ੍ਰਸ਼ੋਤਮ ਕੁਮਾਰ ਬੌਬੀ, ਜਤਿੰਦਰ ਕੁਮਾਰ ਤੇ ਤਰਸੇਮ ਕੁਮਾਰ ਆਦਿ ਹਾਜ਼ਰ ਸਨ।

### ਥਾਣਾ ਮੁਖੀ ਬਲਤੇਜ ਸਿੰਘ ਨੇ ਅਹੁਦਾ ਸੰਭਾਲਿਆ



**ਬਰੇਟਾ (ਰੀਤਵਾਲ)**-ਥਾਣਾ ਬਰੇਟਾ ਵਿਖੇ ਨਵੇਂ ਤਾਇਨਾਤ ਹੋਏ ਥਾਣਾ ਮੁਖੀ ਬਲਤੇਜ ਸਿੰਘ ਨੇ ਆਪਣਾ ਅਹੁਦਾ ਸੰਭਾਲਣ ਮਗਰੋਂ ਕਿਹਾ ਕਿ ਥਾਣਾ ਬਰੇਟਾ ਵਿਖੇ ਆਪਣੇ ਕੰਮਕਾਜ ਲਈ ਆਉਣ ਵਾਲੇ ਹਰ ਇੱਕ ਵਿਅਕਤੀ ਦਾ ਪੂਰਨ ਤੌਰ 'ਤੇ ਸਤਿਕਾਰ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਨਸ਼ਾ ਤਸਕਰਾਂ, ਗੈਰ-ਕਾਨੂੰਨੀ ਕੰਮ ਕਰਨ ਵਾਲੇ ਤੇ ਸ਼ਰਾਰਤੀ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾ ਪੱਤਰਕਾਰ ਭਾਈਚਾਰੇ, ਪਿੰਡਾਂ ਦੀਆਂ ਪੰਚਾਇਤਾਂ, ਸਮਾਜ ਸੇਵੀ ਕਲੱਬਾਂ ਦੇ ਅਹੁਦੇਦਾਰਾਂ ਤੇ ਹੋਰ ਅਮਨ ਪਸੰਦ ਲੋਕਾਂ ਨੂੰ ਕਾਨੂੰਨ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਰੇਟਾ ਪੁਲਸ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ। ਥਾਣਾ ਮੁਖੀ ਬਲਤੇਜ ਸਿੰਘ ਨੇ ਥਾਣਾ ਬਰੇਟਾ ਨਾਲ ਸਬੰਧਤ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਗਤੀਵਿਧੀ ਦਾ ਪਤਾ ਲੱਗਣ 'ਤੇ ਉਹ ਤੁਰੰਤ ਬਿਨਾਂ ਕਿਸੇ ਡਰ ਦੇ ਉਨ੍ਹਾਂ ਨਾਲ ਸੰਪਰਕ ਜ਼ਰੂਰ ਕਰਨ ਤਾਂ ਜੋ ਅਮਨ ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਿਆ ਜਾ ਸਕੇ।

### ਸ਼ਰਧਾਲੂਆਂ ਦਾ ਜੱਥਾ ਧਾਰਮਿਕ ਯਾਤਰਾ ਲਈ ਰਵਾਨਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-'ਆਪ' ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਮਾਛੀਵਾੜਾ ਸਾਹਿਬ ਤੋਂ ਸ਼ਰਧਾਲੂਆਂ ਦਾ ਇੱਕ ਜੱਥਾ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਹੋਇਆ। ਇਸ ਯਾਤਰਾ ਨੂੰ 'ਆਪ' ਆਗੂ ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ ਤੇ ਇੰਦਰਜੀਤ ਸਿੰਘ ਚੱਕੀ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਦਾ ਜੱਥਾ ਮਾਤਾ ਸ੍ਰੀ ਨੈਣਾ ਦੇਵੀ ਵਿਖੇ ਦਰਸ਼ਨ ਕਰਨ ਉਪਰੰਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਆ ਕੇ ਵਿਸ਼ਰਾਮ ਕਰੇਗਾ। ਦੂਸਰੇ ਦਿਨ ਮਾਤਾ ਚਿੰਤਪੁਰਨੀ ਤੇ ਮਾਤਾ ਜਵਾਲਾ ਜੀ ਦੇ ਦਰਸ਼ਨ ਕਰਨ ਉਪਰੰਤ ਵਾਪਸ ਪਰਤੇਗਾ। 'ਆਪ' ਆਗੂਆਂ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹੈ ਕਿ ਵੱਧ ਤੋਂ ਵੱਧ ਲੋਕਾਂ ਨੂੰ ਇਸ ਯੋਜਨਾ ਤਹਿਤ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਵਾ ਕੇ ਉਨ੍ਹਾਂ ਦੇ ਮਨਾਂ ਵਿੱਚ ਦਰਸ਼ਨਾਂ ਦੀ ਇੱਛਾ ਨੂੰ ਪੂਰਾ ਕੀਤਾ ਜਾਵੇ।

### 19 ਲੱਖ ਦੀ ਧੋਖਾਧੜੀ ਦੇ ਦੋਸ਼ 'ਚ ਪਿਓ-ਪੁੱਤਰ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਦੇਸ਼ ਭੇਜਣ ਦੇ ਨਾਮ 'ਤੇ 19 ਲੱਖ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਇੱਕ ਪਿਓ-ਪੁੱਤਰ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਰਜਿੰਦਰ ਸਿੰਘ ਵਾਸੀ ਪਿੰਡ ਨੰਦਪੁਰ ਕਲੌੜ ਨੇ ਦੱਸਿਆ ਕਿ ਉਸ ਨੇ ਆਪਣੇ ਨਾਲ ਫੌਜ 'ਚ ਨੌਕਰੀ ਕਰਦੇ ਹਰਜੀਤ ਸਿੰਘ ਨੂੰ ਦੱਸਿਆ ਕਿ ਉਸ ਦਾ ਲੜਕਾ ਕਰਨਵੀਰ ਸਿੰਘ ਅਮਰੀਕਾ ਜਾਣਾ ਚਾਹੁੰਦਾ ਹੈ, ਜਿਸ 'ਤੇ ਹਰਜੀਤ ਸਿੰਘ ਨੇ ਕਿਹਾ ਕਿ ਉਹ ਉਸ ਦੇ ਲੜਕੇ ਨੂੰ ਅਮਰੀਕਾ ਭੇਜ ਦੇਣਗੇ, ਕਿਉਂਕਿ ਉਸ ਦਾ ਲੜਕਾ ਜਗਜਿਓਣ ਸਿੰਘ ਟ੍ਰੈਵਲ ਏਜੰਟ ਦਾ ਹੀ ਕੰਮ ਕਰਦਾ ਹੈ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਵਿਅਕਤੀਆਂ ਨੇ ਉਨ੍ਹਾਂ ਦੇ 19 ਲੱਖ ਰੁਪਏ ਹੜੱਪ ਕਰਕੇ ਕਰਨਵੀਰ ਸਿੰਘ ਨੂੰ ਅਮਰੀਕਾ ਭੇਜਣ ਦੀ ਬਜਾਏ ਰਸ਼ੀਆ ਭੇਜ ਦਿੱਤਾ, ਜੋ ਕਿ ਭਾਰਤ ਵਾਪਸ ਆ ਗਿਆ 'ਤੇ ਉਸ ਨੇ ਜਦੋਂ ਉਨ੍ਹਾਂ ਤੋਂ ਪੈਸੇ ਵਾਪਸ ਮੰਗੇ ਤਾਂ ਉਹ ਧਮਕਾਉਣ ਲੱਗ ਪਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਹਰਜੀਤ ਸਿੰਘ ਤੇ ਜਗਜਿਓਣ ਸਿੰਘ ਵਾਸੀ ਪਿੰਡ ਗੱਗੜਵਾਲ ਵਿਰੁੱਧ ਅ/ਧ 420,120ਬੀ ਆਈ.ਪੀ.ਸੀ. ਤੇ ਟ੍ਰੈਵਲਜ਼ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਦੀ ਧਾਰਾ 13 ਤਹਿਤ ਮੁਕੱਦਮਾ ਦਰਜ ਕਰਕੇ ਚੁੰਨੀ ਕਲਾਂ ਚੌਕੀ ਦੇ ਇੰਚਾਰਜ ਸਬ-ਇਸਪੈਕਟਰ ਜਗੀਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਬਲਾਤਕਾਰ ਕਰਨ ਦੇ ਦੋਸ਼ 'ਚ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਾਬਾਲਿਗ ਲੜਕੀ ਨਾਲ ਬਲਾਤਕਾਰ ਕਰਨ ਦੇ ਦੋਸ਼ ਹੇਠ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਇੱਕ ਲੜਕੇ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ 15 ਸਾਲਾ ਨਾਬਾਲਿਗ ਲੜਕੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਦਸਵੀਂ ਜਮਾਤ ਦੀ ਵਿਦਿਆਰਥਣ ਹੈ ਤੇ ਇੰਸਟਾਗ੍ਰਾਮ ਰਾਹੀਂ ਉਸ ਦਾ ਦੋਸਤ ਬਣਿਆ ਜਤਿੰਦਰ ਸਿੰਘ ਉਸ ਨੂੰ ਉਸ ਦੇ ਸਕੂਲ ਦੇ ਸਾਹਮਣੇ ਰਹਿੰਦੀ ਇੱਕ ਔਰਤ ਦੇ ਘਰ ਲੈ ਗਿਆ, ਜਿੱਥੇ ਜਤਿੰਦਰ ਸਿੰਘ ਵੱਲੋਂ ਉਸ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ ਗਏ ਤੇ ਉਸ ਤੋਂ ਬਾਅਦ ਜਦੋਂ ਉਹ ਸਕੂਲ ਜਾਂਦੀ ਤਾਂ ਉਕਤ ਔਰਤ ਉਸ ਨੂੰ ਧਮਕੀਆਂ ਦਿੰਦੀ ਕਿ ਜੇਕਰ ਉਹ ਜਤਿੰਦਰ ਨੂੰ ਨਾ ਮਿਲੀ ਤਾਂ ਉਹ ਉਸ ਦੀਆਂ ਫੋਟੋਆਂ ਵਾਇਰਲ ਕਰਵਾ ਦੇਵੇਗੀ, ਜਿਸ ਤੋਂ ਬਾਅਦ ਜਤਿੰਦਰ ਸਿੰਘ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਉਸ ਨਾਲ ਜਬਰੀ ਸਰੀਰਕ ਸਬੰਧ ਬਣਾਉਂਦਾ ਰਿਹਾ।ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ ਜਤਿੰਦਰ ਸਿੰਘ ਉਸ ਨੂੰ ਧਮਕਾ ਰਿਹਾ ਸੀ ਕਿ ਜੇਕਰ ਉਸ ਨੇ ਉਸ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਕੀਤੀ ਤਾਂ ਉਹ ਉਸ ਦੀਆਂ ਅਸ਼ਲੀਲ ਫੋਟੋਆਂ ਵਾਇਰਲ ਕਰਕੇ ਉਸ ਦਾ ਭਵਿੱਖ ਖਰਾਬ ਕਰ ਦੇਵੇਗਾ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ 376,506 ਆਈ.ਪੀ.ਸੀ. ਅਤੇ ਪੌਸਕੋ ਐਕਟ ਦੀ ਧਾਰਾ 6 ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਜਤਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਸਬ-ਇੰਸਪੈਕਟਰ ਪ੍ਰਭਜੋਤ ਕੌਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਸੰਤ ਲੌਂਗੋਵਾਲ ਇੰਸਟੀਚਿਊਟ 'ਚ ਤਕਨੀਕੀ ਐਪਲੀਕੇਸ਼ਨਾਂ ਦੀ ਸਮਗਰੀ ਬਾਰੇ ਕਾਨਫਰੰਸ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਲੌਂਗੋਵਾਲ ਦੇ ਭੌਤਿਕ ਵਿਗਿਆਨ, ਮਕੈਨੀਕਲ ਇੰਜਨੀਅਰਿੰਗ ਤੇ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਭਾਗਾਂ ਆਈ.ਆਈ.ਟੀ. ਜੰਮੂ, ਐੱਨ.ਆਈ.ਟੀ. ਦਿੱਲੀ ਤੇ ਇੰਸਟੀਚਿਊਟ ਫਾਰ ਆਟੋ ਪਾਰਟਸ ਐਂਡ ਹੈਂਡ ਟੂਲਜ਼ ਟੈਕਨਾਲੋਜੀ (ਆਈ.ਏ.ਐੱਚ.ਟੀ.) ਲੁਧਿਆਣਾ ਨੇ ਦੋ ਦਿਨਾ ਕਾਨਫਰੰਸ ਤਕਨੀਕੀ ਐਪਲੀਕੇਸ਼ਨਾਂ ਲਈ ਉੱਨਤ ਤੇ ਉੱਭਰਦੀ ਸਮੱਗਰੀ (ਏ ਈ ਐਮ ਟੀ ਏ-2024) ਦਾ ਡਾ. ਐੱਮ. ਐੱਮ. ਸਿਨਹਾ ਪ੍ਰੋਫੈਸਰ ਭੌਤਿਕ ਵਿਗਿਆਨ ਵਿਭਾਗ ਐੱਸ ਐੱਲ ਆਈ ਈ ਟੀ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹਾਈਬ੍ਰਿਡ ਮੋਡ ਵਿੱਚ ਕੀਤਾ।ਕਾਨਫਰੰਸ ਫੈਕਲਟੀ, ਖੋਜਕਰਤਾਵਾਂ, ਵਿਗਿਆਨੀਆਂ, ਇੰਜੀਨੀਅਰਾਂ, ਖੋਜ ਵਿਦਵਾਨਾਂ ਤੇ ਉਦਯੋਗਕ ਮਾਹਰਾਂ ਨੂੰ ਇੱਕ ਮੰਚ 'ਤੇ ਉਨ੍ਹਾਂ ਦੀਆਂ ਤਕਨੀਕੀ ਅਨੁਪ੍ਰਯੋਗਾਂ ਲਈ ਉੱਨਤ ਤੇ ਉੱਭਰ ਰਹੀ ਸਮੱਗਰੀ ਵਿੱਚ ਨਵੀਨਤਮ ਖੋਜ ਤਰੱਕੀਆਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।ਕਾਨਫਰੰਸ ਦਾ ਉਦਘਾਟਨ 15 ਮਾਰਚ 2024 ਨੂੰ ਆਈ.ਆਈ.ਟੀ. ਦਿੱਲੀ ਦੇ ਉੱਨਤ ਭਾਰਤ ਅਭਿਆਨ ਦੇ ਰਾਸ਼ਟਰੀ ਕਨਵੀਨਰ ਪ੍ਰੋ. ਵਰਿੰਦਰ ਕੁਮਾਰ ਵਿਜੇ ਨੇ ਮੁੱਖ ਮਹਿਮਾਨ ਵਜੋਂ ਕੀਤਾ ਤੇ ਪ੍ਰੋ. ਮਣੀਕਾਂਤ ਪਾਸਵਾਨ, ਡਾਇਰੈਕਟਰ ਐੱਸ ਐੱਲ ਆਈ ਈ ਟੀ ਤੇ ਕਾਨਫਰੰਸ ਦੇ ਪੈਟਰਨ-ਇਨ-ਚੀਫ਼ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।ਪ੍ਰੋ: ਜਗਤਾਰ ਸਿੰਘ ਪ੍ਰੋਫੈਸਰ (ਐੱਮ.ਈ.) ਤੇ ਡਾ. ਅਨਿਲ ਕੁਮਾਰ ਸਿੰਗਲਾ ਏ ਐੱਸ ਪੀ (ਐੱਮ.ਈ.), ਕਾਨਫਰੰਸ ਦੇ ਪ੍ਰਬੰਧਕੀ ਸਕੱਤਰ ਨੇ ਪਤਵੰਤਿਆਂ ਨਾਲ ਮੰਚ ਸਾਂਝਾ ਕੀਤਾ।ਕਾਨਫਰੰਸ ਦੇ ਚੇਅਰਮੈਨ ਪ੍ਰੋ. ਐੱਮ. ਐੱਮ. ਸਿਨਹਾ ਨੇ ਪਤਵੰਤਿਆਂ ਤੇ ਭਾਗੀਦਾਰਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਇਸ ਕਾਨਫਰੰਸ ਵਿੱਚ ਦੇਸ਼ ਭਰ ਦੇ ਲਗਭਗ 300 ਖੋਜਾਰਥੀਆਂ ਨੇ ਵੱਖ-ਵੱਖ ਖੋਜ ਖੇਤਰਾਂ ਵਿੱਚ ਆਪਣੇ ਲਿਖਤਾਂ ਸੌਂਪੀਆਂ ਹਨ।ਪੇਸ਼ ਕੀਤੇ ਪੇਪਰਾਂ ਵਿੱਚੋਂ ਸਹੀ ਸਮੀਖਿਆ ਪ੍ਰਕਿਰਿਆ ਤੋਂ ਬਾਅਦ ਚੁਣੇ ਗਏ ਪੇਪਰ ਸਪਰਿੰਗਰ ਨੇਚਰ ਪਬਲਿਸ਼ਿੰਗ ਹਾਊਸ ਦੁਆਰਾ ਕਿਤਾਬ/ਪ੍ਰੋਸੀਡਿੰਗ ਫਾਰਮ ਵਿੱਚ ਪ੍ਰਕਾਸ਼ਤ ਕੀਤੇ ਜਾਣਗੇ।ਡਾਇਰੈਕਟਰ ਨੇ ਸ਼ਾਨਦਾਰ ਤਰੀਕੇ ਨਾਲ ਅਜਿਹਾ ਸਮਾਗਮ ਕਰਨ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ।

ਉਨ੍ਹਾ ਆਯੋਜਕਾਂ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਅਜਿਹੀਆਂ ਗਤੀਵਿਧੀਆਂ ਦੇ ਆਯੋਜਨ ਲਈ ਵਧੇਰੇ ਸਰਗਰਮ ਹੋਣ ਲਈ ਪ੍ਰੇਰਿਤ ਕੀਤਾ ਅਤੇ ਡੈਲੀਗੇਟਾਂ ਨੂੰ ਸਰਗਰਮੀ ਨਾਲ ਹਿੱਸਾ ਲੈਣ ਤੇ ਅਜਿਹੇ ਸਮਾਗਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ।ਪ੍ਰੋ: ਰਾਜੀਵ ਆਹੂਜਾ ਡਾਇਰੈਕਟਰ ਆਈ.ਆਈ.ਟੀ. ਰੋਪੜ ਤੇ ਆਈ.ਆਈ.ਟੀ. ਗੁਹਾਟੀ ਦੇ ਕਾਰਜਕਾਰੀ ਨਿਰਦੇਸ਼ਕ ਨੇ ਕਾਨਫਰੰਸ ਵਿੱਚ ਮੁੱਖ ਭਾਸ਼ਣ ਦਿੱਤਾ।

# ਦਿੱਲੀ ਅੰਦੋਲਨ 'ਚ ਸ਼ਹੀਦ ਹੋਏ ਕਿਸਾਨ ਦੇ ਪਰਵਾਰ ਨੂੰ ਦਿੱਤਾ ਸਰਕਾਰੀ ਨੌਕਰੀ ਦਾ ਪੱਤਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲਾਂ ਦੌਰਾਨ ਦਿੱਲੀ ਵਿਖੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨ ਪਰਿਵਾਰਾਂ ਦੇ ਯੋਗ ਮੈਂਬਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਮੱਦੇਨਜ਼ਰ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਿਪਟੀ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ ਸ਼੍ਰੀ ਹਰਪ੍ਰੀਤ ਸਿੰਘ ਸੂਦਨ ਆਈ.ਏ.ਐੱਸ. ਵੱਲੋਂ ਗਗਨਦੀਪ ਕੌਰ ਪੁੱਤਰੀ ਸ਼ਹੀਦ ਕਿਸਾਨ ਬਲਤੇਜ ਸਿੰਘ ਵਾਸੀ ਪਿੰਡ ਖਾਨੇ ਕੀ ਢਾਬ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਸ਼੍ਰੀ ਮੁਕਤਸਰ ਸਾਹਿਬ ਵਿੱਚ ਤਰਸ ਦੇ ਅਧਾਰ 'ਤੇ ਗਰੁੱਪ ਡੀ ਦੀ ਅਸਾਮੀ ਲਈ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ।ਇਸ ਮੌਕੇ ਸ਼੍ਰੀ ਧਰਮਪਾਲ ਮੌਰੀਆ ਡਿਪਟੀ ਡਾਇਰੈਕਟਰ ਖੇਤੀਬਾੜੀ (ਕਪਾਹ) ਵਾਧੂ ਚਾਰਜ਼ ਮੁੱਖ ਖੇਤੀਬਾੜੀ ਅਫ਼ਸਰ ਸ਼੍ਰੀ ਮੁਕਤਸਰ ਸਾਹਿਬ ਤੇ ਸ਼੍ਰੀ ਸੁਖਜਿੰਦਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਸ਼੍ਰੀ ਮੁਕਤਸਰ ਸਾਹਿਬ ਮੌਜੂਦ ਸਨ।

# ਮੋਹਿਤ ਕੁੰਦਰਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਬਣੇ

## ਵਿਧਾਇਕ ਦਿਆਲਪੁਰਾ ਨੇ ਨਵ-ਨਿਯੁਕਤ ਪ੍ਰਧਾਨ ਤੇ ਅਹੁਦੇਦਾਰਾਂ ਨੂੰ ਦਿੱਤੀ ਵਧਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਰਕੀਟ ਕਮੇਟੀ ਦਫ਼ਤਰ ਮਾਛੀਵਾੜਾ ਵਿਖੇ ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਮਾਛੀਵਾੜਾ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਮੋਹਿਤ ਕੁੰਦਰਾ ਨੂੰ ਪ੍ਰਧਾਨ ਚੁਣ ਲਿਆ ਗਿਆ। ਮੀਟਿੰਗ ਤੋਂ ਪਹਿਲਾਂ ਐਸੋਸੀਏਸ਼ਨ ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਤੇ ਤੇਜਿੰਦਰ ਸਿੰਘ ਕੂੰਨਰ ਨੇ ਆਪਣੇ ਅਸਤੀਫ਼ੇ ਦਿੱਤੇ ਅਤੇ ਕਮੇਟੀ ਭੰਗ ਕਰਦਿਆਂ ਸਰਬਸੰਮਤੀ ਨਾਲ ਅਗਲੀ ਚੋਣ ਕਰਨ ਦੀ ਪੇਸ਼ਕਸ਼ ਕੀਤੀ। ਸਰਬ ਸੰਮਤੀ ਨਾਲ ਸਮੂਹ ਆੜ੍ਹਤੀ ਭਾਈਚਾਰੇ ਵੱਲੋਂ ਗੁਰਨਾਮ ਸਿੰਘ ਨਾਗਰਾ, ਟਹਿਲ ਸਿੰਘ ਔਜਲਾ ਤੇ ਕਰਨੈਲ ਸਿੰਘ ਨੂੰ ਐਸੋਸੀਏਸ਼ਨ ਦਾ ਸਰਪ੍ਰਸਤ ਚੁਣਿਆ ਗਿਆ, ਜਦਕਿ ਮੋਹਿਤ ਕੁੰਦਰਾ ਪ੍ਰਧਾਨ ਚੁਣੇ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਨਵੇਂ ਚੁਣੇ ਗਏ ਪ੍ਰਧਾਨ ਮੋਹਿਤ ਕੁੰਦਰਾ ਤੇ ਸਮੂਹ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਪੱਧਰ ਤੋਂ ਉੱਪਰ ਉਠ ਕੇ ਚੋਣ ਹੋਈ ਹੈ ਅਤੇ ਜੋ ਆੜ੍ਹਤੀ ਭਾਈਚਾਰੇ ਨੇ ਇੱਕਜੁਟਤਾ ਦਿਖਾਈ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਵਿਧਾਇਕ ਨੇ ਕਿਹਾ ਕਿ 'ਆਪ' ਸਰਕਾਰ ਹਮੇਸ਼ਾ ਕਿਸਾਨਾਂ ਤੇ ਆੜ੍ਹਤੀਆਂ ਦੇ ਹਿੱਤਾਂ ਲਈ ਯਤਨਸ਼ੀਲ ਹੈ। ਉਨ੍ਹਾ ਕਿਹਾ ਕਿ ਫਸਲਾਂ ਦੀ ਖਰੀਦ ਦੌਰਾਨ ਆੜ੍ਹਤੀਆਂ ਤੇ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਦੇ ਨਵੇਂ ਚੁਣੇ ਗਏ ਪ੍ਰਧਾਨ ਮੋਹਿਤ ਕੁੰਦਰਾ ਨੇ ਸਮੂਹ ਆੜ੍ਹਤੀ ਭਾਈਚਾਰੇ ਦਾ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਹਮੇਸ਼ਾ ਉਨ੍ਹਾਂ ਦੇ ਹਿੱਤਾਂ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਜਲਦ ਹੀ ਐਸੋਸੀਏਸ਼ਨ ਦੇ ਬਾਕੀ ਅਹੁਦੇਦਾਰਾਂ ਦੀ ਚੋਣ ਸਮੂਹ ਭਾਈਚਾਰੇ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਕਰ ਲਈ ਜਾਵੇਗੀ।

ਇਸ ਮੌਕੇ ਸੁਸ਼ੀਲ ਲੂਥਰਾ, ਅਸ਼ੋਕ ਸੂਦ, ਸੋਹਣ ਲਾਲ ਸ਼ੇਰਪੁਰੀ, ਸਤੀਸ਼ ਮਿੱਤਲ, ਸੁਰਿੰਦਰ ਕੁੰਦਰਾ, ਦਰਸ਼ਨ ਕੁੰਦਰਾ, ਰੁਪਿੰਦਰ ਸਿੰਘ ਬੈਨੀਪਾਲ, ਸੁਖਦੇਵ ਸਿੰਘ ਕਾਹਲੋਂ, ਐਡਵੋਕੇਟ ਕਪਿਲ ਆਨੰਦ ਤੋਂ ਇਲਾਵਾ ਵੱਡੀ ਗਿਣਤੀ 'ਚ ਆੜ੍ਹਤੀ ਐਸੋਸੀਏਸ਼ਨ ਦੇ ਮੈਂਬਰ ਮੌਜੂਦ ਸਨ।

# ਇੰਪਲਾਈਜ਼ ਫੈਡਰੇਸ਼ਨ ਵੱਲੋਂ ਸੂਬਾ ਆਗੂ ਦੀ ਬਰਸੀ ਮੌਕੇ ਕਨਵੈਨਸ਼ਨ




**ਸੰਗਰੂਰ (ਪ੍ਰਵੀਨ ਸਿੰਘ)**-ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪਾਵਰਕਾਮ ਤੇ ਟਰਾਂਸਕੋ) ਵੱਲੋਂ ਸ੍ਰੀ ਤਰਸੇਮ ਚੰਦ ਸਿਰਸੀਵਾਲਾ ਸੂਬਾ ਮੀਤ ਪ੍ਰਧਾਨ ਦੀ 30ਵੀਂ ਬਰਸੀ ਮੌਕੇ ਚੇਤਨਾ ਕਨਵੈਨਸ਼ਨ ਨੈਣਾ ਦੇਵੀ ਮੰਦਰ ਧਰਮਸ਼ਾਲਾ ਸੰਗਰੂਰ ਵਿਖੇ ਕੀਤੀ ਗਈ, ਜਿਸ ਵਿੱਚ ਜਥੇਬੰਦੀ ਦੇ ਪੰਜਾਬ ਵਿੱਚੋਂ ਆਏ ਵੱਡੀ ਗਿਣਤੀ ਆਗੂਆਂ ਤੇ ਵਰਕਰਾਂ ਨੇ ਭਾਗ ਲਿਆ।ਇਸ ਕਨਵੈਨਸ਼ਨ ਅੰਦਰ 'ਸਰਕਾਰ ਦੀਆਂ ਕਾਰਪੋਰੇਟ ਸੈਕਟਰ ਪੱਖੀ ਨੀਤੀਆਂ ਦੇ ਪ੍ਰਭਾਵ ਤੇ ਹੱਲ' ਅਜੰਡੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਕੌਰ ਸਿੰਘ ਸੋਹੀ, ਜਨਰਲ ਸਕੱਤਰ ਅਜੈਬ ਸਿੰਘ ਸੋਹਲ, ਸਾਬਕਾ ਸੂਬਾ ਪ੍ਰਧਾਨ ਫਲਜੀਤ ਸਿੰਘ ਨੇ ਕਿਹਾ ਕਿ ਅੰਤਰ ਨਿਰਭਰ ਦੁਨੀਆ ਅੰਦਰ ਸਮੱਸਿਆਵਾਂ ਦਾ ਹੱਲ ਗੱਲਬਾਤ ਰਾਹੀਂ ਕਰਨ ਦੀ ਥਾਂ ਜੰਗਾਂ ਰਾਹੀਂ ਕੱਢਿਆ ਜਾ ਰਿਹਾ ਹੈ।76 ਸਾਲਾਂ ਦੀ ਅਜ਼ਾਦੀ ਦੇ ਬਾਵਜੂਦ ਦੇਸ਼ ਭੁੱਖਮਰੀ, ਅਮੀਰੀ ਗਰੀਬੀ ਦਾ ਪਾੜਾ, ਮਹਿੰਗਾਈ, ਬੇਰੁਜ਼ਗਾਰੀ, ਵਿੱਦਿਆ ਤੇ ਸਿਹਤ ਸਹੂਲਤਾਂ ਦੀ ਘਾਟ ਨਾਲ ਜੂਝ ਰਿਹਾ ਹੈ।ਬਿਜਲੀ ਖੇਤਰ ਬਾਰੇ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਬਿਜਲੀ ਸੋਧ ਬਿੱਲ 2022 ਦੇ ਤਹਿਤ ਇਸ ਦੇ ਵੰਡ ਸਿਸਟਮ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਤਿਆਰੀ ਕਰ ਰਹੀ ਹੈ।ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਨਿੱਤ ਨਵੇਂ ਕਾਨੂੰਨ ਬਣਾ ਕੇ ਰਾਜਾਂ ਦੇ ਅਧਿਕਾਰਾਂ ਨੂੰ ਘਟਾਇਆ ਜਾ ਰਿਹਾ ਹੈ, ਜਿਸ ਨਾਲ ਦੇਸ਼ ਦੀ ਵੰਨ ਸੁਵੰਨਤਾ, ਸੰਘੀ ਢਾਂਚੇ (ਫੈਡਰਲਿਜ਼ਮ) ਨੂੰ ਖਤਰਾ ਖੜ੍ਹਾ ਹੋ ਗਿਆ ਹੈ।ਕਨਵੈਨਸ਼ਨ ਨੂੰ ਹੋਰਨਾਂ ਤੋਂ ਇਲਾਵਾ ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ (ਆਈ ਡੀ ਪੀ) ਦੇ ਕੌਮੀ ਪ੍ਰਧਾਨ ਕਰਨੈਲ ਸਿੰਘ ਜਖੇਪਲ, ਸਾਬਕਾ ਆਗੂ ਮਾਸਟਰ ਖੇਤਾ ਸਿੰਘ, ਸੀਨੀਅਰ ਮੀਤ ਪ੍ਰਧਾਨ ਓਮ ਪ੍ਰਕਾਸ਼, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਰਤਨ, ਬਲਜਿੰਦਰ ਸਿੰਘ ਫਾਜ਼ਿਲਕਾ, ਗਗਨ ਮਾਨਸਾ, ਲਾਲ ਚੰਦ ਸਿਰਸੀਵਾਲਾ ਤੇ ਬਿਕਰਮਜੀਤ ਸਿੰਘ ਨੇ ਕਿਹਾ ਕਿ ਸਰਕਾਰ ਦੀਆਂ ਲੋਕ ਵਿਰੋਧੀ ਕਾਰਪੋਰੇਟ ਸੈਕਟਰ ਪੱਖੀ ਨੀਤੀਆਂ ਖਿਲਾਫ ਸਾਰੀਆਂ ਜਥੇਬੰਦੀਆਂ ਨੂੰ ਘੱਟੋ-ਘੱਟ ਪ੍ਰੋਗਰਾਮ ਉੱਪਰ ਸਾਂਝੇ ਤੌਰ 'ਤੇ ਸਾਰਥਿਕ ਅੰਦੋਲਨ ਕਰਨ ਦੀ ਲੋੜ ਹੈ।

# ਦੇਸ਼ ਭਰ 'ਚ ਪਸਾਰ ਵਾਸਤੇ 'ਆਪ' ਸਰਕਾਰ ਵੱਲੋਂ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਦੀ ਦੁਰਵਰਤੋਂ ਕੀਤੀ ਜਾ ਰਹੀ : ਸੁਖਬੀਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਬਚਾਓ ਯਾਤਰਾ ਪੰਜਾਬ ਨੂੰ ਆਮ ਆਦਮੀ ਪਾਰਟੀ (ਆਪ) ਦੇ ਨਾਂ 'ਤੇ ਲੁੱਟਣ ਵਾਲੇ ਲੁਟੇਰਿਆਂ ਤੋਂ ਸੂਬੇ ਨੂੰ ਬਚਾਉਣ ਵਿੱਚ ਅਹਿਮ ਆਧਾਰ ਤਿਆਰ ਕਰ ਰਹੀ ਹੈ ਅਤੇ ਕਿਹਾ ਕਿ ਦੇਸ਼ ਭਰ ਵਿੱਚ ਆਪ ਦੇ ਪਸਾਰ ਵਾਸਤੇ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਤੇ ਇਸ ਤਰੀਕੇ ਸੂਬੇ ਤੇ ਇਸ ਦੇ ਅਰਥਚਾਰੇ ਨੂੰ ਤਬਾਹ ਕੀਤਾ ਜਾ ਰਿਹਾ ਹੈ। ਮਲੋਟ ਤੇ ਬੱਲੂਆਣਾ ਹਲਕਿਆਂ ਵਿੱਚ ਪੰਜਾਬ ਬਚਾਓ ਯਾਤਰਾ ਦੌਰਾਨ ਸ਼ਮੂਲੀਅਤ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਨੂੰ ਦਿੱਲੀ ਦੇ ਲੁਟੇਰਿਆਂ ਤੋਂ ਬਚਾਉਣ ਵਿੱਚ ਮਦਦ ਵਾਸਤੇ ਅੱਗੇ ਆਉਣ। ਉਨ੍ਹਾ ਕਿਹਾ ਕਿ ਸਮਾਂ ਆ ਗਿਆ ਹੈ ਕਿ ਆਪ ਤੇ ਦਿੱਲੀ ਤੋਂ ਭੇਜੇ ਗਏ ਇਸ ਦੇ ਆਗੂਆਂ ਨੂੰ ਰੱਦ ਕੀਤਾ ਜਾਵੇ ਅਤੇ ਨਾਲੋ-ਨਾਲ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਪੱਖੀ ਤੇ ਗਰੀਬ ਪੱਖੀ ਨੀਤੀਆਂ ਨੂੰ ਸਾਹਮਣੇ ਲਿਆਂਦਾ ਜਾਵੇ। ਇਹ ਪ੍ਰਗਟਾਵਾ ਉਨ੍ਹਾਂ ਨੇ ਦੋਹਾਂ ਹਲਕਿਆਂ ਵਿੱਚ ਕਈ ਕਿਲੋਮੀਟਰ ਲੰਬੇ ਕਾਫਲੇ ਦੀ ਅਗਵਾਈ ਕਰਦਿਆਂ ਕੀਤਾ। ਮਲੋਟ ਵਿਖੇ ਯਾਤਰਾ ਦੇ ਪਿਛਲੇ ਸਾਰੇ ਰਿਕਾਰਡ ਉਸ ਸਮੇਂ ਟੁੱਟ ਗਏ, ਜਦੋਂ ਹਜ਼ਾਰਾਂ ਲੋਕਾਂ ਨੇ ਯਾਤਰਾ ਵਿੱਚ ਸ਼ਮੂਲੀਅਤ ਕੀਤੀ ਤੇ ਯਾਤਰਾ ਵਿੱਚ ਸ਼ਾਮਲ ਲੋਕਾਂ ਦਾ ਸਿਰੋਪਾਓ, ਮਿਠਾਈ, ਢੋਲ ਤੇ ਪਟਾਕਿਆਂ ਨਾਲ ਸਵਾਗਤ ਕੀਤਾ ਗਿਆ।

ਮਲੋਟ ਵਿਖੇ ਭਾਵੁਕ ਭਾਸ਼ਣ ਦਿੰਦਿਆਂ ਸ੍ਰ. ਬਾਦਲ ਨੇ ਕਿਹਾ ਕਿ ਉਨ੍ਹਾਂ ਦੇ ਮਾਤਾ ਜੀ ਸਰਦਾਰਨੀ ਸੁਰਿੰਦਰ ਕੌਰ ਬਾਦਲ ਜੀ ਦਹਾਕਿਆਂ ਤੋਂ ਮਲੋਟ ਨਾਲ ਜੁੜੇ ਸਨ। ਉਨ੍ਹਾ ਕਿਹਾ ਕਿ ਨਾ ਸਿਰਫ ਉਨ੍ਹਾ ਨੇ ਇਸ ਹਲਕੇ ਵਿੱਚ ਚੋਣ ਮੁਹਿੰਮਾਂ ਦੀ ਅਗਵਾਈ ਕੀਤੀ, ਬਲਕਿ ਉਨ੍ਹਾ ਨੇ ਹਲਕੇ ਦੇ ਸਰਵਪੱਖੀ ਵਿਕਾਸ ਵਾਸਤੇ ਵੀ ਕੰਮ ਕੀਤਾ। ਉਨ੍ਹਾ ਅਫਸੋਸ ਪ੍ਰਗਟ ਕੀਤਾ ਕਿ ਪਿਛਲੇ 7 ਸਾਲਾਂ ਦੌਰਾਨ ਪਿਛਲੀ ਕਾਂਗਰਸ ਤੇ ਹੁਣ ਆਪ ਸਰਕਾਰ ਦੇ ਰਾਜ ਵਿੱਚ ਸ਼ਹਿਰੀ ਨਾਗਰਿਕ ਸਹੂਲਤਾਂ ਦਾ ਹਾਲ ਬੇਹੱਦ ਮਾੜਾ ਹੋਇਆ ਪਿਆ ਹੈ। ਉਨ੍ਹਾ ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਤੇ ਯੂਥ ਅਕਾਲੀ ਦਲ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਲੱਪੀ ਏਨਾਖੇੜਾ ਵੱਲੋਂ ਯਾਤਰਾ ਦੀ ਮਲੋਟ ਫੇਰੀ ਦੌਰਾਨ ਕੀਤੇ ਲਾਮਿਸਾਲ ਪ੍ਰਬੰਧਾਂ ਲਈ ਵੀ ਉਨ੍ਹਾਂ ਦੀ ਸ਼ਲਾਘਾ ਕੀਤੀ। ਇਸ ਯਾਤਰਾ ਦੌਰਾਨ ਬੀਬੀ ਹਰਗੋਬਿੰਦ ਕੌਰ ਦੀ ਅਗਵਾਈ ਵਿੱਚ ਵੱਡੀ ਗਿਣਤੀ 'ਚ ਇਸਤਰੀ ਅਕਾਲੀ ਦਲ ਦੀਆਂ ਵਾਲੰਟੀਅਰਾਂ ਨੇ ਵੀ ਸ਼ਮੂਲੀਅਤ ਕੀਤੀ। ਬੱਲੂਆਣਾ ਵਿਖੇ ਉਨ੍ਹਾ ਨਾਲ ਸਾਬਕਾ ਵਿਧਾਇਕ ਗੁਰਤੇਜ ਸਿੰਘ ਘੁੜਿਆਣਾ ਵੀ ਸਨ। ਇਸ ਮੌਕੇ ਵੱਖ-ਵੱਖ ਧਾਰਮਿਕ ਸੰਗਠਨਾਂ ਤੋਂ ਇਲਾਵਾ ਸਮਾਜਿਕ ਤੇ ਸਮਾਜ ਭਲਾਈ ਸੰਸਥਾਵਾਂ ਦੇ ਲੋਕਾਂ ਨੇ ਅਕਾਲੀ ਦਲ ਦੇ ਪ੍ਰਧਾਨ ਨਾਲ ਮੁਲਾਕਾਤ ਕੀਤੀ ਤੇ ਆਪਣੀਆਂ ਸ਼ਿਕਾਇਤਾਂ ਸੌਂਪੀਆਂ। ਸ੍ਰ. ਬਾਦਲ ਨੇ ਹਰੇਕ ਨੂੰ ਭਰੋਸਾ ਦੁਆਇਆ ਕਿ ਅਕਾਲੀ ਦਲ ਸੂਬੇ ਦੇ ਵਿਕਾਸ, ਸ਼ਾਂਤੀ ਤੇ ਫਿਰਕੂ ਸਦਭਾਵਨਾ ਵਾਸਤੇ ਵਚਨਬੱਧ ਹੈ ਤੇ ਉਹ ਹਮੇਸ਼ਾ ਪੰਜਾਬ ਨੂੰ ਸਿਖ਼ਰ 'ਤੇ ਲੈ ਕੇ ਜਾਣ ਵਾਸਤੇ ਕੰਮ ਕਰਦਾ ਰਹੇਗਾ।

# ਨਾਭਾ-ਭਵਾਨੀਗੜ੍ਹ-ਮੰਡੀ ਗੋਬਿੰਦਗੜ੍ਹ ਰੋਡ ਦਾ ਕੰਮ ਸ਼ੁਰੂ

## ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਲਿਆ ਜਾਇਜ਼ਾ



**ਨਾਭਾ (ਵਰਿੰਦਰ ਵਰਮਾ)**-ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਇਲਾਕਾ ਨਿਵਾਸੀਆਂ ਦੀ ਮੰਗ ਨੂੰ ਦੇਖਦੇ ਹੋਏ ਭਵਾਨੀਗੜ੍ਹ ਵਾਇਆ ਨਾਭਾ ਤੋਂ ਅਮਲੋਹ ਵਾਇਆ ਮੰਡੀ ਗੋਬਿੰਦਗੜ੍ਹ ਤੱਕ ਜਾਣ ਵਾਲੀ ਸੜਕ, ਜੋ ਲੰਮੇ ਸਮੇਂ ਤੋਂ ਖਸਤਾ ਹਾਲਤ ਵਿੱਚ ਸੀ, ਇਸ ਸੜਕ ਨੂੰ ਬਣਾਉਣ ਦਾ ਕੰਮ ਪੰਜਾਬ ਲੋਕ ਨਿਰਮਾਣ ਵੱਲੋਂ ਸ਼ੁਰੂ ਕਰ ਦਿੱਤਾ ਗਿਆ ਹੈ।ਜ਼ਿਲ੍ਹਾ ਯੋਜਨਾ ਬੋਰਡ ਪਟਿਆਲ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਮੌਕੇ 'ਤੇ ਪਹੁੰਚ ਕੇ ਸ਼ੁਰੂ ਹੋਏ ਸੜਕ ਦੇ ਕੰਮ ਦਾ ਜਾਇਜ਼ਾ ਲਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਸੜਕ 'ਤੇ ਪ੍ਰੀਮਿਕਸ ਪੈਣ ਨਾਲ ਇਲਾਕੇ ਦੇ ਲੋਕਾਂ ਤੇ ਰਾਹਗੀਰਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ ਅਤੇ ਰੋਜ਼ਾਨਾ ਹੁੰਦੇ ਸੜਕੀ ਹਾਦਸਿਆਂ ਨੂੰ ਵੀ ਠੱਲ੍ਹ ਪਵੇਗੀ।ਉਨ੍ਹਾਂ ਕਿਹਾ ਕਿ ਜਲਦ ਹੀ ਇਹ ਸੜਕ ਪੂਰਨ ਤੌਰ 'ਤੇ ਨਵੀਂ ਬਣ ਕੇ ਤਿਆਰ ਹੋ ਜਾਵੇਗੀ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆ ਹਨ ਤੇ ਸੜਕੀ ਹਾਦਸਿਆਂ ਨੂੰ ਘਟਾਉਣ ਲਈ ਸੜਕ ਸੁਰੱਖਿਆ ਫੋਰਸ (ਐੱਸ.ਐੱਸ.ਐੱਫ.) ਦਾ ਗਠਨ ਕੀਤਾ ਗਿਆ ਹੈ, ਜੋ ਸੜਕੀ ਹਾਦਸਿਆਂ ਵਿੱਚ ਕੀਮਤੀ ਜਾਨਾਂ ਤੇ ਜ਼ਖਮੀਆਂ ਨੂੰ ਬਚਾਉਣ ਲਈ ਵਰਦਾਨ ਸਾਬਿਤ ਹੋ ਰਹੀ ਹੈ ਅਤੇ ਦੇਸ਼ ਵਿੱਚ ਪੰਜਾਬ ਸੜਕ ਸੁਰੱਖਿਆ ਫੋਰਸ ਬਣਾਉਣ ਵਾਲਾ ਪਹਿਲਾ ਸੂਬਾ ਬਣ ਗਿਆ ਹੈ।

# ਸਰਕਾਰ ਨੌਜਵਾਨ ਵਰਗ ਨੂੰ ਖੇਡਾਂ ਨਾਲ ਜੋੜਨ ਲਈ ਵਚਨਬੱਧ : ਜਗਰੂਪ ਗਿੱਲ

## ਅਕੈਡਮੀ ਦੀਆਂ ਖਿਡਾਰਨਾਂ ਨੂੰ ਵੰਡੀਆਂ ਹਾਕੀ ਕਿੱਟਾਂ



**ਬਠਿੰਡਾ/ਤਲਵੰਡੀ ਸਾਬੋ (ਪਰਵਿੰਦਰਜੀਤ ਸਿੰਘ, ਜਗਦੀਪ ਗਿੱਲ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੇ ਨੌਜਵਾਨ ਵਰਗ ਨੂੰ ਖੇਡਾਂ ਨਾਲ ਜੋੜਨ ਲਈ ਵਚਨਬੱਧ ਤੇ ਯਤਨਸ਼ੀਲ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ (ਬਠਿੰਡਾ ਸ਼ਹਿਰੀ) ਸ੍ਰ. ਜਗਰੂਪ ਸਿੰਘ ਗਿੱਲ ਨੇ ਸਥਾਨਕ ਸਰਕਾਰੀ ਰਜਿੰਦਰਾ ਕਾਲਜ ਵਿਖੇ ਸਥਿਤ ਹਾਕੀ ਸਟੇਡੀਅਮ ਵਿਖੇ ਪੰਜਾਬ ਸਪੋਰਟਸ ਇੰਸਟੀਚਿਊਟ ਅਕੈਡਮੀ ਦੀਆਂ ਖਿਡਾਰਨਾਂ ਨੂੰ 89 ਹਾਕੀ ਕਿੱਟਾਂ ਵੰਡਣ ਉਪਰੰਤ ਕੀਤਾ।ਇਸ ਦੌਰਾਨ ਵਿਧਾਇਕ ਗਿੱਲ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਤੋਂ ਇਲਾਵਾ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਦੇ ਮੱਦੇਨਜ਼ਰ ਵਿਸ਼ੇਸ਼ ਉਪਰਾਲੇ ਤੇ ਨਿਵੇਕਲੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾ ਕਿਹਾ ਕਿ ਜਿਨ੍ਹਾਂ ਖਿਡਾਰੀਆਂ ਨੇ ਨੈਸ਼ਨਲ ਪੱਧਰ 'ਤੇ ਖੇਡਣ ਜਾਣਾ ਸੀ, ਉਨ੍ਹਾਂ ਖਿਡਾਰੀਆਂ ਨੂੰ ਪੰਜਾਬ ਸਰਕਾਰ ਨੇ 8-8 ਲੱਖ ਰੁਪਏ ਤਿਆਰੀ ਲਈ ਦਿੱਤਾ ਤਾਂ ਜੋ ਉਹ ਆਪੋ-ਆਪਣੀਆਂ ਖੇਡਾਂ 'ਚ ਚੰਗਾ ਨਾਮਣਾ ਖੱਟ ਕੇ ਆਪਣੇ ਮਾਤਾ-ਪਿਤਾ ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ।ਇਸ ਤੋਂ ਪਹਿਲਾਂ ਵਿਧਾਇਕ ਗਿੱਲ ਨੇ ਸਥਾਨਕ ਸਿਵਲ ਹਸਪਤਾਲ ਵਿਖੇ ਮਰੀਜ਼ਾਂ ਤੇ ਉਨ੍ਹਾਂ ਨਾਲ ਆਉਣ ਵਾਲੇ ਰਿਸ਼ਤੇਦਾਰਾਂ ਤੇ ਸਕੇ ਸੰਬੰਧੀਆਂ ਲਈ ਨਵੇਂ ਬਣੇ ਲੰਗਰ ਹਾਲ ਤੇ ਵੇਟਿੰਗ ਏਰੀਏ ਦੀ ਰਸਮੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਕਿਹਾ ਕਿ ਮੰਤਰੀ ਪੰਜਾਬ ਸ. ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਆਮ ਲੋਕਾਂ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਤੇ ਯਤਨਸ਼ੀਲ ਹੈ।ਇਸ ਦੌਰਾਨ ਸ. ਗਿੱਲ ਨੇ ਕਿਹਾ ਕਿਹਸਪਤਾਲ 'ਚ ਇਸ ਲੰਗਰ ਹਾਲ ਦੇ ਸ਼ੁਰੂ ਹੋਣ ਨਾਲ ਲੰਗਰ ਤੇ ਆਰਾਮ ਜਾਂ ਇੰਤਜ਼ਾਰ ਆਦਿ ਕਰਨ ਸੁਖਾਲਾ ਹੋ ਜਾਵੇਗਾ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤ ਲਾਲ ਅਗਰਵਾਲ, ਸਿਵਲ ਸਰਜਨ ਡਾ. ਤੇਜਵੰਤ ਸਿੰਘ ਢਿੱਲੋਂ, ਸੀਨੀਅਰ ਮੈਡੀਕਲ ਅਫਸਰ ਡਾ. ਸਤੀਸ਼ ਜਿੰਦਲ, ਐੱਮ ਸੀ ਸ੍ਰੀ ਸੁਖਦੀਪ ਸਿੰਘ ਢਿੱਲੋਂ ਤੇ ਹੋਰ ਡਾਕਟਰ ਸਾਹਿਬਾਨ ਆਦਿ ਹਾਜ਼ਰ ਸਨ।

# ਬਾਜੀਦਪੁਰ 'ਚ ਸਟਰੀਟ ਲਾਈਟਾਂ ਲਈ 1 ਲੱਖ ਦੀ ਰਾਸ਼ੀ ਜਾਰੀ



**ਫ਼ਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ)**-ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਫਿਰੋਜ਼ਪੁਰ ਚੰਦ ਸਿੰਘ ਗਿੱਲ ਵੱਲੋਂ ਆਪਣੇ ਅਖ਼ਤਿਆਰੀ ਫੰਡ ਬੰਧਨ ਮੁਕਤ ਸਕੀਮ ਤਹਿਤ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਪਿੰਡ ਬਾਜੀਦਪੁਰ ਵਿਖੇ ਸਟਰੀਟ ਲਾਈਟਾਂ ਲਗਾਉਣ ਲਈ ਇੱਕ ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ।ਇਸ ਮੌਕੇ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਰਜਨੀਸ਼ ਦਹੀਆ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਚੇਅਰਮੈਨ ਸ੍ਰ. ਗਿੱਲ ਨੇ ਕਿਹਾ ਕਿ ਇਸ ਰਾਸ਼ੀ ਨਾਲ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦਾ ਆਮ ਪਬਲਿਕ ਨੂੰ ਬਹੁਤ ਲਾਭ ਮਿਲੇਗਾ।ਉਨ੍ਹਾ ਕਿਹਾ ਕਿ ਜ਼ਿਲ੍ਹੇ ਵਿੱਚ ਵਿਕਾਸ ਕਾਰਜਾਂ ਲਈ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਸਰਕਾਰ ਵੱਲੋਂ ਰਾਜ ਦੀ ਜਨਤਾ ਨਾਲ ਕੀਤਾ ਗਿਆ ਹਰ ਵਾਅਦਾ ਪੂਰਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਇਸ ਮੌਕੇ ਲਾਡੀ ਬਾਜੀਦਪੁਰ, ਬਲਰਾਮ ਸ਼ਰਮਾ ਆਦਿ ਹਾਜ਼ਰ ਸਨ।

# ਅਮਿੱਟ ਛਾਪ ਛੱਡਦਾ ਸਮਾਪਤ ਹੋਇਆ ਫੱਕਰ ਬਾਬਾ ਦਾਮੂ ਸ਼ਾਹ ਦਾ ਮੇਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਲੁਹਾਰਾ ਵਿਖੇ ਫੱਕਰ ਬਾਬਾ ਦਾਮੂ ਸ਼ਾਹ ਜੀ ਦੀ ਯਾਦ ਵਿੱਚ ਕਰਵਾਇਆ ਗਿਆ 42ਵਾਂ ਸਾਲਾਨਾ ਪੰਜ ਰੋਜ਼ਾ ਮੇਲੇ ਦੇ ਅਖੀਰਲੇ ਦਿਨ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪੰਜਾਬ ਦੇ ਪ੍ਰਸਿੱਧ ਕਲਾਕਾਰਾਂ ਨੇ ਆਪਣੇ ਮਕਬੂਲ ਗੀਤਾਂ ਨਾਲ ਇਸ ਮੇਲੇ ਨੂੰ ਯਾਦਗਾਰੀ ਬਣਾ ਦਿੱਤਾ। ਐੱਨ ਆਰ ਆਈ ਭਰਾਵਾਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ ਪੰਜ ਦਿਨਾ ਮੇਲਾ ਇਲਾਕਾ ਨਿਵਾਸੀਆਂ ਲਈ ਅਭੁੱਲ ਯਾਦ ਬਣ ਕੇ ਸਮਾਪਤ ਹੋਇਆ। ਮੇਲੇ ਦੇ ਅਖੀਰਲੇ ਦਿਨ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਸੁਰਜੀਤ ਭੁੱਲਰ ਤੇ ਸਰਗੀ ਮਾਨ, ਹਸਨ ਮਾਨਕ ਤੇ ਹੋਰ ਨਾਮੀ ਕਲਾਕਾਰਾਂ ਵੱਲੋਂ ਆਪਣੇ ਗੀਤਾਂ ਰਾਹੀਂ ਸਰੋਤਿਆਂ 'ਚ ਰੰਗ ਬੰਨ ਦਿੱਤਾ। ਉਪਰੰਤ ਨੌਜਵਾਨ ਦਿਲਾਂ ਦੀ ਧੜਕਨ ਤੇ ਪੰਜਾਬ ਦੇ ਪ੍ਰਸਿੱਧ ਗਾਇਕ ਆਰਨੇਤ ਨੇ ਆਪਣੇ ਹਿੱਟ ਗੀਤ ਸਾਡੀ ਰੱਬ ਨੇ ਡਿਊਟੀ ਲਾਈ ਏ ਧੌਣਾਂ 'ਚੋਂ ਕਿੱਲੇ ਕੱਢਣ ਦੀ, ਤੇਰਾ ਯਾਰ ਡਿਫਾਲਟਰ ਤਾਂ ਹੋਇਆ ਕੁਝ ਬੰਦੇ ਡਿਫਾਲਟਰ ਟੱਕਰ ਗਏ ਤੇ ਅਖੀਰ ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਸੀ, ਪਰ ਦੱਬਦਾ ਕਿੱਥੇ ਆ, ਆਦਿ ਗੀਤ ਗਾ ਕੇ ਸਰੋਤਿਆਂ ਨੂੰ ਕੀਲਦਿਆਂ ਮੇਲੇ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਪ੍ਰਸਿੱਧ ਗਾਇਕ ਆਰਨੇਤ ਦੇ ਗੀਤਾਂ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਇਸ ਕਦਰ ਬੋਲਿਆ ਕਿ ਪੰਡਾਲ 'ਚ ਹਜ਼ਾਰਾਂ ਦੀ ਗਿਣਤੀ 'ਚ ਬੈਠੇ ਸਰੋਤੇ ਆਪਣੇ ਆਪ ਨੂੰ ਝੂੰਮਣੋ ਰੋਕ ਨਾ ਸਕੇ। ਮੇਲੇ ਦੇ ਅਖੀਰ 'ਚ ਅਸਥਾਨ ਦੀ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਪ੍ਰਧਾਨ ਜਗਜੀਵਨ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਲਸ਼ਮਣ ਸਿੰਘ ਗਿੱਲ, ਕੈਸ਼ੀਅਰ ਕਰਮਜੀਤ ਸਿੰਘ ਸਾਬਕਾ ਸਰਪੰਚ, ਸਕੱਤਰ ਜਸਪਾਲ ਸਿੰਘ ਗਿੱਲ ਤੇ ਹੋਰਨਾਂ ਪ੍ਰਮੁੱਖ ਸ਼ਖਸੀਅਤਾਂ ਨੇ ਕਲਾਕਾਰਾਂ, ਇਲਾਕੇ ਦੇ ਪਤਵੰਤਿਆਂ ਤੇ ਸਹਿਯੋਗੀ ਸੱਜਣਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸੀਨੀਅਰ ਆਪ ਆਗੂ ਇਕਬਾਲ ਸਿੰਘ ਢੋਲੇਵਾਲਾ, ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਰਾਜਪੂਤ, ਆਪ ਆਗੂ ਵਿਕਰਮ ਬਿੱਲਾ, ਹਿੰਦ ਧਾਲੀਵਾਲ, ਥਾਣਾ ਮੁਖੀ ਜਸਵਿੰਦਰ ਸਿੰਘ, ਸੋਨੂ ਸਿੱਧੂ, ਲੇਖਕ ਜਸਪਾਲ ਗੁਲਾਟੀ, ਪ੍ਰਿੰਸ ਸਦਿਓੜਾ ਆਦਿ ਮੋਹਤਬਾਰ ਸ਼ਖਸੀਅਤਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਸ਼ਰਧਾਲੂਆਂ ਨੇ ਮਜ਼ਾਰ 'ਤੇ ਨਤਮਸਤਕ ਹੋ ਕੇ ਸੱਭਿਆਚਾਰਕ ਮੇਲੇ ਦਾ ਆਨੰਦ ਮਾਣਿਆ।

# ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਨੇ ਮੁਲਾਜ਼ਮ ਵਿਰੋਧੀ ਬਜਟ ਦੀਆਂ ਕਾਪੀਆਂ ਸਾੜੀਆਂ



**ਮਾਨਸਾ (ਆਤਮਾ ਸਿੰਘ ਪਮਾਰ)**

ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਮਾਨਸਾ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਨਾ ਕਰਨ ਤੇ ਬਜਟ ਮੁਲਾਜ਼ਮ ਵਿਰੋਧੀ ਹੋਣ ਕਾਰਨ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਬੋਲਦਿਆਂ ਜ਼ਿਲ੍ਹਾ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਮੁਲਾਜ਼ਮਾਂ ਨੂੰ ਇਸ ਬਜਟ ਵਿੱਚ ਖਾਲੀ ਠੂਠਾ ਦਿਖਾ ਕੇ ਮੁਲਾਜ਼ਮ ਵਿਰੋਧੀ ਹੋਣ ਦਾ ਪੱਕਾ ਸਬੂਤ ਦੇ ਦਿੱਤਾ ਹੈ, ਜੋ ਕਿ ਅਤਿ ਨਿੰਦਣਯੋਗ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਸਰਕਾਰ ਨੇ ਮੁਲਾਜ਼ਮਾਂ ਨਾਲ ਸਰਕਾਰ ਬਣਨ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਜੇਕਰ ਸਰਕਾਰ ਬਣੀ ਤਾਂ ਮੁਲਾਜ਼ਮਾਂ ਦੀ ਚਿਰੋਕਣੀ ਮੰਗ ਪੁਰਾਣੀ ਪੈਨਸ਼ਨ ਬਹਾਲ ਕਰਾਂਗੇ। ਇਸ ਸਬੰਧੀ ਸਰਕਾਰ ਵੱਲੋਂ ਝੂਠੇ ਨੋਟੀਫਿਕੇਸ਼ਨ ਜਾਰੀ ਕਰਕੇ ਪੜ੍ਹੇ ਲਿਖੇ ਮੁਲਾਜ਼ਮ ਵਰਗ ਨੂੰ ਬੁੱਧੂ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਜਿਹੇ ਨੋਟੀਫਿਕੇਸ਼ਨ ਸਿਰਫ ਰੱਦੀ ਦਾ ਢੇਰ ਹੀ ਸਾਬਿਤ ਹੋਏ ਹਨ। ਇਸ ਦਾ ਖਮਿਆਜ਼ਾ ਪੰਜਾਬ ਸਰਕਾਰ ਨੂੰ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਸਰਕਾਰ ਨੂੰ ਭੁਗਤਣਾ ਪਵੇਗ। ਆਗੂਆਂ ਬੇਅੰਤ ਸਿੰਘ ਰੜ, ਇਕਬਾਲ ਉੱਭਾ, ਹਰਦੀਪ ਸਿੱਧੂ, ਅਮਰਿੰਦਰ ਸਿੰਘ ਕਿ ਸਰਕਾਰ ਨੇ ਅਜਿਹਾ ਕਰਕੇ ਮੁਲਾਜ਼ਮਾਂ ਨਾਲ ਮਜ਼ਾਕ ਕੀਤਾ ਹੈ। ਇਸ ਮੌਕੇ ਮੁਲਾਜ਼ਮ ਵਿਰੋਧੀ ਬਜਟ ਦੀਆਂ ਕਾਪੀਆਂ ਸਾੜ ਕੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ।

ਇਸ ਰੋਸ ਪ੍ਰਦਰਸ਼ਨ ਵਿੱਚ ਜਗਮੋਹਨ ਸਿੰਘ, ਸੰਜੀਤ ਸਿੰਘ, ਜਸਵਿੰਦਰ ਸਿੰਘ, ਗੁਰਦੀਪ ਸਿੰਘ, ਅਸਵਿੰਦਰ ਸਿੰਘ, ਕਮਲਦੀਪ ਸਿੰਘ, ਬੂਟਾ ਸਿੰਘ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਸਿੰਘ, ਹਰਦੇਵ ਸਿੰਘ, ਪਰਵਿੰਦਰ ਸਿੰਘ, ਬਲਵਿੰਦਰ ਕੌਰ, ਸੁਖਦੀਪ ਕੌਰ, ਸੁਖਵਿੰਦਰ ਕੌਰ, ਦਵਿੰਦਰ ਸਿੰਘ, ਸੁਖਵੀਰ ਕੌਰ, ਰਾਜਵੰਤ ਸਿੰਘ, ਤਜਿੰਦਰ ਸਿੰਘ, ਇਕਬਾਲ ਸਿੰਘ, ਸੁਖਵਿੰਦਰ ਸਿੰਘ, ਕਿਰਨਪਾਲ ਕੌਰ, ਰੇਨੂੰ ਬਾਲਾ, ਲਖਵੀਰ ਕੌਰ, ਜਸਵਿੰਦਰ ਕੌਰ, ਪਰਮਜੀਤ ਕੌਰ, ਅਨੀਤਾ ਰਾਣੀ, ਵੀਰਪਾਲ ਕੌਰ, ਮੋਨਿਕਾ ਰਾਣੀ, ਸਿਮਰਜੀਤ ਕੌਰ, ਮਨਜੀਤ ਕੌਰ, ਦਵਿੰਦਰ ਕੁਮਾਰ, ਸਤੀਸ਼ ਗਰਗ, ਪ੍ਰਕਾਸ਼ ਕੌਰ, ਵੀਰਪਾਲ ਕੌਰ, ਅਰਸ਼ਦੀਪ ਕੌਰ ਆਦਿ ਆਗੂ ਹਾਜ਼ਰ ਸਨ।

# ਵਿਧਾਨ ਸਭਾ 'ਚ ਦਲਿਤ ਸਮਾਜ ਦੇ ਅਪਮਾਨ ਖ਼ਿਲਾਫ਼ ਰਾਜਨੀਤਕ ਦਲਾਂ ਦੀ ਚੁੱਪ ਮੰਦਭਾਗੀ : ਸਮਾਓਂ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਲਿਤ ਸਮਾਜ ਵਿਰੁੱਧ ਕੀਤੀ ਟਿੱਪਣੀ ਦਾ ਕਿਸੇ ਵੀ ਰਾਜਨੀਤਕ ਦਲ ਵੱਲੋਂ ਵਿਰੋਧ ਨਾ ਕਰਨਾ ਸਗੋਂ ਬਿਲਕੁਲ ਹੀ ਚੁੱਪ ਵੱਟਣਾ ਬਹੁਤ ਹੀ ਮੰਦਭਾਗਾ ਅਤੇ ਚਿੰਤਾਜਨਕ ਹੈ।

ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਰੀਆਂ ਹੀ ਪਾਰਟੀਆਂ ਦਰਦ ਵਿਰੋਧੀ ਹਨ।ਇਹ ਦੋਸ਼ ਇਥੇ 17 ਮਾਰਚ ਨੂੰ ਮੁੱਖ ਮੰਤਰੀ ਦੀ ਮੰਤਰੀ ਦੀ ਸੰਗਰੂਰ ਸਥਿਤ ਕੋਠੀ ਦੇ ਘਿਰਾਓ ਦੀ ਤਿਆਰੀ ਲਈ ਰੱਖੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਲਾਏ।

ਉਨ੍ਹਾ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਭਗਵੰਤ ਮਾਨ ਪਹਿਲਾ ਮੁੱਖ ਮੰਤਰੀ ਹੈ, ਜਿਸ ਨੇ ਵਿਧਾਨ ਸਭਾ ਅੰਦਰ ਦਲਿਤ ਸਮਾਜ ਨੂੰ ਅਪਮਾਨਤ ਕੀਤਾ ਹੋਵੇ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਦੇ ਇਸ ਘਟੀਆ ਕਾਰਨਾਮੇ ਬਾਰੇ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਦੇ ਵੀ ਧਿਆਨ ਵਿੱਚ ਲਿਆਂਦਾ ਗਿਆ ਹੈ, ਜਿਨ੍ਹਾਂ ਨੇ ਦਲਿਤ ਸਮਾਜ ਨੂੰ ਜਲਦੀ ਇਨਸਾਫ ਦੇਣ ਦਾ ਵਿਸ਼ਵਾਸ ਦਿੱਤਾ ਹੈ। ਉਨ੍ਹਾ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਵੋਟਾਂ ਮੰਗਣ ਆਏ ਆਪ ਲੀਡਰਾਂ ਨੂੰ ਦਲਿਤ ਸਮਾਜ ਜੁੱਤੀ ਦਿਖਾਵੇਗਾ ਤੇ ਸਰਕਾਰ ਬਣਨ ਤੋਂ ਹੁਣ ਤੱਕ ਦਲਿਤਾਂ ਮਜ਼ਦੂਰਾਂ ਦਾ ਕੁਝ ਵੀ ਨਾ ਕਰਨ ਸਬੰਧੀ ਸੱਥਾਂ ਵਿੱਚ ਸਵਾਲ ਪੁੱਛੇ ਜਾਣਗੇ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਖ਼ਿਲਾਫ਼ ਐੱਸ ਸੀ/ਐੱਸ ਟੀ ਐਕਟ ਤਹਿਤ ਪਰਚਾ ਦਰਜ ਕਰਵਾ ਕੇ ਹੀ ਦਮ ਲਵਾਂਗੇ।ਉਨ੍ਹਾਂ ਦਲਿਤ ਸਮਾਜ ਦੇ ਵਰਕਰਾਂ ਆਗੂਆਂ ਨੂੰ 17 ਮਾਰਚ ਨੂੰ ਮੁੱਖ ਮੰਤਰੀ ਦੀ ਕੋਠੀ ਅੱਗੇ ਸੰਗਰੂਰ ਪਹੁੰਚਣ ਦੀ ਜ਼ੋਰਦਾਰ ਅਪੀਲ ਵੀ ਕੀਤੀ।ਇਸ ਮੌਕੇ ਗੁਰਚਰਨ ਸਿੰਘ, ਜਗਦੇਵ ਸਿੰਘ, ਜਗਰਾਜ ਸਿੰਘ ਪੇਂਟਰ, ਬਿੱਕਰ ਸਿੰਘ ਸਤਾਰਾਂ ਆਦਿ ਮੌਜੂਦ ਸਨ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਬਿਜਲੀ ਅਧਿਕਾਰੀਆਂ ਦਾ ਘਿਰਾਓ

**ਮੂਨਕ (ਰਾਜਪਾਲ ਸਿੰਗਲਾ)**-ਨਜ਼ਦੀਕ ਪੈਂਦੇ ਪਿੰਡ ਸੰਗਤਪੁਰਾ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਪਿੰਡ ਇਕਾਈ ਦੇ ਪ੍ਰਧਾਨ ਦਰਸ਼ਨ ਸਿੰਘ ਸੰਗਤਪੁਰਾ ਦੀ ਅਗਵਾਈ ਹੇਠ ਬਿਜਲੀ ਮਹਿਕਮੇ ਦੇ ਅਧਿਕਾਰੀਆਂ ਦਾ ਸ਼ਾਂਤਮਈ ਤਰੀਕੇ ਨਾਲ ਘਿਰਾਓ ਕੀਤਾ ਗਿਆ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪਿੰਡ ਇਕਾਈ ਮੈਂਬਰ ਦਰਸ਼ਨ ਸਿੰਘ, ਗੁਰਪ੍ਰੀਤ ਸਿੰਘ, ਗੁਰਜੰਟ ਸਿੰਘ, ਮੀਹਾਂ ਸਿੰਘ, ਬੰਤ ਸਿੰਘ ਤੇ ਸੈਂਕੜੇ ਪਿੰਡ ਵਾਸੀਆਂ, ਜਿਸ ਵਿੱਚ ਔਰਤਾਂ ਸ਼ਾਮਲ ਸਨ, ਨੇ ਦੱਸਿਆ ਕਿ ਅੱਜ ਸਾਡੇ ਪਿੰਡ ਸੰਗਤਪੁਰਾ ਵਿਖੇ ਸਵੇਰੇ ਤਕਰੀਬਨ 11 ਕੁ ਵਜੇ ਬਿਜਲੀ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਬਿਨਾਂ ਸੂਚਿਤ ਕੀਤੇ ਪਿੰਡ ਵਿੱਚ ਸੜੇ ਹੋਏ ਮੀਟਰਾਂ ਦੇ ਕੁਨੈਕਸ਼ਨ ਕੱਟਣ ਤੇ ਚਿੱਪ ਵਾਲੇ ਮੀਟਰ ਲਾਉਣ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਜਦੋਂ ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਇਕਾਈ ਮੈਂਬਰਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਵੱਲੋਂ ਪਿੰਡ ਵਾਸੀਆਂ ਦਾ ਇਕੱਠ ਕਰਕੇ ਬਿਜਲੀ ਮਹਿਕਮੇ ਦੇ ਅਧਿਕਾਰੀਆਂ ਦਾ ਸ਼ਾਂਤਮਈ ਤਰੀਕੇ ਨਾਲ ਘਿਰਾਓ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਜਦੋਂ ਮਹਿਕਮੇ ਦੇ ਐੱਸ ਡੀ ਓ ਜਗਦੀਪ ਸਿੰਘ ਤੇ ਜੇ ਈ ਭੁਪਿੰਦਰ ਸਿੰਘ ਦੇ ਇਸ ਮਾਮਲੇ ਸੰਬੰਧੀ ਸੋਮਵਾਰ ਨੂੰ ਐਕਸੀਆਨ ਸਾਹਿਬ ਨਾਲ ਬਲਾਕ ਆਗੂਆਂ ਦੀ ਮੀਟਿੰਗ ਕਰਵਾਉਣ ਦੇ ਭਰੋਸਾ ਦੇਣ ਤੋਂ ਬਾਅਦ ਘਿਰਾਓ ਛੱਡ ਦਿੱਤਾ ਗਿਆ।

ਪਿੰਡ ਵਾਸੀਆਂ ਦੀ ਮੰਗ ਹੈ ਕਿ ਸੜੇ ਹੋਏ ਮੀਟਰਾਂ ਦੀ ਪਾਈ ਜਾ ਰਹੀ ਬੇਲੋੜੀ ਐਵਰੇਜ ਨੂੰ ਬੰਦ ਕੀਤਾ ਜਾਵੇ। ਚਿੱਪ ਵਾਲੇ ਮੀਟਰ ਨਾ ਲਾਏ ਜਾਣ। ਇਸ ਮੌਕੇ ਬਲਾਕ ਆਗੂ ਸੂਬਾ ਸਿੰਘ ਸੰਗਤਪੁਰਾ, ਬਿੰਦਰ ਸਿੰਘ ਖੋਖਰ ਹਾਜ਼ਰ ਸਨ।



# ਸ਼ਹੀਦ ਬਾਬਾ ਤੇਗਾ ਸਿੰਘ ਤੇ ਬਾਬਾ ਨਛੱਤਰ ਸਿੰਘ ਦੀ ਯਾਦ ਨੂੰ ਸਮਰਪਤ ਸਾਲਾਨਾ ਸਮਾਗਮ ਅੱਜ





**ਬਾਘਾ ਪੁਰਾਣਾ (ਮਨੀ ਸਿੰਗਲਾ)**-ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ (ਤਪ ਅਸਥਾਨ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ (ਮੋਗਾ) ਵਿਖੇ ਸ਼ਹੀਦ ਬਾਬਾ ਤੇਗਾ ਸਿੰਘ ਜੀ ਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਯਾਦ ਨੂੰ ਸਮਰਪਤ ਸਾਲਾਨਾ ਸਮਾਗਮ ਅੱਜ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਸ਼ਰਧਾਲੂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਵੱਡੇ ਪੱਧਰ 'ਤੇ ਦੇਸ਼-ਵਿਦੇਸ਼ ਤੋਂ ਸੰਗਤਾਂ ਸ਼ਰਧਾਪੂਰਵਕ ਨਤਮਸਤਕ ਹੁੰਦੀਆਂ ਹਨ। ਸੰਤ ਬਾਬਾ ਨਛੱਤਰ ਸਿੰਘ ਜੋ ਕਿ ਪਿੰਡ ਚੰਦ ਪੁਰਾਣਾ ਦੇ ਜੰਮਪਲ ਸਨ, ਉਨ੍ਹਾਂ ਵੱਲੋਂ ਸੰਨ 1994 ਤੋਂ 18 ਜੂਨ 2011 ਤੱਕ ਇਸ ਗੁਰਦੁਆਰਾ ਸਾਹਿਬ ਦੀ ਸੇਵਾ ਕੀਤੀ ਗਈ। ਉਨ੍ਹਾਂ ਦੇ ਪ੍ਰਲੋਕ ਗਮਨ ਕਰਨ ਉਪਰੰਤ ਉਨ੍ਹਾਂ ਦੇ ਛੋਟੇ ਭਰਾਤਾ ਸੰਤ ਗੁਰਦੀਪ ਸਿੰਘ ਵੱਲੋਂ ਇਸ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਕੀਤੀ ਜਾ ਰਹੀ ਹੈ। ਇਸ ਅਸਥਾਨ ਉੱਪਰ ਅੱਜ ਜੋੜ ਮੇਲੇ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠਾਂ ਦੀ ਲੜੀ ਦੀ ਸੰਪੂਰਨਤਾ ਦੇ ਭੋਗ ਪਾਉਣ ਉਪਰੰਤ ਸਵੇਰੇ 9 ਤੋਂ ਸ਼ਾਮ ਦੇ 4 ਵਜੇ ਤੱਕ ਭਾਰੀ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਉੱਚ-ਕੋਟਿ ਦੇ ਕਥਾਵਾਚਕ, ਸੰਤ ਮਹਾਂਪੁਰਖ, ਰਾਗੀ ਜਥੇ ਤੇ ਢਾਡੀ ਜਥੇ ਗੁਰਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਸਾਲਾਨਾ ਸਮਾਗਮ ਸਬੰਧੀ ਤਿਆਰੀਆਂ ਵੱਡੇ ਪੱਧਰ 'ਤੇ ਕੀਤੀਆਂ ਗਈਆਂ ਹਨ ਤੇ ਲੱਖਾਂ ਦੀ ਗਿਣਤੀ ਵਿੱਚ ਪਹੁੰਚ ਰਹੀ ਸੰਗਤ ਲਈ ਹਰੇਕ ਪ੍ਰਕਾਰ ਦੇ ਪ੍ਰਬੰਧ ਮੁਕੰਮਲ ਹਨ।

## ਕਾਤਰਾਂ

### ਹਾਕਮ ਬਖਤੜੀ ਵਾਲਾ ਅੱਜ ਧੂਰੀ 'ਚ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬੀ ਦੋਗਾਣਾ ਗਾਇਕ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਅਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਾਕਮ ਬੱਖਤੜੀ ਵਾਲਾ 17 ਮਾਰਚ ਨੂੰ ਧੂਰੀ ਪਹੁੰਚਣਗੇ। ਉਨ੍ਹਾ ਦੱਸਿਆ ਕਿ ਉਹ 168 ਡੀ ਪੀ ਈ ਅਧਿਆਪਕਾਂ ਦੇ ਸੰਘਰਸ਼ ਵਿੱਚ ਸ਼ਿਰਕਤ ਕਰਦਿਆਂ ਪੂਰਨ ਸਮਰਥਨ ਦਾ ਐਲਾਨ ਕਰਨਗੇ। ਉਪਰੰਤ ਪੱਤਰਕਾਰਾਂ ਨਾਲ ਮੁਖਾਤਿਬ ਹੁੰਦਿਆਂ ਆਪਣੀ ਚੋਣਾਂ ਬਾਰੇ ਅਗਲੀ ਰਣਨੀਤੀ ਦੱਸਣਗੇ।

### ਲਾਪਤਾ ਬੱਚੇ ਲੱਭ ਕੇ ਵਾਰਸਾਂ ਸਪੁਰਦ ਕੀਤੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਰਾਮਪੁਰਾ ਦੇ ਏਰੀਆ ਵਿੱਚੋਂ ਦੋ ਬੱਚੇ ਮੁਨਤਾਜ ਸਿੰਘ ਉਰਫ ਨੈਤਿਕ ਪੁੱਤਰ ਹਰਦੀਪ ਸਿੰਘ ਤੇ ਜਸਪ੍ਰੀਤ ਸਿੰਘ ਪੁੱਤਰ ਜੈਮਲ ਸਿੰਘ ਵਾਸੀਆਨ ਦਸਮੇਸ਼ ਨਗਰ ਘਰੋਂ ਚਲੇ ਗਏ ਸਨ ਤੇ ਇਨ੍ਹਾਂ ਦੇ ਘਰਦਿਆਂ ਨੇ ਸਾਨੂੰ ਕੱਲ੍ਹ ਸ਼ਾਮ ਨੂੰ ਇਤਲਾਹ ਦਿੱਤੀ ਸੀ। ਇਤਲਾਹ 'ਤੇ ਤੁਰੰਤ ਕੰਮ ਕਰਦਿਆਂ ਹੋਇਆਂ ਅੱਜ ਸ਼ਾਮ ਇਹ ਦੋਨੇ ਬੱਚੇ ਸਹੀ ਸਲਾਮਤ ਰਿਕਵਰ ਕਰ ਲਏ ਗਏ ਹਨ ਅਤੇ ਮਾਪਿਆਂ ਦੇ ਹਵਾਲੇ ਕਰ ਦਿੱਤੇ ਗਏ ਹਨ। ਇਨ੍ਹਾਂ ਦੋਨਾਂ ਬੱਚਿਆਂ ਦੀ ਉਮਰ ਕਰੀਬ 13 ਸਾਲ ਹੈ। ਇਸ ਦੀ ਜਾਣਕਾਰੀ ਰਜੇਸ਼ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਰਾਮਪੁਰਾ ਵੱਲੋਂ ਪ੍ਰੈੱਸ ਨਾਲ ਸਾਂਝੀ ਕੀਤੀ ਗਈ ਹੈ।

### ਉੱਚੀ ਅਵਾਜ਼ 'ਚ ਲਾਊਡ ਸਪੀਕਰ ਤੇ ਡੀ ਜੇ ਚਲਾਉਣ 'ਤੇ ਪਾਬੰਦੀ

**ਸ੍ਰੀ ਮੁਕਤਸਰ ਸਾਹਿਬ (ਪੂਜਾ, ਸ਼ਮਿੰਦਰਪਾਲ, ਪਰਮਜੀਤ ਸਿੰਘ)**-ਸ੍ਰੀ ਹਰਪ੍ਰੀਤ ਸਿੰਘ ਸੂਦਨ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਨੇ ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਤੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਦੀ ਹਦੂਦ ਵਿੱਚ ਸਰਕਾਰੀ ਤੇ ਗੈਰ-ਸਰਕਾਰੀ ਇਮਾਰਤਾਂ/ਥਾਵਾਂ, ਸਿਨੇਮਿਆਂ/ਮੈਰਿਜ ਪੈਲਸਾਂ ਤੇ ਧਾਰਮਿਕ ਸੰਸਥਾਵਾਂ 'ਚ ਆਮ ਤੌਰ 'ਤੇ ਉੱਚੀ ਆਵਾਜ਼ ਤੇ ਧਮਕ ਪੈਦਾ ਕਰਨ ਵਾਲੇ ਮਿਊਜ਼ਕ/ਲਾਊਡ ਸਪੀਕਰ/ਡੀ ਜੇ ਚਲਾਏ ਜਾਣ ਤੇ ਗੱਡੀਆਂ ਵਿੱਚ ਪ੍ਰੈਸ਼ਰ ਹਾਰਨ ਲਗਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 30 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

### ਅੱਜ ਬਿਜਲੀ ਬੰਦ ਰਹੇਗੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਾਵਰਕਾਮ ਉੱਪ-ਮੰਡਲ ਦਿਹਾਤੀ ਧੂਰੀ ਦੇ ਐੱਸ.ਡੀ.ਓ. ਪੁਸ਼ਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 17 ਮਾਰਚ ਨੂੰ 66 ਕੇ. ਵੀ. ਗਰਿੱਡ ਬੇਨੜਾ ਹੇਠ ਚਲਦੇ ਪਿੰਡ ਬੇਨੜਾ, ਧੂਰਾ, ਮਾਨਵਾਲਾ ਤੇ ਹਰਚੰਦਪੁਰ ਦੀ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਜ਼ਰੂਰੀ ਮੁਰੰਮਤ ਕਾਰਨ ਬੰਦ ਰਹੇਗੀ।

### ਕੌਂਸਲਰ ਪੁਸ਼ਪਿੰਦਰ ਸ਼ਰਮਾ ਟਰੇਡ ਵਿੰਗ ਦੇ ਕੋਆਡੀਨੇਟਰ ਨਿਯੁਕਤ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਕੌਂਸਲਰ ਤੇ ਆਮ ਆਦਮੀ ਪਾਰਟੀ ਦੇ ਆਗੂ ਪੁਸ਼ਪਿੰਦਰ ਸ਼ਰਮਾ ਨੂੰ ਆਮ ਆਦਮੀ ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਟਰੇਡ ਵਿੰਗ ਦਾ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਆਪਣੀ ਨਿਯੁਕਤੀ 'ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਤੇ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਅਮ੍ਰਿਤ ਬਰਾੜ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ, ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਉਣਗੇ ਅਤੇ ਪਾਰਟੀ ਨੂੰ ਹੋਰ ਵੀ ਮਜ਼ਬੂਤ ਕਰਨਗੇ।

### ਅਫ਼ੀਮ, ਡਰੱਗ ਮਨੀ ਤੇ ਅਸਲੇ ਸਣੇ 2 ਨਸ਼ਾ ਤਸਕਰ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ ਆਈ ਏ ਸਟਾਫ਼ ਨੇ 2 ਅਫ਼ੀਮ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ।ਮੁਲਜ਼ਮਾਂ ਕੋਲੋਂ 100 ਗ੍ਰਾਮ ਅਫ਼ੀਮ, 7 ਲੱਖ ਰੁਪਏ ਦੀ ਡਰੱਗ ਮਨੀ, 1 ਪਿਸਤੌਲ ਸੀ.ਐੱਲ.ਐੱਲ. 30, 1 ਮੈਗਜ਼ੀਨ, 2 ਜ਼ਿੰਦਾ ਕਾਰਤੂਸ ਤੇ ਇੱਕ ਆਈ-20 ਕਾਰ ਬਰਾਮਦ ਕੀਤੀ ਗਈ ਹੈ।ਇਸ ਸਬੰਧੀ ਥਾਣਾ ਸਦਰ ਫ਼ਿਰੋਜ਼ਪੁਰ ਵਿਖੇ ਐਨਡੀਪੀਐੱਸ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁੱਛਗਿੱਛ ਲਈ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਸੀ.ਆਈ.ਏ. ਸਟਾਫ਼ ਦੇ ਐੱਸ ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਸਰਹੱਦੀ ਪਿੰਡ ਝੁੱਗੇ ਹਜ਼ਾਰਾ ਸਿੰਘ ਨੇੜੇ ਮੌਜੂਦ ਸਨ ਤਾਂ ਉਥੋਂ ਲੰਘ ਰਹੀ ਇੱਕ ਕਾਰ, ਜਿਸ ਦਾ ਨੰਬਰ ਪੀ.ਬੀ.05 ਏ. ਕਿਊ. 6787 ਸੀ, ਨੂੰ ਰੋਕਿਆ ਤਾਂ ਉਸ ਵਿੱਚ ਦੋ ਨੌਜਵਾਨ ਬੈਠੇ ਸਨ ਤੇ ਕਾਰ ਛਾਪੇਮਾਰੀ ਦੌਰਾਨ 100 ਗ੍ਰਾਮ ਅਫ਼ੀਮ, 7 ਲੱਖ ਰੁਪਏ ਦੀ ਡਰੱਗ ਮਨੀ, 1 ਪਿਸਤੌਲ ਸੀ.ਐੱਲ.30, 1 ਮੈਗਜ਼ੀਨ, 2 ਜ਼ਿੰਦਾ ਕਾਰਤੂਸ ਬਰਾਮਦ ਹੋਏ।ਪੁੱਛਗਿੱਛ ਦੌਰਾਨ ਮੁਲਜ਼ਮ ਨੇ ਆਪਣਾ ਨਾਂ ਗੁਰਚਰਨ ਸਿੰਘ ਉਰਫ ਚੰਨੀ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਝੁੱਗੇ ਹਜ਼ਾਰਾ ਸਿੰਘਵਾਲਾ ਤੇ ਬੂਟਾ ਸਿੰਘ ਪੁੱਤਰ ਜੈਲਾ ਸਿੰਘ ਵਾਸੀ ਪਿੰਡ ਦੁੱਲੇਕੇ ਨੱਥੂਵਾਲਾ ਫ਼ਿਰੋਜ਼ਪੁਰ ਦੱਸਿਆ।ਇਹ ਬਰਾਮਦਗੀ ਨਿਸ਼ਚਿਤ ਤੌਰ 'ਤੇ ਸੀਆਈਏ ਸਟਾਫ ਲਈ ਇੱਕ ਵੱਡੀ ਸਫਲਤਾ ਹੈ।

# ਸੇਵਾ-ਮੁਕਤ ਸੀਨੀਅਰ ਸਹਾਇਕ ਵੀਨਾ ਕੁਮਾਰੀ ਦਾ ਦੇਹਾਂਤ

**ਪਟਿਆਲਾ (ਨ ਜ਼ ਸ)**-ਲੋਕ ਸੰਪਰਕ ਦਫ਼ਤਰ ਦੀ ਸੇਵਾ ਮੁਕਤ ਸੀਨੀਅਰ ਸਹਾਇਕ ਵੀਨਾ ਕੁਮਾਰੀ ਦਿਲ ਦਾ ਦੌਰਾ ਪੈਣ ਨਾਲ ਸਵਰਗ ਸਿਧਾਰ ਗਏ। ਉਹ 66 ਸਾਲ ਦੇ ਸਨ। ਵੀਨਾ ਕੁਮਾਰੀ ਬਹੁਤ ਕਾਬਲ ਤੇ ਮਿਹਨਤੀ ਸਹਾਇਕ ਸਨ, ਜਿਹੜੇ ਚੰਡੀਗੜ੍ਹ ਤੇ ਪਟਿਆਲਾ ਵਿਖੇ ਨੌਕਰੀ ਕਰਦੇ ਰਹੇ। ਵੀਨਾ ਕੁਮਾਰੀ ਆਪਣੇ ਪਿੱਛੇ ਬਜ਼ੁਰਗ ਮਾਤਾ ਤੇ ਤਿੰਨ ਭਰਾਵਾਂ ਨੂੰ ਛੱਡ ਗਏ ਹਨ।



ਉਨ੍ਹਾਂ ਦਾ ਅੰਤਮ ਸਸਕਾਰ ਪੂਰੀਆਂ ਧਾਰਮਿਕ ਰਵਾਇਤਾਂ ਅਨੁਸਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਉਸ ਦੇ ਭਰਾ ਨੇ ਅਗਨੀ ਵਿਖਾਈ। ਸਸਕਾਰ ਸਮੇਂ ਈਸ਼ਵਿੰਦਰ ਸਿੰਘ ਗਰੇਵਾਲ ਡਿਪਟੀ ਡਾਇਰੈਕਟਰ, ਉਜਾਗਰ ਸਿੰਘ ਤੇ ਕੁਲਜੀਤ ਸਿੰਘ ਸੇਵਾ ਮੁਕਤ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ, ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਕੌਰ ਸੋਢੀ ਤੇ ਦੀਪਕ ਕਪੂਰ ਸਹਾਇਕ ਲੋਕ ਸੰਪਰਕ ਅਧਿਕਾਰੀ, ਦਲਜੀਤ ਸਿੰਘ ਸੁਪਰਡੈਂਟ, ਅਮਰਜੀਤ ਸਿੰਘ, ਅਮਨਦੀਪ ਕੌਰ, ਸੁਚੇਤਾ ਜੋਸ਼ੀ ਤੇ ਸਰਬਜੀਤ ਕੌਰ ਸਾਰੇ ਸਹਾਇਕ, ਸਮਰਿਤੀ, ਗੁਰਪ੍ਰਤਾਪ ਸਿੰਘ ਜੀ.ਪੀ, ਬਲਜਿੰਦਰ ਸਿੰਘ, ਬਿਮਲ ਚਕੋਤਰਾ, ਜੀ. ਆਰ. ਕੁਮਰਾ ਆਦਿ ਮੌਜੂਦ ਸਨ, ਉਨ੍ਹਾਂ ਵੀਨਾ ਕੁਮਾਰੀ ਦੀ ਮੌਤ 'ਤੇ ਪਰਿਵਾਰ ਨਾਲ ਅਫਸੋਸ ਪ੍ਰਗਟ ਕੀਤਾ। ਇਸ ਤੋਂ ਇਲਾਵਾ ਐੱਸ.ਪੀ.ਐੱਸ. ਵਰਮਾ ਐਡਵੋਕੇਟ, ਨਰਿੰਦਰ ਲਾਲੀ ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਸ਼ਹਿਰੀ, ਅਨੁਜ ਤ੍ਰਿਵੇਦੀ ਐੱਮ.ਸੀ.ਵੀ. ਸਸਕਾਰ 'ਤੇ ਮੌਜੂਦ ਸਨ।

# ਇਲੈਕਟ੍ਰੋ ਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ

**ਮੋਗਾ (ਇਕਬਾਲ ਸਿੰਘ ਖਹਿਰਾ)**

ਇਲੈਕਟ੍ਰੋਹੋਮਿਉਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਮਾਰਚ ਮਹੀਨੇ ਦੀ ਮੀਟਿੰਗ ਚੋਖਾ ਅੰਪਾਇਰ ਮੋਗਾ ਵਿਖੇ ਹੋਈ। ਇਸ ਮੀਟਿੰਗ ਦੌਰਾਨ ਪੰਜਾਬ ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ, ਹਿਮਾਚਲ ਤੋਂ 100 ਤੋਂ ਵਧੇਰੇ ਡਾਕਟਰਾਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦੀ ਅਗਾਜ਼ ਡਾ. ਪਰਮਿੰਦਰ ਕੁਮਾਰ ਪਾਠਕ ਵੱਲੋਂ ਸੀ-1 ਦਵਾਈ ਦੀ ਵਿਸਥਾਰਪੂਰਵਕ ਜਾਣਕਾਰੀ ਨਾਲ ਕੀਤਾ। ਇਸ ਮੀਟਿੰਗ ਵਿੱਚ ਡਾ. ਜਗਤਾਰ ਸਿੰਘ ਸੇਖੋਂ ਨੇ ਵੈਰੀਕੋਸ ਵੇਨ ਰੋਗ ਦੇ ਸਬੰਧਤ ਇਲਾਜ 'ਤੇ ਚਾਨਣਾ ਪਾਇਆ। ਡਾ. ਰਾਜੇਸ਼ ਕੁਮਾਰ ਸਿਰਸਾ ਨੇ ਬਵਾਸੀਰ ਦੇ ਰੋਗ ਦੇ ਕਾਰਨ ਤੇ ਇਲਾਜ ਸਬੰਧੀ ਦੱਸਿਆ।

ਡਾ. ਜਗਪ੍ਰੀਤ ਸਿੰਘ ਖੋਖਰ ਵੱਲੋਂ ਮੈਟਾਬੋਲਿਜ਼ਮ ਸਬੰਧੀ ਜਾਣਕਾਰੀ ਦਿੱਤੀ। ਇਸ ਸਮੇਂ ਅਮਨ ਗਿੱਦੜਬਾਹਾ ਵੱਖ ਵੱਖ ਰੋਗਾਂ, ਡਾ. ਕੁਲਦੀਪ ਸਿੰਘ ਲੰਡੇਕੇ ਛਾਤੀ ਦੇ ਰੋਗ, ਡਾ. ਅਵਤਾਰ ਸਿੰਘ ਦੇਵਗਨ ਬੁਖਾਰ ਤੇ ਖੰਘ-ਜ਼ੁਕਾਮ, ਡਾ. ਸ਼ਮਸ਼ੇਰ ਸਿੰਘ ਸਿੱਧੂ ਸੀ.ਆਰ.ਪੀ ਤੇ ਵਾਈਟ ਸੈੱਲਾਂ ਦਾ ਵਧ ਜਾਣਾ, ਡਾ. ਸ਼ਹਿਬਾਜ ਹੁਸੈਨ ਚਮੜੀ ਰੋਗ, ਡਾ. ਰਾਜ ਕੁਮਾਰ ਨੇ ਸਿੱਲਾਂ ਦਾ ਘਟ ਜਾਣਾ, ਡਾ. ਸਰਬਜਿੰਦਰ ਸਿੰਘ ਥਾਈਰਡ, ਡਾ. ਬੀ ਐੱਸ ਨਾਮਧਾਰੀ ਤੇ ਡਾ. ਹਰਦੀਪ ਸਿੰਘ ਵੱਲੋਂ ਅੱਖਾਂ ਦੇ ਰੋਗਾਂ, ਡਾ. ਕੇਵਲ ਕ੍ਰਿਸ਼ਨ ਭੁੱਕਲ ਤੇ ਡਾ. ਮਨਜੀਤ ਸਿੰਘ ਸੱਗੂ ਵੱਲੋਂ ਸ਼ੂਗਰ ਰੋਗ ਦੇ ਸਬੰਧੀ ਆਪਣਾ-ਆਪਣਾ ਤਜਰਬਾ ਸਾਂਝਾ ਕੀਤਾ। ਡਾ. ਉਂਕਾਰ ਸਿੰਘ ਨੇ ਇਲੈਕਟ੍ਰੋਹੋਮਿਓਪੈਥਿਕ ਦਵਾਈਆਂ ਦੀ ਸਾਭ ਸੰਭਾਲ ਕਰਨ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਅਖੀਰ ਵਿੱਚ ਡਾ. ਜਗਮੋਹਨ ਸਿੰਘ ਨੇ ਆਏ ਹੋਏ ਡਾਕਟਰ ਸਾਹਿਬਾਨਾਂ ਦਾ ਧੰਨਵਾਦ ਕੀਤਾ। ਇਸ ਮੀਟਿੰਗ ਵਿੱਚ ਉਪਰੋਕਤ ਡਾਕਟਰਾਂ ਤੋਂ ਇਲਾਵਾ ਡਾ. ਕਮਲਜੀਤ ਕੌਰ ਸੇਖੋਂ, ਡਾ. ਸਰਬਜੀਤ ਸਿੰਘ, ਡਾ. ਪ੍ਰਦੀਪ ਸਿੰਘ, ਡਾ. ਹਰੀਸ਼, ਡਾ. ਸਤਾਰ ਮੁਹੰਮਦ, ਡਾ. ਚਮਕੌਰ ਸਿੰਘ, ਡਾ. ਗੁਰਮੀਤ ਸਿੰਘ, ਡਾ. ਸੰਜੀਵ ਜੁਨੇਜਾ, ਡਾ. ਨਿਰਮਲਜੀਤ ਸਿੰਘ, ਡਾ. ਸੁਰੇਸ਼ ਸ਼ਰਮਾ, ਡਾ. ਦਵਿੰਦਰ ਸਿੰਘ, ਡਾ. ਹਰਿੰਦਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਐੱਸ ਕੇ ਕਟਾਰੀਆ ਬਠਿੰਡਾ, ਡਾ. ਜਸਵੀਰ ਕੌਰ, ਡਾ. ਅਰਚਨਾ ਸ਼ਰਮਾ, ਡਾ. ਮੋਨਿਕਾ ਡਾ. ਕੁਲਵਿੰਦਰ, ਡਾ. ਨਵਪ੍ਰੀਤ ਸ਼ਰਮਾ, ਡਾ. ਰਮੇਸ਼ ਸ਼ਰਮਾ, ਡਾ. ਦੀਪਕ ਅਰੋੜਾ, ਡਾ. ਮੁਕੇਸ਼, ਡਾ. ਕੁਲਦੀਪ ਸਿੰਘ ਭੁੱਲਰ, ਡਾ. ਬਲਜਿੰਦਰ ਸਿੰਘ, ਡਾ. ਜਗਸੀਰ ਸਿੰਘ, ਡਾ. ਨਵਦੀਪ ਸਿੰਘ, ਡਾ. ਦਵਿੰਦਰ ਕੁਮਾਰ ਖੁਰਾਣਾ, ਡਾ. ਸਤਪਾਲ ਮੌਰੀਆ, ਡਾ. ਸੁਖਵਿੰਦਰ ਸਿੰਘ, ਡਾ. ਜਗਜੀਤ ਸਿੰਘ, ਡਾ. ਸੁਰਿੰਦਰ ਕੁਮਾਰ, ਡਾ. ਸਤੀਸ਼ ਕੁਮਾਰ, ਡਾ. ਕੁਲਦੀਪ ਸਿੰਘ, ਡਾ. ਮਨਦੀਪ ਸਿੰਘ, ਡਾ. ਕੁਲਦੀਪ ਸ਼ਰਮਾ, ਡਾ. ਜਸਮੀਤ ਸਿੰਘ, ਡਾ. ਮਨਦੀਪ ਸਿੰਘ, ਡਾ. ਸੁਸ਼ੀਲ ਕੁਮਾਰ, ਡਾ. ਹਰੀਸ਼ ਚੰਦਰ, ਡਾ. ਅਜੇ ਕੁਮਾਰ, ਡਾ. ਨਵਪ੍ਰੀਤ ਸ਼ਰਮਾ, ਡਾ. ਕੁਲਦੀਪ, ਸਿੰਘ, ਡਾ. ਨਵਦੀਪ ਕੌਰ ਧੀਮਾਨ ਆਦਿ ਹਾਜ਼ਰ ਸਨ।



ਮੀਟਿੰਗ 'ਚ ਨਵੇਂ ਸ਼ਾਮਲ ਹੋਏ ਡਾਕਟਰਾਂ ਦਾ ਸਨਮਾਨ ਕਰਦੇ ਡਾ. ਜਗਤਾਰ ਸਿੰਘ ਸੇਖੋਂ, ਪ੍ਰਧਾਨ ਡਾ. ਜਗਮੋਹਨ ਸਿੰਘ ਤੇ ਡਾ. ਕਮਲਜੀਤ ਕੌਰ।

# ਭਲਕੇ ਫਰੀਦਕੋਟ 'ਚ ਹੋਵੇਗੀ ਕਰਜ਼ਾ ਮੁਕਤੀ ਰੈਲੀ, ਏਟਕ ਦੇ ਸੂਬਾਈ ਆਗੂ ਕਰਨਗੇ ਸੰਬੋਧਨ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

"ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦੇ ਚੱਲਦੇ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਮਾਮਲੇ ਤਾਂ ਆਮ ਚਰਚਾ ਵਿੱਚ ਆ ਰਹੇ ਹਨ, ਪਰ ਹੁਣ ਪ੍ਰਾਈਵੇਟ ਫਾਈਨੈਂਸ ਕੰਪਨੀਆਂ ਦੇ ਕਰਜ਼ੇ ਦੇ ਜਾਲ ਵਿੱਚ ਫਸੀਆਂ ਗਰੀਬ ਤੇ ਦਲਿਤ ਵਰਗ ਦੀਆਂ ਔਰਤਾਂ ਦੀ ਹਾਲਤ ਉਨ੍ਹਾਂ ਤੋਂ ਵੀ ਬਦਤਰ ਬਣ ਗਈ ਹੈ।" ਇਹ ਬਿਆਨ ਜਾਰੀ ਕਰਦੇ ਹੋਏ ਘਰੇਲੂ ਮਜ਼ਦੂਰ ਏਕਤਾ ਯੂਨੀਅਨ ਸਬੰਧਤ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਆਗੂਆਂ ਕਾਮਰੇਡ ਗੁਰਨਾਮ ਸਿੰਘ, ਚਰਨਜੀਤ ਸਿੰਘ ਚੰਬੇਲੀ, ਮੁਖਤਿਆਰ ਸਿੰਘ ਭਾਣਾ, ਗੁਰਚਰਨ ਸਿੰਘ ਮਾਨ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ ਤੇ ਏਟਕ ਆਗੂ ਅਸ਼ੋਕ ਕੌਸ਼ਲ ਨੇ ਦੱਸਿਆ ਕਿ ਇਨ੍ਹਾਂ ਮਜਬੂਰ ਔਰਤਾਂ ਦੇ ਕਰਜ਼ੇ ਮੁਆਫ ਕਰਨ ਦੀ ਮੰਗ ਨੂੰ ਲੈ ਕੇ ਜਥੇਬੰਦੀ ਵੱਲੋਂ 18 ਮਾਰਚ ਨੂੰ 11 ਵਜੇ ਮਿੰਨੀ ਸਕੱਤਰੇਤ ਫਰੀਦਕੋਟ ਵਿਖੇ ਇੱਕ ਵਿਸ਼ਾਲ ਰੈਲੀ ਕੀਤੀ ਜਾਵੇਗੀ। ਇਸ ਰੈਲੀ ਨੂੰ ਜ਼ਿਲ੍ਹੇ ਦੇ ਆਗੂਆਂ ਤੋਂ ਇਲਾਵਾ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਬੰਤ ਸਿੰਘ ਬਰਾੜ, ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ, ਸੀਨੀਅਰ ਆਗੂ ਕਾਮਰੇਡ ਅਮਰਜੀਤ ਸਿੰਘ ਆਸਲ ਤੇ ਬੀਬੀ ਦਸਵਿੰਦਰ ਕੌਰ ਅੰਮ੍ਰਿਤਸਰ ਵੀ ਸੰਬੋਧਨ ਕਰਨਗੇ। ਜਥੇਬੰਦੀ ਵੱਲੋਂ ਕਰਜ਼ਾ ਪੀੜਤ ਔਰਤਾਂ ਦੀਆਂ ਮੁੱਖ ਮੰਤਰੀ ਪੰਜਾਬ ਨੂੰ ਸੰਬੋਧਤ ਅਰਜ਼ੀਆਂ ਮੰਗ ਪੱਤਰ ਸਮੇਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਸੌਂਪੀਆਂ ਜਾਣਗੀਆਂ। ਮਜ਼ਦੂਰ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਵੱਖ-ਵੱਖ ਨਾਂਵਾਂ ਹੇਠ ਕਰਜ਼ੇ ਵੰਡਣ ਤੇ ਨਜਾਇਜ਼ ਢੰਗਾਂ ਨਾਲ ਉਗਰਾਹੀ ਕਰਨ ਵਾਲੀਆਂ ਇਨ੍ਹਾਂ ਕੰਪਨੀਆਂ ਦੇ ਕੰਮਕਾਜ ਦੀ ਪੜਤਾਲ ਕੀਤੀ ਜਾਵੇ। ਕਿਸ਼ਤ ਟੁੱਟਣ 'ਤੇ ਗਰੀਬਾਂ ਦੇ ਘਰਾਂ ਦਾ ਸਾਮਾਨ ਚੁੱਕਣ ਤੇ ਔਰਤਾਂ ਨਾਲ ਦੁਰਵਿਹਾਰ ਕਰਨ ਵਾਲੇ ਅਨਸਰਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕਾਮਰੇਡ ਵੀਰ ਸਿੰਘ ਕੰਮੇਆਣਾ, ਸੁਖਚੈਨ ਸਿੰਘ ਥਾਂਦੇਵਾਲਾ, ਭੋਲਾ ਸਿੰਘ ਭਾਣਾ, ਜਗਤਾਰ ਸਿੰਘ ਭਾਣਾ, ਲਖਵਿੰਦਰ ਸਿੰਘ ਕਾਬਲਵਾਲਾ ਤੇ ਸੁਖਦਰਸ਼ਨ ਸ਼ਰਮਾ ਔਲਖ ਨੇ ਵੀ ਔਰਤਾਂ ਦੇ ਗਰੁੱਪ ਲੋਨ ਮੁਆਫ਼ ਕਰਨ ਦੀ ਮੰਗ ਦੀ ਹਮਾਇਤ ਕੀਤੀ।



# ਲੋਕ ਸਭਾ ਚੋਣਾਂ ਲਈ ਕਾਂਗਰਸੀ ਆਗੂਆਂ ਤੇ ਵਰਕਰਾਂ ਦੇ ਹੌਸਲੇ ਬੁਲੰਦ : ਅਮਰ ਸਿੰਘ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਐੱਮ. ਪੀ. ਡਾ. ਅਮਰ ਸਿੰਘ ਨੇ ਕਿਹਾ ਕਿ ਕਾਂਗਰਸ ਇੱਕ ਸਮੁੰਦਰ ਹੈ ਤੇ ਜੇਕਰ ਇਸ ਨੂੰ 1-2 ਸਿਆਸੀ ਆਗੂ ਛੱਡ ਕੇ ਚਲੇ ਜਾਂਦੇ ਹਨ ਤਾਂ ਕੋਈ ਫ਼ਰਕ ਨਹੀਂ ਪੈਂਦਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਐੱਮ. ਪੀ. ਅਮਰ ਸਿੰਘ ਨੇ ਮਾਛੀਵਾੜਾ ਵਿਖੇ ਕੌਂਸਲਰ ਮਨਜੀਤ ਕੁਮਾਰੀ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਪੱਤਰਕਾਰਾਂ ਵੱਲੋਂ ਕਾਂਗਰਸ ਆਗੂ ਜੀ. ਪੀ. ਸਿੰਘ ਤੇ ਵਿਧਾਇਕ ਰਾਜ ਕੁਮਾਰ ਝੱਬੇਵਾਲ ਦੇ ਪਾਰਟੀ ਛੱਡ ਜਾਣ 'ਤੇ ਉਨ੍ਹਾ ਕਿਹਾ ਕਿ ਇਹ ਸਿਆਸਤ ਹੈ, ਇਸ ਵਿੱਚ ਉੱਥਲ-ਪੁੱਥਲ ਹੁੰਦੀ ਰਹਿੰਦੀ ਹੈ, ਪਰ ਕਾਂਗਰਸੀ ਵਰਕਰਾਂ ਦੇ ਹੌਸਲੇ ਪੂਰੀ ਤਰ੍ਹਾਂ ਬੁਲੰਦ ਹਨ ਤੇ ਲੋਕ ਸਭਾ ਚੋਣਾਂ ਪਾਰਟੀ ਉਮੀਦਵਾਰ ਸ਼ਾਨ ਨਾਲ ਜਿੱਤੇਗਾ। ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਪਾਰਟੀ ਵੱਲੋਂ ਹੋਰ ਨਵੇਂ ਉਮੀਦਵਾਰਾਂ ਵੱਲੋਂ ਸਰਗਰਮੀਆਂ ਸਬੰਧੀ ਐੱਮ. ਪੀ. ਅਮਰ ਸਿੰਘ ਨੇ ਕਿਹਾ ਕਿ ਉਹ ਆਪਣੀ ਟਿਕਟ ਲਈ ਪੂਰੀ ਤਰ੍ਹਾਂ ਆਸਵੰਦ ਹਨ, ਬਾਕੀ ਹਾਈਕਮਾਂਡ ਦੀ ਮਰਜ਼ੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਅਰਜੁਨ ਖੜਗੇ ਤੇ ਰਾਹੁਲ ਗਾਂਧੀ ਜਲਦ ਹੀ ਪੰਜਾਬ ਤੋਂ ਉਮੀਦਵਾਰਾਂ ਦੀ ਸੂਚੀ ਦਾ ਐਲਾਨ ਕਰਨਗੇ। ਐੱਮ. ਪੀ. ਅਮਰ ਸਿੰਘ ਨੇ ਕਿਹਾ ਕਿ ਉਹ ਹਲਕਾ ਫਤਹਿਗੜ੍ਹ ਸਾਹਿਬ ਦੇ ਪਿੰਡਾਂ ਵਿੱਚ ਰੋਜ਼ਾਨਾ ਹੀ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕਰ ਚੋਣ ਪ੍ਰਚਾਰ ਵਿੱਚ ਜੁਟੇ ਹੋਏ ਹਨ।

ਇਸ ਮੌਕੇ ਉਨ੍ਹਾਂ ਨਾਲ ਮੌਜੂਦਾ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਕਾਂਗਰਸੀ ਵਰਕਰਾਂ ਵੱਲੋਂ ਚੋਣ ਮੁਹਿੰਮ ਵਿੱਢ ਦਿੱਤੀ ਗਈ ਹੈ ਤੇ ਪਿੰਡਾਂ ਵਿੱਚ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ, ਕੋਆਰਡੀਨੇਟਰ ਜਗਜੀਤ ਸਿੰਘ ਪ੍ਰਿਥੀਪੁਰ, ਡਾ. ਸੁਨੀਲ ਦੱਤ, ਆੜ੍ਹਤੀ ਪਵਨ ਕੁਮਾਰ, ਐਡਵੋਕੇਟ ਕਪਿਲ ਆਨੰਦ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਪਰਵਿੰਦਰ ਸਿੰਘ ਗੋਲਡੀ, ਜਨਰਲ ਸਕੱਤਰ ਚੇਤਨ ਕੁਮਾਰ, ਐਡਵੋਕੇਟ ਗੌਰਵ ਗੋਇਲ, ਨੰਦ ਕਿਸ਼ੋਰ, ਵਿਜੈ ਜੈਨ, ਰਜਿੰਦਰ ਕੁਮਾਰ, ਚੰਦਰ ਚੌਰਾਇਆ, ਪੀ ਏ ਗੁਰਮੁੱਖ ਸਿੰਘ, ਹਰਚੰਦ ਸਿੰਘ ਮੌਜੂਦ ਸਨ।

# ਲੁੱਟ-ਖੋਹ ਕਰਨ ਵਾਲੇ ਗਰੋਹ ਦੇ ਤਿੰਨ ਮੈਂਬਰ ਗ੍ਰਿਫਤਾਰ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਅਮਲੋਹ ਪੁਲਸ ਵੱਲੋਂ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਤਿੰਨ ਵਿਅਕਤੀਆਂ ਨੂੰ ਦੇਸੀ ਪਿਸਤੌਲ ਤੇ ਦੋ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵੱਲੋਂ ਸਕ੍ਰੈਪ ਨਾਲ ਭਰੇ ਇੱਕ ਟਰੱਕ ਦੀ ਅਮਲੋਹ-ਮੰਡੀ ਗੋਬਿੰਦਗੜ੍ਹ ਰੋਡ 'ਤੇ ਖੋਹ ਕੀਤੀ ਗਈ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ ਐੱਸ ਪੀ ਅਮਲੋਹ ਰਾਜੇਸ਼ ਛਿੱਬੜ ਨੇ ਦੱਸਿਆ ਕਿ ਬੀਤੇ ਦਿਨ ਅਮਲੋਹ-ਗੋਬਿੰਦਗੜ੍ਹ ਰੋਡ 'ਤੇ ਪੰਜ ਵਿਅਕਤੀਆਂ ਵੱਲੋਂ ਸਕ੍ਰੈਪ ਨਾਲ ਭਰੇ ਟਰੱਕ ਦੀ ਖੋਹ ਕੀਤੀ ਗਈ ਸੀ, ਜਿਸ ਤੋਂ ਬਾਅਦ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਤਫਤੀਸ਼ ਕਰਦੇ ਹੋਏ ਲੁੱਟ-ਖੋਹ ਦੀ ਵਾਰਦਾਤ ਕਰਨ ਵਾਲੇ ਪੰਜ ਵਿਅਕਤੀਆਂ ਵਿੱਚੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਤੋਂ ਪੁਲਸ ਵੱਲੋਂ ਚਾਰ ਟਨ ਸਕ੍ਰੈਪ, ਟਰੱਕ ਤੇ ਵਾਰਦਾਤ ਵਿੱਚ ਵਰਤੀ ਗਈ ਕਾਰ ਨੂੰ ਬਰਾਮਦ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਹਿਚਾਣ ਰਾਹੁਲ ਸੰਗਰ ਵਾਸੀ ਅਮਲੋਹ, ਅਮਨਦੀਪ ਸਿੰਘ ਵਾਸੀ ਕੁੱਕੜ ਮਾਜਰਾ ਤੇ ਨਵਜੋਤ ਸਿੰਘ ਮਨੀ ਵਾਸੀ ਅਮਲੋਹ ਵਜੋਂ ਹੋਈ ਹੈ, ਜਦੋਂਕਿ ਦੋ ਕਥਿਤ ਦੋਸ਼ੀ ਅਜੇ ਫਰਾਰ ਹਨ, ਜਿਨ੍ਹਾਂ ਦੀ ਭਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਅਦਾਲਤ ਵੱਲੋਂ ਮੁਲਜ਼ਮਾਂ ਦਾ 17 ਮਾਰਚ ਤੱਕ ਰਿਮਾਂਡ ਹਾਸਲ ਕੀਤਾ ਗਿਆ ਹੈ। ਜਾਂਚ ਦੌਰਾਨ ਇਨ੍ਹਾਂ ਤੋਂ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ।

# ਪੁਲਸ ਵੱਲੋਂ ਨਸ਼ਾ ਤਸਕਰ ਦੀ 57.50 ਲੱਖ ਦੀ ਪ੍ਰਾਪਰਟੀ ਸੀਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਪੁਲਸ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਜਿੱਥੇ ਨਾਕਾਬੰਦੀ ਕਰਕੇ ਸ਼ੱਕੀ ਪੁਰਸ਼ਾਂ ਤੇ ਟਿਕਾਣਿਆਂ 'ਤੇ ਸਰਚ ਆਪ੍ਰੇਸ਼ਨ ਚਲਾਇਆ ਜਾ ਰਿਹਾ ਹੈ, ਉੱਥੇ ਹੀ ਪੁਲਸ ਟੀਮਾਂ ਵੱਲੋਂ ਪਿੰਡਾਂ ਵਿੱਚ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਂਦਿਆਂ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕੀਤੇ ਜਾ ਰਹੇ ਹਨ ਅਤੇ ਨਾਲ ਹੀ ਨਸ਼ੇ ਵੇਚਣ ਵਾਲੇ ਸੌਦਾਗਰਾਂ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ਤੇ ਉਨ੍ਹਾਂ ਦੀ ਪ੍ਰਾਪਰਟੀ ਸੀਲ ਕੀਤੀ ਜਾ ਰਹੀ ਹੈ। ਇਸੇ ਤਹਿਤ ਹੀ ਸਤਨਾਮ ਸਿੰਘ ਡੀ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਨਿਗਰਾਨੀ ਹੇਠ ਐਸ.ਆਈ ਵਰੁਨ ਮੁੱਖ ਅਫਸਰ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ ਨਸ਼ਾ ਤਸਕਰ ਦੀ ਪ੍ਰਾਪਰਟੀ ਨੂੰ ਸੀਲ ਕੀਤਾ ਗਿਆ ਹੈ।

ਇਸ ਮੌਕੇ ਸਤਨਾਮ ਸਿੰਘ ਡੀ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮੰਨਜੂਰਾ ਦੇਵੀ ਉਰਫ ਮੂਲੀ/ਮੌਲੀ ਪਤਨੀ ਰਸੀਦ ਖਾਨ ਵਾਸੀ ਆਦਰਸ਼ ਨਗਰ ਸ੍ਰੀ ਮੁਕਤਸਰ ਸਾਹਿਬ, ਜਿਸ ਦੇ ਖਿਲਾਫ ਮੁਕੱਦਮਾ ਐੱਨ.ਡੀ.ਪੀ.ਐੱਸ. ਐਕਟ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਹੈ, ਨੇ ਨਸ਼ਾ ਤਸਕਰੀ ਕਰਕੇ ਪ੍ਰਾਪਰਟੀ ਬਣਾਈ ਹੈ, ਜਿਸ ਦੀ ਕੁੱਲ ਕੀਮਤ 57 ਲੱਖ 50 ਹਜ਼ਾਰ ਰੁਪਏ ਬਣਦੀ ਹੈ, ਜਿਸ ਦੀ ਅਟੈਚਮੈਂਟ ਲਈ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਦਿੱਲੀ ਭੇਜਿਆ ਸੀ, ਜਿਸ ਦੇ ਆਰਡਰ ਮੌਸੂਲ ਹੋਣ 'ਤੇ ਉਸ ਦੇ ਪ੍ਰਾਪਰਟੀ ਦੇ ਬਾਹਰ ਨੋਟਿਸ ਲਗਾਇਆ ਗਿਆ ਹੈ ਕਿ ਹੁਣ ਉਹ ਇਹ ਪ੍ਰਾਪਰਟੀ ਵੇਚ ਨਹੀਂ ਸਕੇਗੀ, ਜਿਸ ਦਾ ਕੇਸ ਕੰਪੀਟੈਂਟ ਅਥਾਰਟੀ ਦਿੱਲੀ ਪਾਸ ਚੱਲੇਗਾ। ਡੀ ਐੱਸ ਪੀ ਨੇ ਦੱਸਿਆ ਕਿ ਨਸ਼ੇ ਦੀ ਤਸਕਰੀ ਕਰਨ ਵਾਲੇ ਨੂੰ ਕਦੇ ਵੀ ਬਖਸ਼ਿਆ ਨਹੀਂ ਜਾਵੇਗਾ।

# ਹੈੱਡ ਕਾਂਸਟੇਬਲ ਗੁਰਤੇਜ ਸਿੰਘ ਨੇ ਮੁੱਖ ਮੁਨਸ਼ੀ ਵਜੋਂ ਚਾਰਜ ਸੰਭਾਲਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਪਣੀ ਡਿਊਟੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਵਾਲੇ ਅਤੇ ਹੱਕ ਸੱਚ ਨਾਲ ਖੜਨ ਵਾਲੇ ਹੈੱਡ ਕਾਂਸਟੇਬਲ ਗੁਰਤੇਜ ਸਿੰਘ ਬਰਾੜ ਨੇ ਥਾਣਾ ਸਦਰ ਘੱਲਾਂ ਵਿੱਚ ਮੁੱਖ ਮੁਨਸ਼ੀ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ, ਜਿਸ ਦਾ ਥਾਣੇ ਦੇ ਸਟਾਫ਼ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ।ਅਹੁਦਾ ਸੰਭਾਲਣ ਮੌਕੇ ਹੈੱਡ ਕਾਂਸਟੇਬਲ ਗੁਰਤੇਜ ਸਿੰਘ ਬਰਾੜ ਮੁੱਖ ਮੁਨਸ਼ੀ ਨੇ ਕਿਹਾ ਕਿ ਜਿਸ ਤਰ੍ਹਾਂ ਉਸ ਨੇ ਪਹਿਲਾਂ ਵੱਖ ਵੱਖ ਥਾਣਿਆਂ ਵਿੱਚ ਵੱਖ ਵੱਖ ਅਹੁਦਿਆਂ 'ਤੇ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਇਆ ਹੈ ਤੇ ਹੁਣ ਥਾਣਾ ਸਦਰ ਘੱਲਾਂ ਵਿੱਚ ਮੁੱਖ ਮੁਨਸ਼ੀ ਦੀ ਡਿਊਟੀ ਵੀ ਪੂਰੀ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਕਦੇ ਵੀ ਉਹ ਆਪਣੇ ਸੀਨੀਅਰਜ਼ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦੇਣਗੇ।ਉਨ੍ਹਾ ਕਿਹਾ ਕਿ ਜੋ ਲੋਕ ਆਪਣੀ ਦੁੱਖ ਤਕਲੀਫ਼ ਜਾਂ ਸਮੱਸਿਆ ਨੂੰ ਥਾਣੇ ਲੈ ਕੇ ਆਉਣਗੇ, ਉਨ੍ਹਾਂ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਗੱਲ ਚੰਗੀ ਤਰ੍ਹਾਂ ਸੁਣੀ ਜਾਵੇਗੀ।ਮੁਨਸ਼ੀ ਗੁਰਤੇਜ ਸਿੰਘ ਨੇ ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਸ ਨੂੰ ਇਸ ਕਾਬਲ ਸਮਝਦਿਆਂ ਇੰਨੀ ਵੱਡੀ ਜ਼ਿੰਮੇਵਾਰੀ ਦਿੱਤੀ।ਅੰਤ ਵਿੱਚ ਹੈੱਡ ਕਾਂਸਟੇਬਲ ਗੁਰਤੇਜ ਸਿੰਘ ਨੇ ਥਾਣਾ ਸਦਰ ਘੱਲਾਂ ਅਧੀਨ ਪੈਂਦੇ ਖੇਤਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਝਿਜਕ ਤੇ ਬਿਨਾਂ ਸਿਫਾਰਸ਼ 'ਤੇ ਮੇਰੇ ਨਾਲ ਸਿੱਧਾ ਆ ਕੇ ਸੰਪਰਕ ਕਰ ਸਕਦੇ ਹਨ।

# ਮਾਤਾ ਗੁਜਰੀ ਸਕੂਲ ਦੀ ਐੱਨ ਓ ਸੀ ਰੱਦ ਹੋਣ ਦੇ ਮੁੱਦੇ 'ਤੇ ਸਰਕਾਰ ਤੇ ਸਿੱਖਿਆ ਵਿਭਾਗ ਮੁੜ ਗੌਰ ਕਰੇ : ਅਸ਼ੋਕ ਸਹਿਗਲ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਵੱਲੋਂ ਜਲਾਲਾਬਾਦ ਦੇ ਪੇਂਡੂ ਖੇਤਰ ਦੇ ਸਕੂਲ ਮਾਤਾ ਗੁਜਰੀ ਪਬਲਿਕ ਸਕੂਲ ਦੀ ਐੱਨ. ਓ. ਸੀ. ਰੱਦ ਕਰ ਦਿੱਤੇ ਜਾਣ ਤੋਂ ਬਾਅਦ ਇਸ ਸਕੂਲ 'ਚ ਪੜ੍ਹਾਈ ਕਰ ਰਹੇ ਹਜ਼ਾਰਾਂ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਕਰਮਚਾਰੀਆਂ ਦੇ ਸਿਰ 'ਤੇ ਮੁਸੀਬਤ ਦੀ ਤਲਵਾਰ ਲਟਕੀ ਦਿਖਾਈ ਦੇ ਰਹੀ ਹੈ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਐੱਨ ਓ ਸੀ ਰੱਦ ਕਰਕੇ ਸਕੂਲ ਨੂੰ ਬੰਦ ਕਰਨ ਦੀ ਬਜਾਏ ਇਸ ਦਾ ਕੋਈ ਹੋਰ ਢੁੱਕਵਾਂ ਹੱਲ ਲੱਭਿਆ ਜਾਵੇ। ਇਸ ਗੱਲ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਵਪਾਰ ਮੰਡਲ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਸ਼ੋਕ ਸਹਿਗਲ ਨੇ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਆਗੂ ਬਲਦੇਵ ਰਾਜ ਸ਼ਰਮਾ ਵੀ ਸਨ। ਉਕਤ ਆਗੂਆਂ ਨੇ ਕਿਹਾ ਕਿ ਐੱਨ. ਓ. ਸੀ. ਰੱਦ ਹੋਣ ਕਾਰਨ ਇਸ ਸਕੂਲ ਵਿੱਚ ਨਰਸਰੀ ਤੋਂ ਲੈ ਕੇ 12ਵੀਂ ਜਮਾਤ ਤੱਕ ਪੜ੍ਹਦੇ ਬੱਚਿਆਂ ਦੇ ਭਵਿੱਖ 'ਤੇ ਖਤਰੇ ਦੀ ਤਲਵਾਰ ਲਟਕੀ ਹੋਈ ਹੈ ਤੇ ਜੇਕਰ ਸਰਕਾਰ ਇਸ ਸਕੂਲ ਨੂੰ ਚੱਲਣ ਦੀ ਮਾਨਤਾ ਨਹੀਂ ਦਿੰਦੀ ਤਾਂ ਇਸ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗ ਸਕਦਾ ਹੈ। ਉਨ੍ਹਾ ਕਿਹਾ ਕਿ ਜੇਕਰ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਸਕੂਲ ਪ੍ਰਬੰਧਕ ਕਿਸੇ ਕਾਰਨ ਅਸਫਲ ਰਹੇ ਹਨ ਤਾਂ ਸਕੂਲ ਦੀ ਮਾਨਤਾ ਰੱਦ ਕਰਨ ਦੀ ਬਜਾਏ ਇਸ ਦਾ ਕੋਈ ਹੋਰ ਰਾਹ ਕੱਢ ਕੇ ਸਕੂਲ ਨੂੰ ਚਾਲੂ ਰੱਖਿਆ ਜਾਵੇ। ਭਾਜਪਾ ਆਗੂ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਹੈ ਕਿ ਸਕੂਲ ਦੀ ਐੱਨ. ਓ. ਸੀ. ਵਾਲੇ ਮੁੱਦੇ 'ਤੇ ਖੁਦ ਉਹ ਦੁਬਾਰਾ ਗੌਰ ਕਰਨ।

# ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਤ ਸੰਤ ਸਮਾਗਮ




**ਚੀਮਾ ਮੰਡੀ (ਰਵਿੰਦਰ ਚੀਮਾ)**

20ਵੀਂ ਸਦੀ ਵਿੱਚ ਗੁਰਮਤਿ ਪ੍ਰਚਾਰ ਦੀ ਅਦੁੱਤੀ ਲਹਿਰ ਚਲਾ ਕੇ ਲੱਖਾਂ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾਉਣ ਵਾਲੇ ਮਹਾਨ ਸ਼੍ਰੋਮਣੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ 158ਵੇਂ ਜਨਮ ਦਿਹਾੜੇ ਨੂੰ ਸਮਰਪਤ ਕੀਰਤਨ ਸਮਾਗਮ ਕਰਵਾਇਆ ਗਿਆ, ਜਿਸ ਸਮਾਗਮ ਵਿੱਚ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜਥੇਦਾਰ ਤਖਤ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਤਖ਼ਤ ਦਮਦਮਾ ਸਾਹਿਬ ਸਾਹਿਬ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਸੰਤ ਬਾਬਾ ਜਗਜੀਤ ਸਿੰਘ ਜੀ ਹਰਖੋਵਾਲ ਵਾਲੇ, ਗਿਆਨੀ ਸਾਹਿਬ ਸਿੰਘ ਜੀ ਸਾਹਬਾਦ ਮਾਰਕੰਡੇ ਵਾਲੇ, ਸੰਤ ਬਾਬਾ ਕਸ਼ਮੀਰ ਸਿੰਘ ਜੀ ਕਾਰ ਸੇਵਾ ਭੂਰੀ ਵਾਲੇ, ਸੰਤ ਬਾਬਾ ਅਨਹਦਰਾਜ ਸਿੰਘ, ਗੁ: ਨਾਨਕਸਰ ਸਮਰਾਲਾ ਚੌਂਕ ਲੁਧਿਆਣਾ, ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਗਿਆਨੀ ਕੁਲਵੰਤ ਸਿੰਘ ਲੁਧਿਆਣੇ ਵਾਲੇ, ਸੰਤ ਬਾਬਾ ਜਗਤਾਰ ਸਿੰਘ ਕਾਰ ਸੇਵਾ ਤਰਨਤਾਰਨ ਵਾਲੇ, ਜਥੇਦਾਰ ਬਾਬਾ ਜੋਗਾ ਸਿੰਘ ਮੁਖੀ ਤਰੁਣਾ ਦਲ, ਸੰਤ ਬਾਬਾ ਕਸ਼ਮੀਰਾ ਸਿੰਘ ਅਲਹੌਰਾਂ ਵਾਲੇ, ਭਾਈ ਸਾਹਿਬ ਭਾਈ ਦਵਿੰਦਰ ਸਿੰਘ ਸੁਹਾਣਾ ਸਾਹਿਬ ਵਾਲੇ, ਸੰਤ ਬਾਬਾ ਬੂਟਾ ਸਿੰਘ ਗੁੜਥੜੀ ਵਾਲੇ, ਸੰਤ ਬਾਬਾ ਜਸਵੰਤ ਸਿੰਘ ਗੁ: ਜੋਤੀ ਸਰੂਪ ਸੰਗਰੂਰ, ਸੰਤ ਬਾਬਾ ਹਰਬੇਅੰਤ ਸਿੰਘ ਗੁ: ਮਾਤਾ ਭੋਲੀ ਜੀ ਮਸਤੂਆਣਾ ਸਾਹਿਬ, ਸੰਤ ਬਾਬਾ ਰਣਜੀਤ ਸਿੰਘ ਢੀਂਗਰੀ ਵਾਲੇ, ਸੰਤ ਬਾਬਾ ਮਹਿੰਦਰ ਸਿੰਘ ਲੰਬਿਆਂ ਵਾਲੇ, ਭਾਈ ਜਸਵੰਤ ਸਿੰਘ ਖਹਿਰਾ ਪ੍ਰਧਾਨ ਅਕਾਲ ਕੌਂਸਲ ਮਸਤੂਆਣਾ ਸਾਹਿਬ, ਸੰਤ ਬਾਬਾ ਹਰਬੰਸ ਸਿੰਘ ਪੱਕਾ ਡੇਰਾ ਚੀਮਾਂ ਸਾਹਿਬ, ਡਾ. ਚੰਦਰ ਮੁਨੀ ਜੀ ਗਊਸ਼ਾਲਾ ਸ਼ੇਰੋਂ ਵਾਲੇ, ਭਾਈ ਅਮਰਜੀਤ ਸਿੰਘ ਮਰਿਯਾਦਾ ਦਮਦਮੀ ਟਕਸਾਲ ਕਣਕਵਾਲ ਭੰਗੂਆਂ ਤੇ ਹੋਰ ਅਨੇਕਾਂ ਕਵੀਸ਼ਰਾਂ ਤੇ ਢਾਡੀ ਜਥਿਆਂ ਵੱਲੋਂ ਹਾਜ਼ਰੀ ਲਵਾਈ ਗਈ। ਇਸ ਸਮਾਗਮ ਵਿੱਚ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ ਵੱਲੋਂ ਵੀ ਹਾਜ਼ਰੀ ਲਗਾਈ ਗਈ। ਇਹ ਧਾਰਮਿਕ ਦੀਵਾਨ ਗੁਰਦੁਆਰਾ ਜਨਮ ਅਸਥਾਨ ਕਲਗੀਧਰ ਟਰੱਸਟ ਬੜੂ ਸਾਹਿਬ, ਗੁਰਦਵਾਰਾ ਨਾਨਕਸਰ ਸਾਹਿਬ ਚੀਮਾ ਸਾਹਿਬ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਮੁੱਖ ਸੇਵਾਦਾਰ ਡਾ. ਦਵਿੰਦਰ ਸਿੰਘ ਤੇ ਵਾਈਸ ਪ੍ਰੈਜ਼ੀਡੈਂਟ ਭਾਈ ਜਗਜੀਤ ਸਿੰਘ ਵੱਲੋਂ ਇਸ 'ਸੰਤ ਸਮਾਗਮ' ਵਿੱਚ ਹਾਜ਼ਰੀ ਭਰਨ ਵਾਲੀਆਂ ਸੰਗਤਾਂ, ਕਵੀਸ਼ਰਾਂ ਤੇ ਢਾਡੀ ਜਥਿਆਂ ਦਾ ਧੰਨਵਾਦ ਕੀਤਾ।

# ਕਾਂਗਰਸ ਪਾਰਟੀ ਨੇ ਹਮੇਸ਼ਾ ਮਹਿਲਾਵਾਂ ਨੂੰ ਅੱਗੇ ਵਧਣ ਦਾ ਮੌਕਾ ਦਿੱਤਾ : ਬੀਬਾ ਬਹਿਸ਼ਤਾਂ ਸਿੰਘ

## ਲੋਕ ਸਭਾ ਚੋਣਾਂ 'ਚ ਮਹਿਲਾ ਕਾਂਗਰਸ ਅਹਿਮ ਭੂਮਿਕਾ ਨਿਭਾਏਗੀ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਦੀ ਧਰਮਪਤਨੀ ਬੀਬਾ ਬਹਿਸ਼ਤਾਂ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਮਹਿਲਾ ਕਾਂਗਰਸ ਦੀਆਂ ਵਰਕਰਾਂ ਤੇ ਆਗੂ ਆਪਣੀ ਅਹਿਮ ਭੂਮਿਕਾ ਨਿਭਾਉਣਗੇ, ਉਥੇ ਹੀ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਦੀਆਂ ਮਹਿਲਾਵਾਂ ਵੱਲੋਂ ਮੀਟਿੰਗਾਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਤਾਂ ਕਿ ਪਾਰਟੀ ਨੂੰ ਹੋਰ ਜ਼ਿਆਦਾ ਮਜ਼ਬੂਤ ਕੀਤਾ ਜਾਵੇਗਾ।ਉਨ੍ਹਾ ਕਿਹਾ ਕਿ ਕਾਂਗਰਸ ਵੱਲੋਂ ਮਹਿਲਾਵਾਂ ਲਈ ਜਿਹੜੇ ਐਲਾਨ ਕੀਤੇ ਗਏ ਹਨ, ਉਨ੍ਹਾਂ ਵਿੱਚ ਹਰ ਗਰੀਬ ਪਰਿਵਾਰਾਂ ਦੀ ਇੱਕ ਔਰਤ ਨੂੰ ਮਿਲੇਗੀ ਸਾਲਾਨਾ 1 ਲੱਖ ਰੁ: ਦੀ ਮਦਦ, ਕੇਂਦਰ ਸਰਕਾਰ ਦੀਆਂ ਨਵੀਆਂ ਨਿਯੁਕਤੀਆਂ 'ਚ ਅੱਧਾ ਹੱਕ ਔਰਤਾਂ ਲਈ, ਭੰਗਤਾਦਰੀ, ਆਸ਼ਾ 3 ਮਿੱਡ ਡੇ ਮੀਲ ਵਰਕਰਜ਼ ਆਰ ਈ, ਮਹੀਨੇ ਦੇ ਭੱਤੇ 'ਚ ਕੇਂਦਰ ਸਰਕਾਰ ਦਾ ਦੁੱਗਣਾ ਯੋਗਦਾਨ, ਹਰ ਪੰਚਾਇਤ 'ਚ ਔਰਤਾਂ ਨੂੰ ਜ਼ਰੂਰੀ ਮਦਦ ਲਈ ਇੱਕ ਕਾਨੂੰਨ ਸਹਾਇਕ ਦੀ ਨਿਯੁਕਤੀ, ਕੰਮਕਾਜੀ ਔਰਤਾਂ ਦੇ ਲਈ ਹਰ ਜ਼ਿਲ੍ਹੇ ਦੇ ਹੈੱਡਕੁਆਟਰ 'ਚ ਘੱਟੋ-ਘੱਟ ਇੱਕ ਹੋਸਟਲ ਸ਼ਾਮਲ ਹਨ, ਜਿਨ੍ਹਾਂ ਦਾ ਅਸੀਂ ਸਵਾਗਤ ਕਰਦੇ ਹਾਂ।ਉਨ੍ਹਾਂ ਕਿਹਾ ਕਿ ਸਰਕਾਰ ਬਣਨ 'ਤੇ ਪਹਿਲ ਦੇ ਆਧਾਰ ਉੱਤੇ ਇਨ੍ਹਾਂ ਨੂੰ ਲਾਗੂ ਕੀਤਾ ਜਾਵੇਗਾ।ਇਸ ਮੌਕੇ ਮਹਿਲਾ ਕਾਂਗਰਸ ਦੀ ਸੂਬਾ ਮੀਤ ਪ੍ਰਧਾਨ ਨੀਲਮ ਰਾਣੀ, ਜ਼ਿਲ੍ਹਾ ਪ੍ਰਧਾਨ ਪ੍ਰਵੀਨ ਰਾਣਾ, ਬੀਬੀ ਬਲਵਿੰਦਰ ਕੌਰ ਜ਼ਿਲ੍ਹਾ ਮੀਤ ਪ੍ਰਧਾਨ, ਸ਼ਹਿਰੀ ਪ੍ਰਧਾਨ ਹਰਮਿੰਦਰਪਾਲ ਕੌਰ, ਮਨਦੀਪ ਕੌਰ, ਰਮਨਦੀਪ ਕੌਰ ਕਾਹਨਪੁਰਾ, ਦਲਜੀਤ ਕੌਰ, ਹਰਜਿੰਦਰ ਕੌਰ, ਆਦਿ ਮਹਿਲਾਵਾਂ ਮੌਜੂਦ ਸਨ।

17-March-PAGE-7.qxd 3/16/2024 11:17 PM Page 1



# ਪੰਜਾਬ ਦੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰਾਂਗੇ : ਮਾਰਸ਼ਲ, ਅਰੋੜਾ



**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**

ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਪੰਜਾਬ 'ਚ ਦੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ ਅਤੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਦਾ ਜੋ ਵਿਕਾਸ ਹੋਇਆ ਹੈ ਉਸ ਤੋਂ ਪੰਜਾਬ ਵਾਸੀ ਕਦੇ ਵੀ ਮੁਨਕਰ ਨਹੀਂ ਹੋ ਸਕਦੇ। ਭਗਵੰਤ ਮਾਨ ਆਪਣੀ ਇਮਾਨਦਾਰ ਸੋਚ ਅਤੇ ਕੰਮਾਂ ਕਰਕੇ ਲੋਕਾਂ ਦੇ ਦਿਲਾਂ ਵਿੱਚ ਵਸ ਚੁੱਕੇ ਹਨ, ਜਿਸ ਸਦਕਾ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਭਾਰੀ ਬਹੁਮਤ ਨਾਲ ਜੇਤੂ ਰਹਿਣਗੇ। ਇਨ੍ਹਾਂ ਆਗੂਆਂ ਨੇ ਵਿਰੋਧੀ ਪਾਰਟੀਆਂ 'ਤੇ ਹਮਲਾ ਕਰਦੇ ਹੋਏ ਕਿਹਾ ਕਿ ਬੀਤੇ 70 ਸਾਲਾਂ ਵਿੱਚ ਪਰਵਾਰਵਾਦ ਅਤੇ ਲੋਟੂ ਟੋਲਾ ਹੀ ਪੰਜਾਬ 'ਤੇ ਰਾਜ ਕਰਦਾ ਰਿਹਾ ਜਿਸ ਕਾਰਨ ਇਹ ਰਾਜਨੀਤਕ ਆਗੂ ਤਾਂ ਅਮੀਰ ਹੁੰਦੇ ਗਏ ਪ੍ਰੰਤੂ ਪੰਜਾਬ ਦੀ ਜਨਤਾ ਗਰੀਬ ਹੁੰਦੀ ਗਈ। ਇਨ੍ਹਾਂ ਰਾਜਨੀਤਕ ਆਗੂਆਂ ਨੇ ਕਿਸਾਨਾਂ ਅਤੇ ਵਪਾਰੀ ਵਰਗ ਦੋਨਾਂ ਨੂੰ ਹੀ ਮੂਰਖ ਬਣਾ ਕੇ ਹਮੇਸ਼ਾ ਆਪਣਾ ਉੱਲੂ ਸਿੱਧਾ ਕੀਤਾ ਪਰੰਤੂ ਹੁਣ ਭਗਵੰਤ ਮਾਨ ਦੀ ਸਰਕਾਰ ਬਣਨ ਉਪਰੰਤ ਉਨ੍ਹਾਂ ਵੱਲੋਂ ਬਿਨਾਂ ਵਜ੍ਹਾ ਸੜਕਾਂ 'ਤੇ ਲਾਏ ਗਏ ਟੋਲ ਪਲਾਜੇ ਬੰਦ ਕੀਤੇ ਗਏ, ਬੱਚਿਆਂ ਲਈ ਵਧੀਆ ਸਕੂਲ ਅਤੇ ਹਸਪਤਾਲਾਂ ਦਾ ਨਿਰਮਾਣ ਕਰਵਾਇਆ ਗਿਆ, ਕੱਚੇ ਅਧਿਆਪਕ ਨੂੰ ਪੱਕੇ ਕੀਤਾ । ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਸ਼ਹਿਰਾਂ ਤੇ ਪਿੰਡਾਂ ਵਿੱਚ ਮੁਹੱਲਾ ਕਲੀਨਿਕ ਖੋਲ੍ਹ ਕੇ ਘਰ ਦੇ ਮੁੱਢ ਲੋਕਾਂ ਨੂੰ ਇਲਾਜ ਦਿੱਤਾ। ਇਸੇ ਤਰ੍ਹਾਂ ਲੋਕਾਂ ਦੀ ਵੱਖ ਵੱਖ ਦਫਤਰਾਂ ਵਿੱਚ ਹੁੰਦੀ ਲੁੱਟ ਖਸੁੱਟ ਅਤੇ ਧੱਕੇਸ਼ਾਹੀ ਨੂੰ ਰੋਕਣ ਲਈ ਬਹੁਤ ਸਾਰੀਆਂ ਸਹੂਲਤਾਂ ਘਰ ਬੈਠਿਆਂ ਹੀ ਪੂਰੀਆਂ ਕਰ ਦਿੱਤੀਆਂ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਹੀ ਪੰਜਾਬ ਵਾਸੀ ਅੱਜ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਲਈ ਉਤਾਵਲੇ ਹਨ। ਇਸ ਮੌਕੇ ਉਨ੍ਹਾਂ ਨਾਲ ਕੁਲਵੰਤ ਸਿੰਘ ਡਡੀਆਂ, ਹਰਪਾਲ ਸਿੰਘ ਪਾਲਾ, ਸੋਨੂ ਜਹੂਰਾ ਅਤੇ ਹੋਰ ਹਾਜ਼ਰ ਸਨ।

# ਬਿਜਲੀ ਦੇ ਸ਼ਾਰਟ-ਸਰਕਟ ਨਾਲ ਪਰਾਲੀ ਨੂੰ ਅੱਗ



**ਫਿਲੌਰ, (ਨਿਰਮਲ)**

ਫਿਲੌਰ ਦੇ ਨਜ਼ਦੀਕ ਪੈਂਦੇ ਗੰਨਾ ਪਿੰਡ ਵਿਖੇ ਜਾਮਾ ਮਸਜਿਦ ਦੇ ਬਿਲਕੁਲ ਸਾਹਮਣੇ ਗੁੱਜਰ ਭਾਈਚਾਰੇ ਦੇ ਡੇਰੇ 'ਤੇ ਰੱਖੀ ਪਰਾਲੀ ਨੂੰ ਅਚਾਨਕ ਅੱਗ ਲੱਗ ਗਈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਮਸਕੀਨ ਅਲੀ ਨੇ ਦੱਸਿਆ ਕਿ ਬਿਜਲੀ ਦਾ ਸ਼ਾਰਟ ਸਰਕਟ ਹੋਣ ਕਾਰਨ ਉਨ੍ਹਾਂ ਦੀ ਪਰਾਲੀ ਨੂੰ ਅੱਗ ਲੱਗ ਗਈ ਜਿਸ ਨਾਲ ਕਰੀਬ ਇਕ ਲੱਖ ਦਾ ਨੁਕਸਾਨ ਹੋ ਗਿਆ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਹ ਜੋ ਤਾਰਾਂ ਉਨ੍ਹਾਂ ਦੇ ਉੱਪਰੋਂ ਲੰਘਦੀਆਂ ਹਨ ਉਸ ਦੇ ਥੱਲੇ ਉਨ੍ਹਾਂ ਦੀਆਂ ਮੱਝਾਂ ਗਾਵਾਂ ਬੰਨ੍ਹੀਆਂ ਹੋਈਆਂ ਹਨ ਜੋ ਕਿਸੇ ਵੀ ਵੇਲੇ ਵੀ ਡਿਗ ਸਕਦੀਆਂ ਹਨ। ਜਿਸ ਨਾਲ ਉਨ੍ਹਾਂ ਦਾ ਜਾਨੀ ਨੁਕਸਾਨ ਵੀ ਹੋ ਸਕਦਾ। ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਕਿ ਉਨ੍ਹਾਂ ਨੂੰ ਬਿਜਲੀ ਦੀਆਂ ਤਾਰਾਂ ਨਾਲ ਆ ਰਹੀਆਂ ਮੁਸ਼ਕਲਾਂ ਵੱਲ ਧਿਆਨ ਦਿੱਤਾ ਜਾਵੇ ਉਨ੍ਹਾਂ ਨਰਾਜ਼ਗੀ ਜ਼ਾਹਰ ਕਰਦੇ ਹੋਏ ਦੱਸਿਆ ਕਿ ਰਮਜ਼ਾਨ ਦਾ ਮਹੀਨਾ ਚੱਲ ਰਿਹਾ ਤੇ ਸਾਡੇ ਵੱਲੋਂ ਰੋਜ਼ੇ ਰੱਖੇ ਗਏ ਹਨ। ਅਸੀਂ ਪਿਛਲੇ ਇੱਕ ਡੇਢ ਘੰਟੇ ਤੋਂ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਕੋਈ ਵੀ ਹਾਲੇ ਤੱਕ ਇੱਥੇ ਪ੍ਰਸ਼ਾਸਨਿਕ ਅਧਿਕਾਰੀ ਤੇ ਨਾ ਹੀ ਅੱਗ ਵਜਾਉਣ ਵਾਲੀ ਗੱਡੀ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਫਿਲੌਰ ਵਿਖੇ ਖੜ੍ਹੀਆਂ ਅੱਗ ਬੁਝਾਉਣ ਵਾਲੀਆਂ ਗੱਡੀਆਂ ਚਿੱਟਾ ਹਾਥੀ ਸਾਬਤ ਹੋ ਰਹੀਆਂ ਹਨ।

# ਸਹਾਇਕ ਪ੍ਰੋਜੈਕਟ ਅਫਸਰ ਤੇ ਗ੍ਰਾਮ ਰੁਜ਼ਗਾਰ ਸੇਵਕ ਤਲਵੰਡੀ ਅਰਾਈਆਂ ਨੂੰ ਜੁਰਮਾਨਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪੰਚਾਇਤੀ ਰਾਜ ਢਾਂਚੇ ਵਿਚ ਭ੍ਰਿਸ਼ਟਾਚਾਰ ਨਾਲ ਲੱਥਪੱਥ ਬੈਠੇ ਕੁਝ ਅਧਿਕਾਰੀ ਮਨਰੇਗਾ ਵਰਕਰਾਂ ਨਾਲ ਵਿਤਕਰਾ ਹੀ ਨਹੀਂ ਕਰ ਰਹੇ, ਨਾਲ ਨਾਲ ਮਨਰੇਗਾ ਦੇ ਨਿਯਮਾਂ ਨੂੰ ਤੋੜ ਮਰੋੜ ਕੇ ਅਪਣੀ ਮਰਜ਼ੀ ਨਾਲ ਕੰਮ ਦੇਣ ਤੇ ਨਾ ਦੇਣ ਦਾ ਜ਼ੋਰ ਚਲਾ ਰਹੇ ਹਨ ਤੇ ਸਰਕਾਰ ਦੀ ਗਵਰਨੰਸ ਵੀ ਕਾਗਜਾਂ ਤੱਕ ਹੀ ਸੀਮਤ ਹੋ ਕੇ ਰਹਿ ਰਹੀ ਹੈ।ਇਸ ਸਬੰਧ ਵਿਚ ਮਨਰੇਗਾ ਲੇਬਰ ਮੂਵਮੈਂਟ ਨੇ ਇਕ ਮੀਟਿੰਗ ਕਰਕੇ ਤਲਵੰਡੀ ਅਰਾਈਆਂ ਦੀ ਮਨਰੇਗਾ ਵਰਕਰ ਸੀਮਾ ਰਾਣੀ ਜਾਬ ਕਾਰਡ ਨੰ: 41 (ਪੁਰਣਾ) ਦੇ ਤਹਿਤ ਮਸਟਰੋਲ ਨੰਬਰ 2613,2790 ਤਹਿਤ 19 ਦਿਨਾਂ ਦੇ ਕੰਮ ਦੀ ਉਜਰਤ ਪਿਛਲੇ ਲਗਭਗ 2 ਸਾਲਾਂ ਤੋਂ ਉਸ ਦੇ ਬੈਂਕ ਖਾਤੇ ਵਿਚ ਨਾ ਪਾਉਣ ਦੀ ਮਨਰੇਗਾ ਮੂਵਮੈਂਟ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਬਲਾਕ 1 ਦੀ ਪ੍ਰਧਾਨ ਗੁਰਬਖ਼ਸ਼ ਕੌਰ ਨੇ ਨਿੰਦਾ ਕਰਦਿਆਂ ਕਿਹਾ ਕਿ ਬੀ ਡੀ ਪੀ ਓ ਬਲਾਕ 1 ਅਤੇ ਉਸ ਦੇ ਕੁਝ ਸਟਾਫ ਵਲੋਂ ਜਾਣ ਬੁਝ ਕੇ ਮਨਰੇਗਾ ਵਰਕਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ ਤੇ ਐਕਟ 2005 ਵਿਚ ਦਰਸਾਏ ਗਏ ਨਿਯਮਾਂ ਨੂੰ ਤਾਕ ਉਤੇ ਰੱਖ ਕੇ ਕੰਮ ਕੀਤਾ ਜਾ ਰਿਹਾ ਹੈ।ਧੀਮਾਨ ਨੇ ਕਿਹਾ ਕਿ ਬੀਡੀਪੀਓ ਬਲਾਕ 1 ਵਲੋਂ ਜਾਣਬੁੱਝ ਕੇ ਮੇਟਾਂ ਦੀ ਬਹਾਲੀ ਦੇ ਆਰਡਰ ਹੋਣ ਦੇ ਬਾਵਜੂਦ ਕੰਮ ਵੀ ਨਹੀਂ ਦਿਤਾ ਰਿਹਾ, ਜਦੋਂ ਕਿ ਐਕਟ ਹਰੇਕ ਮਨਰੇਗਾ ਵਰਕਰ ਨੂੰ 100 ਦਿਨਾਂ ਦੇ ਕੰਮ ਦੀ ਗਰੰਟੀ ਦਿੰਦਾ ਹੈ।ਧੀਮਾਨ ਨੇ ਦੱਸਿਆ ਕਿ ਮਨਰੇਗਾ ਵਰਕਰ ਸੀਮਾ ਰਾਣੀ ਨੂੰ ਬਕਾਇਆ ਉਜਰਤ ਨਾ ਮਿਲਣ ਕਰਕੇ ਲੋਕਪਾਲ ਮਨਰੇਗਾ ਨੇ ਉਸ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਹਦਾਇਤ ਕੀਤੀ ਸੀ ਕਿ 26 ਫਰਵਰੀ 2024 ਤੱਕ ਸੀਮਾ ਰਾਣੀ ਦੇ ਬੈਂਕ ਦਾ ਨਾਮ ਤੇ ਸ਼ਾਖਾ ਅਤੇ ਪੈਸਿਆਂ ਦੀ ਅਦਾਇਗੀ ਦੀ ਮਿਤੀ ਵਾਰੇ ਡਾਟਾ ਮੰਗਿਆ ਸੀ।ਪਰ ਪ੍ਰੋਗ੍ਰਾਮ ਅਫਸਰ ਮਗਨਰੇਗਾ ਕੰਮ ਬੀ ਡੀ ਪੀ ਓ ਬਲਾਕ 1 ਹੁਸ਼ਿਆਰਪੁਰ, ਸਹਾਇਕ ਪ੍ਰੋਜੈਕਟ ਅਫਸਰ ਅਤੇ ਗ੍ਰਾਮ ਰੁਜ਼ਗਾਰ ਸੇਵਕ ਵਲੋਂ ਨਾ ਮੁਹਈਆ ਕਰਵਾਉਣ ਕਰਕੇ ਮਾਨਯੋਗ ਲੋਕਪਾਲ ਹੁਸ਼ਿਆਰਪੁਰ ਨੇ ਅਪਣੇ ਹੁਕਮ ਜਾਰੀ ਕਰਦਿਆਂ ਮਨਰੇਗਾ ਐਕਟ 2005 ਦੀ ਉਲੰਘਣਾ ਕਰਨ ਉਤੇ ਬੀ ਡੀ ਪੀ ਓ ਬਲਾਕ1 ਹੁਸ਼ਿਆਰਪੁਰ, ਸਹਾਇਕ ਪ੍ਰੋਜੈਕਟ ਅਫਸਰ ਬਲਾਕ 1 ਅਤੇ ਗ੍ਰਾਮ ਰੁਜ਼ਗਾਰ ਸੇਵਕ ਬਬਲੀ ਬਲਾਕ 1, ਹੁਸ਼ਿਆਰਪੁਰ ਨੂੰ 1000, 1000 ਰੁ: ਜੁਰਮਾਨਾ ਲਗਾ ਕੇ 31 ਮਾਰਚ ਤੱਕ ਸੀਮਾ ਰਾਣੀ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾਉਣ ਵਾਰੇ ਲਿਖਤੀ ਹੁਕਮ ਜਾਰੀ ਕੀਤੇ।ਉਨ੍ਹਾਂ ਹੁਕਮਾਂ ਵਿਚ ਇਹ ਵੀ ਲਿਖਿਆ ਕਿ ਮਜ਼ਦੂਰੀ ਦੇ ਬਰਾਬਰ ਹਰਾਸਮੈਂਟ ਭੱਤਾ ਬਤੌਰ ਸੀਮਾ ਰਾਣੀ ਦੇ ਬੈਂਕ ਖਾਤੇ ਵਿਚ 31 ਮਾਰਚ ਤੱਕ ਜਮ੍ਹਾਂ ਕਰਵਾਇਆ ਜਾਵੇ।



# ਇਪਟਾ ਨੇ ਰਾਜਨੀਤਿਕ ਧਿਰਾਂ ਨੂੰ ਸੱਭਿਆਚਾਰ 'ਚ ਵਧ ਰਹੇ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈਆ ਲਿਖਿਆ ਪੱਤਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਇਪਟਾ, ਪੰਜਾਬ ਵੱਲੋਂ ਪ੍ਰਮੁੱਖ ਰਾਜਨੀਤਿਕ ਧਿਰਾਂ ਦੇ ਮੁੱਖਆਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ, ਸੂਬਾ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਸੁਖਬੀਰ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੁਨੀਲ ਜਾਖੜ, ਸੂਬਾ ਪ੍ਰਧਾਨ, ਭਾਰਤੀ ਜਨਤਾ ਪਾਰਟੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਪਧਾਨ, ਪੰਜਾਬ ਪ੍ਰਦੇਸ ਕਾਂਗਰਸ, ਕਾਮਰੇਡ ਬੰਤ ਸਿੰਘ ਬਰਾੜ ਸੂਬਾ ਸਕੱਤਰ ਸੀ ਪੀ ਆਈ, ਸਿਮਰਨਜੀਤ ਸਿੰਘ ਮਾਨ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਮਾਨ, ਕਾਮਰੇਡ ਸੇਖੋਂ, ਸੂਬਾ ਸੱਕਤਰ, ਸੀ ਪੀ ਐਮ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਟੀ.ਵੀ. ਚੈਨਲਾਂ ਅਤੇ ਫਿਲਮਾਂ ਵਿਚ ਲੱਚਰ, ਅਸ਼ਲੀਲ ਅਤੇ ਹਿੰਸਕ ਗੀਤਾਂ ਰਾਹੀਂ ਸੱਭਿਆਚਾਰ ਵਿਚ ਵੱਧ ਰਹੇ ਪ੍ਰਦੂਸ਼ਣ ਨੂੰ ਠੱਲ ਪਾਉਂਣ ਲਈਆ ਆ ਰਹੀਆਂ ਲੋਕ ਸਭਾ ਦੀਆਂ ਚੋਣਾ ਵਿਚ ਚੋਣ ਮੁੱਦਾ ਬਣਾਉਂਣ ਤਾਂ ਜੋ ਭਾਰਤੀ ਅਤੇ ਪੰਜਾਬੀ ਸਮਾਜ ਇਕ ਵਾਰ ਫੇਰ ਤੱਰਕੀ ਦੀਆਂ ਅਤੇ ਬੁੱਲਦੀ ਦੀਆਂ ਸ਼ਿਖਰਾਂ ਛੂਹਣ ਦੇ ਨਾਲ-ਨਾਲ ਜ਼ਿਹਨੀ ਅਤੇ ਮਾਨਿਸਕ ਪੱਧਰ 'ਤੇ ਵੀ ਤੰਦਰੁਸਤ ਹੋ ਸਕੇ। ਇਹ ਜਾਣਕਾਰੀ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਨਾਟਕਕਾਰ, ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਅਤੇ ਜਨਰਲ ਸੱਕਤਰ ਨਾਟਕਰਮੀ ਇੰਦਰਜੀਤ ਰੂਪੋਵਾਲੀ ਨੇ ਕਿਹਾ ਕਿ 'ਕਲਾ ਸਿਰਫ਼ ਕਲਾ ਨਹੀਂ, ਲੋਕਾਂ ਲਈ' ਦੇ ਸਿਧਾਂਤ 'ਤੇ ਅਮਲ ਮੁੰਬਈ ਵਿਖੇ 25 ਮਈ 1943 ਨੂੰ ਸਥਾਪਤ ਹੋਈ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸ਼ੀਏਸ਼ਨ) ਨੂੰ ਇਸ ਗੱਲ ਦਾ ਇਲਮ ਹੈ ਕਿ ਸਮਾਜ ਦੀਆਂ ਮੁੱਢਲੀਆ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਹਨ। ਇਨ੍ਹਾਂ ਨੂੰ ਪਹਿਲ ਵੀ ਦੇਣੀ ਚਾਹੀਦੀ ਹੈ। ਪਰ ਜੇ ਸਮਾਜ ਜ਼ਹਿਨੀ ਅਤੇ ਮਾਨਿਸਕ ਤੌਰ 'ਤੇ ਬਿਮਾਰ, ਅਪੰਗ ਅਤੇ ਕੰਗਾਲ ਹੋ ਜਾਵੇਗਾ ਤਾਂ ਚਾਹੇ ਅਸੀਂ ਜਿੰਨੀ ਮਰਜ਼ੀ ਤੱਰਕੀ ਕਰ ਲਈਏ, ਚੰਨ ਤਾਰਿਆਂ ਦੇ ਭੇਦ ਪਾ ਲਈਏ, ਜ਼ਮੀਨ-ਅਸਮਾਨ ਖੰਗਾਲ ਸੁੱਟੀਏ। ਇਸ ਸਭ ਦਾ ਕੋਈ ਮਤਲਬ ਨਹੀਂ ਕਿਉਂਕਿ ਮਾਨਿਸਕ ਤੌਰ 'ਤੇ ਬਿਮਾਰ ਅਤੇ ਅਪੰਗ ਸਮਾਜ/ਬੰਦੇ ਲਈ ਸਭ ਕੁੱਝ ਅਰਥਹੀਨ ਹੈ ਉਨ੍ਹਾਂ ਅੱਗੇ ਕਿਹਾ ਕਿ ਵੈਸੇ ਤਾਂ ਅਤੇ ਹੋਰ ਪ੍ਰਸਾਰਣਾਂ 'ਤੇ ਪਾਬੰਧੀ ਲਈ ਸੈਂਸਰ ਬੋਰਡ ਅਤੇ ਭਾਰਤੀ ਸੰਵਿਧਾਨ ਵਿਚ ਪਹਿਲੋਂ ਹੀ ਵਿਵਸਥਾ ਹੈ ਪਰ ਸਹੀ ਅਰਥਾਂ ਵਿਚ ਲਾਗੂ ਨਹੀਂ ਹੋ ਰਹੇ ਸੋ ਇਸ ਇਨਸਾਨੀਅਤ ਵਿਰੋਧੀ ਵੱਗ ਰਹੀ ਹਵਾਂ ਨੂੰ ਠੱਲ ਪਾਉਣਾ ਅੱਜ ਪ੍ਰਮੁੱਖਤਾ ਦੇ ਆਧਾਰ 'ਤੇ ਕਰਨ ਵਾਲਾ ਅਹਿਮ ਕਾਰਜ ਹੈ ਪਰ ਇਹ ਇਹ ਸਭ ਕੱਲੇ-ਕਾਰੇ ਵਿਆਕਤੀ ਜਾਂ ਸੰਸਥਾਂ ਦੇ ਵੱਸ ਦਾ ਰੋਗ ਨਹੀਂ, ਇਸ ਲਈ ਰਾਜਨੀਤਿਕ ਇੱਛਾ ਸ਼ਕਤੀ ਦੀ ਵੀ ਲੋੜ ਹੈ।

# ਸੀ ਟੀ ਗਰੁੱਪ ਦੇ ਵਿਦਿਆਰਥੀਆਂ ਖੀਰ ਦੀਆਂ 307 ਕਿਸਮਾਂ ਨਾਲ ਲਿਮਕਾ ਬੁੱਕ ਰਿਕਾਰਡ ਬਣਾਇਆ

**ਜਲੰਧਰ (ਸ਼ੈਲੀ ਐਲਬਰਟ)**

ਕਲੀਨਰੀ ਦੀ ਮੁਹਾਰਤ ਅਤੇ ਨਵੀਨਤਾ ਦਾ ਪ੍ਰਦਰਸ਼ਨ ਕਰਦੇ ਹੋਏ ਸੀ ਟੀ ਗਰੁੱਪ ਦੇ ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆਂ ਨੇ 307 ਵੱਖ-ਵੱਖ ਕਿਸਮਾਂ ਦੀਆਂ ਖੀਰ ਤਿਆਰ ਕਰਕੇ ਲਿਮਕਾ ਬੁੱਕ ਆਫ਼ ਰਿਕਾਰਡ ਦਾ ਰਿਕਾਰਡ ਕਾਇਮ ਕਰਨ ਦਾ ਇੱਕ ਸ਼ਾਨਦਾਰ ਯਤਨ ਕੀਤਾ। ਇਸ ਅਭਿਲਾਸ਼ੀ ਕਾਰਨਾਮੇ ਨੇ ਨਾ ਸਿਰਫ਼ ਵਿਦਿਆਰਥੀਆਂ ਦੇ ਕਲੀਨਰੀ ਦੇ ਹੁਨਰ ਨੂੰ ਉਜਾਗਰ ਕੀਤਾ ਸਗੋਂ ਪਰਾਹੁਣਚਾਰੀ ਦੇ ਖੇਤਰ ਵਿੱਚ ਰਚਨਾਤਮਕਤਾ ਦੀਆਂ ਹੱਦਾਂ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਦੀ ਵਚਨਬੱਧਤਾ ਨੂੰ ਵੀ ਰੇਖਾਂਕਿਤ ਕੀਤਾ । ਸਮਾਗਮ ਨੂੰ ਮਹਿਮਾਨ ਜਿਨ੍ਹਾਂ ਵਿੱਚ ਫਾਰਚਿਊਨ ਹੋਟਲ ਜਲੰਧਰ ਦੇ ਐਚ.ਆਰ ਮੈਨੇਜਰ ਨਰਿੰਦਰ, ਅਤੇ ਫਾਰਚਿਊਨ ਹੋਟਲ ਜਲੰਧਰ ਦੇ ਕਾਰਜਕਾਰੀ ਸ਼ੈੱਫ ਸੁਰਜੀਤ ਸ਼ਾਮਲ ਸਨ, ਨੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ। ਇਸ ਪ੍ਰੋਗਰਾਮ ਵਿੱਚ ਐਨ.ਜੀ.ਓ ਅੰਮ੍ਰਿਤਸਰ ਦੇ ਡਾਇਰੈਕਟਰ ਡਾ. ਰਾਜਨ ਸ਼ਰਮਾ, ਖ਼ਾਲਸਾ ਕਾਲਜ ਫ਼ਾਰ ਵੂਮੈਨ ਅੰਮ੍ਰਿਤਸਰ ਦੀ ਮੁਖੀ ਪ੍ਰੋ: ਮਿੰਨੀ ਸ਼ਰਮਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਆਸ ਪਿੰਡ ਦੀ ਪ੍ਰਿੰਸੀਪਲ ਆਸ਼ਾ ਰਾਣੀ ਅਤੇ ਪ੍ਰਿੰਸੀਪਲ ਸੀਮਾ ਰਾਣੀ ਨਾਮਵਰ ਸ਼ਖ਼ਸੀਅਤਾਂ ਹਾਜ਼ਰ ਸਨ । ਇਸ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਤੋਖਪੁਰਾ ਦੇ ਪ੍ਰਿੰਸੀਪਲ, ਲੈਕਚਰਾਰ ਸੁਖਵਿੰਦਰਵੀਰ ਸਿੰਘ ਅਤੇ ਸੰਜੇ, ਈ.ਆਰ ਰਾਜੇਸ਼ ਕੁਮਾਰ ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਟਰੇਨਿੰਗ ਅਤੇ ਪਲੇਸਮੈਂਟ ਅਫਸਰ ਨੇ ਆਪਣੀ ਹਾਜ਼ਰੀ ਨਾਲ ਇਸ ਸਮਾਗਮ ਦੀ ਸ਼ੋਭਾ ਵਧਾਈ। ਇਸ ਸਮਾਗਮ ਵਿੱਚ ਨੇੜਲੇ ਪਿੰਡਾਂ ਦੇ ਸਰਪੰਚਾਂ ਅਤੇ ਵੱਖ-ਵੱਖ ਗੈਰ-ਸਰਕਾਰੀ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਦੇਖੀ ਗਈ। ਇਸ ਦੇ ਨਾਲ ਹੀ ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਅਤੇ ਜੁਆਇੰਟ ਮੈਨੇਜਿੰਗ ਡਾਇਰੈਕਟਰ, ਤਨਿਕਾ ਚੰਨੀ, ਕੈਂਪਸ ਦੇ ਡਾਇਰੈਕਟਰ ਡਾ. ਯੋਗੇਸ਼ ਛਾਬੜਾ ਨੇ ਪੂਰੇ ਸਮਾਗਮ ਦੌਰਾਨ ਵਿਦਿਆਰਥੀਆਂ ਦਾ ਸਹਿਯੋਗ ਅਤੇ ਹੌਸਲਾ ਵਧਾਇਆ । ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਇਸ ਮੌਕੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ, ਸਾਡੇ ਵਿਦਿਆਰਥੀਆਂ ਦੁਆਰਾ ਉੱਤਮਤਾ ਦੀ ਪ੍ਰਾਪਤੀ ਵਿੱਚ ਪ੍ਰਦਰਸ਼ਿਤ ਸਮਰਪਣ ਅਤੇ ਰਚਨਾਤਮਕਤਾ ਨੂੰ ਵੇਖ ਕੇ ਮੈਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ। ਨਵੀਨਤਾ ਅਤੇ ਦ੍ਰਿੜ੍ਹਤਾ ਦੀ ਭਾਵਨਾ ਜੋ ਸੀਟੀ ਗਰੁੱਪ ਨੂੰ ਪਰਿਭਾਸ਼ਤ ਕਰਦੀ ਹੈ, ਮੈਂ ਇਸ ਵਿੱਚ ਸ਼ਾਮਲ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਵਧਾਈ ਦਿੰਦਾ ਹਾਂ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕਰਦਾ ਹਾਂ।



# ਭੂਮੀ ਤੇ ਪਾਣੀ ਸੰਭਾਲ ਵਿਭਾਗ ਦੇ ਪੈਨਸ਼ਨਰਾਂ ਦੀ ਇਕੱਤਰਤਾ ਹੋਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਭੂਮੀ ਅਤੇ ਪਾਣੀ ਸੰਭਾਲ ਵਿਭਾਗ ਪੰਜਾਬ ਦੇ ਰਿਟਾਇਰ ਹੋਏ ਕਰਮਚਾਰੀਆਂ ਦੀ ਪ੍ਰਬੰਧਕ ਕਮੇਟੀ ਦੇ ਸੱਦੇ 'ਤੇ ਹੁਸ਼ਿਆਰਪੁਰ ਵਿਖੇ ਇੱਕ ਇਕੱਤਰਤਾ ਹੋਈ।ਇਸ ਮੀਟਿੰਗ ਵਿੱਚ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਅਤੇ ਪੰਜਾਬ ਪੈਨਸ਼ਨਰ ਕਨਫੈਡਰੇਸ਼ਨ ਦੇ ਜਨਰਲ ਸਕੱਤਰ ਕੁਲਵਰਨ ਸਿੰਘ, ਸੂਬਾ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਅਤੇ ਹਰਦੀਪ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਵਿਭਾਗ ਦੇ ਪੈਨਸ਼ਨਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਿਰਮੌਰ ਆਗੂ ਸਵਰਗੀ ਮਹਿੰਦਰ ਸਿੰਘ ਪਰਵਾਨਾ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਸਮੇ ਸਵਰਨ ਚੰਦ, ਕ੍ਰਿਸ਼ਨ ਲਾਲ, ਵਿਜੇ ਕੁਮਾਰ ਬਬੇਲੀ, ਸੁੱਖਜੀਤ ਸਿੰਘ, ਅਮਰਜੀਤ ਸਿੰਘ ਨੇ ਵਿਚਾਰ ਪੇਸ਼ ਕਰਦੇ ਹੋਏ ਪੈਨਸ਼ਨਰਾਂ ਨੂੰ ਪੇਸ਼ ਆ ਰਹੀਆਂ ਔਕੜਾਂ ਤੋਂ ਇਲਾਵਾ ਪਾਣੀ ਅਤੇ ਮਿੱਟੀ ਦੀ ਸੰਭਾਲ ਕਰਨ ਲਈ ਆਪਣੇ ਸੁਝਾਅ ਦਿੱਤੇ।ਇਸ ਸਮੇਂ 80 ਸਾਲ ਦੀ ਉਮਰ ਪੂਰੀ ਕਰ ਚੁੱਕੇ ਰਿਟਾਇਰੀ ਕਰਮਚਾਰੀਆਂ ਦਾ ਸਨਮਾਨ ਵੀ ਕੀਤਾ ਗਿਆ।ਕੁਲਵਰਨ ਸਿੰਘ ਪ੍ਰਧਾਨ ਅਤੇ ਬਲਵੀਰ ਸਿੰਘ ਸੈਣੀ ਵਲੋਂ ਪੈਨਸ਼ਨਰਾਂ ਪ੍ਰਤੀ ਕੀਤੀ ਜਾ ਰਹੀ ਸੇਵਾ ਲਈ ਸਮੂਹ ਬੁਲਾਰਿਆਂ ਵੱਲੋਂ ਸ਼ਲਾਘਾ ਕੀਤੀ ਗਈ।ਉਨ੍ਹਾਂ ਆਪਣੇ ਸੰਬੋਧਨ ਵਿੱਚ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਉਹਨਾਂ ਦੇ ਹੱਲ ਸਬੰਧੀ ਕੀਤੇ ਜਾ ਰਹੇ ਜਥੇਬੰਦਕ ਯਤਨਾ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਇਆ।ਉਹਨਾਂ ਪੰਜਾਬ ਸਰਕਾਰ ਵੱਲੋਂ ਪੈਨਸ਼ਨਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੈਨਸ਼ਨਰ ਸਰਕਾਰ ਨੂੰ ਸਬਕ ਸਿਖਾਉਣ ਲਈ ਮਜਬੂਰ ਹੋਣਗੇ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਸੁਰਜੀਤ ਸਿੰਘ ਬੰਗੜ ਨੇ ਬਾਖੂਬੀ ਨਿਭਾਈ। ਅੰਤ ਵਿੱਚ ਗੁਰਦੇਵ ਸਿੰਘ ਬਾਂਸਲ ਵੱਲੋਂ ਸਮੂਹ ਪੈਨਸ਼ਨਰਾਂ ਦਾ ਮੀਟਿੰਗ ਵਿੱਚ ਹਿੱਸਾ ਲੈਣ ਲਈ ਦਿਲੋਂ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਇਸੇ ਤਰ੍ਹਾਂ ਸਹਿਯੋਗ ਦੇਣ ਦੀ ਅਪੀਲ ਕੀਤੀ।

# ਧਰਨਾਕਾਰੀਆਂ ਦੀ ਮਿਹਨਤ ਰੰਗ ਲਿਆਈ, ਮਿਲਿਆ ਲਾਂਘਾ



**ਬੰਗਾ (ਅਵਤਾਰ ਕਲੇਰ)**

ਕਸਬਾ ਬਹਿਰਾਮ ਵਿਖੇ ਲੰਮੇ ਸਮੇਂ ਤੋਂ ਲੋਕਾਂ ਦੀ ਮੰਗ ਸੀ ਕਿ ਮਾਹਿਲਪੁਰ ਚੌਕ ਵਿੱਚ ਪੁਲ ਬਣਾਇਆ ਜਾਵੇ ਅਤੇ ਅੱਡਾ ਬਹਿਰਾਮ ਤੋਂ ਲਾਂਘਾ ਦਿੱਤਾ ਜਾਵੇ।ਇਸ ਲਈ ਇਲਾਕੇ ਦੇ ਲੋਕ ਲੰਮੇ ਸਮੇਂ ਤੋਂ ਇਕਜੁੱਟਤਾ ਨਾਲ ਧਰਨਾ ਲਗਾ ਕੇ ਬੈਠੇ ਸਨ ਜਿਨ੍ਹਾ ਧਰਨਾ ਸਥਾਨ ਤੋਂ ਲੈ ਕੇ ਦਿੱਲੀ ਤੱਕ ਕੋਸ਼ਿਸ਼ ਕੀਤੀ। ਪਤਾ ਲੱਗਾ ਕਿ ਮਾਹਿਲਪੁਰ ਚੌਕ 'ਚ ਪੁਲ ਬਣਨ ਦੇ ਨਾਲ-ਨਾਲ ਬੱਸ ਅੱਡਾ ਬਹਿਰਾਮ ਤੋਂ ਵੀ ਲਾਂਘਾ ਮਿਲ ਗਿਆ ਹੈ ਤੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ।ਵਿਭਾਗ ਕਰਮਚਾਰੀਆ ਨੇ ਆ ਕੇ ਲੋਕਾਂ ਨੂੰ ਜਿੱਥੇ ਲਾਂਘੇ ਦਾ ਪੱਤਰ ਸੌਂਪਿਆ ਉਥੇ ਉਨ੍ਹਾ ਮਸ਼ੀਨਾ ਲਗਾ ਕੇ ਖੁਦਾਈ ਵੀ ਸ਼ੁਰੂ ਕਰਾ ਦਿੱਤੀ।ਲੋਕਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਦਾ ਧੰਨਵਾਦ ਕੀਤਾ।ਉਪਰੰਤ ਸ਼ੁਕਰਾਨਾ ਅਰਦਾਸ ਕੀਤੀ ਗਈ।ਇਸ ਮੌਕੇ ਚਰਨਜੀਤ ਸਿੰਘ ਰੰਧਾਵਾ, ਅਮਰਜੀਤ ਸਿੰਘ ਲੇਹਲ, ਕਾਮਰੇਡ ਅਵਤਾਰ ਸਿੰਘ ਕੱਟ, ਲਾਲੀ ਬਹਿਰਾਮ, ਜਸਵੀਰ ਸਿੰਘ ਨਾਗਰਾ, ਜਥੇ:ਦਲਜੀਤ ਸਿੰਘ ਸੋਢੀ ਮਾਹਿਲਪੁਰੀ, ਠੇਕੇਦਾਰ ਜਤਿੰਦਰ ਸਿੰਘ, ਸੁਖਵਿੰਦਰ ਸਿੰਘ ਰੰਧਾਵਾ, ਅਮਰਜੀਤ ਸਿੰਘ ਪੂਨੀ, ਰਿਟਾ: ਪੁਲਸ ਇੰਸਪੈਕਟਰ ਮਹਿੰਦਰ ਪਾਲ, ਰਾਜਿੰਦਰ ਸਿੰਘ ਅਟਵਾਲ, ਬਲਦੇਵ ਸਿੰਘ ਅਟਵਾਲ, ਪਾਸਟਰ ਸੁਰਿੰਦਰ ਰਾਮ, ਦਵਿੰਦਰ ਬਤਰਾ, ਠੇਕੇਦਾਰ ਲਖਵਿੰਦਰ ਜੱਸਾ, ਗੁਰਨਾਮ ਰਾਮ, ਤਰਸੇਮ ਲਾਲ ਪੰਚ, ਦਰਸ਼ਨ ਰਾਮ, ਚਰਨਜੀਤ ਸਿੰਘ, ਕੁਲਵਿੰਦਰ ਸਿੰਘ, ਰਣਵੀਰ ਸਿੰਘ, ਸ਼ਿਵਦਿਆਲ ਭੁੱਟਾ, ਸੁਰਜੀਤ ਸਿੰਘ, ਇਕਬਾਲ ਸਿੰਘ ਅਤੇ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ ।

# ਗੋਲਡੀ ਬਰਾੜ ਤੇ ਰੋਹਿਤ ਗੋਂਦਾਰਾ ਦੇ ਤਿੰਨ ਕਾਰਕੁਨ ਗ੍ਰਿਫ਼ਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐਫ) ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਨਾਲ ਸਬੰਧਤ ਤਿੰਨ ਕਾਰਕੁਨਾਂ ਨੂੰ ਜ਼ੀਰਕਪੁਰ ਤੋਂ ਗ੍ਰਿਫਤਾਰ ਕੀਤਾ ਹੈ।ਇਹ ਜਾਣਕਾਰੀ ਡੀ ਜੀ ਪੀ, ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਜੈ ਸਿੰਘ ਉਰਫ਼ ਅਜੈਪਾਲ ਅਤੇ ਅੰਕਿਤ ਦੋਵੇਂ ਵਾਸੀ ਭਿਵਾਨੀ, ਹਰਿਆਣਾ ਅਤੇ ਲਖਵਿੰਦਰ ਸਿੰਘ ਉਰਫ਼ ਲੱਕੀ ਵਾਸੀ ਏ ਕੇ ਐਸ ਕਲੋਨੀ , ਜ਼ੀਰਕਪੁਰ ਵਜੋਂ ਹੋਈ ਹੈ। ਮੁਲਜ਼ਮ ਅੰਕਿਤ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਹਰਿਆਣਾ ਵਿੱਚ ਕਤਲ, ਇਰਾਦਾ ਕਤਲ , ਜਬਰਨ ਵਸੂਲੀ ਅਤੇ ਅਸਲਾ ਐਕਟ ਸਮੇਤ ਕਈ ਘਿਨਾਉਣੇ ਅਪਰਾਧਿਕ ਕੇਸਾਂ ਵਿੱਚ ਸ਼ਾਮਲ ਹੈ।ਪੁਲਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ .32 ਕੈਲੀਬਰ ਦੇ ਦੋ ਪਿਸਤੌਲਾਂ ਸਮੇਤ 11 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ ਅਤੇ ਮੁਲਜ਼ਮਾਂ ਦੀ ਹੁੰਡਈ ਔਰਾ ਕਾਰ ਵੀ ਜ਼ਬਤ ਕੀਤੀ ਗਈ ਹੈ।

# ਕਾਹਮਾ ਵੱਲੋਂ ਸਕੂਲ ਨੂੰ ਇੱਕ ਲੱਖ ਰੁਪਏ ਦੀ ਰਾਸ਼ੀ ਭੇਟ

**ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੀਰਮਪੁਰ ਵਿਖੇ ਹੈਡਮਾਸਟਰ ਸੁਖਵਿੰਦਰ ਕੁਮਾਰ ਅਤੇ ਸਟਾਫ ਦੀ ਅਗਵਾਈ ਵਿੱਚ ਸਕੂਲ ਦੇ ਵਿਕਾਸ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕੀਤੇ ਜਾ ਰਹੇ ਹਨ। ਸਕੂਲ ਬਾਰੇ ਗੱਲਬਾਤ ਕਰਦੇ ਹੋਏ ਹੈਡਮਾਸਟਰ ਸੁਖਵਿੰਦਰ ਕੁਮਾਰ ਨੇ ਦੱਸਿਆ ਕਿ ਹਰਦੇਵ ਸਿੰਘ ਕਾਹਮਾ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਟੀਸਟਾ ਐਗਰੋ ਇੰਡਸਟਰੀਜ ਲਿਮਿਟਡ ਕਲਕੱਤਾ ਵਲੋਂ ਸਕੂਲ ਨੂੰ ਵਿਕਾਸ ਕਾਰਜਾਂ ਲਈ 100000 ਰੁਪਏ (ਇੱਕ ਲੱਖ ਰੁਪਏ) ਦੀ ਰਾਸ਼ੀ ਪੇਂਡੂ ਏਰੀਏ ਦੀਆਂ ਵਿਦਿਆਰਥਣਾਂ ਦੀ ਪੜ੍ਹਾਈ ਦੀਆਂ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਸਕੂਲ ਨੂੰ ਦਾਨ ਵਜੋਂ ਦਿੱਤੀ। ਸਕੂਲ ਮੁਖੀ ਨੇ ਗੱਲਬਾਤ ਕਰਦੇ ਹੋਏ ਦੱਸਿਆ। ਹਰਦੇਵ ਕਾਹਮਾ ਨੇ ਸਕੂਲ ਵਿਜ਼ਿਟ ਕੀਤਾ ਉਹਨਾਂ ਦੇ ਨਾਲ ਸਕੂਲ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਉਹਨਾਂ ਨੇ ਸਕੂਲ ਦੀਆਂ ਸੀਨੀਅਰ ਸੈਕੰਡਰੀ ਕਲਾਸਾਂ ਦੀਆਂ ਪੋਸਟਾਂ ਬਾਰੇ ਕਾਫੀ ਵਿਚਾਰ ਚਰਚਾ ਕੀਤੀ। ਉਹਨਾਂ ਨੇ ਵਿਦਿਆਰਥੀਆਂ ਦੀ ਪੜ੍ਹਾਈ ਬਾਰੇ ਆਪਣੀ ਚਿੰਤਾ ਪ੍ਰਗਟ ਕੀਤੀ ਉਹਨਾਂ ਨੇ ਗਰੀਬ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਵਾਉਣ ਲਈ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ। ਉਹਨਾਂ ਨੇ ਗੱਲਬਾਤ ਕਰਦੇ ਹੋਏ ਹਰਦੇਵ ਸਿੰਘ ਕਾਹਮਾ ਦੁਆਰਾ ਕੀਤੇ ਵਿਕਾਸ ਕਾਰਜਾਂ, ਲੋਕ ਭਲਾਈ ਕੰਮਾ ਬਾਰੇ ਜਾਣੂ ਕਰਵਾਇਆ। ਸਮੂਹ ਸਟਾਫ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਰਮਪੁਰ ਨੇ ਹਰਦੇਵ ਸਿੰਘ ਕਾਹਮਾ ਦਾ ਲੋਕ ਭਲਾਈ ਕੰਮਾਂ ਲਈ ਧੰਨਵਾਦ ਕੀਤਾ ਅਤੇ ਵਾਹਿਗੁਰੂ ਤੋਂ ਉਹਨਾਂ ਦੀ ਅਤੇ ਉਹਨਾਂ ਦੇ ਪਰਵਾਰ ਦੀ ਚੜ੍ਹਦੀ ਕਲ੍ਹਾ ਦੀ ਕਾਮਨਾ ਕੀਤੀ।



# ਨੌਜਵਾਨ ਦੇ ਦੋਵੇਂ ਗੁਰਦੇ ਹੋਏ ਫੇਲ੍ਹ ਹੋਣ ਕਾਰਨ ਗਰੀਬ ਮਾਂ-ਪਿਓ ਨੇ ਪੁੱਤਰ ਦੀ ਜਾਨ ਬਚਾਉਣ ਦੀ ਲਾਈ ਗੁਹਾਰ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**-ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਢੱਕੋਵਾਲ ਦੇ ਗਰੀਬ ਮਜ਼ਦੂਰ ਪਰਵਾਰ ਦੇ 20 ਸਾਲਾ ਪੁੱਤਰ ਦੇ ਦੋਵੇਂ ਗੁਰਦੇ ਫੇਲ੍ਹ ਹੋ ਜਾਣ ਕਾਰਨ ਉਸ ਦਾ ਸਾਰਾ ਪਰਵਾਰ ਸਮੱਸਿਆ ਨਾਲ ਘਿਰਿਆ ਹੋਇਆ ਹੈ। ਉਸ ਦੀ ਜਾਨ ਬਚਾਉਣ ਲਈ ਅਤੇ ਗੁਰਦੇ ਬਦਲੀ ਕਰਨ ਲਈ ਡਾਕਟਰਾਂ ਨੇ ਲਗਭਗ 15 ਤੋਂ 16 ਲੱਖ ਰੁਪਏ ਦਾ ਖਰਚਾ ਦੱਸਿਆ ਹੈ ਜੋ ਕਿ ਗਰੀਬ ਪਰਵਾਰ ਦੀ ਪਹੁੰਚ ਤੋਂ ਬਹੁਤ ਦੂਰ ਹੈ। ਗੰਭੀਰ ਸਮੱਸਿਆ ਤੋਂ ਪੀੜਤ 20 ਸਾਲਾ ਨੌਜਵਾਨ ਹੈਰੀ ਕੁਮਾਰ ਪੁੱਤਰ ਟੇਕ ਰਾਜ ਇਸ ਵਕਤ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ। ਡਾਕਟਰਾਂ ਦੱਸਿਆ ਹੈ ਕਿ ਜੇਕਰ ਸਮੇਂ ਸਿਰ ਉਸ ਦੇ ਗੁਰਦੇ ਨਹੀਂ ਬਦਲੇ ਜਾਂਦੇ ਤਾਂ ਉਹ ਚੰਦ ਕੁ ਦਿਨਾਂ ਦਾ ਮਹਿਮਾਨ ਹੈ। ਪੀੜਤ ਨੌਜਵਾਨ ਦੇ ਪਿਤਾ ਟੇਕ ਰਾਜ ਵਾਸੀ ਢੱਕੋਵਾਲ ਨੇ ਸਮਾਜ ਸੇਵੀ ਸੰਸਥਾਵਾਂ ਅਤੇ ਪ੍ਰਸ਼ਾਸਨ ਪਾਸੋਂ ਮਦਦ ਦੀ ਗੁਹਾਰ ਲਗਾਈ ਹੈ।

## ਸੰਨਸੋਏ ਗੋਤਰਾ ਜਠੇਰਿਆਂ ਦਾ ਮੇਲਾ 7 ਅਪ੍ਰੈਲ ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸੱਤੀ ਮਾਤਾ ਸੰਨਸੋਏ ਗੋਤਰਾ ਜਠੇਰੇ ਦਾ ਮੇਲਾ ਆਲ ਇੰਡੀਆ ਕਸ਼ਯਪ ਰਾਜਪੂਤ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਮਹਿਰਾ ਨੇ ਦੱਸਿਆ ਕਿ 7 ਅਪ੍ਰੈਲ ਨੂੰ ਸਤੀ ਮੰਦਿਰ ਪਿੰਡ ਭਟਰਾਣਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਨਾਇਆ ਜਾਵੇਗਾ, ਜਿਸ ਵਿਚ ਝੰਡੇ ਦੀ ਰਸਮ ਸਵੇਰੇ 10 ਵਜੇ ਹੋਵੇਗੀ, ਭੰਡਾਰਾ ਸਵੇਰੇ 11 ਵਜੇ, ਕੰਜਕ ਪੂਜਾ ਤੋਂ ਬਾਅਦ ਕਰਵਾਇਆ ਜਾਵੇਗਾ। ਕਸ਼ਯਪ ਰਾਜਪੂਤ ਦੀ ਅਗਵਾਈ 'ਚ 7 ਅਪ੍ਰੈਲ ਨੂੰ ਕਸ਼ਯਪ ਰਾਜਪੂਤ ਜਾਤੀਆਂ ਦੇ ਜਠੇਰਿਆਂ ਗੋਤਰ ਮੇਲਾ ਕਮੇਟੀਆਂ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਕੱਤਰ ਕੁਲਦੀਪ ਸਿੰਘ ਮੀਡੀਆ ਕੁਲਵਿੰਦਰ ਸਿੰਘ ਨੇ ਦੱਸਿਆ ਕਿ 7 ਅਪੈਲ ਨੂੰ ਅਤੋਵਾਲ ਤੋਂ ਪਿੰਡ ਭਟਰਾਣਾ ਨੂੰ ਆਉਣ ਵਾਲੀਆਂ ਸੰਗਤਾਂ ਲਈ ਟੈਂਪੂ ਸੇਵਾ ਮੁਫ਼ਤ ਕੀਤੀ ਜਾਵੇਗੀ ਅਤੇ ਸਮੂਹ ਸੰਗਤਾਂ ਨੂੰ ਪਿੰਡ ਭਟਰਾਣਾ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ ਅਟੁੱਟ ਭੰਡਾਰਾ ਚਲਾਇਆ ਜਾਵੇਗਾ।

## ਰੋਬੀ ਕੰਗ ਬਣੇ ਯੂਥ ਵਿੰਗ ਪੰਜਾਬ ਸਟੇਟ ਸੈਕਟਰੀ

**ਬੰਗਾ (ਅਵਤਾਰ ਕਲੇਰ)**-ਨੌਜਵਾਨ ਮਿਹਨਤੀ ਵਰਕਰ ਜਸਪ੍ਰੀਤ ਸਿੰਘ ਰੋਬੀ ਕੰਗ ਨੂੰ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ 'ਆਪ' ਹਾਈ ਕਮਾਂਡ ਵਲੋਂ ਯੂਥ ਵਿੰਗ ਪੰਜਾਬ ਸਟੇਟ ਸੈਕਟਰੀ ਬਣਾਇਆ ਗਿਆ। ਇਸ ਮੌਕੇ ਨਵ-ਨਿਯੁਕਤ ਪੰਜਾਬ ਸਟੇਟ ਸੈਕਟਰੀ ਜਸਪ੍ਰੀਤ ਸਿੰਘ ਰੋਬੀ ਕੰਗ ਨੇ ਪਿੰਡ ਕੁਲਥਮ ਵਿਖੇ ਆਪਣੀ ਇਸ ਨਿਯੁਕਤੀ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਹਾਈ ਕਮਾਂਡ ਨੇ ਜੋ ਜ਼ਿੰਮੇਵਾਰੀ ਮੈਨੂੰ ਸੌਂਪੀ ਹੈ, ਮੈਂ ਉਸ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਵੱਧ ਤੋਂ ਵੱਧ ਯੂਥ ਨੂੰ ਪਾਰਟੀ ਨਾਲ ਜੋੜਾਂਗਾ।

## ਥਾਣਾ ਫਿਲੌਰ ਅੱਗੇ ਧਰਨਾ ਪ੍ਰਦਰਸ਼ਨ 19 ਨੂੰ

**ਫਿਲੌਰ (ਨਿਰਮਲ)**- ਫਿਲੌਰ ਅੰਦਰ ਅਤੇ ਨੇੜਲੇ ਪਿੰਡਾਂ ਵਿੱਚ ਨਿੱਤ ਹੋ ਰਹੀਆਂ ਲੁੱਟਾਂ, ਖੋਹਾਂ, ਚੋਰੀਆਂ, ਨਸ਼ਾ ਤਸਕਰੀ ਦੀਆਂ ਵਧ ਰਹੀਆਂ ਵਾਰਦਾਤਾਂ ਬਾਰੇ ਵਾਰ-ਵਾਰ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਪੁਲਸ ਪ੍ਰਸ਼ਾਸਨ ਗੂੜੀ ਨੀਂਦ ਸੁੱਤਾ ਪਿਆ ਹੈ। ਫਿਲੌਰ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਦੇ ਖਿਲਾਫ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 19 ਮਾਰਚ ਦਿਨ ਮੰਗਲਵਾਰ ਨੂੰ ਥਾਣਾ ਫਿਲੌਰ ਮੋਹਰੇ 11 ਵਜੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।

## ਬਾਲ ਮੁਕੰਦ ਸ਼ਰਮਾ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਨਿਯੁਕਤ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿੱਚ ਫੂਡ ਸੈਕਟਰ ਨੂੰ ਹੁਲਾਰਾ ਦੇਣ ਵਿੱਚ ਬੇਮਿਸਾਲ ਭੂਮਿਕਾ ਨਿਭਾਉਣ ਵਾਲੇ ਉੱਘੇ ਖੁਰਾਕ ਮਾਹਿਰ ਬਾਲ ਮੁਕੰਦ ਸ਼ਰਮਾ ਨੂੰ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਾਲ ਮੁਕੰਦ ਸ਼ਰਮਾ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਲੁਧਿਆਣਾ ਤੋਂ ਐਗਰੀਕਲਚਰ ਵਿੱਚ ਬੀ ਐਸ ਸੀ ਦੀ ਡਿਗਰੀ ਕੀਤੀ ਅਤੇ ਉਨ੍ਹਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਬਾਅਦ ਵਿੱਚ, ਉਹਨਾਂ ਨੇ ਇਸੇ ਯੂਨੀਵਰਸਿਟੀ ਤੋਂ ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿੱਚ ਮਾਸਟਰ ਡਿਗਰੀ ਕੀਤੀ।ਮਾਰਕਫੈੱਡ ਵਿੱਚ ਜ਼ਿਲ੍ਹਾ ਮੈਨੇਜਰ ਵਜੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਦਿਆਂ, ਉਹਨਾਂ ਨੇ ਆਪਣੇ ਕੈਰੀਅਰ ਦੌਰਾਨ ਸ਼ਾਨਦਾਰ ਸੇਵਾਵਾਂ ਨਿਭਾਈਆਂ। ਉਹ ਜਲੰਧਰ ਅਤੇ ਲੁਧਿਆਣਾ ਵਿੱਚ ਡੀ.ਐਮ. ਮਾਰਕਫੈੱਡ ਰਹੇ ਅਤੇ ਏ ਐਮ ਡੀ ਮਾਰਕਫੈੱਡ ਦੇ ਤੌਰ 'ਤੇ ਸੇਵਾਮੁਕਤ ਹੋਏ। ਉਹਨਾਂ ਨੇ ਆਪਣੀ ਪੇਸ਼ੇਵਰ ਮੁਹਾਰਤ ਦੇ ਦਮ 'ਤੇ ਦੁਨੀਆ ਭਰ ਦੇ ਫੂਡ ਪ੍ਰੋਸੈਸਿੰਗ ਸੈਕਟਰ ਵਿੱਚ ਮਾਰਕਫੈੱਡ ਨੂੰ ਇੱਕ ਬ੍ਰਾਂਡ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

# ਗੁਰਮਤਿ ਸਮਾਗਮ ਆਯੋਜਿਤ




**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਗੁਰਦੁਆਰਾ ਸਾਹਿਬ ਨਾਨਕ ਗੁਰਮਤਿਸਰ (ਨਾਨਕਸਰ) ਪਿੰਡ ਖਰਲ ਖੁਰਦ ਖੋਖਰ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਸੁਖਦੇਵ ਸਿੰਘ (ਬਾਬਾ ਸੁੱਖਾ) ਨੂੰ ਸਮਰਪਿਤ 14ਵਾਂ ਸਾਲਾਨਾ ਸਮਾਗਮ ਸ਼ਰਧਾ ਪੂਰਵਕ ਤੇ ਸੇਵਾ ਭਾਵਨਾ ਨਾਲ ਕਰਵਾਇਆ ਗਿਆ। ਮੁੱਖ ਸੇਵਾਦਾਰ ਸੰਤ ਬਾਬਾ ਅਮਰਦੀਪ ਸਿੰਘ ਦੀ ਅਗਵਾਈ ਵਿੱਚ ਪ੍ਰਵਾਸੀ ਭਾਰਤੀਆਂ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ ਉਪਰੰਤ ਸਾਮ 6 ਵਜੇ ਤੋਂ ਰਾਤ 10 ਵਜੇ ਤੱਕ ਮਹਾਨ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ। ਸਜਾਏ ਗਏ ਧਾਰਮਿਕ ਦੀਵਾਨ 'ਚ ਸੰਤ ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ, ਕਥਾ ਵਾਚਕ ਭਾਈ ਜਸਵੀਰ ਸਿੰਘ ਖੁਸ਼ਦਿਲ, ਭਾਈ ਸੁਖਦੀਪ ਸਿੰਘ ਖੁਰਦ ਵਾਲੇ, ਜਥੇਦਾਰ ਭਾਈ ਸੰਦੀਪ ਸਿੰਘ ਖਾਲਸਾ ਮਿਸਲ ਸ਼ਹੀਦਾਂ ਤਰਨਾ ਦਲ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ, ਗੁਰਮਤਿ ਵਿਚਾਰਾਂ ਦੁਬਾਰਾ ਨਿਹਾਲ ਕਰਦੇ ਹੋਏ ਸੇਵਾ ਤੇ ਸਿਮਰਨ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਅਮਰਜੀਤ ਸਿੰਘ ਨੇ ਜਿੱਥੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਉੱਥੇ ਹੀ ਉਹਨਾਂ ਸੰਤ ਬਾਬਾ ਸੁਖਦੇਵ ਸਿੰਘ ਦੇ ਜੀਵਨ ਸਬੰਧੀ ਚਾਨਣਾ ਪਾਉਂਦਿਆਂ ਸੰਤਾਂ-ਮਹਾਂਪੁਰਸ਼ਾਂ ਵੱਲੋਂ ਦਰਸਾਏ ਗਏ ਸੇਵਾ ਤੇ ਸਿਮਰਨ ਦੇ ਮਾਰਗ ਤੇ ਚੱਲਣ ਲਈ ਕਿਹਾ। ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਭਾਈ ਸਰਤਾਜ ਸਿੰਘ ਵਸਰਾਵਾਂ ਵਾਲਿਆਂ ਨੇ ਸਮੂਹ ਸੰਗਤ ਨੂੰ ਆਪਣੇ ਮਨੁੱਖਾ ਜਨਮ ਦਾ ਲਾਭ ਉਠਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਨੂੰ ਮਨ ਵਸਾ ਕੇ ਸਵਾਸ ਸਵਾਸ ਸਿਮਰਨ ਕਰਨ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਮਾਤਾ ਅਮਰਜੀਤ ਕੌਰ, ਚੇਅਰਮੈਨ ਇੰਪਰੂਵਮੈਂਟ ਟਰਸਟ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ, ਜਸਕੀਰਤ ਸਿੰਘ, ਤਰਨਜੀਤ ਸਿੰਘ, ਗੁਰਤੇਜ ਸਿੰਘ, ਸਰਦਾਰ ਸਿੰਘ, ਸੇਵਾ ਸਿੰਘ, ਅਵਤਾਰ ਸਿੰਘ, ਗੁਰਚਰਨ ਸਿੰਘ, ਗੁਰਮਨ ਸਿੰਘ, ਰਣਦੀਪ ਸਿੰਘ, ਪਰਮਜੀਤ ਸਿੰਘ, ਜਥੇਦਾਰ ਅਵਤਾਰ ਸਿੰਘ ਖਾਲਸਾ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਰੇਸ਼ਮ ਲਾਲ ਬਣੇ ਫਰੈਂਡਜ਼ ਇਨਵਾਇਰਨਮੈਂਟ ਐਂਡ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਫਰੈਂਡਜ਼ ਇਨਵਾਇਰਮੈਂਟ ਐਂਡ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਅਹਿਮ ਮੀਟਿੰਗ ਉਪ ਪ੍ਰਧਾਨ ਰੇਸ਼ਮ ਲਾਲ ਦੀ ਪ੍ਰਧਾਨਗੀ ਹੇਠ ਫਰੈਂਡਜ ਕਲੋਨੀ ਵਿਖੇ ਹੋਈ। ਜਿਸ ਵਿਚ ਸਰਬ ਸੰਮਤੀ ਨਾਲ ਦੁਬਾਰਾ ਤੋਂ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਕਰਦਿਆਂ ਕਸਤੂਰੀ ਲਾਲ ਨੂੰ ਸਰਪ੍ਰਸਤ, ਬਲਬੀਰ ਸਿੰਘ ਚੇਅਰਮੈਨ ਅਤੇ ਰੇਸ਼ਮ ਲਾਲ ਨੂੰ ਪ੍ਰਧਾਨ ਐਲਾਨਿਆ ਗਿਆ। ਜਦਕਿ ਲਸ਼ਕਰ ਸਿੰਘ ਨੂੰ ਜਨਰਲ ਸਕੱਤਰ, ਬਲਵਿੰਦਰ ਸਿੰਘ ਫੋਰਮੈਨ ਨੂੰ ਸੀਨੀਅਰ ਮੀਤ ਪ੍ਰਧਾਨ ਆਰ ਐਲ ਜੱਸੀ ਨੂੰ ਪ੍ਰੈਸ ਸਕੱਤਰ, ਸੁਰਿੰਦਰ ਪਾਲ ਮੇਹਲੀ ਨੂੰ ਸਟੇਜ ਸਕੱਤਰ ਦੀ ਜਿੰਮੇਵਾਰੀ ਦਿੱਤੀ ਗਈ। ਕਾਰਜਕਾਰੀ ਮੈਂਬਰਾਂ ਵਜੋਂ ਪਰਮਿੰਦਰ ਰੱਲ੍ਹ ਖੋਥੜਾਂ, ਸੰਤੋਖ ਲਾਲ, ਕੁਲਬੀਰ ਸਿੰਘ ਬਾਵਾ, ਪਰਨੀਸ਼ ਬੰਗਾ, ਅਮਰਿੰਦਰ ਸਿੰਘ ਲੱਕੀ ਖੋਥੜਾਂ, ਆਤਮਾ ਸਿੰਘ ਖੋਥੜਾ, ਗੁਰਦੇਵ ਸਿੰਘ ਢੱਡੇ, ਸਤੀਸ਼ ਕੁਮਾਰ ਮਹਿਮੀ ਦੇ ਨਾਮ ਦਾ ਐਲਾਨ ਕੀਤਾ ਗਿਆ। ਨਵ ਨਿਯੁਕਤ ਪ੍ਰਧਾਨ ਅਤੇ ਸਮੂਹ ਅਹੁਦੇਦਾਰਾਂ ਨੇ ਭਰੋਸਾ ਦਿੱਤਾ ਕਿ ਜੋ ਜਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਸਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਵਾਤਾਵਰਣ ਸੁਰੱਖਿਆ ਪ੍ਰਤੀ ਜਾਗਰੁਕਤਾ ਲਿਆਉਣ ਤੇ ਸਮਾਜ ਸੇਵਾ ਦੇ ਕਾਰਜਾਂ ਨੂੰ ਅੱਗੇ ਤੋਰਦੇ ਹੋਏ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦੇ ਸਹਿਯੋਗ ਨਾਲ ਲੋਕ ਭਲਾਈ ਦੇ ਕੰਮ ਕੀਤੇ ਜਾਣਗੇ।

## ਚਾਹਲ ਨੂੰ ਹਲਕਾ ਨਕੋਦਰ ਦਾ ਕੋਆਰਡੀਨੇਟਰ ਨਿਯੁਕਤ ਕਰਨ 'ਤੇ ਲੀਡਰਸ਼ਿਪ ਦਾ ਧੰਨਵਾਦ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਪ੍ਰੈਸ ਨਾਲ ਗੱਲਬਾਤ ਕਰਦਿਆਂ ਆਪ ਆਗੂ ਸ਼ਾਮ ਮਿੱਤੂ (ਨੂਰਮਹਿਲ) ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਹਲਕਾ ਵਿਧਾਇਕ ਨਕੋਦਰ ਇੰਦਰਜੀਤ ਕੌਰ ਮਾਨ, ਇੰਦਰਵੰਸ਼ ਸਿੰਘ ਚੱਢਾ ਵਪਾਰ ਅਤੇ ਉਦਯੋਗ ਪ੍ਰਧਾਨ ਜਲੰਧਰ, ਮੈਂਬਰ ਪੰਜਾਬ ਰਾਜ ਵਪਾਰ ਕਮਿਸ਼ਨ ਦੀ ਅਗਵਾਈ 'ਚ ਆਮ ਪਾਰਟੀ ਲਈ ਤਨ-ਮਨ ਨਾਲ ਕੰਮ ਕਰਨ ਵਾਲੇ ਪਰਮਜੀਤ ਚਾਹਲ (ਨੂਰਮਹਿਲ) ਨੂੰ ਹਲਕਾ ਨਕੋਦਰ ਦਾ ਕੋਆਰਡੀਨੇਟਰ ਨਿਯੁਕਤ ਕਰਨ 'ਤੇ ਧੰਨਵਾਦ ਕੀਤਾ। ਨਵਨਿਯੁਕਤ ਕੋਆਰਡੀਨੇਟਰ ਪਰਮਜੀਤ ਚਾਹਲ ਨੇ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਮਿਸ਼ਨ 2024 ਤਾਹਿਤ ਲੋਕ ਸਭਾ ਹਲਕਾ ਜਲੰਧਰ ਦੇ ਉਮੀਦਵਾਰ ਸੁਸ਼ੀਲ ਰਿੰਕੂ ਦੀ ਜਿੱਤ ਲਈ ਸਰਕਾਰ ਦੀਆਂ ਸਕੀਮਾਂ ਨੂੰ ਘਰ ਘਰ ਪਹੁੰਚਾਉਣਗੇ।



# ਗੰਦੇ ਪਾਣੀ ਦੀ ਨਿਕਾਸੀ ਸਮੱਸਿਆ ਨਾਲ ਜੂਝ ਰਹੇ ਲੋਕ

**ਕਰਤਾਰਪੁਰ (ਹਰਮੇਸ਼ ਦੱਤ)**

ਇੱਕ ਪਾਸੇ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਪਿੰਡ ਪਿੰਡ ਨੀਂਹ ਪੱਥਰ ਰੱਖ ਰਹੀ ਹੈ, ਦੂਜੇ ਪਾਸੇ ਅਨੇਕਾਂ ਪਿੰਡਾਂ ਦੇ ਲੋਕ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਗਾਰੰਟੀਆਂ ਵਾਲੀ ਸਰਕਾਰ ਅਤੇ ਪ੍ਰਸ਼ਾਸਨ ਅੱਖਾਂ ਮੀਚ ਕੇ ਤਮਾਸ਼ਬੀਨ ਬਣਿਆ ਬੈਠਾ ਹੈ। ਪਿੰਡ ਘੁੱਗਸ਼ੋਰ ਵਿਖੇ ਪਿੰਡ ਦੀ ਸਾਬਕਾ ਪੰਚ ਅਤੇ ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਬਲਵਿੰਦਰ ਕੌਰ, ਰਾਣੋ, ਸੀਮਾ ਰਾਣੀ ਨੇ ਦੱਸਿਆ ਕਿ ਗ੍ਰਾਮ ਸਭਾ ਅਜਲਾਸ ਵਿੱਚ ਮਤਾ ਪਾਸ ਕਰਕੇ ਓਵਰ ਫਲੋਅ ਹੋਏ ਗੰਦੇ ਪਾਣੀ ਦੇ ਨਿਕਾਸੀ ਛੱਪੜ ਦੀ ਸਫਾਈ ਲਈ ਲਈ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਜਲੰਧਰ ਪੱਛਮੀ ਰਾਹੀਂ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਸੀ। ਛੱਪੜ ਨੱਕੋ ਨੱਕ ਗੰਦੇ ਪਾਣੀ ਨਾਲ ਭਰਿਆ ਹੋਣ ਕਰਕੇ ਗੰਦਾ ਪਾਣੀ ਵਾਪਸ ਘਰਾਂ ਨੂੰ ਪਰਤ ਰਿਹਾ ਹੈ, ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਹੋਦੀਆਂ ਭਰੀਆਂ ਪਈਆਂ ਹਨ, ਅਨੇਕਾਂ ਘਰਾਂ ਅੱਗੇ ਗੰਦਾ ਪਾਣੀ ਸੜਕਾਂ ਉੱਪਰ ਚੱਲ ਰਿਹਾ ਹੈ। ਪਾਸ ਮਤੇ ਉੱਪਰ ਸਰਕਾਰ ਤੇ ਪ੍ਰਸ਼ਾਸਨ ਨੇ ਕੋਈ ਅਮਲ ਨਹੀਂ ਕੀਤਾ। ਇਸ ਤਰ੍ਹਾਂ ਪਾੜ੍ਹਾ ਪਿੰਡ ਦੀ ਵਸਨੀਕ ਰੋਜ਼ੀ ਅਤੇ ਹੋਰ ਵਸਨੀਕਾਂ ਨੇ ਦੱਸਿਆ ਕਿ 12 ਮਾਰਚ ਨੂੰ ਉਸ ਦੀ ਸੱਸ ਕਰਤਾਰੀ (95) ਦੀ ਮੌਤ ਹੋ ਗਈ। ਉਨ੍ਹਾਂ ਦੇ ਘਰ ਨਜ਼ਦੀਕ ਜਿਸ ਰਸਤੇ ਰਾਹੀਂ ਅੰਤਿਮ ਸੰਸਕਾਰ ਲਈ ਲਾਸ਼ ਲੈ ਕੇ ਜਾਣੀ ਸੀ, ਉਸ ਸੜਕ ਉੱਤੇ ਗੰਦੇ ਪਾਣੀ ਨੇ ਛੱਪੜ ਦਾ ਰੂਪ ਧਾਰਨ ਕੀਤਾ ਹੋਇਆ ਹੈ। ਮਜਬੂਰਨ ਪੂਰਾ ਪਿੰਡ ਲੰਘ ਕੇ ਸ਼ਮਸ਼ਾਨਘਾਟ ਜਾਣਾ ਪਿਆ। ਉਨ੍ਹਾਂ ਦੱਸਿਆ ਕਿ ਦੋ ਮਹੀਨੇ ਪਹਿਲਾਂ ਇੱਕ ਧਾਰਮਿਕ ਪ੍ਰੋਗ੍ਰਾਮ ਵਿੱਚ ਸ਼ਿਰਕਤ ਕਰਨ ਆਏ ਸਥਾਨਕ ਵਿਧਾਇਕ ਤੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਨੂੰ ਜਦੋਂ ਹਾਜ਼ਰ ਔਰਤਾਂ ਨੇ ਧਾਰਮਿਕ ਸਥਾਨ ਨੇੜੇ ਸੜਕ ਉੱਤੇ ਛੱਪੜ ਦਾ ਰੂਪ ਧਾਰੀ ਫਿਰ ਰਹੇ ਗੰਦੇ ਪਾਣੀ ਨੂੰ ਦਿਖਾਉਣਾ ਚਾਹਿਆ ਪ੍ਰੰਤੂ ਮੰਤਰੀ ਸਾਹਿਬ ਖਹਿੜਾ ਛੁਡਾ ਕੇ ਮੌਕੇ ਤੋਂ ਇਹ ਲਾਰਾ ਲਗਾ ਕੇ ਚੱਲਦੇ ਬਣੇ। ਬੱਖੂਨੰਗਲ ਕਲੋਨੀ ਦੇ ਧਾਰਮਿਕ ਸਥਾਨ ਦਾ ਨੀਂਹ ਪੱਥਰ ਸਥਾਨਕ ਵਿਧਾਇਕ ਤੇ ਕੈਬਨਿਟ ਮੰਤਰੀ ਬਲਕਾਰ ਸਿੰਘ ਉਦਘਾਟਨ ਕਰਕੇ ਗਏ। ਪੇਂਡੂ ਮਜ਼ਦੂਰ ਯੂਨੀਅਨ ਦੀ ਆਗੂ ਤੇ ਪਿੰਡ ਦੀ ਵਸਨੀਕ ਪਰਮਜੀਤ ਕੌਰ ਨੇ ਦੱਸਿਆ ਕਿ ਜਿਸ ਜਗ੍ਹਾ ਮੰਤਰੀ ਸਾਹਿਬ ਉਦਘਾਟਨ ਕਰਕੇ ਗਏ, ਉਸ ਧਾਰਮਿਕ ਸਥਾਨ ਦੇ ਸੱਜੇ ਅਤੇ ਖੱਬੇ ਪਾਸੇ ਸੜਕ ਉੱਪਰ ਬਾਹਰ ਘੁੰਮਦਾ ਗੰਦਾ ਪਾਣੀ ਸਰਕਾਰ ਦੇ ਵਿਕਾਸ ਦਾ ਮੂੰਹ ਚਿੜਾ ਰਿਹਾ ਹੈ। ਮਾਨ ਦੀ ਸਰਕਾਰ ਨੇ ਗਾਰੰਟੀ ਪੂਰੀ ਇਹ ਕੀਤੀ ਕਿ ਗੰਦੇ ਪਾਣੀ ਦੇ ਨਿਕਾਸੀ ਛੱਪੜ ਦਾ ਬਦਲਵਾਂ ਪ੍ਰਬੰਧ ਕਰਨ ਤੋਂ ਬਿਨਾਂ ਹੀ ਜੰਮੂ ਕੱਟੜਾ ਹਾਈਵੇਅ ਕੱਢਣ ਲਈ ਬੱਖੂਨੰਗਲ ਕਲੋਨੀ ਦੇ ਦਲਿਤ ਮਜ਼ਦੂਰਾਂ ਦੀ ਵਸੋਂ ਵਾਲੇ ਘਰਾਂ ਦੇ ਗੰਦੇ ਪਾਣੀ ਦੇ ਨਿਕਾਸ ਲਈ ਬਿਸਰਾਮਪੁਰ ਅੱਡੇ ਨਜ਼ਦੀਕ ਸਥਿਤ ਛੱਪੜ ਹੀ ਵੇਚ ਦਿੱਤਾ। ਮਜਬੂਰਨ ਪਿੰਡ ਵਾਸੀਆਂ ਨੂੰ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਸੰਘਰਸ ਕਰਕੇ ਹਾਈਵੇਅ ਦਾ ਕੰਮ ਬੰਦ ਕੀਤਾ ਗਿਆ। ਸਥਾਨਕ ਵਿਧਾਇਕ ਵਲੋਂ ਮੌਕਾ ਵੀ ਦੇਖਿਆ ਗਿਆ, ਸਮੱਸਿਆ ਦਾ ਹੱਲ ਕਰਨ ਦਾ ਉਨ੍ਹਾਂ ਭਰੋਸਾ ਵੀ ਦਿੱਤਾ ਪਰ ਸਮੱਸਿਆ ਜਿਉਂ ਦੀ ਤਿਉਂ ਅੱਖਾਂ ਅੱਡੀ ਖੜ੍ਹੀ ਹੈ। ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਧਾਰਮਿਕ ਸਥਾਨਾਂ ਦੀ ਉਸਾਰੀ ਅਤੇ ਗਲੀਆਂ ਦੇ ਉਦਘਾਟਨਾਂ ਨੂੰ ਹੀ ਮੌਜੂਦਾ ਭਗਵੰਤ ਮਾਨ ਸਰਕਾਰ ਵਿਕਾਸ ਦੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਾਂਗ ਸੂਬਾ ਸਰਕਾਰ ਵੀ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਵਰਤ ਕੇ ਵੋਟਾਂ ਬਟੋਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰੋਟੀ, ਕੱਪੜਾ ਅਤੇ ਮਕਾਨ ਵਰਗੀਆਂ ਬੁਨਿਆਦੀ ਸਮੱਸਿਆ ਦਾ ਹੱਲ ਕਰਨ ਲਈ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ-ਕਿਸਾਨਾਂ ਨੂੰ ਵੰਡਣ, ਦਿਹਾੜੀ ਵਿੱਚ ਵਾਧਾ ਕਰਕੇ ਸਾਰਾ ਸਾਲ ਪੱਕਾ ਰੁਜ਼ਗਾਰ ਦੇਣ ਲਈ ਸਰਕਾਰਾਂ ਤਿਆਰ ਨਹੀਂ। ਮੰਦਰ, ਮਸਜਿਦ ਬਣਾਉਣੇ ਸਰਕਾਰਾਂ ਦਾ ਕੰਮ ਨਹੀਂ, ਧਰਮ ਲੋਕਾਂ ਦਾ ਨਿੱਜੀ ਮਾਮਲਾ ਹੈ। ਉਨ੍ਹਾਂ ਸਰਕਾਰ ਨੂੰ ਲੋਕਾਂ ਦੇ ਬੁਨਿਆਦੀ ਮੁੱਦੇ ਹੱਲ ਕਰਨ ਦੀ ਮੰਗ ਕੀਤੀ ਹੈ।



# ਨਨਕਾਣਾ ਸਾਹਿਬ ਦੇ ਸਿੰਘਾਂ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕਬੱਡੀ ਕੱਪ ਸੰਪੰਨ

**ਆਦਮਪੁਰ (ਪਰਮਜੀਤ ਸਿੰਘ)**

ਹਲਕਾ ਆਦਮਪੁਰ ਅਧੀਨ ਆਉਂਦੇ ਪਿੰਡ ਖੋਜਕੀਪੁਰ ਨੰਗਲ ਸਾਲਾਨਾ ਵਿਖੇ ਸਮੂਹ ਨਗਰ ਨਿਵਾਸੀਆਂ ਐਨ ਆਰ ਆਈ ਵੀਰਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦ ਗੰਜ ਸਾਹਿਬ ਅਤੇ ਗ੍ਰਾਮ ਪੰਚਾਇਤ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਦੇ ਸਿੰਘਾਂ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕਰਵਾਇਆ ਸਾਲਾਨਾ ਕਬੱਡੀ ਕੱਪ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਸਮਾਗਮ ਦੌਰਾਨ ਪਵਨ ਕੁਮਾਰ ਟੀਨੂੰ ਸਾਬਕਾ ਵਿਧਾਇਕ ਸ਼੍ਰੋਮਣੀ ਅਕਲੀ ਦਲ ਆਦਮਪੁਰ ਜਸਵੰਤ ਸਿੰਘ ਬਾਸੀ, ਕਾਲਾ ਬਾਗੜੀਆ ਜੀਤ ਲਾਲ ਭੱਟੀ ਆਪ ਹਲਕਾ ਇੰਚਾਰਜ ਵਿਸੇਸ਼ ਤੌਰ 'ਤੇ ਪਹੁੰਚੇ। ਪ੍ਰਧਾਨ ਟੂਰਨਾਮੈਂਟ ਕਮੇਟੀ ਦਵਿੰਦਰ ਸਿੰਘ (ਵਿੰਦਰ) ਅਮਨਦੀਪ ਸਿੰਘ ਢਿੱਲੋਂ ਵੱਲੋਂ ਦੱਸਿਆ ਕਿ 8 ਇੰਟਰਨੈਸ਼ਨਲ ਫੈਡਰੇਸ਼ਨ ਟੀਮਾ ਦੇ ਮੈਚ ਕਰਵਾਏ ਗਏ, ਜਿਸ 'ਚ ਮਾਣਕ ਕਲੱਬ ਫਗਵਾੜਾ ਦੀ ਟੀਮ ਪਹਿਲੇ ਨੰਬਰ 'ਤੇ ਰਹੀ ਤੇ ਪ੍ਰਬੰਧਕ ਕਮੇਟੀ ਵੱਲੋਂ ਇੱਕ ਲੱਖ ਤੇ ਟਰਾਫੀ ਇਨਾਮ ਦਿੱਤਾ ਗਿਆ। ਅਤੇ ਦੂਸਰੇ ਨੰਬਰ 'ਤੇ ਚੜ੍ਹਦੀਕਲਾ ਸਪੋਰਟਸ ਕਲੱਬ ਖੋਜਕੀਪੁਰ ਨੰਗਲ ਦੀ ਟੀਮ ਰਹੀ। ਬੈਸਟ ਰੇਡਰ ਤੇ ਬੈਸਟ ਜਾਫੀ ਨੂੰ ਪਲਾਟੀਨਾ ਮੋਟਰ ਸਾਈਕਲ ਇਨਾਮ ਦਿੱਤੇ ਗਏ। ਇਸ ਮੌਕੇ ਹਾਜ਼ਰ ਰਹੇ ਦਵਿੰਦਰ ਸਿੰਘ ਬਿੰਦਰ, ਅਮਨਦੀਪ ਸਿੰਘ ਢਿੱਲੋਂ, ਸਾਬਕਾ ਸਰਪੰਚ ਤੁਲਸੀ ਰਾਮ ਖੋਜਕੀਪੁਰ, ਸਰਪੰਚ ਰਾਕੇਸ਼ ਕੁਮਾਰ, ਸਰਪੰਚ ਸਤਨਾਮ ਸਿੰਘ, ਗੁਰਪਾਲ ਸਿੰਘ ਪਾਲਾ ਖੋਜਕੀਪੁਰ, ਸਾਬਕਾ ਸਰਪੰਚ ਕੇਵਲ ਸਿੰਘ ਤੇ ਪਿੰਡ ਵਾਸੀ ਹਾਜ਼ਰ ਸਨ।



## ਸੀਵਰੇਜ਼ ਕੁਨੈਕਸ਼ਨਾਂ ਨੂੰ ਰੈਗੂਲਰ ਕਰਵਾ ਕੇ ਪਾਓ ਜੁਰਮਾਨੇ ਤੇ ਵਿਆਜ ਤੋਂ ਮੁਆਫੀ : ਅਮਨਦੀਪ ਕੌਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਨਗਰ ਨਿਗਮ ਕਮਿਸ਼ਨਰ ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਿਨ੍ਹਾਂ ਖਪਤਕਾਰਾਂ ਵਲੋਂ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਬਿਨ੍ਹਾਂ ਨਗਰ ਨਿਗਮ ਦੀ ਮਨਜ਼ੂਰੀ ਤੋਂ ਲਗਾਏ ਗਏ ਹਨ।ਉਨ੍ਹਾਂ ਨੂੰ ਸਰਕਾਰ ਵਲੋਂ ਆਮ ਪਬਲਿਕ ਨੂੰ ਇੱਕ ਸੁਨਹਿਰੀ ਮੌਕਾ ਦਿੱਤਾ ਗਿਆ ਹੈ, ਜਿਸ ਰਾਹੀਂ ਕੋਈ ਵੀ ਵਿਅਕਤੀ ਜਿਸ ਵਲੋਂ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੁਨੈਕਸ਼ਨ ਨਗਰ ਨਿਗਮ ਵਲੋਂ ਮਨਜੂਰ/ਰੈਗੂਲਰ ਨਹੀਂ ਕਰਵਾਏ ਗਏ ਹਨ, ਉਹ ਮਿਤੀ 5 ਜੂਨ ਤੱਕ ਆਪਣੇ ਕੁਨੈਕਸ਼ਨ ਰੈਗੂਲਰ ਕਰਵਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਮਿਤੀ 5 ਜੂਨ ਤੱਕ ਜਿਹੜੇ ਖਪਤਕਾਰ ਆਪਣੇ ਕੁਨੈਕਸ਼ਨ ਰੈਗੂਲਰ ਕਰਵਾਉਣਗੇ ਉਨ੍ਹਾਂ ਨੂੰ ਵਿਆਜ, ਜੁਰਮਾਨਾ ਰੋਡ ਕੰਟਿੰਗ, ਕੁਨੈਕਸ਼ਨ ਫੀਸ ਅਤੇ ਸਕਿਓਰਿਟੀ ਫੀਸ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਜਾਵੇਗੀ।ਕਮਿਸ਼ਨਰ ਨਗਰ ਨਿਗਮ ਨੇ ਦੱਸਿਆ ਕਿ ਆਮ ਲੋਕਾਂ ਦੀ ਸਹੂਲਤ ਲਈ ਨਗਰ ਨਿਗਮ ਹੁਸ਼ਿਆਰਪੁਰ ਦੇ ਕਮਰਾ ਨੰਬਰ 23 ਵਿਖੇ ਕਾਊਂਟਰ ਲਗਾਏ ਗਏ ਹਨ, ਜਿਥੇ ਕੋਈ ਵੀ ਵਿਅਕਤੀ ਨਗਰ ਨਿਗਮ ਵਿਖੇ ਦਫਤਰੀ ਕੰਮ-ਕਾਜ ਸਮੇਂ ਦੌਰਾਨ ਵਾਟਰ ਸਪਲਾਈ ਅਤੇ ਸੀਵਰੇਜ ਦੀਆਂ ਫਾਈਲਾਂ ਜਮ੍ਹਾਂ ਕਰਵਾ ਸਕਦਾ ਹੈ।

17-March-PAGE-8.qxd 3/16/2024 11:16 PM Page 1



# ਇਨੋਸੈਂਟ ਹਾਰਟਸ ਦੇ ਨੰਨ੍ਹੇ ਸਕਾਲਰਸ ਨੂੰ ਡਿਗਰੀਆਂ

**ਜਲੰਧਰ (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ ਜੰਡਿਆਲਾ ਰੋਡ, ਨੂਰਪੁਰ ਅਤੇ ਕਪੂਰਥਲਾ ਰੋਡ) ਦੇ ਇੰਨੋਕਿਡਜ਼ ਪ੍ਰੀ-ਪ੍ਰਾਇਮਰੀ ਸਕੂਲ ਦੇ ਸਕਾਲਰਸ ਦੇ ਲਈ ਗ੍ਰੈਜੂਏਸ਼ਨ ਸਮਾਰੋਹ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ ਛੋਟੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਮੁੱਖ ਮਹਿਮਾਨਾਂ ਦੀ ਭੂਮਿਕਾ ਗ੍ਰੀਨ ਮਾਡਲ ਟਾਊਨ ਵਿਖੇ ਅੰਜਲੀ ਦਾਦਾ (ਪ੍ਰੈਜ਼ੀਡੈਂਟ ਔਫ ਸੋਚ, ਕੋ ਫਾਊਂਡਰ ਔਫ ਸੋਚ ਆਟਿਜ਼ਮ ਸੁਸਾਇਟੀ ਐਂਡ ਸੋਸ਼ਲ ਐਕਟੀਵਿਸਟ), ਲੋਹਾਰਾਂ ਵਿਖੇ ਡਾ. ਨੂਪੁਰ ਸਿੰਗਲ ਸੂਦ (ਐਮ.ਡੀ., ਡੀ.ਐਨ.ਬੀ. ਪੀਡੀਆਟ੍ਰਿਕਸ), ਕੈਂਟ ਜੰਡਿਆਲਾ ਰੋਡ ਵਿਖੇ ਡਾ: ਗਗਨਦੀਪ ਕੌਰ ਧੰਜੂ (ਆਫੀਸ਼ੀਏਟਿੰਗ ਡਾਇਰੈਕਟਰ, ਆਈ ਐਚ ਜੀ ਆਈ), ਨੂਰਪੁਰ ਵਿਖੇ ਗੁਰਮੀਤ ਕੌਰ (ਕੋਆਰਡੀਨੇਟਰ ਇੰਨੋਕਿਡਜ਼) ਅਤੇ ਕਪੂਰਥਲਾ ਰੋਡ ਵਿਖੇ ਸ਼ੈਲਜਾ ਅਗਰਵਾਲ (ਐਨ.ਜੀ.ਓ. ਹੈਲਪਿੰਗ ਸੋਲ ਅਤੇ ਸੋਸ਼ਲ ਐਕਟੀਵਿਸਟ) ਨੇ ਨਿਭਾਈ। ਮੁੱਖ ਮਹਿਮਾਨਾਂ ਵੱਲੋਂ ਦੀਪ ਜਗਾ ਕੇ ਦੇਵੀ ਸਰਸਵਤੀ ਦਾ ਆਸ਼ੀਰਵਾਦ ਲਿਆ ਗਿਆ । ਉਪਰੰਤ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਇਸ ਤੋਂ ਬਾਅਦ ਡਿਸਕਵਰਰਜ਼ ਦੇ ਛੋਟੇ ਬੱਚਿਆਂ ਨੇ ਛੂਨਾ ਹੈ ਆਸਮਾਂ ਅਤੇ ਸਕਾਲਰਸ ਨੇ ਆਨ ਮਾਈ ਵੇ ਤੇ ਆਪਣੀ ਸ਼ਾਨਦਾਰ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।







ਮਾਤਾ-ਪਿਤਾ ਨੂੰ ਇੰਨੋਕਿਡਜ਼ ਵਿਖੇ ਪਿਛਲੇ ਚਾਰ ਸਾਲਾਂ ਤੋਂ ਆਪਣੇ ਬੱਚਿਆਂ ਦੇ ਸਫ਼ਰ ਤੋਂ ਜਾਣੂੰ ਕਰਵਾਇਆ ਗਿਆ। ਸਕੂਲ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ 'ਸਕੂਲ ਦਿਵਸ' ਮੌਕੇ ਉੱਤੇ ਬਹੁਤ ਹੀ ਖੂਬਸੂਰਤ ਪੇਸ਼ਕਾਰੀ ਦਿੱਤੀ। ਗੀਤ ਦੀ ਪੇਸ਼ਕਾਰੀ ਦੌਰਾਨ ਬੱਚਿਆਂ ਨੇ ਕੈਪਸ ਪਾ ਕੇ ਆਪਣੇ ਜੋਸ਼ ਅਤੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ। ਛੋਟੇ ਬੱਚੇ ਗ੍ਰੈਜੂਏਸ਼ਨ ਸਮਾਰੋਹ ਦੇ ਪਹਿਰਾਵੇ ਵਿੱਚ ਸਜੇ ਹੋਏ ਸਨ। ਮੁੱਖ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬੱਚਿਆਂ ਨੂੰ ਸਪੇਸ ਐਡਵੈਂਚਰ ਕਸਟਮਾਈਜ਼ਡ ਬੁੱਕ ਮੁਹੱਈਆ ਕਰਵਾਈ ਗਈ, ਜਿਸ 'ਤੇ ਕਰੈਕਟਰ ਦੀ ਬਜਾਏ ਬੱਚੇ ਦਾ ਨਾਂ ਸੀ, ਜਿਸ ਦੀ ਮਾਪਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਮੁੱਖ ਮਹਿਮਾਨਾਂ ਨੇ ਬੱਚਿਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਡਾ. ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ.ਐਸ.ਆਰ., ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ) ਨੇ ਦੱਸਿਆ ਕਿ ਇਹ ਗ੍ਰੈਜੂਏਸ਼ਨ ਸਮਾਰੋਹ ਵਿਦਿਆਰਥੀਆਂ ਦੇ ਉਤਸ਼ਾਹ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਅਗਲੇ ਪੜਾਅ ਵਿੱਚ ਪ੍ਰਵੇਸ਼ ਕਰਨ ਦਾ ਅਹਿਸਾਸ ਕਰਵਾਉਣ ਦੇ ਉਦੇਸ਼ ਨਾਲ ਕਰਵਾਇਆ ਗਿਆ। ਬੱਚਿਆਂ ਨੇ ਕੋਰੀਓਗ੍ਰਾਫੀ ਰਾਹੀਂ ਅਧਿਆਪਕਾਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ। ਮਾਪਿਆਂ ਨੇ ਸੈਲਫੀ ਬੂਥ ਤੇ ਆਪਣੇ ਬੱਚਿਆਂ ਨਾਲ ਵੱਖ-ਵੱਖ ਪੋਜ਼ਾਂ 'ਚ ਤਸਵੀਰਾਂ ਖਿਚਵਾਈਆਂ। ਪ੍ਰੋਗਰਾਮ ਦੇ ਅੰਤ ਵਿੱਚ ਬੱਚਿਆਂ ਲਈ ਡੀ.ਜੇ ਦੇ ਨਾਲ-ਨਾਲ ਗੇਮਜ਼ ਜ਼ੋਨ ਅਤੇ ਫੂਡ ਸਟਾਲ ਦਾ ਵੀ ਪ੍ਰਬੰਧ ਕੀਤਾ ਗਿਆ। ਅੰਤ ਵਿੱਚ ਰਾਸ਼ਟਰੀ ਗੀਤ ਗਾ ਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

## ਆਦਮਪੁਰ ਏਅਰਪੋਰਟ ਤੋਂ ਫ਼ਲਾਈਟਾਂ 31 ਮਾਰਚ ਤੋਂ ਸ਼ੁਰੂ ਹੋਣਗੀਆਂ : ਸੋਮ ਪ੍ਰਕਾਸ਼

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**- ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨੂੰ ਜਾਣ ਲਈ ਲੰਬੇਂ ਸਮੇਂ ਤੋਂ ਬੰਦ ਪਈਆਂ ਫ਼ਲਾਈਟਾ ਦਾ ਕੰਮ ਹੁਣ 31 ਮਾਰਚ ਤੋਂ ਸ਼ੁਰੂ ਹੋ ਜਾਵੇਗਾ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਨਾਂਦੇੜ ਸਾਹਿਬ ਜਾਣਾ ਹੋਰ ਸੌਖਾ ਹੋ ਜਾਵੇਗਾ। ਇਹ ਪ੍ਰਗਟਾਵਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਵਲੋਂ ਬੀਤੇ ਦਿਨੀ ਕੀਤੇ ਗਏ ਵਰਚੁਅਲ ਉਦਾਘਟਨ ਤੋਂ ਬਾਅਦ ਹੁਣ ਆਦਮਪੁਰ ਏਅਰਪੋਰਟ ਤੋਂ ਉਡਾਨਾ ਦਾ ਕੰਮ ਸ਼ੁਰੂ ਹੋਣ ਦਾ ਫ਼ੈਸਲਾ ਹੋ ਗਿਆ ਹੈ।ਆਦਮਪੁਰ ਏਅਰਪੋਰਟ 'ਤੇ 115 ਕਰੋੜ ਰੁਪਏ ਦੀ ਲਾਗਤ ਆਈ ਹੈ ਤੇ ਕੋਰੋਨਾ ਕਾਲ ਤੋਂ ਬਾਅਦ ਇਹ ਏਅਰਪੋਰਟ ਬੰਦ ਪਈ ਸੀ ਜਿਸ ਕਾਰਨ ਦੋਆਬਾ ਖੇਤਰ ਦੇ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਕਾਫ਼ੀ ਲੰਬੇਂ ਸਮੇਂ ਤੋਂ ਇਸ ਮਾਮਲੇ ਤੇ ਕਾਰਵਾਈ ਚੱਲ ਰਹੀ ਸੀ ਜੋ ਹੁਣ ਮੁਕੰਮਲ ਹੋਈ ਹੈ।ਉਨ੍ਹਾਂ ਪ੍ਰਧਾਨ ਮੰਤਰੀ ਤੇ ਕੇਂਦਰੀ ਉਡਾਣ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਟਾਰ ਏਅਰ ਲਾਈਨ ਵੱਲੋਂ ਸ਼ੁਰੂ ਕੀਤੀਆ ਜਾ ਰਹੀਆ ਫ਼ਲਾਈਟਾ ਦਾ ਵੇਰਵਾ ਇਸ ਪ੍ਰਕਾਰ ਹੈ।ਸਟਾਰ ਏਅਰ ਲਾਈਨ ਦੁਆਰਾ ਇਸ ਉਡਾਣ ਦਾ ਰੂਟ ਸਵੇਰੇ 7:15 ਬੈਂਗਲੂਰੂ ਤੋਂ ਚੱਲ ਕੇ 8:35 ਵਜੇ ਨਾਂਦੇੜ, 9:00 ਵਜੇ ਨਾਂਦੇੜ ਤੋਂ ਚੱਲ ਕੇ 11:00 ਵਜੇ ਦਿੱਲੀ, 11:25 ਦਿੱਲੀ ਤੋਂ ਚੱਲ ਕੇ 12:25 ਆਦਮਪੁਰ (ਜਲੰਧਰ) ਵਿਖੇ ਹੋਵੇਗਾ। ਇਸੇ ਤਰ੍ਹਾਂ ਆਦਮਪੁਰ (ਜਲੰਧਰ) ਤੋਂ ਜਾਣ ਦਾ ਰੂਟ 12:50 ਵਜੇ ਆਦਮਪੁਰ ਤੋਂ ਚੱਲ ਕੇ 13:50 ਦਿੱਲੀ, 14:15 ਦਿੱਲੀ ਤੋਂ ਚੱਲ ਕੇ 16:15 ਨਾਂਦੇੜ, 16:45 ਨਾਂਦੇੜ ਤੋਂ ਚੱਲ ਕੇ 18:05 ਬੈਂਗਲੂਰੂ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਉਡਾਣ ਭਾਰਤ ਸਰਕਾਰ ਦੀ ਆਰ ਸੀ ਐਮ ਯੋਜਨਾ ਦਾ ਹਿੱਸਾ ਹੈ ਜਿਸ ਨਾਲ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਰਹਿਣ ਵਾਲੇ ਲੋਕਾਂ ਦਾ ਆਪਸ 'ਚ ਤਾਲਮੇਲ ਵਧਾਉਣ ਤੇ ਹਵਾਈ ਯਾਤਰਾ ਨੂੰ ਹੋਰ ਪਹੁੰਚਯੋਗ ਬਣਾਉਣ 'ਤੇ ਜ਼ੋਰ ਦਿੰਦੀ ਹੈ।

## ਬਸਪਾ ਨੇ ਮੋਟਰਸਾਈਕਲ ਮਾਰਚ ਕੱਢਿਆ

**ਸ਼ਾਹਕੋਟ (ਗਿਆਨ ਸੈਦਪੁਰੀ)**- ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਦੇ ਜਨਮ ਦਿਨ ਨੂੰ ਸਮਰਪਿਤ ਬਸਪਾ ਸ਼ਾਹਕੋਟ ਨੇ ਮੋਟਰ ਸਾਈਕਲ ਮਾਰਚ ਕੱਢਿਆ। ਬਸਪਾ ਦੇ ਹਲਕਾ ਇਨਚਾਰਜ ਕ੍ਰਾਂਤੀਜੀਤ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਬਾਊਪੁਰ ਅਤੇ ਪ੍ਰਧਾਨ ਰਾਜ ਕੁਮਾਰ ਭੁੱਟੋ ਦੀ ਅਗਵਾਈ 'ਚ ਮੋਟਰਸਾਈਕਲ ਮਾਰਚ ਮਹਿਤਪੁਰ ਤੋਂ ਸ਼ੁਰੂ ਹੋ ਕੇ ਨਵਾਂ ਪਿੰਡ ਜੱਟਾਂ ਵਿਖੇ ਕੀਤੇ ਪੜਾਅ ਉਪਰੰਤ ਵੱਖ ਵੱਖ ਪਿੰਡਾਂ 'ਚੋਂ ਹੁੰਦੇ ਹੋਇਆ ਸ਼ਾਹਕੋਟ ਪੁੱਜਾ। ਸ਼ਾਹਕੋਟ ਦੇ ਵਾਲਮੀਕਿ ਚੌਕ 'ਚ ਆਗੂਆਂ ਨੇ ਸੰਬੋਧਨ ਕਰਦਿਆ ਜਿੱਥੇ ਬਾਬੂ ਕਾਂਸੀ ਰਾਮ ਦੀ ਬਹੁਜਨ ਸਮਾਜ ਪ੍ਰਤੀ ਘਾਲਣਾ ਨੂੰ ਯਾਦ ਕੀਤਾ ਉੱਥੇ ਉਨ੍ਹਾਂ ਦੀ ਸੋਚ ਨੂੰ ਲੈ ਕੇ ਅਗਲੇ ਸੰਘਰਸ਼ਾਂ ਲਈ ਜੋਰਦਾਰ ਹੋਕਾ ਦਿੱਤਾ। ਇਸ ਮੌਕੇ ਹੋਰਨਾਂ ਤੋ ਇਲਾਵਾ ਚਰਨਜੀਤ ਨਾਹਰ, ਹਰਬੰਸ ਲਾਲ ਇਸਮਾਈਲਪੁਰ, ਲਾਲ ਚੰਦ ਜਨਰਲ ਸਕੱਤਰ ਬਸਪਾ ਸ਼ਾਹਕੋਟ, ਹਰਭਜਨ ਮਹਿਮੀ ਸਲਾਹਕਾਰ, ਪਰਮਿੰਦਰ ਕੁਮਾਰ, ਗੁਰਦੀਪ ਕੁਮਾਰ ਸਾਬਕਾ ਸਰਪੰਚ ਔਲਕਾ, ਹੁਸਨ ਲਾਲ ਕੌਲ, ਕੁਲਵਿੰਦਰ ਕੁਮਾਰ ਸੈਕਟਰ ਪ੍ਰਧਾਨ ਵਰਿੰਦਰ ਕੁਮਾਰ ਲਵਪ੍ਰੀਤ ਆਦਿ ਮੌਜੂਦ ਸਨ।



## 56 ਨੌਜਵਾਨ ਵੱਖ-ਵੱਖ ਰੋਜ਼ਗਾਰ ਲਈ ਸ਼ਾਰਟਲਿਸਟ

**ਜਲੰਧਰ, (ਸੁਰਿੰਦਰ ਕੁਮਾਰ)**- ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਜਲੰਧਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਲੇਸਮੈਂਟ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਖ-ਵੱਖ ਕੰਪਨੀਆਂ ਵਲੋਂ 56 ਬੇਰੁਜ਼ਗਾਰ ਨੌਜਵਾਨ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਸ਼ਾਰਟਲਿਸਟ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਮੇਲ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਪਲੇਸਮੈਂਟ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸੇ ਕੜੀ ਤਹਿਤ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ ਜਿਸ ਵਿੱਚ 69 ਬੇਰੁਜ਼ਗਾਰ ਨੌਜਵਾਨਾਂ ਵਲੋਂ ਭਾਗ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਦੌਰਾਨ ਕੈਪਸਨ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ, ਰੀਲਾਇੰਸ ਜੀਓ, ਆਈ ਪ੍ਰੋਸੈਸ (ਆਈ.ਸੀ.ਆਈ.ਸੀ. ਬੈਂਕ) ਅਤੇ ਐਕਸਿਸ ਬੈਂਕ ਵਲੋਂ 56 ਨੌਜਵਾਨਾਂ ਨੂੰ ਪ੍ਰੋਡਕਟ ਮੈਨੇਜਰ, ਪ੍ਰੋਡਕਸ਼ਨ ਇੰਜੀਨੀਅਰ, ਸਿਸਟਮ ਇੰਜੀਨੀਅਰ (ਕੁਆਲਟੀ), ਹੋਮ ਸੇਲਜ਼ ਅਫ਼ਸਰ, ਲੋਨ ਅਫ਼ਸਰ, ਸੇਲਜ਼ ਐਗਜ਼ੀਕਿਊਟਿਵ, ਬਿਜਨਸ ਡਿਵੈਲਪਮੈਂਟ ਅਫ਼ਸਰ ਵਜੋਂ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਸ਼ਾਰਟਲਿਸਟ ਕੀਤਾ ਗਿਆ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਰੋਜ਼ਗਾਰ ਬਿਊਰੋ ਕਾਰੋਬਾਰ ਵਿਭਾਗ ਵਲੋਂ ਸਮੇਂ-ਸਮੇਂ 'ਤੇ ਲਗਾਏ ਜਾਂਦੇ ਪਲੇਸਮੈਂਟ ਕੈਂਪਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਅਪਣਾ ਮੰਨ ਪਸੰਦ ਦਾ ਰੋਜ਼ਗਾਰ ਹਾਸਲ ਕਰਨ।

## 'ਫ਼ਰਿਸ਼ਤੇ ਸਕੀਮ' ਸ਼ੁਰੂ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਵੱਲੋਂ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਸੜਕੀ ਦੁਰਘਟਨਾਵਾਂ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਮੌਕੇ 'ਤੇ ਸਹਾਇਤਾ ਨਾ ਮਿਲਣ ਕਾਰਨ ਹਰ ਸਾਲ ਦੇਸ਼ ਭਰ ਵਿੱਚ ਹਜ਼ਾਰਾਂ ਵਿਅਕਤੀਆਂ ਦੀਆਂ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ।ਕਈ ਪ੍ਰੀਵਾਰ ਬਰਬਾਦ ਹੋ ਜਾਂਦੇ ਹਨ।ਅਜਿਹੇ ਦੁਰਘਟਨਾ ਗ੍ਰਸਤ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਲਈ ਸ਼ੁਰੂ ਕੀਤੀ ਗਈ ਫ਼ਰਿਸ਼ਤੇ ਸਕੀਮ ਅਤੇ ਸੜਕੀ ਦੁਰਘਟਨਾਵਾਂ ਨੂੰ ਰੋਕਣ ਲਈ ਅਤੇ ਲੋੜਵੰਦ ਦੀ ਮਦਦ ਲਈ ਸ਼ੁਰੂ ਕੀਤੀ ਸੜਕ ਸੁਰੱਖਿਆ ਫੋਰਸ ਸੇਵਾ ਬਹੁਤ ਹੀ ਨੇਕ, ਪਰਉਪਕਾਰੀ ਅਤੇ ਸ਼ਲਾਘਾਯੋਗ ਉਪਰਾਲਾ ਹੈ।ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸੇਵਾਵਾਂ ਨੂੰ ਸ਼ੁਰੂ ਲਈ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੀ ਅਗਵਾਈ ਹੇਠ ਮਾਨਯੋਗ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੂੰ ਸਮਾਜ ਸੇਵੀ ਸੰਸਥਾਵਾਂ ਵੱਲੋਂ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਦਰਸਾਉਂਦੀ ਇਕ ਤਸਵੀਰ ਭੇਟ ਕੀਤੀ ਗਈ ਅਤੇ ਕਿਹਾ ਅਜਿਹੀਆਂ ਸੇਵਾਵਾਂ ਲਈ ਸਮਾਜ ਸੇਵੀ ਸੰਸਥਾਵਾਂ ਵਡਮੁੱਲਾ ਯੋਗਦਾਨ ਪਾਉਣ ਲਈ ਵਚਨਬੱਧ ਹਨ।ਸੜਕੀ ਦੁਰਘਟਨਾਵਾਂ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਬਚਾਉਣ ਵਾਲਿਆਂ ਲਈ ਸ਼ੁਰੂ ਕੀਤੀ ਗਈ ਫ਼ਰਿਸ਼ਤੇ ਸਕੀਮ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਜਿਸ ਤਹਿਤ ਸੜਕੀ ਹਾਦਸਿਆਂ ਦੇ ਪੀੜਤਾਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ ਅਤੇ ਅਤੇ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।ਪੰਜਾਬ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਉਘੇ ਸਮਾਜ ਸੇਵੀ ਅਤੇ ਸਟੇਟ ਐਵਾਰਡੀ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਪ੍ਰਧਾਨ ਭਾਈ ਘਨੱਈਆ ਜੀ ਮਿਸ਼ਨ ਹੁਸ਼ਿਆਰਪੁਰ ਜੋ ਕਿ ਭਾਈ ਘਨੱਈਆ ਜੀ ਚੈਰਿਟੀ ਅਤੇ ਪੀਸ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਕੋਆਰਡੀਨੇਟਰ ਵੀ ਹਨ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਇਨ੍ਹਾਂ ਸੇਵਾਵਾਂ ਸੰਬੰਧੀ ਪੰਜਾਬ ਦੀਆਂ ਭਾਈ ਘਨੱਈਆ ਜੀ ਸੇਵਾ ਸੰਸਥਾਵਾਂ , ਪੰਜਾਬ ਰਾਜ ਐਨ ਜੀ ਓ ਏਪੈਕਸ ਕਮੇਟੀ ਅਤੇ ਹੋਰ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਪ੍ਰਧਾਨ ਮਨਮੋਹਨ ਸਿੰਘ, ਬਲਜੀਤ ਸਿੰਘ ਪਨੇਸਰ, ਸ਼੍ਰੀਮਤੀ ਸੰਤੋਸ਼ ਸੈਣੀ, ਪ੍ਰਿੰਸੀਪਲ ਰਚਨਾ ਕੌਰ, ਸ਼੍ਰੀਮਤੀ ਕੰਚਨ, ਬਾਬਾ ਓਂਕਾਰ ਸਿੰਘ ਖਾਲਸਾ, ਹਰਜੀਤ ਸਿੰਘ ਨੰਗਲ, ਰਸ਼ਪਾਲ ਸਿੰਘ, ਟਾਂਡਾ ਤੋਂ ਡਾਕਟਰ ਕੇਵਲ ਸਿੰਘ, ਬਰਿੰਦਰ ਸਿੰਘ ਮਸੀਤੀ ਫਰੀਦਕੋਟ ਤੋਂ ਗੁਰਪ੍ਰੀਤ ਸਿੰਘ ਚਾਂਦਬਾਜਾ ਅਤੇ ਸ਼ਿਵਜੀਤ ਸਿੰਘ, ਲੁਧਿਆਣਾ ਤੋਂ ਤਰਨਜੀਤ ਸਿੰਘ ਨਿਮਾਣਾ, ਬਠਿੰਡਾ ਤੋਂ ਵਿਜੈ ਭੱਟ, ਜਲੰਧਰ ਤੋਂ ਸਤਪਾਲ ਸਿੰਘ ਸਿਦਕੀ, ਪ੍ਰੋਫੈਸਰ ਰਣਜੀਤ ਸਿੰਘ, ਸੁਰਿੰਦਰ ਸੈਣੀ, ਐਸ ਐਮ ਸਿੰਘ ਮੌਜੂਦ ਸਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਸਤਵੰਤ ਸਿੰਘ ਸਿਆਣ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਕੀਮਾਂ ਨੂੰ ਲੋਕ ਹਿੱਤ ਲਈ ਪ੍ਰਚਾਰਨ ਲਈ ਅਤੇ ਇਨ੍ਹਾਂ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਤਾਂ ਵੱਧ ਤੋਂ ਲੋਕ ਇਨ੍ਹਾਂ ਸੇਵਾਵਾਂ ਦਾ ਲਾਭ ਉਠਾ ਸਕਨ।

## ਬਿਆਸ ਦਰਿਆ ਦੀ ਮਾਰ ਹੇਠ ਆਏ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੂੰ ਮੁਆਵਜ਼ੇ ਦੇ ਚੈੱਕ ਭੇਟ

**ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਉਂਕਾਰ ਸਿੰਘ)**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਰ ਦੁੱਖ ਸੁੱਖ ਵਿੱਚ ਕਿਸਾਨਾਂ ਦੀ ਬਾਂਹ ਫੜੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਬੇਟ ਖੇਤਰ ਪਿੰਡ ਗੰਦੋਵਾਲ ਵਿਖੇ ਹੋਏ ਇੱਕ ਸਮਾਗਮ ਵਿੱਚ ਕੀਤਾ।ਵਿਧਾਇਕ ਜਸਵੀਰ ਸਿੰਘ ਰਾਜਾ ਨੇ ਬਰਸਾਤ ਦੇ ਮੌਸਮ ਵਿੱਚ ਦਰਿਆ ਬਿਆਸ ਦੇ ਪਾਣੀ ਦੀ ਮਾਰ ਹੇਠ ਆਏ ਕਿਸਾਨਾਂ ਨੂੰ ਉਹਨਾਂ ਦੀਆਂ ਖਰਾਬ ਹੋਈਆਂ ਫਸਲਾਂ ਤੇ ਚੈੱਕ ਮੁਆਵਜੇ ਵਜੋਂ ਭੇਟ ਕੀਤੇ।ਇਸ ਮੌਕੇ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਹੜਾਂ ਦੌਰਾਨ ਬਿਆਸ ਦਰਿਆ ਦੇ ਨਾਲ ਲੱਗਦੇ ਪ੍ਰਭਾਵਿਤ ਪਿੰਡਾਂ ਦਾ ਖੁਦ ਦੌਰਾ ਕੀਤਾ ਸੀ। ਉਸ ਉਪਰੰਤ ਪੰਜਾਬ ਸਰਕਾਰ ਵੱਲੋਂ 1.82 ਕਰੋੜ ਦੀ ਰਾਸ਼ੀ ਪ੍ਰਭਾਵਿਤ ਕਿਸਾਨਾਂ ਨੂੰ ਦੇਣ ਦਾ ਐਲਾਨ ਕੀਤਾ ਗਿਆ ਸੀ ਅਤੇ ਇਸ ਸੰਬੰਧੀ ਪਹਿਲਾ ਪਿੰਡ ਨੱਥੂਪੁਰ ਵਿਖੇ ਕੋਈ ਸਮਾਗਮ ਦੌਰਾਨ ਕਿਸਾਨਾਂ ਨੂੰ ਚੈੱਕ ਭੇਟ ਕਰਦਿਆਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪੈਸੇ ਟਰਾਂਸਫਰ ਕਰ ਦਿੱਤੇ ਸਨ ਅਤੇ ਅੱਜ ਦੂਸਰੀ ਕਿਸ਼ਤ ਵਜੋਂ ਰਹਿ ਗਏ ਕਿਸਾਨਾਂ ਨੂੰ ਕਰੀਬ 38 ਲੱਖ ਰੁਪਏ ਦੀ ਰਾਸ਼ੀ ਮੁਆਵਜੇ ਵਜੋਂ ਭੇਟ ਕੀਤੀ ਗਈ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਹੜਾਂ ਦੀ ਮਾਰ ਹੇਠ ਆਏ ਵੇਟ ਖੇਤਰ ਦੇ ਕੁਲ 14 ਪਿੰਡ ਜਿਨਾਂ ਵਿੱਚ ਰੜਾ ਮੰਡ, ਫੱਤਾ, ਕੁੱਲਾ, ਅਬਦੁੱਲਾਪੁਰ ,ਗੰਦੋਵਾਲ, ਹਬੀਬ ਚੱਕ , ਟਾਹਲੀ, ਮਿਆਣੀ, ਸਲੇਮਪੁਰ, ਬੱਲਾ, ਕੋਟਲੀ, ਨੇਕ ਨਾਮਪੁਰ, ਭੂਲਪੁਰ ਅਤੇ ਹੋਰ ਵੀ ਪਿੰਡ ਸ਼ਾਮਲ ਹਨ। ਉਹਨਾਂ ਇਸ ਮੌਕੇ ਵਿਸ਼ਵਾਸ ਦਵਾਇਆ ਗਏ ਰਹਿ ਗਏ ਕਿਸਾਨਾਂ ਨੂੰ ਵੀ ਦੀ ਫਸਲ ਦਾ ਮੁਆਵਜ਼ਾ ਜਲਦ ਹੀ ਦਿੱਤਾ ਜਾਵੇਗਾ।ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਤਹਿਸੀਲਦਾਰ ਗੁਰਪ੍ਰੀਤ ਸਿੰਘ, ਸਰਪੰਚ ਦੀਦਾਰ ਸਿੰਘ, ਗੁਰਪ੍ਰੀਤ ਸਿੰਘ ਰੜਾ, ਸਰਪੰਚ ਜਸਵੀਰ ਸਿੰਘ ਵਿਕੀ, ਕਾਨੂੰਗੋ ਵਰੰਦਰ ਕੁਮਾਰ, ਪਟਵਾਰੀ ਪ੍ਰਗਟ ਸਿੰਘ ਸਰਬਜੀਤ ਸਿੰਘ ਰੜਾ, ਦਿਲਬਾਗ ਸਿੰਘ ,ਨਛੱਤਰ ਸਿੰਘ, ਬਾਬਾ ਜਗਤਾਰ ਸਿੰਘ, ਗੁਰਜੀਤ ਸਿੰਘ ਤੋਂ ਇਲਾਵਾ ਹੋਰਨਾਂ ਪਿੰਡਾਂ ਦੇ ਲੋਕ ਵੀ ਹਾਜ਼ਰ ਸਨ।



## ਭੱਟੀ ਨੇ ਆਪਣਾ ਜਨਮ ਦਿਨ ਬੂਟੇ ਲਾ ਕੇ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਵਾਤਾਵਰਣ ਸੰਭਾਲ ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਭੱਟੀ ਨੇ ਆਪਣੇ ਜਨਮਦਿਨ ਤੇ ਸਿਵਲ ਹਸਪਤਾਲ ਨਵਾਂਸ਼ਹਿਰ 'ਚ ਬੂਟੇ ਲਗਾ ਕੇ ਮਨਾਇਆ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਤਵਿੰਦਰ ਪਾਲ ਸਿੰਘ , ਹਾਰਟ ਸਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ ਈਐਨਟੀ ਡਾਕਟਰ ਅਮਿਤ ਸੁਨਿਆਰਾ ਉਨ੍ਹਾਂ ਕਿਹਾ ਕਿ ਵਧਦੀ ਗਰਮੀ ਦਾ ਕਾਰਨ ਸੜਕਾਂ ਚੌੜੀਆਂ ਕਰਨ ਲਈ ਜੰਗਲਾਂ ਦੀ ਕਟਾਈ ਅਤੇ ਦਰੱਖਤਾਂ ਦੀ ਕਟਾਈ ਹੈ। ਜੇਕਰ ਅਸੀਂ ਸੜਕਾਂ 'ਤੇ ਕੱਟੇ ਗਏ ਦਰੱਖਤਾਂ ਦੀ ਭਰਪਾਈ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਵਾਂਗੇ ਤਾਂ ਸਾਨੂੰ ਸ਼ੁੱਧ ਵਾਤਾਵਰਣ ਮਿਲੇਗਾ। ਰੁੱਖ ਅਤੇ ਪੌਦੇ ਸਾਨੂੰ ਆਕਸੀਜਨ ਦਿੰਦੇ ਹਨ, ਜੋ ਸਾਡੇ ਸਰੀਰ ਲਈ ਜਰੂਰੀ ਹੈ। ਪਿਛਲੇ ਸਾਲ ਕਰੋਨਾ ਮਹਾਮਾਰੀ ਦੌਰਾਨ ਕੁਦਰਤ ਨੇ ਸਾਨੂੰ ਕਿਹਾ ਸੀ ਕਿ ਜੇਕਰ ਅਸੀਂ ਕੁਦਰਤ ਨਾਲ ਛੇੜਛਾੜ ਕੀਤੀ ਤਾਂ ਸਾਨੂੰ ਇਸ ਦਾ ਨਤੀਜਾ ਭੁਗਤਣਾ ਪਵੇਗਾ। ਇਸ ਮੌਕੇ ਉਨ੍ਹਾਂ ਨਾਲ. ਸੀਨੀਅਰ ਮੈਡੀਕਲ ਅਫਸਰ ਡਾਕਟਰ ਸਤਵਿੰਦਰ ਪਾਲ ਸਿੰਘ , ਹਾਰਟ ਸਪੈਸ਼ਲਿਸਟ ਡਾਕਟਰ ਨਿਰਮਲ ਕੁਮਾਰ ਈਐਨਟੀ ਡਾਕਟਰ ਅਮਿਤ ਸੁਨਿਆਰਾ ਫਾਰਮਾਸਿਸਟ ਗੁਰਤੇਜ, ਪ੍ਰਿੰਸ ਹਾਜਰ ਸਨ।



## ਛਿੰਝ ਮੇਲਾ 19 ਨੂੰ

**ਸ਼ਾਹਕੋਟ (ਗਿਆਨ ਸੈਦਪੁਰੀ)**- ਨੇੜਲੇ ਪਿੰਡ ਕਿਲੀ ਵਿੱਚ ਸਾਲਾਨਾ ਛਿੰਝ ਮੇਲਾ 19 ਮਾਰਚ ਦਿਨ ਮੰਗਲਵਾਰ ਨੂੰ ਹੋਵੇਗਾ। ਇਸ ਛਿੰਝ ਮੇਲੇ ਵਿੱਚ ਮਿਰਜਾ ਇਰਾਨ ਅਤੇ ਗੌਰਵ ਮਾਛੀਵਾੜਾ ਦਰਮਿਆਨ ਪਟਕੇ ਦੀ ਕੁਸਤੀ ਹੋਵੇਗੀ। ਜੇਤੂ ਪਹਿਲਵਾਨਾ ਨੂੰ ਢਾਈ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਸ਼ਾਮ ਨੂੰ ਕੰਨਵਰ ਗਰੇਵਾਲ ਦਾ ਖੁੱਲ੍ਹਾ ਅਖਾੜਾ ਲੱਗੇਗਾ। ਛਿੰਝ ਮੇਲੇ ਦੌਰਾਨ ਕੁਮੈਂਟੇਟਰ ਦਵਿੰਦਰ ਕਿਲੀ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਸ਼ਾਮਲ ਹੋਣਗੇ।

## ਜਥੇਦਾਰ ਇਕਬਾਲ ਸਿੰਘ ਖੇੜਾ ਸਨਮਾਨਿਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਸਿੱਖਾਂ ਦੇ ਇਤਿਹਾਸਕ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਨੂੰ ਗੜ੍ਹਸ਼ੰਕਰ ਤੋਂ ਸ੍ਰੀ ਅਨੰਦਪੁਰ ਸਾਹਿਬ ਜਾਣ ਵਾਲੀ ਸੜਕ ਬੇਹੱਦ ਖਸਤਾ ਤੇ ਚੌੜਾਈ ਵਿੱਚ ਘੱਟ ਹੋਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ, ਨੂੰ ਦੇਖਦਿਆਂ ਸੰਤ ਬਾਬਾ ਸਤਨਾਮ ਸਿੰਘ ਮੁਖੀ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਨੇ ਸੜਕ ਬਣਾਉਣ ਦਾ ਸ਼ਲਾਘਾਯੋਗ ਕੰਮ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਆਰੰਭਿਆ ਹੈ, ਜਿਸ ਵਿੱਚ ਸੰਗਤਾਂ ਵੀ ਆਪਣਾ ਤਨ, ਮਨ, ਧਨ ਨਾਲ ਸਹਿਯੋਗ ਦੇ ਰਹੀਆਂ ਹਨ। ਇਸ ਨੇਕ ਕਾਰਜ ਵਿੱਚ ਸਹਿਯੋਗ ਦੇਣ ਵਾਸਤੇ ਜਥੇਦਾਰ ਇਕਬਾਲ ਸਿੰਘ ਖੇੜਾ, ਦਲਜੀਤ ਸਿੰਘ ਬੈਂਸ, ਲਖਵੀਰ ਸਿੰਘ ਰਾਣਾ ਡਾਂਨਸੀਵਾਲ, ਨਿਰਮਲ ਸਿੰਘ ਬੋੜਾ, ਗੁਰਜਿੰਦਰ ਸਿੰਘ ਗੋਗਾ ਸਰਹਾਲਾ, ਸਰਬਜੀਤ ਸਿੰਘ ਸਹੋਤਾ ਪੱਦੀ ਸੂਰਾ ਸਿੰਘ, ਸਤਨਾਮ ਸਿੰਘ ਬੋੜਾ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਬਲਜਿੰਦਰ ਸਿੰਘ ਪੰਜੋੜ, ਬੂਟਾ ਸਿੰਘ ਕੋਟ ਫਤੂਹੀ ਆਦਿ ਵੀ ਪਹੁੰਚੇ ਜਿਨ੍ਹਾਂ ਨੂੰ ਬਾਬਾ ਅਜੀਤ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਸੰਤ ਬਾਬਾ ਸਤਨਾਮ ਸਿੰਘ ਨੂੰ ਇਸ ਕਾਰਜ ਵਿੱਚ ਮਾਹਿਲਪੁਰ-ਗੜ੍ਹਸ਼ੰਕਰ-ਚੱਬੇਵਾਲ ਤੇ ਇਲਾਕੇ ਦੀ ਸੰਗਤ ਵੱਲੋਂ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਵਿਸ਼ਵਾਸ਼ ਵੀ ਦਿਵਾਇਆ।

## ਭੁੱਲਾਰਾਈ ਵਿਖੇ ਡੇਰੇ ਤੋਂ ਵਿਅਕਤੀ ਦੀ ਭੇਦਭਰੇ ਹਾਲਾਤ 'ਚ ਲਾਸ਼ ਮਿਲੀ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**- ਪਿੰਡ ਭੁੱਲਾਰਾਈ ਵਿਖੇ ਇੱਕ ਡੇਰੇ ਤੋਂ ਇੱਕ ਵਿਅਕਤੀ ਦੇ ਭੇਦਭਰੇ ਹਾਲਤਾ 'ਚ ਲਾਸ਼ ਮਿਲੀ ਹੈ।ਮ੍ਰਿਤਕ ਵਿਅਕਤੀ ਦੀ ਪਛਾਣ ਗੁਰਪ੍ਰੀਤ ਸਿੰਘ (35) ਪੁੱਤਰ ਜਗਜੀਤ ਸਿੰਘ ਵਜੋਂ ਹੋਈ ਹੈ।ਜਾਣਕਾਰੀ ਦਿੰਦੇ ਹੋਏ ਐਸ ਐਚ ਓ ਸਦਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਜੋ ਘਰ 'ਚ ਇਕੱਲਾ ਹੀ ਰਹਿੰਦਾ ਸੀ ਤੇ ਅੱਜ ਇੱਕ ਨੌਜਵਾਨ ਉਸਦੇ ਡੇਰੇ ਤੋਂ ਤੂੜੀ ਲੈਣ ਗਿਆ ਤਾਂ ਉਸਨੇ ਦੇਖਿਆ ਕਿ ਉਸਦੀ ਮੌਤ ਹੋਈ ਪਈ ਜਿਸ ਦੀ ਸੂਚਨਾ ਉਨ੍ਹਾਂ ਤੁਰੰਤ ਪੁਲਸ ਨੂੰ ਦਿੱਤੀ।ਜਿਸ ਉਪਰੰਤ ਉਹ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਐਸ.ਐਚ.ਓ ਨੇ ਦੱਸਿਆ ਕਿ ਮ੍ਰਿਤਕ ਸ਼ਰਾਬੀ ਹਾਲਾਤ 'ਚ ਦੱਸਿਆ ਜਾਂਦਾ ਹੈ ਤੇ ਇਸ ਦੇ ਹੱਥ 'ਤੇ ਸੱਟ ਵੀ ਲੱਗੀ ਹੋਈ ਹੈ। ਪੁਲਸ ਵਲੋਂ ਲਾਸ਼ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਵਿਖੇ ਭੇਜ ਦਿੱਤੀ ਹੈ ਤੇ ਰਿਪੋਰਟ ਆਉਣ ਉਪਰੰਤ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਘਟਨਾ ਦੀ ਸੂਚਨਾ ਮਿਲਦੇ ਸਾਰ ਐਸ ਪੀ ਰੁਪਿੰਦਰ ਕੌਰ ਭੱਟੀ ਨੇ ਵੀ ਮੌਕੇ ਦਾ ਦੌਰਾ ਕੀਤਾ ਤੇ ਘਟਨਾ ਦੀ ਜਾਣਕਾਰੀ ਹਾਸਲ ਕੀਤੀ।

## ਲਾਲੀ ਗਿੱਲ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਨਵ ਨਿਯੁਕਤ ਚੇਅਰਪਰਸਨ ਸ੍ਰੀਮਤੀ ਰਾਜ ਲਾਲੀ ਗਿੱਲ ਨੇ ਪੰਜਾਬ ਦੇ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਮੌਜੂਦਗੀ 'ਚ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਕੈਬਨਿਟ ਮੰਤਰੀ ਮੀਤ ਹੇਅਰ ਨੇ ਆਸ ਪ੍ਰਗਟਾਈ ਕਿ ਨਵ ਨਿਯੁਕਤ ਚੇਅਰਪਰਸਨ ਇਮਾਨਦਾਰ, ਮਿਹਨਤੀ, ਨਿਰਪੱਖ ਅਤੇ ਅਗਾਂਹਵਧੂ ਸੋਚ ਵਾਲੇ ਹਨ ਅਤੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਵਜੋਂ ਸ੍ਰੀਮਤੀ ਰਾਜ ਲਾਲੀ ਗਿੱਲ ਬਾਖੂਬੀ ਆਪਣੀ ਜਿੰਮੇਵਾਰੀ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਔਰਤਾਂ ਪੱਖੀ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਰਕਾਰ ਅਤੇ ਸੰਸਥਾਵਾਂ ਵਿਚਕਾਰ ਇੱਕ ਪੁੱਲ ਵਜੋਂ ਕੰਮ ਕਰਨਗੇ। ਕੈਬਨਿਟ ਮੰਤਰੀ ਨੇ ਰਾਜ ਲਾਲੀ ਗਿੱਲ ਨੂੰ ਵਧਾਈ ਦਿੰਦਿਆਂ ਉਮੀਦ ਪ੍ਰਗਟਾਈ ਕਿ ਸੂਬੇ ਵਿਚ ਔਰਤਾਂ ਦੀ ਭਲਾਈ ਸਬੰਧੀ ਸਕੀਮਾਂ ਨੂੰ ਲਾਗੂ ਕਰਕੇ ਔਰਤਾਂ ਦੀ ਭਲਾਈ ਨੂੰ ਯਕੀਨੀ ਬਣਾਉਣਗੇ। ਸ੍ਰੀਮਤੀ ਰਾਜ ਲਾਲੀ ਗਿੱਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਜਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣਗੇ। ਉਨ੍ਹਾਂ ਅਹੁੱਦਾ ਸੰਭਾਲਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਡਿਊਟੀ ਔਰਤਾਂ ਦੀ ਭਲਾਈ ਲਈ ਲਗਾਈ ਗਈ ਹੈ। ਇਸ ਡਿਊਟੀ ਨੂੰ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਹਰਚੰਦ ਸਿੰਘ ਬਰਸਟ, ਜਨਰਲ ਸੈਕਟਰੀ ਪੰਜਾਬ, ਚੇਅਰਮੈਨ ਮੰਡੀ ਬੋਰਡ, ਨਰਿੰਦਰ ਸਿੰਘ ਸ਼ੇਰਗਿੱਲ ਚੇਅਰਮੈਨ ਮਿਲਕਫੈਡ, ਪ੍ਰਭਜੋਤ ਕੌਰ ਚੇਅਰਮੈਨ ਜ਼ਿਲਾ ਯੋਜਨਾ ਬੋਰਡ ਮੁਹਾਲੀ, ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ, ਮੰਗਲ ਸਿੰਘ ਜਲੰਧਰ ਚੇਅਰਮੈਨ , ਆਤਮ ਪ੍ਰਕਾਸ਼ ਸਿੰਘ ਬਬਲੂ ਚੇਅਰਮੈਨ, ਮਨਜੀਤ ਸਿੱਧੂ ਅਤੇ ਨਾਮੀ ਕਲਾਕਾਰ ਕਰਮਜੀਤ ਅਨਮੋਲ ਮੌਜੂਦ ਸਨ।



## ਐਸ ਡੀ ਕਾਲਜ ਦੇ ਬੀ ਕਾਮ ਫਾਈਨੈਂਸੀਅਲ ਸਰਵਿਸਿਜ਼ ਸਮੈਸਟਰ ਤੀਜੇ ਦੇ ਸ਼ਾਨਦਾਰ ਨਤੀਜਾ

**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮਨ ਦੇ ਬੀ ਕਾਮ ਫਾਈਨੈਂਸੀਅਲ ਸਰਵਿਸਿਜ਼ ਸਮੈਸਟਰ ਤੀਜੇ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਤੀਜਾ ਸਾਨਦਾਰ ਰਿਹਾ । ਦੀਪਾਂਸੀ ਨੇ 301/350 ਅੰਕ (86%) ਪ੍ਰਾਪਤ ਕੀਤੇ ਅਤੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਿਲਵੀ ਨੇ 292/350 ਅੰਕ (83.42%) ਪ੍ਰਾਪਤ ਕੀਤੇ ਅਤੇ ਯੂਨੀਵਰਸਿਟੀ ਵਿੱਚ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਤੇ ਪ੍ਰਧਾਨ ਸ੍ਰੀ ਨਰੇਸ ਕੁਮਾਰ ਬੁਧੀਆ , ਸੀਨੀਅਰ ਮੀਤ ਪ੍ਰਧਾਨ ਸ੍ਰੀ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਮਾਣਯੋਗ ਮੈਂਬਰ ਅਤੇ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸਰ ਨੇ ਸਾਨਦਾਰ ਨਤੀਜੇ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਸਫਲਤਾ ਦੀ ਸਲਾਘਾ ਕੀਤੀ ਅਤੇ ਫੈਕਲਟੀ ਨੂੰ ਉਨ੍ਹਾਂ ਦੇ ਸਮਰਪਿਤ ਯਤਨਾਂ ਲਈ ਵਧਾਈ ਵੀ ਦਿੱਤੀ।



## ਪ੍ਰਭ ਆਸਰਾ ਸੰਸਥਾ ਦੇ ਸਪੈਸ਼ਲ ਬੱਚਿਆਂ ਨੇ ਟੇਬਲ ਟੈਨਿਸ 'ਚ ਜਿੱਤਿਆ ਗੋਲਡ ਮੈਡਲ

**ਕੁਰਾਲੀ (ਮੋਹਨ ਅਗਰਵਾਲ ਜੋਗਾ)**

ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਿਸ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ਪ੍ਰਭ ਆਸਰਾ ਸੰਸਥਾ ਦੇ ਸਪੈਸ਼ਲ ਬੱਚਿਆਂ ਨੇ ਨੈਸ਼ਨਲ ਲੈਵਲ ਤੇ ਵੱਡੀਆਂ ਮੱਲਾਂ ਮਾਰੀਆਂ ਹਨ। ਇਸ ਬਾਰੇ ਗੱਲਬਾਤ ਕਰਦਿਆਂ ਸੰਸਥਾ ਦੇ ਮੁੱਖੀ ਭਾਈ ਸ਼ਮਸ਼ੇਰ ਸਿੰਘ ਜੀ ਅਤੇ ਬੀਬੀ ਰਜਿੰਦਰ ਕੌਰ ਜੀ ਵੱਲੋਂ ਦੱਸਿਆ ਗਿਆ ਕਿ ਜੀਵਨ ਦੇ ਬਹੁਪੱਖੀ ਵਿਕਾਸ ਵਿੱਚ ਖੇਡਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪ੍ਰਭ ਆਸਰਾ ਸੰਸਥਾ ਦੀ ਬੱਚੀ ਵਿਸ਼ਨੂੰ ਜੋ ਕਿ ਟੇਬਲ ਟੈਨਿਸ ਦੇ ਸਟੇਟ ਟਰਾਇਲ ਕਲੀਅਰ ਕਰਕੇ ਪੰਜਾਬ ਵਲੋਂ ਨੈਸ਼ਨਲ ਖੇਡਣ ਲਈ ਗਈ ਅਤੇ ਉੱਥੇ ਉਸਨੇ ਮਹਾਰਾਸ਼ਟਰ, ਕੇਰਲਾ, ਦਿੱਲੀ, ਹਰਿਆਣਾ ਅਤੇ ਗੁਜਰਾਤ ਨਾਲ ਜਬਰਦਸਤ ਮੁਕਾਬਲੇ ਵਿੱਚ ਗੋਲਡ ਜਿੱਤਿਆ। ਗੁਜਰਾਤ ਵਿੱਚ ਹੋਏ ਸਪੈਸ਼ਲ ਓਲੰਪਿਕ ਵਾਲੀਬਾਲ ਨੈਸ਼ਨਲ ਗੇਮਸ ਦੀ ਮਰਦ ਟੀਮ ਵੱਲੋਂ ਖੇਡਦਿਆਂ ਨਰਿੰਦਰ ਸਿੰਘ ਨੇ ਸਿਲਵਰ ਅਤੇ ਵੂਮੈਨ ਟੀਮ ਵਿੱਚ ਸ਼ਾਮਿਲ ਸੋਨੀ ਅਤੇ ਅਮਨਦੀਪ ਕੌਰ ਨੇ ਬਰੌਂਜ਼ ਜਿੱਤਿਆ। ਫਲੋਰ ਬਾਲ ਗੇਮ ਵਿੱਚ ਸੰਸਥਾ ਦੀਆਂ ਬੱਚੀਆਂ ਵਿਸ਼ਨੂ ਅਤੇ ਪ੍ਰਵੀਨ ਨੇ ਦਿੱਲੀ ਵਿਖੇ ਹੋਏ ਫੀਮੇਲ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਟੀਮ ਵਿੱਚ ਖੇਡਦੇ ਹੋਏ ਬਰੌਂਜ਼ ਮੈਡਲ ਜਿੱਤਿਆ ਅਤੇ ਹਰਿਆਣਾ ਗੁੜਗਾਉਂ ਵਿੱਚ ਹੋਈਆਂ ਸਪੈਸ਼ਲ ਓਲੰਪਿਕ ਖੇਡਾਂ ਵਿੱਚ ਸੰਸਥਾ ਦੀ ਸਪੈਸ਼ਲ ਬੱਚੀ ਪ੍ਰਵੀਨ ਵੱਲੋਂ ਬੈਡਮਿੰਟਨ ਟੀਮ ਵਿੱਚ ਖੇਡਦਿਆਂ ਬਰੌਂਜ਼ ਮੈਡਲ ਜਿੱਤਿਆ ਗਿਆ। ਸੰਸਥਾ ਵੱਲੋਂ ਬੱਚਿਆਂ ਲਈ ਸਪੈਸ਼ਲ ਕੋਚ ਅਤੇ ਟੀਚਰ ਵੀ ਰੱਖੇ ਗਏ ਹਨ।ਜਿਹਨਾਂ ਵੱਲੋਂ ਬੱਚਿਆਂ ਨੂੰ ਖੇਡਾਂ ਲਈ ਸਪੈਸ਼ਲ ਟ੍ਰੇਨਿੰਗ ਦਿੱਤੀ ਜਾਂਦੀ ਹੈ। ਸੰਸਥਾ ਦੇ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਕਾਮਯਾਬੀ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ਗਈਆਂ।



## ਸਰਕਾਰੀ ਆਈ ਟੀ ਆਈ ਠੇਕਾ ਮੁਲਾਜ਼ਮ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਰੋਸ ਪ੍ਰਦਰਸ਼ਨ 24 ਨੂੰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਰਕਾਰੀ ਆਈ ਟੀ ਆਈ ਠੇਕਾ ਮੁਲਾਜਮ ਜੁਆਇੰਟ ਐਕਸ਼ਨ ਕਮੇਟੀ ਦੇ ਵਫ਼ਦ ਨੇ 14 ਮਾਰਚ ਨੂੰ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਵਿੱਚ ਮਾਣਯੋਗ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮੀਟਿੰਗ ਕੀਤੀ ਅਤੇ ਆਪਣੀਆ ਮੰਗਾ ਸੰਬੰਧੀ ਓਹਨਾ ਨੂੰ ਜਾਣੂ ਕਰਵਾਇਆ ਗਿਆ ਮੰਗਾ ਵਿਚ ਮਾਣਯੋਗ ਤਕਨੀਕੀ ਸਿੱਖਿਆ ਮੰਤਰੀ ਨੂੰ ਬੇਨਤੀ ਕੀਤੀ ਕੇ ਲੰਬੇ ਸਮੇਂ ਤੋਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਆਪਣੀਆ ਸੇਵਾਵਾਂ ਨਿਭਾ ਰਹੇ ਵੱਖ ਵੱਖ ਸਕੀਮਾਂ ਸੰਬੰਧੀ ਜਾਣੂ ਕਰਵਾਇਆ। ਹੁਣ ਅਗਾਮੀ ਲੋਕਸਭਾ ਦੀ ਚੋਣ ਆ ਰਹੀ ਹੈ ਸੋ ਸਮੂਹ ਸਰਕਾਰੀ ਆਈ ਟੀ ਆਈ ਠੇਕਾ ਮੁਲਾਜਮ ਜੁਆਇੰਟ ਐਕਸ਼ਨ ਕਮੇਟੀ ਨੇ ਫੈਸਲਾ ਕੀਤਾ ਹੈ 24 ਮਾਰਚ ਨੂੰ ਰੱਖੇ ਗਏ ਰੋਸ ਪ੍ਰਦਰਸ਼ਨ ਜੋ ਕੇ ਧੂਰੀ ਵਿਖੇ ਕੀਤਾ ਜਾਵੇਗਾ ਵਿੱਚ ਵੱਡੇ ਪੱਧਰ 'ਤੇ ਪੰਜਾਬ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ।ਇਹ ਜਾਣਕਾਰੀ ਜੁਆਇੰਨ ਐਕਸ਼ਨ ਕਮੇਟੀ ਦੇ ਮੈਂਬਰ ਸੰਦੀਪ ਸਿੰਘ ਨੇ ਦਿੱਤੀ ਇਸ ਸਮੇਂ ਜੁਆਇੰਟ ਐਕਸ਼ਨ ਕਮੇਟੀ ਤੇ ਹੋਰ ਮੈਂਬਰ ਵੀ ਸ਼ਾਮਲ ਸਨ।

## ਜੀਤ ਲਾਲ ਭੱਟੀ ਨੇ ਚੰਡੀਗੜ੍ਹ ਵਿਖੇ ਡਾਇਰੈਕਟਰ ਪਨਬੱਸ ਪੰਜਾਬ ਦਾ ਸੰਭਾਲਿਆ ਅਹੁਦਾ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

ਹਲਕਾ ਇੰਚਾਰਜ ਆਦਮਪੁਰ ਜੀਤ ਲਾਲ ਭੱਟੀ ਦੀਆਂ ਪਾਰਟੀ ਪ੍ਰਤੀ ਚੰਗੀਆਂ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਪਨਬੱਸ ਪੰਜਾਬ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਚੰਡੀਗੜ੍ਹ ਵਿਖੇ ਡਾਇਰੈਕਟਰ ਪਨਬਸ ਪੰਜਾਬ ਦਾ ਚਾਰਜ ਸੰਭਾਲ ਲਿਆ।ਜੀਤ ਲਾਲ ਭੱਟੀ ਦੇ ਪਨਬੱਸ ਦੇ ਡਾਇਰੈਕਟਰ ਬਣਨ ਨਾਲ ਹਲਕਾ ਆਦਮਪੁਰ ਦੇ ਆਮ ਆਦਮੀ ਪਾਰਟੀ ਦੇ ਸਮੂਹ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ।ਜੀਤ ਲਾਲ ਭੱਟੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਉਹਨਾਂ ਨੂੰ ਇੰਨੀ ਵੱਡੀ ਜ਼ਿੰਮੇਵਾਰੀ ਦੇਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ। ਉਸਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਸਿਰਫ਼ ਇੱਕ ਆਮ ਆਦਮੀ ਪਾਰਟੀ ਹੈ ਜੋ ਪਾਰਟੀ ਵਰਕਰਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਬਣਦਾ ਮਾਣ ਸਤਿਕਾਰ ਦਿੰਦੀ ਹੈ।ਜੀਤ ਲਾਲ ਭੱਟੀ ਦੇ ਪਨਬੱਸ ਪੰਜਾਬ ਦੇ ਡਾਇਰੈਕਟਰ ਬਣਨ 'ਤੇ ਬਲਾਕ ਪ੍ਰਧਾਨ ਬੂਟਾ ਸਿੰਘ ਪਤਾਰਾ, ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਕੌਂਸਲਰ ਸੁਰਿੰਦਰ ਪਾਲ ਸਿੱਧੂ, ਕੌਂਸਲਰ ਕ੍ਰਿਸ਼ਨਾ ਗਰੇਵਾਲ, ਕੌਂਸਲਰ ਅਮਰੀਕ ਸਿੰਘ ਸਵੀਟੀ, ਹਰਵਿੰਦਰ ਬਿੰਦਾ ਗਰੇਵਾਲ ਸਰਪੰਚ, ਮੰਗਾ ਰਾਮ, ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਬਲਾਕ ਪ੍ਰਧਾਨ ਇੰਦਰਜੀਤ ਸਿੰਘ, ਬਲਾਕ ਪ੍ਰਧਾਨ ਕਮਲਜੀਤ, ਹਨਿੰਦਰ ਸਿੰਘ, ਹਰਿੰਦਰ ਸਿੰਘ, ਬਲਵਿੰਦਰ ਸਿੰਘ, ਸਕਤਰ ਸਿੰਘ, ਸਤਨਾਮ ਸਿੰਘ , ਸਤਨਾਮ ਸਿੰਘ ਮਾਣਕੋਟੀਆ, ਡਾ. ਭੁਪਿੰਦਰ ਸਿੰਘ ਦੇਵ, ਸੁਖਵਿੰਦਰ ਸਿੰਘ, ਸੁਖਦੇਵ ਲਾਲ ਰਾਜਾ, ਸੂਬੇਦਾਰ ਹੰਸ ਰਾਜ, ਡਾ. ਕਮਲ ਸਿੰਘ, ਸੁਰਜੀਤ ਸਿੰਘ ਅਟਵਾਲ, ਗੁਰਦੀਪ ਸਿੰਘ ਗਿੱਲ, ਦਲਜੀਤ ਭਾਟੀਆ, ਸੁਖਵਿੰਦਰ ਕੌਰ, ਅਮਰੀਕ ਸਿੰਘ ਅਤੇ ਹੋਰ ਪਾਰਟੀ ਵਰਕਰਾਂ ਨੇ ਵਧਾਈ ਦਿੱਤੀ।

## ਕੋਕਾ-ਕੋਲਾ ਰਾਜ ਕਪੂਰ ਦੀ ਵਿਰਾਸਤ ਦਾ ਜਾਦੂ

**ਜਲੰਧਰ** : ਕੋਕਾ-ਕੋਲਾ ਇੰਡੀਆ ਨੇ ਆਪਣੀ ਰੈਸਿਪੀ ਫਾਰ ਮੈਜਿਕ ਗਲੋਬਲ ਮੁਹਿੰਮ ਦੇ ਹਿੱਸੇ ਵਜੋਂ ਭਾਰਤ ਵਿੱਚ ਕੋਕਾ-ਕੋਲਾ ਫੂਡਮਾਰਕਸ ਲਾਂਚ ਕੀਤਾ। ਕੋਕਾ-ਕੋਲਾ ਫੂਡਮਾਰਕਸ ਸੱਭਿਆਚਾਰ ਤੋਂ ਪ੍ਰੇਰਿਤ ਹੈ ਅਤੇ ਕੋਕਾ-ਕੋਲਾ ਦੇ ਸੱਚੇ ਜਾਦੂ ਨਾਲ ਬਣਾਇਆ ਗਿਆ ਹੈ। ਇਹ ਦੁਨੀਆ ਭਰ ਦੇ ਭੋਜਨ ਚਿੰਨ੍ਹ ਦਾ ਜਸ਼ਨ ਮਨਾਉਂਦਾ ਹੈ। ਇਹ ਸਥਾਨ ਤਿੰਨ ਮੁੱਖ ਤੱਤਾਂ ਦੇ ਨਾਲ ਇੱਕ ਵਿਅੰਜਨ ਦੇ ਆਧਾਰ ਦੇ ਅਨੁਭਵ ਬਣਾਉਂਦੇ ਹਨ। ਸੰਪੂਰਣ ਪਲ, ਸ਼ਾਨਦਾਰ ਭੋਜਨ ਅਤੇ ਇੱਕ ਬਰਫ਼-ਠੰਢਾ ਕੋਕਾ- ਕੋਲਾ। ਕੋਕਾ-ਕੋਲਾ ਸੰਪੂਰਣ ਪਲਾਂ, ਸ਼ਾਨਦਾਰ ਭੋਜਨ ਅਤੇ ਕੋਲਾ-ਕੋਲਾ ਦੇ ਤਾਜਗੀ ਭਰਪੂਰ ਸਵਾਦ ਦੀ ਯਾਤਰਾ ਸ਼ੁਰੂ ਕਰ ਰਿਹਾ ਹੈ। ਕੌਸ਼ਿਕ ਪ੍ਰਸਾਦ, ਸੀਨੀਅਰ ਡਾਇਰੈਕਟਰ, ਮਾਰਕੀਟਿੰਗ, ਕੋਕਾ-ਕੋਲਾ ਆਈ ਐਨ ਐਸ ਡਬਲਿਊ ਏ ਨੇ ਕਿਹਾ, ਅਸੀਂ ਕੋਕਾ-ਕੋਲਾ ਫੂਡਮਾਰਕਸ ਨੂੰ ਭਾਰਤ ਵਿੱਚ ਲਿਆਉਣ ਲਈ ਉਤਸਾਹਿਤ ਹਾਂ। ਭਾਰਤ ਆਪਣੀ ਅਮੀਰ ਰਸੋਈ ਵਿਰਾਸਤ ਅਤੇ ਜੀਵੰਤ ਭੋਜਨ ਸੱਭਿਆਚਾਰ ਲਈ ਜਾਣਿਆ ਜਾਂਦਾ ਹੈ। ਕੋਕ ਦੀ ਭਾਵਨਾ ਕੋਕਾ-ਕੋਲਾ ਫੂਡਮਾਰਕਸ ਵਿੱਚ ਝਲਕਦੀ ਹੈ।

## ਲਾਲੀ ਬਾਜਵਾ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਤੋਂ ਸੀਨੀਅਰ ਅਕਾਲੀ ਨੇਤਾ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ।ਪਾਰਟੀ ਦੇ ਜਨਰਲ ਸਕੱਤਰ ਦਲਜੀਤ ਚੀਮਾ ਵੱਲੋਂ ਇਸ ਦੀ ਜਾਣਕਾਰੀ ਦਿੱਤੀ ਗਈ ਹੈ।ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਲਾਲੀ ਬਾਜਵਾ ਇਸ ਤੋਂ ਪਹਿਲਾਂ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਹਲਕਾ ਇੰਚਾਰਜ ਵੀ ਹਨ ਅਤੇ ਉਨ੍ਹਾਂ ਵੱਲੋਂ ਹੁਸ਼ਿਆਰਪੁਰ ਵਿੱਚ ਪਾਰਟੀ ਦੀ ਮਜਬੂਤੀ ਲਈ ਅਣਥੱਕ ਯਤਨ ਕੀਤੇ ਜਾਂਦੇ ਰਹੇ ਹਨ।ਇਸ ਮੌਕੇ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਸਰਦਾਰ ਬਾਦਲ ਅਤੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ।

## ਫਗਵਾੜਾ ਦੀ ਸਿਆਸਤ 'ਚ ਤੁਲੀ ਪਰਵਾਰ ਦਾ ਸਿਆਸੀ ਕੱਦ ਹੋਇਆ ਉੱਚਾ




**ਫਗਵਾੜਾ (ਡਾ. ਰਮਨ)**

ਫਗਵਾੜਾ ਦੀ ਸਿਆਸਤ 'ਚ ਤੁਲੀ ਪਰਵਾਰ ਦਾ ਸਿਆਸੀ ਕੱਦ ਉਸ ਸਮੇਂ ਹੋਰ ਉੱਚਾ ਹੋ ਗਿਆ ਜਦੋਂ ਆਮ ਆਦਮੀ ਪਾਰਟੀ ਦੀ ਸਟੇਟ ਲੀਡਰਸ਼ਿਪ ਵਲੋਂ ਲੋਕਸਭਾ ਚੋਣਾਂ ਤੋਂ ਠੀਕ ਪਹਿਲਾਂ ਜਾਰੀ ਕੀਤੀ ਆਫਿਸ ਬੈਰੀਅਰ ਦੀ ਲਿਸਟ ਵਿਚ ਗੁਰਦੀਪ ਸਿੰਘ ਤੁਲੀ ਅਤੇ ਉਹਨਾਂ ਦੀ ਧਰਮ ਪਤਨੀ ਪ੍ਰਿਤਪਾਲ ਕੌਰ ਤੁਲੀ ਨੂੰ ਅਹਿਮ ਜਿੰਮੇਵਾਰੀਆਂ ਦਿੱਤੀਆਂ ਗਈਆਂ। ਪਾਰਟੀ ਵਲੋਂ ਜਾਰੀ ਕੀਤੀ ਅਹੁਦੇਦਾਰਾਂ ਦੀ ਲਿਸਟ ਅਨੁਸਾਰ ਪ੍ਰਿਤਪਾਲ ਕੌਰ ਤੁਲੀ ਨੂੰ ਵਿਧਾਨਸਭਾ ਕਮੇਟੀ ਮੈਂਬਰ ਜਦਕਿ ਗੁਰਦੀਪ ਸਿੰਘ ਤੁਲੀ ਨੂੰ ਟਰੇਡ ਵਿੰਗ ਵਿਧਾਨਸਭਾ ਹਲਕਾ ਫਗਵਾੜਾ ਦਾ ਕੋਆਰਡੀਨੇਟਰ ਐਲਾਨਿਆ ਗਿਆ ਹੈ। ਤੁਲੀ ਪਤੀ-ਪਤਨੀ ਨੇ ਇਸ ਨਿਯੁਕਤੀ ਲਈ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਰਾਸ਼ਟਰੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਤੋਂ ਇਲਾਵਾ ਟਰੇਡ ਵਿੰਗ ਦੇ ਜਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਕੁੰਦੀ, ਜਿਲ੍ਹਾ ਕਪੂਰਥਲਾ ਯੋਜਨਾ ਬੋਰਡ ਚੇਅਰਮੈਨ ਲਲਿਤ ਸਕਲਾਨੀ, ਅਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਲੋਕਸਭਾ ਚੋਣਾਂ ਦੌਰਾਨ ਹੋਰ ਵੀ ਤਨਦੇਹੀ ਨਾਲ ਫਗਵਾੜਾ ਵਿਧਾਨਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਲੀਡ ਦੁਆਉਂਦੇ ਹੋਏ ਜਿੱਤ ਯਕੀਨੀ ਬਨਾਉਣ ਦਾ ਭਰੋਸਾ ਦਿੱਤਾ। ਇੱਥੇ ਜਿਕਰਯੋਗ ਹੈ ਕਿ ਪ੍ਰਿਤਪਾਲ ਕੌਰ ਤੁਲੀ ਅਤੇ ਗੁਰਦੀਪ ਸਿੰਘ ਤੁਲੀ ਪਿਛਲੇ ਸਮੇਂ ਦੌਰਾਨ ਪਾਰਟੀ ਦੀ ਮਜਬੂਤੀ ਲਈ ਲਗਾਤਾਰ ਸਰਗਰਮ ਰਹੇ ਅਤੇ ਵਾਰਡ ਦੇ ਵਿਕਾਸ 'ਚ ਵੀ ਅਹਿਮ ਯੋਗਦਾਨ ਪਾ ਰਹੇ ਹਨ। ਉਹਨਾਂ ਦੀ ਪਾਰਟੀ ਪ੍ਰਤੀ ਸਮਰਪਿਤ ਭਾਵਨਾ ਨੂੰ ਦੇਖਦੇ ਹੋਏ ਜਿਸ ਤਰ੍ਹਾਂ ਅਹਿਮ ਅਹੁਦਿਆਂ ਨਾਲ ਨਵਾਜਿਆ ਗਿਆ ਹੈ, ਉਸ ਨਾਲ ਯਕੀਨੀ ਤੌਰ 'ਤੇ ਪਾਰਟੀ ਦੇ ਕੈਡਰ ਵਿਚ ਇਕ ਚੰਗਾ ਸੰਦੇਸ਼ ਜਾਵੇਗਾ ਅਤੇ ਪਾਰਟੀ ਦੇ ਵਲੰਟੀਅਰ ਲੋਕਸਭਾ ਚੋਣਾਂ ਦੌਰਾਨ ਪੂਰੀ ਤਨਦੇਹੀ ਨਾਲ ਮਿਹਨਤ ਕਰਨਗੇ।

## 28 ਨਵੇਂ ਵਾਹਨ ਜਲੰਧਰ ਪੁਲਸ ਦੇ ਬੇੜੇ 'ਚ ਜੋੜੇ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਸਵਪਨ ਸ਼ਰਮਾ ਕਮਿਸ਼ਨਰ ਪੁਲਸ ਜਲੰਧਰ ਦੀ ਗਤੀਸ਼ੀਲ ਅਗਵਾਈ ਹੇਠ ਹਾਲ ਹੀ 'ਚ 13, 10 ਅਤੇ 5 ਨੂੰ ਕਮਿਸ਼ਨਰੇਟ ਪੁਲਸ ਜਲੰਧਰ ਦੇ ਬੇੜੇ ਵਿੱਚ ਸ਼ਾਮਲ ਕੀਤਾ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸੰਚਾਲਨ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ ਇੱਕ ਰਣਨੀਤਕ ਕਦਮ ਵਜੋਂ ਜਲੰਧਰ ਦੇ ਹਰੇਕ ਪੁਲਸ ਸਟੇਸ਼ਨ ਨੂੰ 13 ਦਿੱਤੇ ਗਏ ਹਨ ਜਿਸ ਨਾਲ ਵਧਦੀ ਗਸ਼ਤ ਅਤੇ ਤੇਜ਼ ਜਵਾਬੀ ਕਾਰਵਾਈ ਨੂੰ ਯਕੀਨੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਸਥਾਨਕ ਕਾਨੂੰਨ ਲਾਗੂ ਕਰਨ ਦੇ ਯਤਨਾਂ ਨੂੰ ਹੋਰ ਮਜ਼ਬੂਤ ਕਰਦੇ ਹੋਏ 8 ਨਵੇਂ ਵਾਹਨ ਪੂਰੇ ਸ਼ਹਿਰ ਦੀਆਂ ਵੱਖ-ਵੱਖ ਪੁਲਸ ਚੌਕੀਆਂ ਨੂੰ ਅਲਾਟ ਕੀਤੇ ਗਏ ਹਨ। ਪੁਲਸ ਕਮਿਸ਼ਨਰ ਨੇ ਕਿਹਾ ਕਿ ਜਨਤਕ ਸੁਰੱਖਿਆ ਪ੍ਰਤੀ ਵਚਨਬੱਧਤਾ ਵਜੋਂ 5 ਅਤੇ 2 ਵਾਹਨ ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਸਮਰਪਤ ਕੀਤੇ ਗਏ ਹਨ, ਜੋ ਜਲੰਧਰ ਦੇ ਨਾਗਰਿਕਾਂ ਲਈ ਤੇਜ਼ ਅਤੇ ਕੁਸ਼ਲ ਐਮਰਜੈਂਸੀ ਸੇਵਾਵਾਂ ਦੀ ਗਰੰਟੀ ਦਿੰਦੇ ਹਨ।



## ਗੁਰੂ ਰਵਿਦਾਸ ਮਹਾਰਾਜ ਦਾ 647ਵਾਂ ਆਗਮਨ ਪੁਰਬ ਮਨਾਇਆ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਪਿੰਡ ਖੁਣ-ਖੁਣ ਖੁਰਦ ਸਥਿਤ ਤਪ ਅਸਥਾਨ ਸੰਤ ਸੁਤੇਹ ਪ੍ਰਕਾਸ਼ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ 647ਵਾਂ ਆਗਮਨ ਪੁਰਬ, ਸ਼ਰਧਾ, ਸਤਿਕਾਰ, ਸੇਵਾ ਭਾਵਨਾ ਨਾਲ ਮਨਾਇਆ ਗਿਆ।ਮੁੱਖ ਸੇਵਾਦਾਰ ਸੰਤ ਬਾਬਾ ਭੁਪਿੰਦਰ ਦਾਸ ਦੀ ਅਗਵਾਈ, ਸੇਵਾਦਾਰ ਬਾਬਾ ਸਤਨਾਮ ਸਿੰਘ ਦੀ ਦੇਖ-ਰੇਖ ਹੇਠ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਸਜਾਏ ਗਏ ਕੀਰਤਨ ਦਰਬਾਰ ਵਿੱਚ ਭਾਈ ਜਸਵਿੰਦਰ ਸਿੰਘ ਮਾਡਲ ਟਾਊਨ, ਜਥੇਦਾਰ ਪਰਮਜੀਤ ਸਿੰਘ ਖਾਲਸਾ ਮੂਨਕਾਂ ਵਾਲੇ ਤੇ ਹੋਰਨਾ ਰਾਗੀ-ਢਾਡੀ ਜੱਥਿਆ ਨੇ ਕਥਾ ਕੀਰਤਨ ਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਣ ਕੀਤਾ ਅਤੇ ਉਹਨਾਂ ਵੱਲੋਂ ਦਰਸਾਏ ਗਏ ਸੇਵਾ ਸਿਮਰਨ ਦੇ ਮਾਰਗ ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਮੁੱਖ ਸੇਵਾਦਾਰ ਸੰਤ ਬਾਬਾ ਭੁਪਿੰਦਰ ਦਾਸ ਤੇ ਬਾਬਾ ਸਤਨਾਮ ਸਿੰਘ ਨੇ ਜਿੱਥੇ ਸਮੂਹ ਸੰਗਤਾਂ ਦਾ ਸਮਾਗਮ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਉੱਥੇ ਹੀ ਉਹਨਾਂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜਿਹਦੇ ਜੀਵਨ ਇਤਿਹਾਸ ਤੇ ਉਨਾਂ ਵੱਲੋਂ ਉਚਾਰੀ ਗਈ ਪਵਿੱਤਰ ਗੁਰਬਾਣੀ ਨੂੰ ਮਨ ਵਿੱਚ ਵਸਾ ਕੇ ਉਹਨਾਂ ਵੱਲੋਂ ਦਰਸਾਏ ਗਏ ਸੇਵਾ ਸਿਮਰਨ ਤੇ ਭਗਤੀ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸੰਗਤ ਦੀ ਸੇਵਾ ਵਾਸਤੇ ਗੁਰੂ ਕੇ ਲੰਗਰ ਤੇ ਪਕੌੜਿਆਂ ਦੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਜਸਵੰਤ ਸਿੰਘ, ਸਰਬਜੀਤ ਸਿੰਘ, ਦਰਸ਼ਨ ਸਿੰਘ, ਇੰਦਰਜੀਤ ਸਿੰਘ, ਸੁਖਦੇਵ ਸਿੰਘ, ਦੇਵ ਰਾਜ, ਕਰਮ ਚੰਦ, ਬਿੱਲੂ ਸ਼ਾਹ ਪਿੰਡ ,ਬਿੱਲਾ ਪੰਡਿਤ, ਹਰਪ੍ਰੀਤ ਯੂ ਐਸ ਏ, ਬਲਵੀਰ ਸਿੰਘ, ਸ਼ਿੰਦਰਪਾਲ ਸਿੰਘ, ਰਾਮਪਾਲ ਸਿੰਘ, ਰਵਿੰਦਰ ਸਿੰਘ, ਬੀਬੀ ਰੀਨਾ ਰਾਣੀ, ਸੁਰਿੰਦਰਦੀਪ ਕੌਰ, ਬੀਬੀਅੰਮ੍ਰਿਤਪਾਲ ਕੌਰ, ਹਰਦੀਪ ਕੌਰ, ਬੀਬੀ ਲਖਵਿੰਦਰ ਕੌਰ, ਕੁਲਦੀਪ ਕੌਰ, ਮਨਦੀਪ ਕੌਰ ਹੈਰੀ ਗੁਰਦਾਸਪੁਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਅਗਨੀਵੀਰਾਂ ਦੀ ਭਰਤੀ ਲਈ ਸਿਖਲਾਈ ਕੈਂਪ ਸ਼ੁਰੂ

**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਵੱਲੋਂ ਫੌਜ ਵਿੱਚ ਬਤੌਰ ਅਗਨੀਵੀਰ ਵਜੋਂ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਨੂੰ ਲਿਖਤੀ ਅਤੇ ਫਿਜੀਕਲ ਪ੍ਰੀਖਿਆ ਦੀ ਤਿਆਰੀ ਲਈ ਸੀ-ਪਾਈਟ ਕੈਂਪ ਕਪੂਰਥਲਾ ਵਿਖੇ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਆਨਰੇਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਤਰਨ ਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਚਾਹਵਾਨ ਨੌਜਵਾਨ ਆਨਲਾਈਨ ਰਜਿਸਟਰੇਸ਼ਨ 21 ਮਾਰਚ ਤੱਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚਾਹਵਾਨ ਨੌਜਵਾਨ ਆਰਮੀ ਅਗਨੀਵੀਰ ਦੀ ਭਰਤੀ ਲਈ ਲਿਖਤੀ ਪੇਪਰ ਦੀਆਂ ਕਲਾਸਾਂ ਲਗਾ ਸਕਦੇ ਹਨ।ਉਨ੍ਹਾ ਅੱਗੇ ਦੱਸਿਆ ਕਿ ਚਾਹਵਾਨ ਨੌਜਵਾਨ ਲਿਖਤੀ ਟੈਸਟ ਦੀ ਸਿਖਲਾਈ ਲਈ ਜਰੂਰੀ ਦਸਤਾਵੇਜ ਦੀਆਂ ਫੋਟੋ ਸਟੇਟ ਕਾਪੀਆਂ ਜਿਵੇਂ ਆਧਾਰ ਕਾਰਡ, ਦਸਵੀਂ ਜਾਂ ਬਾਰ੍ਹਵੀਂ ਕਲਾਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ਼ ਫੋਟੋਗ੍ਰਾਫ ਅਤੇ ਆਨਲਾਈਨ ਰਜਿਸਟਰੇਸ਼ਨ ਦੀ ਫੋਟੋ ਕਾਪੀ ਲੈ ਕੇ ਕੈਂਪ ਵਿਖੇ ਰਿਪੋਰਟ ਕਰ ਸਕਦੇ ਹਨ।ਵਧੇਰੇ ਜਾਣਕਾਰੀ ਲਈ ਨੌਜਵਾਨ ਮੋਬਾਇਲ ਨੰਬਰ 83601-63527 ਅਤੇ ਮੋਬਾਇਲ ਨੰਬਰ 69002-00733 'ਤੇ ਸੰਪਰਕ ਕਰ ਸਕਦੇ ਹਨ।

## ਹੁਣ ਪਿੰਡਾਂ ਤੇ ਬਲਾਕਾਂ ਦੇ ਲੋਕ ਵੀ 'ਸੀ ਐਮ ਦੀ ਯੋਗਸ਼ਾਲਾ' ਦਾ ਲੈ ਸਕਣਗੇ ਲਾਭ : ਕੋਮਲ ਮਿੱਤਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਹੱਤਵਪੂਰਨ ਤੇ ਅਭਿਲਾਸ਼ੀ ਪ੍ਰਾਜੈਕਟ 'ਸੀ.ਐਮ. ਦੀ ਯੋਗਸ਼ਾਲਾ' ਦੀ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਸਫਲਤਾਪੂਰਵਕ ਸ਼ੁਰੂਆਤ ਤੋਂ ਬਾਅਦ, ਪੰਜਾਬ ਦੇ ਲੋਕਾਂ ਨੂੰ ਤੰਦਰੁਸਤ ਤੇ ਸਿਹਤਮੰਦ ਰੱਖਣ ਦੇ ਉਦੇਸ਼ ਨਾਲ ਹੁਣ ਇਹ ਜਨ- ਮੁਹਿੰਮ ਸ਼ਨੀਵਾਰ ਤੋਂ ਪਿੰਡ ਅਤੇ ਬਲਾਕ ਪੱਧਰ 'ਤੇ ਵੀ ਆਪਣੇ ਖੰਭ ਪਸਾਰਣ ਲਈ ਤਿਆਰ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਸਰਕਾਰ ਨੇ ਇਸ ਉਪਰਾਲੇ ਦੀ ਸਫ਼ਲਤਾ ਲਈ 315 ਨਵੇਂ ਯੋਗਾ ਟ੍ਰੇਨਰਾਂ ਦੀ ਭਰਤੀ ਕੀਤੀ ਹੈ, ਜੋ ਕਿ ਬਲਾਕਾਂ ਅਤੇ ਪਿੰਡਾਂ ਵਿਚ ਮੁਫ਼ਤ ਯੋਗਾ ਕਲਾਸਾਂ ਲਗਾਉਣ ਲਈ ਤਾਇਨਾਤ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਤਿੰਨ ਪੜਾਵਾਂ ਤਹਿਤ ਹੁਸ਼ਿਆਰਪੁਰ ਸਮੇਤ ਸੂਬੇ ਦੇ 24 ਸ਼ਹਿਰਾਂ ਵਿਚ 'ਸੀ ਐਮ ਦੀ ਯੋਗਸ਼ਾਲਾ' ਮੁਹਿੰਮ ਸ਼ੁਰੂ ਕੀਤੀ ਗਈ ਸੀ।ਮੌਜੂਦਾ ਸਮੇਂ ਦੌਰਾਨ, ਇਨ੍ਹਾਂ ਸ਼ਹਿਰਾਂ ਵਿਚ ਰੋਜ਼ਾਨਾ ਸਵੇਰੇ 1600 ਤੋਂ ਵੱਧ 'ਸੀ ਐਮ ਦੀ ਯੋਗਸ਼ਾਲਾਵਾਂ' ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿਚ 35000 ਤੋਂ ਵੱਧ ਲੋਕ ਇਨ੍ਹਾਂ ਯੋਗ ਕੈਂਪਾਂ ਦਾ ਲਾਭ ਲੈ ਰਹੇ ਹਨ।

17-March-Sunday.qxd 3/16/2024 10:46 PM Page 1



ਵਿਜੇਤਾ ਭਾਰਦਵਾਜ ਦੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


ਲੰਮੀ ਔੜ, ਉਦਾਸੀ, ਪਤਝੜ
ਠੱਕਾ ਤੇ ਕੋਰਾ ਵੀ ਹੈ
ਇਸ ਮੌਸਮ ਵਿੱਚ ਸੂਲੀ ਚੜ੍ਹਿਆ
ਇੱਕ ਸੂਰਜ ਮੇਰਾ ਵੀ ਹੈ।
- ਰਣਧੀਰ ਸਿੰਘ ਚੰਦ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 17 ਮਾਰਚ 2024
www.nawanzamana.in
ਕੀਮਤ 5.00 ਰੁਪਏ

ਸਮਕਾਲੀ ਸਰੋਕਾਰ

## ਧਰਮ ਅਧਾਰਤ ਸਿਆਸੀ ਸੱਤਾਵਾਦੀ ਸੋਚ ਨੂੰ ਹੋਰ ਬਲਵਾਨ ਕਰੇਗਾ ਸਮਾਨ ਸਿਵਲ ਕੋਡ

ਮੱਖਣ ਕੁਹਾੜ

ਉਤਰਾਖੰਡ ਸਰਕਾਰ ਨੇ 7 ਫ਼ਰਵਰੀ ਨੂੰ ਸਮਾਨ ਸਿਵਲ ਕੋਡ (ਯੂਨੀਵਰਸਲ ਸਿਵਲ ਕੋਡ-ਯੂ ਸੀ ਸੀ) ਕਾਨੂੰਨ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ ਹੈ। ਸਪੱਸ਼ਟ ਰੂਪ ਵਿੱਚ ਉਸ ਨੇ ਹਿੰਦੂ ਧਰਮ ਵਾਲਾ ਸੱਭਿਆਚਾਰ ਸਾਰੇ ਧਰਮਾਂ ਦੇ ਲੋਕਾਂ 'ਤੇ ਠੋਸ ਦਿੱਤਾ ਹੈ। ਉਸ ਨੇ ਤਾਂ ਮਨੁੱਖ ਦੀ ਨਿੱਜੀ ਅਜ਼ਾਦੀ ਵੀ ਦਾਅ 'ਤੇ ਲਾ ਦਿੱਤੀ ਹੈ। ਇਹ ਸਾਰਾ ਕੁਝ ਕੀਤਾ ਵੀ ਐਨ 2024 ਦੀਆਂ ਲੋਕ ਸਭਾ ਚੋਣਾਂ ਦੇ ਨੇੜੇ ਹੈ ਤਾਂ ਕਿ ਵੋਟਾਂ ਦਾ ਧਰੁਵੀਕਰਨ ਕੀਤਾ ਜਾ ਸਕੇ।

ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਦੀ ਸਰਕਾਰ ਸਾਰੇ ਦੇਸ਼ ਵਿੱਚ ਹੀ 'ਸਮਾਨ ਸਿਵਲ ਕੋਡ' ਨਾਂਅ ਦਾ ਕਾਨੂੰਨ ਬਣਾਉਣ ਜਾ ਰਹੀ ਹੈ। ਸਰਕਾਰੀ ਪ੍ਰਚਾਰ ਤੋਂ ਇਵੇਂ ਲੱਗਦਾ ਹੈ ਭਾਰਤ ਵਿਚ ਜਿਵੇਂ ਇਸ ਨਾਲ ਸਾਰੇ ਨਾਗਰਿਕ ਹਰ ਪੱਖੋਂ ਬਰਾਬਰ ਅਤੇ ਖੁਸ਼ਹਾਲ ਹੋ ਜਾਣਗੇ, ਪਰੰਤੂ ਐਸਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੋ ਸਕਦਾ। ਇਸ ਬਿੱਲ ਪਿੱਛੇ ਕੰਮ ਕਰਦੀ ਭਾਵਨਾ ਬਹੁਤ ਮੰਦੀ ਹੈ। ਇਸ ਭਾਵਨਾ ਦਾ ਮੰਤਵ ਘੱਟ ਗਿਣਤੀ ਫਿਰਕਿਆਂ ਅਤੇ ਦੇਸ਼ ਦੇ ਵੱਖ-ਵੱਖ ਭੂਗੋਲਿਕ ਖਿੱਤਿਆਂ, ਧਰਮਾਂ, ਕਬੀਲਿਆਂ, ਵੱਖ-ਵੱਖ ਸੱਭਿਆਚਾਰਾਂ ਵਾਲੇ ਦੇਸ਼ ਵਿਚ ਇਕ ਧਰਮ ਦਾ ਗਲਬਾ ਕਾਇਮ ਕਰਨਾ ਹੈ। ਇਹ ਇਕ ਤਰ੍ਹਾਂ ਨਾਲ ਸਾਰੇ ਪੁਰਅਮਨ ਅਤੇ ਮਰਜ਼ੀ ਨਾਲ ਜੀਵਨ ਜੀਅ ਰਹੇ ਵੱਖ-ਵੱਖ ਸਮੂਹਾਂ ਦੇ ਭਾਰਤੀ ਲੋਕਾਂ ਨੂੰ ਨੂੜ ਕੇ ਜਬਰੀ ਹਿੰਦੂਤਵ ਦੇ ਇੱਕੋ ਪਿੰਜਰੇ ਵਿਚ ਬੰਦ ਕਰਨ ਦੇ ਤੁਲ ਹੈ। ਇਹ ਧਰਮ 'ਤੇ ਆਧਾਰਤ ਸਿਆਸੀ ਸੱਤਾ ਨੂੰ ਮਜ਼ਬੂਤ ਕਰਕੇ ਸੰਵਿਧਾਨ ਦੀ ਧਰਮ ਨਿਰਪੱਖਤਾ ਨੂੰ ਜ਼ਬਰਦਸਤ ਢਾਹ ਲਾਉਣ ਵੱਲ ਸੇਧਤ ਹੈ।

ਪਹਿਲੀ ਗੱਲ ਤਾਂ ਇਸ ਬਾਰੇ ਤਤਕਾਲੀ ਭਾਜਪਾ ਦੀ ਮੋਦੀ ਸਰਕਾਰ ਨੂੰ ਇਹ ਪੁੱਛਣ ਵਾਲੀ ਹੈ ਕਿ ਇਸ ਦੀ ਕੀ ਜ਼ਰੂਰਤ ਹੈ? ਕੀ ਇਸ ਦੀ ਮੰਗ ਭਾਰਤ ਦੇ ਹੋਰ ਵੱਖ-ਵੱਖ ਧਰਮਾਂ ਨੇ ਸਮੂਹਕ ਤੌਰ 'ਤੇ ਕੀਤੀ ਹੈ। ਅਮਨ-ਅਮਾਨ ਨਾਲ ਜੀਅ ਰਹੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਕਿਉਂ ਜਾ ਰਿਹਾ ਹੈ? ਸਿਵਾ ਆਰ ਐੱਸ ਐੱਸ ਨਾਲ ਸੰਬੰਧਤ ਵੱਖ-ਵੱਖ ਹਿੰਦੂ ਸੰਗਠਨਾਂ ਦੇ, ਕੀ ਹੋਰ ਕਿਸੇ ਫਿਰਕੇ ਜਾਂ ਸੋਚ ਦੇ ਪ੍ਰਤੀਨਿਧ ਨੇ ਇਸ ਸਮਾਨ ਸਿਵਲ ਕੋਡ ਦੀ ਮੰਗ ਕਰਨ ਦੀ ਕਦੇ ਵੀ ਆਵਾਜ਼ ਉਠਾਈ ਹੈ? ਜਦ ਸਾਰੀਆਂ ਹੀ ਰਾਜ ਕਰ ਰਹੀਆਂ ਭਾਜਪਾ ਵਿਰੋਧੀ ਪਾਰਟੀਆਂ ਇਸ ਬਿੱਲ ਦੀ ਵਿਰੋਧਤਾ ਕਰ ਰਹੀਆਂ ਹਨ, ਤਦ ਇਸ ਸਮਾਜਕ ਤਲਾਅ ਦੇ ਸ਼ਾਂਤ ਨਿੱਤਰੇ ਪਾਣੀ ਵਿਚ ਵੱਡਾ ਪੱਥਰ ਸੁੱਟ ਕੇ ਉਸ ਨੂੰ ਗੰਧਲਾ ਕਰਨ ਦੀ ਕੀ ਲੋੜ ਹੈ।

ਅਸਲ ਵਿਚ ਇਹ ਐੱਨ ਆਰ ਸੀ ਤੇ ਸੀ ਏ ਏ ਵਾਂਗ ਦੇਸ਼ ਦੇ ਵੱਡੇ ਘੱਟ ਗਿਣਤੀ ਧਾਰਮਕ ਫਿਰਕੇ ਨੂੰ ਪਰੇਸ਼ਾਨ ਕਰਕੇ ਉਨ੍ਹਾਂ ਦੇ ਜਜ਼ਬਾਤ ਭੜਕਾ ਕੇ, ਦੇਸ਼ ਵਿਚ ਦੰਗੇ ਕਰਾ ਕੇ ਬਹੁਗਿਣਤੀ ਫਿਰਕੇ ਦੇ ਵੋਟਰਾਂ ਦੇ ਧਰੁਵੀਕਰਨ ਕਰਨ ਤੋਂ ਬਿਨਾਂ ਕੁਝ ਵੀ ਨਹੀਂ। ਇਸ ਦਾ ਇੱਕੋ-ਇਕ ਉਦੇਸ਼ 'ਲੋਕਤੰਤਰੀ' ਖ਼ਾਸੇ ਨੂੰ ਸਿਰਫ਼ 'ਵੋਟ-ਤੰਤਰੀ' ਬਣਾ ਕੇ ਵੋਟਾਂ ਬਟੋਰਨਾ ਹੈ। ਸੱਚਮੁੱਚ ਹੀ ਅੱਜ ਭਾਰਤ ਦਾ ਲੋਕਤੰਤਰ ਨਿਰੋਲ ਵੋਟ-ਤੰਤਰ ਵਿਚ ਬਦਲ ਚੁੱਕਾ ਹੈ। ਚੋਣਾਂ ਜਿੱਤਣ ਲਈ ਵੋਟਾਂ ਦੀ ਬਹੁਗਿਣਤੀ ਜ਼ਰੂਰੀ ਹੈ ਅਤੇ ਵੋਟਾਂ ਪ੍ਰਾਪਤ ਕਰਨ ਲਈ ਸਾਮ, ਦਾਮ, ਦੰਡ, ਭੇਤ ਹਰ ਹੀਲਾ ਵਸੀਲਾ ਵਰਤਿਆ ਜਾਂਦਾ ਹੈ। ਲੋਕਤੰਤਰ ਤੋਂ ਭਾਵ ਬਸ ਲੋਕਾਂ ਨੂੰ ਇਕ ਦਿਨ ਵੋਟ ਪਾਉਣ ਦਾ ਅਧਿਕਾਰ ਦੇਣਾ ਹੀ ਰਹਿ ਗਿਆ ਹੈ। ਉਸ ਤੋਂ ਬਾਅਦ ਜੇਤੂ ਪਾਰਟੀ ਦਾ ਤਾਨਾਸ਼ਾਹੀ ਤਾਂਡਵ ਨਾਚ ਸ਼ੁਰੂ ਹੋ ਜਾਂਦਾ ਹੈ। ਸਰਮਾਏਦਾਰੀ ਪ੍ਰਬੰਧ ਅਧੀਨ ਸਿਆਸਤ ਇਕ ਧੰਦਾ ਬਣ ਗਈ ਹੈ। ਸਭ ਤੋਂ ਮੁਨਾਫ਼ੇ ਵਾਲਾ ਧੰਦਾ। ਇਕ ਵਪਾਰ ਹੈ ਹੁਣ ਸਿਆਸਤ ਤੇ ਸੱਤਾ। ਸੱਤਾ ਹਾਸਲ ਕਰੋ ਤੇ ਧਨ ਕਮਾਓ। ਧਨ ਕਮਾ ਕੇ ਹੋਰ ਜਾਇਦਾਦ ਬਣਾਓ ਤੇ ਉਸੇ ਨਾਲ ਹੀ ਵੋਟਾਂ ਖ਼ਰੀਦੋ। ਗੁੰਡਿਆਂ, ਬਦਮਾਸ਼ਾਂ ਨੂੰ ਧਨ-ਦੌਲਤ ਦਾ ਲਾਲਚ ਦੇ ਕੇ ਵੋਟਰਾਂ ਨੂੰ ਡਰਾਓ, ਧਮਕਾਓ। ਨਹੀਂ ਮੰਨਦੇ ਤਾਂ ਪੈਸਿਆਂ ਦਾ ਲਾਲਚ ਦੇਵੋ। ਖ਼ੂਬ ਧਨ ਵੰਡੋ, ਉਨ੍ਹਾਂ ਨੂੰ ਖ਼ਰੀਦੋ। ਉਨ੍ਹਾਂ ਦੀ ਜ਼ਮੀਰ ਖ਼ਰੀਦੋ ਤੇ ਪੈਸੇ ਦੇ ਕੇ ਵੋਟ ਪਾਉਣ ਦੀ ਧਾਰਮਕ ਸਹੁੰ ਖਵਾਓ।

ਭਾਰਤ ਦੀ ਅੱਧਿਓਂ ਵੱਧ ਵਸੋਂ ਗ਼ਰੀਬੀ ਦੇ ਪੱਧਰ ਤੋਂ ਵੀ ਹੇਠਾਂ ਅਤਿਅੰਤ ਗ਼ਰੀਬੀ ਵਿਚ ਜੀਵਨ ਬਿਤਾ ਰਹੀ ਹੈ। ਇਹ ਵਸੋਂ ਅਨਪੜ੍ਹ ਹੈ। ਗ਼ਰੀਬੀ ਤੇ ਅਨਪੜ੍ਹਤਾ ਸਕੀਆਂ ਭੈਣਾਂ ਹੀ ਤਾਂ ਹਨ। ਅਨਪੜ੍ਹ ਤੋਂ ਭਾਵ ਸਿਰਫ਼ ਅੱਖਰ ਗਿਆਨ ਨਾ ਹੋਣਾ ਹੀ ਨਹੀਂ, ਸਿਆਸੀ ਸੋਝੀ ਅਤੇ ਗਿਆਨ ਦੀ ਘਾਟ ਅਸਲੀ ਅਨਪੜ੍ਹਤਾ ਹੈ। ਵਧੇਰੇ ਪੜ੍ਹੇ-ਲਿਖੇ ਵੀ ਬੇ-ਸੋਝੀ ਦੀ ਦਲਦਲ ਵਿਚ ਫਸੇ ਹੋਏ ਹਨ। ਇਨ੍ਹਾਂ 'ਚੋਂ ਵਧੇਰੇ ਲੋਕ ਹਾਲੇ ਵੀ ਧਾਰਮਕ ਕੱਟੜਤਾ ਦੇ ਗਹਿਰੇ ਤੇ ਗੰਧਲੇ ਪਾਣੀਆਂ ਵਿਚ ਗੋਤੇ ਖਾ ਰਹੇ ਹਨ। ਗ਼ਰੀਬਾਂ ਨੂੰ ਇਹ ਲਾਲਚ ਹੈ ਕਿ ਅੱਜ ਜੋ ਵੋਟਾਂ ਮੰਗਣ ਆਏ ਹਨ, ਉਨ੍ਹਾਂ ਤੋਂ ਜੋ ਮਿਲਦਾ ਹੈ, ਲੈ ਲਵੋ, ਵਰਨਾ ਇਨ੍ਹਾਂ ਮੁੜ ਪੰਜ ਸਾਲ ਬਾਅਦ ਹੀ ਉਨ੍ਹਾਂ ਕੋਲ ਬਹੁੜਨਾ ਹੈ। ਇੰਝ ਚਲਾਕ ਸਿਆਸੀ ਅਪਰਾਧੀ ਲੋਕ ਇਸ ਸਰਮਾਏਦਾਰੀ ਪ੍ਰਬੰਧ ਵਿਚ ਸਰਮਾਏ ਦੇ ਸਿਰ 'ਤੇ ਹੀ ਚੋਣਾਂ ਜਿੱਤਦੇ ਹਨ। ਇਹ ਸੱਚ ਹੈ ਕਿ ਜੋ ਜੇਲ੍ਹੀਂ ਜਾਣੇ ਚਾਹੀਦੇ ਹੁੰਦੇ ਹਨ, ਉਹ ਪਾਰਲੀਮੈਂਟ ਵਿਚ ਪਹੁੰਚ ਜਾਂਦੇ ਹਨ। ਕੀ ਹਸਤੀ ਹੈ ਕਿਸੇ ਗ਼ਰੀਬ ਦੀ ਕਿ ਉਹ ਚੋਣ ਲੜ ਸਕੇ। ਭਾਵੇਂ ਕਿ ਉਹ ਕਿੰਨਾ ਵੀ ਸੂਝਵਾਨ ਤੇ ਪੜ੍ਹਿਆ-ਲਿਖਿਆ ਕਿਉਂ ਨਾ ਹੋਵੇ।

ਏਥੇ ਇਹ ਸਿਧਾਂਤ ਵੀ ਸਮਝਣਾ ਜ਼ਰੂਰੀ ਹੈ ਕਿ ਇਤਿਹਾਸ ਕਦੇ ਵੀ ਰਾਜੇ-ਰਾਣੀਆਂ ਵੱਲੋਂ ਨਹੀਂ ਸਿਰਜਿਆ ਜਾਂਦਾ, ਇਸ ਨੂੰ ਹਮੇਸ਼ਾ ਲੋਕ ਹੀ ਸਿਰਜਦੇ ਹਨ। ਕੋਈ ਰਾਜਾ-ਰਾਣੀ ਜਾਂ ਤਤਕਾਲੀ ਸਰਕਾਰ ਆਪਣੇ-ਆਪ ਕੋਈ ਚੰਗਾ ਕੰਮ ਨਹੀਂ ਕਰਦੀ। ਉਸ ਨੂੰ ਜਦ ਪਰਜਾ ਸਮੂਹਿਕ ਜੱਦੋ-ਜਹਿਦ ਰਾਹੀਂ ਐਸਾ ਕਰਨ ਲਈ ਮਜਬੂਰ ਕਰਦੀ ਹੈ, ਤਦ ਹੀ ਕੋਈ ਲੋਕ-ਪੱਖੀ ਕਾਨੂੰਨ ਬਣਦਾ ਹੈ, ਵਰਨਾ ਰਾਜ ਕਰਦੀ ਪਾਰਟੀ ਆਪਣਾ ਰਾਜ ਕਾਇਮ ਰੱਖਣ ਲਈ ਲੋਕਾਂ ਨੂੰ ਦਬਾਅ ਕੇ ਤੇ ਆਪਸੀ ਫੁੱਟ ਪਾ ਕੇ ਵੋਟਾਂ ਬਟੋਰਨ ਲਈ ਲੋਕ-ਵਿਰੋਧੀ ਫੈਸਲੇ ਕਰਦੀ ਹੈ। ਇਸ ਸਾਂਝੇ ਸਿਵਲ ਕੋਡ ਨੂੰ ਵੀ ਏਸੇ ਹੀ ਸੰਦਰਭ ਵਿਚ ਘੋਖਣਾ ਬਣਦਾ ਹੈ।



ਇਸ ਵਕਤ ਕੇਂਦਰ 'ਤੇ ਕਾਬਜ਼ ਆਰ ਐੱਸ ਐੱਸ ਨਿਰਦੇਸ਼ਤ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਦੀ ਸਰਕਾਰ ਸਾਹਮਣੇ 2024 ਦੀਆਂ ਚੋਣਾਂ ਹਨ, ਜਿਨ੍ਹਾਂ ਵਿਚ ਬਹੁਤ ਹੀ ਥੋੜ੍ਹਾ ਸਮਾਂ ਰਹਿ ਗਿਆ ਹੈ। ਚੋਣਾਂ ਜਿੱਤਣ ਲਈ, ਲੋਕਾਂ 'ਚ ਜਾਣ ਲਈ ਕੁਝ ਵੀ ਐਸੀ ਪ੍ਰਾਪਤੀ ਨਹੀਂ, ਜਿਸ ਨਾਲ ਉਹ ਲੋਕਾਂ ਤੋਂ ਵੋਟ ਮੰਗ ਸਕੇ। ਮੋਦੀ ਸਰਕਾਰ ਦੇ ਪਿਛਲੇ ਸਾਰੇ ਸਮੇਂ ਵਿਚ ਬੇਰੁਜ਼ਗਾਰੀ ਵਿਚ ਅਥਾਹ ਵਾਧਾ ਹੋਇਆ ਹੈ, ਮਹਿੰਗਾਈ ਬੇਸ਼ੁਮਾਰ ਵਧੀ ਹੈ। ਸਿੱਕੇ ਦਾ ਫੈਲਾਅ ਸਾਰੇ ਰਿਕਾਰਡ ਤੋੜ ਗਿਆ ਹੈ। ਨਵੇਂ ਕਾਰਖ਼ਾਨੇ ਤਾਂ ਕੀ ਲੱਗਣੇ, ਪਹਿਲੇ ਵੀ ਜਨਤਕ ਅਦਾਰਿਆਂ ਦਾ ਤੇਜ਼ੀ ਨਾਲ ਭੋਗ ਪਾਉਣ ਹਿੱਤ ਨਿੱਜੀਕਰਨ ਦੇ ਕੁਹਾੜੇ ਹੇਠ ਹਨ। ਬਹੁਤ ਥੋੜ੍ਹੇ ਹੀ ਬਚੇ ਹਨ। ਜਲ-ਥਲ-ਹਵਾਈ ਆਵਾਜਾਈ ਤੇ ਅਨੇਕਾਂ ਹੋਰ ਸਰਕਾਰੀ ਅਦਾਰਿਆਂ ਵਿਚ ਅਸਾਮੀਆਂ ਘਟ ਕੇ ਚੌਥੇ ਹਿੱਸੇ ਬਰਾਬਰ ਰਹਿ ਗਈਆਂ ਹਨ। ਨਿੱਜੀ ਅਦਾਰੇ ਕੰਪਿਊਟਰੀਕਰਨ ਤੇ ਆਟੋਮੇਸ਼ਨ ਦਾ ਹੀ ਸਹਾਰਾ ਲੈ ਰਹੇ ਹਨ। ਲੋਕਾਂ ਨੂੰ ਰੁਜ਼ਗਾਰ ਦੇਣਾ ਉਨ੍ਹਾਂ ਦੇ ਹੋਰ ਵਧੇਰੇ ਮੁਨਾਫ਼ਾ ਕਮਾਉਣ ਦੇ ਚੌਖਟੇ ਦੇ ਉਦੇਸ਼ ਵਿਚ ਨਹੀਂ ਆਉਂਦਾ। ਲੋਕਾਂ ਵਿਚ ਬੇਹੱਦ ਬੇਚੈਨੀ ਹੈ। 2014 ਦੀਆਂ ਚੋਣਾਂ ਲੋਕਾਂ ਨੂੰ ਬਹੁਤ ਸਬਜ਼ਬਾਗ਼ ਵਿਖਾ ਕੇ ਜਿੱਤੀਆਂ ਸਨ। 15-15 ਲੱਖ ਹਰ ਨਾਗਰਿਕ ਦੇ ਖ਼ਾਤੇ 'ਚ ਪਾਉਣੇ, ਹਰ ਸਾਲ ਘੱਟੋ-ਘੱਟ ਦੋ ਕਰੋੜ ਨੌਕਰੀਆਂ ਦੇਣਾ, ਬਾਬਰੀ ਮਸਜਿਦ ਦੀ ਥਾਂ ਹੀ ਰਾਮ ਮੰਦਰ ਬਣਾਉਣਾ ਤੇ ਧਾਰਮਕ ਭਾਵਨਾ ਭੜਕਾਉਣਾ ਆਦਿ-ਆਦਿ, ਪਰ 2019 ਦੀ ਚੋਣ ਪੁਲਵਾਮਾ ਹਮਲੇ 'ਤੇ ਸਰਜੀਕਲ ਸਟਰਾਈਕ ਦੇ, ਜੰਮੂ-ਕਸ਼ਮੀਰ ਧਾਰਾ 'ਚ 370/ 35ਏ ਕਰਕੇ ਮੁਸਲਿਮ ਵਿਰੋਧੀ ਜਜ਼ਬਾਤ ਭੜਕਾ ਕੇ ਹਿੰਦੂ ਵੋਟਾਂ ਦੇ ਧਰੁਵੀਕਰਨ ਕਾਰਨ ਹੀ ਭਾਜਪਾ ਜਿੱਤੀ ਸੀ ਤੇ ਜਿੱਤੀ ਵੀ ਭਾਰੀ ਬਹੁਗਿਣਤੀ ਨਾਲ ਸੀ। ਭਾਵੇਂ ਉਸ ਨੂੰ 2014 'ਚ 31% ਤੇ 2019 'ਚ 37% ਵੋਟਾਂ ਹੀ ਮਿਲੀਆਂ ਸਨ, ਪਰੰਤੂ ਵਿਰੋਧੀ ਵੋਟਾਂ ਦੇ ਇੱਕਮੁੱਠ ਨਾ ਹੋਣ ਕਾਰਨ ਉਹ 303 ਸੀਟਾਂ ਲੈਣ ਵਿਚ ਕਾਮਯਾਬ ਹੋ ਗਏ।

ਹੁਣ ਤੀਜੀ ਵਾਰ ਕਾਠ ਦੀ ਹਾਂਡੀ 'ਚ ਮਨਚਾਹਿਆ ਝੂਠੇ ਲਾਰਿਆਂ ਦਾ ਪਕਵਾਨ ਬਣਾ ਸਕਣਾ ਸੰਭਵ ਨਹੀਂ। ਇਸ ਵਾਰ ਵੀ ਉਨ੍ਹਾਂ ਕੋਲ ਫਿਰਕੂ ਧਰੁਵੀਕਰਨ ਲਈ ਧਾਰਮਕ ਦੰਗੇ ਫਸਾਦ ਕਰਾਵਾਉਣ ਤੋਂ ਬਿਨਾਂ ਕੋਈ ਵੀ ਹੋਰ ਚਾਰਾ ਨਹੀਂ ਦਿਸਦਾ।

ਇਹ ਸਿਰਫ਼ ਹਿੰਦੂ ਵੋਟਰਾਂ ਨੂੰ ਇਹ ਕਹਿ ਕੇ ਬੁੱਧੂ ਬਣਾਉਣ ਵਾਸਤੇ ਹੈ ਕਿ ਵੇਖ ਲਵੋ ਅਸੀਂ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀ ਧਰਮਾਂ ਦੇ, ਜੋ ਵੱਖ-ਵੱਖ ਸੱਭਿਆਚਾਰ ਹਨ, ਉਨ੍ਹਾਂ ਸਭਨਾਂ ਉਪਰ ਹਿੰਦੂਤਵੀ ਸੱਭਿਆਚਾਰ ਦੇ ਕਾਨੂੰਨ ਠੋਸ ਦਿੱਤੇ ਹਨ। ਉਹ ਹੁਣ ਜਾਂ ਤਾਂ ਹਿੰਦੂਆਂ ਦੀ ਜੀਵਨ-ਜਾਚ ਦੇ ਅਧੀਨ ਹੋ ਕੇ ਚੱਲਣਗੇ ਜਾਂ ਦੇਸ਼ ਛੱਡ ਜਾਣਗੇ। ਇਹ ਵੀ ਕਿ ਜੇ ਕੋਈ ਹਿੰਦੂ ਲੀਡਰ ਬਦਮਾਸ਼ੀ ਕਰੇ, ਅਸੀਂ ਉਸ ਨੂੰ ਵੀ ਬਚਾ ਲੈਂਦੇ ਹਾਂ, ਉਹ ਚਾਹੇ ਬ੍ਰਿਜ ਭੂਸ਼ਣ ਹੋਵੇ ਜਾਂ ਰਾਮ ਰਹੀਮ, ਬਿਲਕਿਸ ਬਾਨੋ ਦੇ ਦੋਸ਼ੀ, ਨੰਗੀਆਂ ਕਿਰਪਾਨਾਂ ਲੈ ਕੇ ਧਾਰਮਕ ਜਲੂਸ ਕੱਢਣ ਵਾਲੇ ਆਦਿ-ਆਦਿ ਜਾਂ ਬਿਨਾਂ ਸੰਵਿਧਾਨਕ ਪ੍ਰਕਿਰਿਆ ਦੇ ਇਕ ਹੀ ਧਰਮ ਦੇ ਲੋਕਾਂ ਦੇ ਮਕਾਨਾਂ 'ਤੇ ਬੁਲਡੋਜ਼ਰ ਚਲਾਉਣ ਵਾਲੇ ਯੋਗੀ ਹੋਣ ਜਾਂ ਖੱਟਰ।

ਇਸ ਵਕਤ ਸਾਰੇ ਧਰਮਾਂ, ਕਬੀਲਿਆਂ, ਖਿੱਤਿਆਂ ਦੇ ਲੋਕਾਂ ਦੇ ਵਿਆਹ ਕਰਨ, ਜਾਇਦਾਦਾਂ ਦੇ ਵਾਰਸ ਬਣਾਉਣ, ਮੁਤਬੰਨਾ ਬੱਚਾ ਗੋਦ ਲੈਣ, ਤਲਾਕ ਲੈਣ, ਆਪਣਾ ਸੱਭਿਆਚਾਰ ਆਪੋ-ਆਪਣੇ ਢੰਗ ਨਾਲ ਮੰਨਣ ਤੇ ਮਾਨਣ ਆਦਿ ਦੇ ਵੱਖ-ਵੱਖ ਅਸੂਲ ਤੇ ਪਰੰਪਰਾਵਾਂ ਹਨ। ਉਹ ਉਸ 'ਚੋਂ ਹਾਲੇ ਬਾਹਰ ਆਉਣ ਲਈ ਤਿਆਰ ਨਹੀਂ ਹਨ। ਜਦ ਸਾਰੇ ਦੇ ਸਾਰੇ ਧਰਮ-ਕਬੀਲੇ, ਫਿਰਕੇ ਦੇ ਲੋਕ ਐਸੇ ਕਾਨੂੰਨ ਦੀ ਮੰਗ ਕਰਨ, ਤਦ ਤਾਂ ਸਟੇਟ (ਰਾਜ) ਨੂੰ ਇਹ ਕਾਨੂੰਨ ਬਣਾਉਣ ਬਾਰੇ ਸੋਚਣਾ ਚਾਹੀਦਾ ਹੈ, ਵਰਨਾ 'ਸਾਂਝਾ ਸਿਵਲ ਕੋਡ' ਜਿਹਾ ਕਾਨੂੰਨ ਠੋਸਣਾ ਦੇਸ਼ ਦੀ ਏਕਤਾ-ਅਖੰਡਤਾ ਲਈ ਬਹੁਤ ਘਾਤਕ ਹੋਵੇਗਾ।

ਭਾਰਤ ਇੱਕ ਬਹੁ-ਧਰਮੀ, ਬਹੁ-ਭਸ਼ਾਈ, ਬਹੁ-ਸੱਭਿਆਚਾਰੀ, ਬਹੁ-ਰਸਮੋ-ਰਿਵਾਜੀ ਵਾਲਾ 'ਅਨੇਕਤਾ ਵਿਚ ਏਕਤਾ' ਵਾਲਾ ਦੇਸ਼ ਹੈ, ਪਰੰਤੂ ਆਰ ਐੱਸ ਐੱਸ ਇਸ ਨੂੰ 'ਏਕਤਾ ਵਿਚ ਅਨੇਕਤਾ' ਵਾਲਾ ਦੇਸ਼ ਬਣਾਉਣਾ ਲੋਚਦੀ ਹੈ। ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਕਾਹਲੀ ਆਰ ਐੱਸ ਐੱਸ ਆਪਣੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਰਾਹੀਂ ਇਕਸਾਰ ਸਿਵਲ ਕੋਡ ਬਣਾ ਕੇ ਇਸ ਕਾਰਜ ਨੂੰ ਸੌਖਿਆਂ ਕਰਨਾ ਚਾਹੁੰਦੀ ਹੈ, ਹੋਰ ਉਸ ਦਾ ਕੋਈ ਉਦੇਸ਼ ਨਹੀਂ। ਸਾਂਝੀਵਾਲਤਾ ਦਾ ਤਾਂ ਉੱਕਾ ਹੀ ਨਹੀਂ। ਏਸੇ ਹੀ ਨੀਯਤ ਨਾਲ ਉਹ ਇਕ ਦੇਸ਼, ਇੱਕੋ ਧਰਮ, ਇੱਕੋ ਪਾਰਟੀ, ਇਕ ਭਾਸ਼ਾ, ਇਕ ਸੱਭਿਆਚਾਰ, ਇਕ ਟੈਕਸ ਪ੍ਰਣਾਲੀ, ਇੱਕੋ ਰਾਸ਼ਟਰਪਤੀ ਚੋਣ ਪ੍ਰਣਾਲੀ, ਇੱਕੋ ਤੇ ਸਿਰਫ਼ ਇੱਕੋ ਕੇਂਦਰ ਸਰਕਾਰ, ਇਕ ਸਿਵਲ ਕੋਡ, ਇੱਕੋ ਹੀ ਪੁਲਸ ਢਾਂਚਾ, ਇਕਸਾਰ ਸਿੱਖਿਆ ਨੀਤੀ ਆਦਿ ਲਾਗੂ ਕਰਨ 'ਤੇ ਤੁਲੀ ਹੋਈ ਹੈ।

ਇਹ ਕਿਹਾ ਜਾ ਰਿਹਾ ਹੈ ਕਿ ਇਹ ਸਾਂਝਾ ਸਿਵਲ ਕੋਡ ਇਸ ਲਈ ਜ਼ਰੂਰੀ ਹੈ ਕਿ ਮੁਸਲਿਮ ਧਰਮ ਦੀਆਂ ਔਰਤਾਂ ਨਾਲ ਕਈ ਤਰ੍ਹਾਂ ਦਾ ਧੱਕਾ ਹੋ ਰਿਹਾ ਹੈ। ਬੁਰਕੇ ਦੇ ਮਸਲੇ ਵਿਚ, ਤਿੰਨ ਤਲਾਕ ਦੇ ਮਸਲੇ ਵਿਚ, ਮੁਸਲਿਮ ਮਰਦ ਵੱਲੋਂ ਬਹੁ-ਸ਼ਾਦੀ ਦੇ ਮਸਲੇ ਵਿਚ, ਆਬਾਦੀ ਵਾਧੇ ਬਾਰੇ ਅਤੇ ਬੱਚਾ ਗੋਦ ਲੈਣ, ਜਾਇਦਾਦ ਦੇ ਵਾਰਸ ਆਦਿ ਬਾਰੇ ਬਹੁਤ ਧੱਕਾ ਹੋ ਰਿਹਾ ਹੈ। ਇਨ੍ਹਾਂ ਸਭਨਾਂ ਬਾਰੇ ਇਸ ਤੋਂ ਇੰਝ ਲੱਗਦਾ ਹੈ ਕਿ ਭਾਜਪਾ ਦੀ ਆਰ ਐੱਸ ਐੱਸ ਨਿਰਦੇਸ਼ਤ ਸਰਕਾਰ ਨੂੰ ਮੁਸਲਿਮ ਔਰਤਾਂ ਦੀ ਬਹੁਤ ਚਿੰਤਾ ਹੈ। ਕੀ ਇਹ ਚਿੰਤਾ ਹਿੰਦੂ ਤੇ ਹੋਰ ਧਰਮਾਂ ਦੀਆਂ ਸਮੂਹ ਭਾਰਤੀ ਨਾਰੀਆਂ ਬਾਰੇ ਵੀ ਕਦੇ ਕੀਤੀ ਗਈ ਹੈ।

ਭਾਰਤ ਦੀ ਕਿਸੇ ਵੀ ਧਰਮ ਦੀ ਗ਼ਰੀਬ ਔਰਤ ਦਾ ਦਿਹਾੜੀ-ਦੱਪਾ ਕਰਦੇ ਕਮਾਊ ਪਤੀ ਦੀ ਜਦ ਬਿਮਾਰੀ ਜਾਂ ਹਾਦਸੇ ਕਾਰਨ ਮੌਤ ਹੋ ਜਾਂਦੀ ਹੈ, ਤਦ ਸਰਕਾਰ ਨੇ ਉਸ ਔਰਤ ਬਾਰੇ ਕਦੇ ਸੋਚਿਆ ਹੈ ਕਿ ਉਹ ਕਿਵੇਂ ਨਿਰਬਾਹ ਕਰ ਰਹੀ ਹੈ? ਕਿਵੇਂ ਬੱਚੇ ਪਾਲਣੇ ਹਨ ਉਹਨੇ? ਜੋ ਉਨ੍ਹਾਂ ਦੀ ਹਾਲਤ ਹੈ ਕੀ ਉਹ ਹੀ ਹਿੰਦੂ ਔਰਤ ਦੀ ਨਹੀਂ ਹੈ? ਫਿਰ ਮੋਦੀ ਜੀ ਨੂੰ ਮੁਸਲਿਮ ਔਰਤ ਦੀ ਹੀ ਚਿੰਤਾ ਕਿਉਂ ਹੈ? ਕੀ ਬੁਰਕੇ ਦਾ ਹੀ ਮਸਲਾ ਹੱਲ ਹੋਣ ਨਾਲ ਉਸ ਦੀ ਹਾਲਤ ਸੁਧਰ ਜਾਵੇਗੀ। ਭਾਰਤ ਦੇ ਅਨੇਕਾਂ ਐਸੇ ਖੇਤਰ ਹਨ, ਜਿੱਥੇ ਅੱਜ ਵੀ ਔਰਤਾਂ ਘੁੰਡ ਕੱਢਦੀਆਂ ਹਨ। ਕੀ ਉਨ੍ਹਾਂ ਨੂੰ ਘੁੰਡ ਕੱਢਣੋਂ ਹਟਾ ਦਿੱਤਾ ਹੈ। ਬੁਰਕੇ ਤੇ ਘੁੰਡ ਵਿਚ ਬਹੁਤਾ ਅੰਤਰ ਨਹੀਂ। ਕਾਨੂੰਨ ਆਖਦਾ ਹੈ ਕਿ 18 ਸਾਲ ਤੋਂ ਘੱਟ ਉਮਰ ਦੀ ਲੜਕੀ ਦੀ ਸ਼ਾਦੀ ਨਹੀਂ ਕੀਤੀ ਜਾ ਸਕਦੀ। ਭਲਾ ਬਿਹਾਰ, ਯੂ ਪੀ ਦੇ ਗ਼ਰੀਬ-ਪਛੜੇ ਬ੍ਰਾਹਮਣ ਤੇ ਹੋਰ ਸਾਰੇ ਧਰਮਾਂ ਦੇ ਪਰਵਾਰਾਂ ਦਾ ਸਰਵੇ ਕੀਤਾ ਹੈ, ਜਿੱਥੇ ਬਹੁਤੀ ਗਿਣਤੀ ਐਸੀ ਹੈ ਕਿ ਲੜਕੀ ਦੀ ਸ਼ਾਦੀ 18 ਸਾਲ ਤੋਂ ਪਹਿਲਾਂ ਹੋ ਜਾਂਦੀ ਹੈ? ਸਿਰਫ਼ ਕਾਨੂੰਨ ਬਣਾਉਣ ਨਾਲ ਮਸਲੇ ਹੱਲ ਨਹੀਂ ਹੋ ਜਾਂਦੇ।

ਮੋਦੀ ਜੀ, ਔਰਤ ਦੀ ਆਜ਼ਾਦੀ ਤੇ ਬਰਾਬਰਤਾ ਦਾ ਹੱਲ ਕੇਵਲ ਤੇ ਕੇਵਲ ਉਸ ਨੂੰ ਰੁਜ਼ਗਾਰ ਦੀ ਗਰੰਟੀ ਨਾਲ ਹੀ ਹੋ ਸਕਦਾ ਹੈ। ਉਸ ਦਾ ਪਰਵਾਰ ਸਿੱਖਿਅਤ ਵੀ ਹੋਵੇਗਾ ਅਤੇ ਸਿਹਤਮੰਦ ਵੀ। ਜੇ ਔਰਤ ਬਿਹਤਰੀ ਬਾਰੇ ਕੁਝ ਕਰਨਾ ਹੀ ਹੈ ਤਾਂ ਇਹ ਕਰੇ ਮੋਦੀ ਸਰਕਾਰ। ਸਾਂਝਾ ਸਿਵਲ ਕੋਡ ਔਰਤ ਦਾ ਕੁਝ ਨਹੀਂ ਸੰਵਾਰ ਸਕਦਾ? ਹਾਂ, ਵੋਟ ਬਟੋਰਨ ਦੀ ਨੀਤੀ ਵਿਚ ਮਦਦਗਾਰ ਹੋ ਸਕਦਾ ਹੈ?

ਧਰਮ ਮਨੁੱਖ ਦੀ ਆਸਥਾ ਤਾਂ ਹੈ, ਪਰੰਤੂ ਇਸ ਨਾਲ ਪੇਟ ਨਹੀਂ ਭਰਦਾ। ਮੋਦੀ ਸਰਕਾਰ ਨੂੰ ਪੇਟ ਦੀ ਭੁੱਖ ਬਾਰੇ ਵੀ ਸੋਚਣਾ ਹੋਵੇਗਾ। ਪਹਿਲੋਂ ਇਸ ਬਾਰੇ ਬਰਾਬਰਤਾ ਲਿਆਉਣੀ ਹੋਵੇਗੀ। ਜਦ ਆਰਥਕ ਤੌਰ 'ਤੇ ਸਭ ਬਰਾਬਰ ਹੋ ਜਾਣਗੇ, ਕਾਨੂੰਨ ਵੀ ਬਰਾਬਰ ਲਾਗੂ ਹੋ ਸਕਦੇ ਹਨ।

ਬਿਲਕਿਸ ਬਾਨੋ ਦੇ ਸਮੂਹਕ ਬਲਾਤਕਾਰੀਆਂ ਦੀ ਰਿਹਾਈ ਕਿਉਂ ਪਹਿਲਾਂ ਹੀ ਹੋ ਗਈ ਹੈ ਕੀ ਉਸ ਵਿਚ ਮੁਸਲਿਮ ਪਰਸਨਲ ਲਾਅ ਦੋਸ਼ੀ ਹੈ? ਉਨ੍ਹਾਂ ਦੋਸ਼ੀਆਂ ਦਾ ਸਵਾਗਤ ਹਿੰਦੂ ਸੰਗਠਨਾਂ ਨੇ ਕਿਉਂ ਕੀਤਾ, ਸਿਰਫ਼ ਇਸ ਕਰਕੇ ਕਿ ਉਨ੍ਹਾਂ ਇਕ ਮੁਸਲਿਮ ਔਰਤ ਦਾ ਰੇਪ ਕਰਕੇ 'ਮਹਾਨ' ਕਾਰਨਾਮਾ ਕੀਤਾ ਹੈ। ਰਾਮ ਰਹੀਮ 'ਤੇ ਬਲਾਤਕਾਰਾਂ ਅਤੇ ਕਤਲਾਂ ਦੇ ਦੋਸ਼ ਸਾਬਤ ਹੋ ਕੇ 20 ਸਾਲ ਦੀ ਦੋਹਰੀ ਸਜ਼ਾ ਵੀ ਹੋ ਚੁੱਕੀ ਹੈ, ਪਰ ਉਹ ਫੇਰ ਵੀ ਅਕਸਰ ਪੈਰੋਲ 'ਤੇ ਰਿਹਾਅ ਰਹਿੰਦਾ ਹੈ? ਜੋ ਅਨੇਕਾਂ-ਅਨੇਕਾਂ ਸਜ਼ਾ ਭੁਗਤ ਚੁੱਕੇ ਅਤੇ ਬਿਨਾਂ ਮੁਕੱਦਮਾ ਚਲਾਏ ਭੀਮਾ ਕੋਰੇਗਾਓਂ ਦੇ ਝੂਠ-ਮੂਠ ਗਰਦਾਨੇ ਦੋਸ਼ੀ ਹਨ, ਜਿਨ੍ਹਾਂ ਵਿਚ 99.1 ਫੀਸਦੀ ਅਪਾਹਜ ਸਟੈਨ ਸਵਾਮੀ, ਜੋ ਪਾਣੀ ਵੀ ਆਪ ਨਹੀਂ ਪੀ ਸਕਦਾ ਸੀ, ਕੈਦ ਵਿਚ ਹੀ ਸ਼ਹੀਦ ਹੋ ਗਿਆ, ਪਰ ਪੈਰੋਲ ਨਹੀਂ ਮਿਲੀ ਨਾ ਜ਼ਮਾਨਤ। ਮਹਾਨ ਬੁੱਧੀਜੀਵੀ ਤੇ ਲੇਖਕ ਵਰਵਰਾ ਰਾਓ ਜਿਹੇ ਕਿੰਨੇ ਹੀ ਹੋਰਨਾਂ ਨੂੰ ਪੈਰੋਲ ਕਿਉਂ ਨਹੀਂ ਮਿਲਦੀ, ਕਿਉਂ ਉਹ ਰਿਹਾਅ ਨਹੀਂ ਕੀਤੇ ਜਾ ਰਹੇ। ਕਿਉਂ ਬਰਾਬਰਤਾ ਕਾਨੂੰਨ ਦਾ ਮੌਲਿਕ ਅਧਿਕਾਰ ਉਨ੍ਹਾਂ 'ਤੇ ਲਾਗੂ ਨਹੀਂ ਹੁੰਦਾ? ਕਿੱਥੇ ਹੈ ਸੰਵਿਧਾਨ ਤੇ ਉਸ ਦੇ ਸਾਰੇ ਕਾਇਦੇ-ਕਾਨੂੰਨ। ਐਂਟੀ ਰੋਮੀਓ ਸਕੁਐਡ ਕੀ ਔਰਤ ਦੀ ਆਜ਼ਾਦੀ 'ਤੇ ਹਮਲੇ ਨਹੀਂ ਹਨ। ਵੈਲਨਟਾਈਨ ਡੇਅ ਦਾ ਵਿਰੋਧ ਕਿਉਂ ਤੇ ਕੌਣ ਕਰਦਾ ਹੈ। ਕੀ ਉਨ੍ਹਾਂ ਹਮਲਾਵਰ ਗੁੰਡਿਆਂ ਨੂੰ ਕਦੇ ਕੋਈ ਸਜ਼ਾ ਮਿਲੀ ਹੈ। ਕੀ ਕਿਸੇ ਦਾ ਇਕ-ਦੂਸਰੇ ਨੂੰ ਪਿਆਰ ਕਰਨਾ ਵੀ ਗੁਨਾਹ ਹੈ। ਕੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਵਿਚ ਪਹਿਲਾਂ ਤੋਂ ਹੀ ਇਹ ਕਾਨੂੰਨੀ ਬਰਾਬਰਤਾ ਦਾ ਹੱਕ ਨਹੀਂ। ਲਵ ਜੇਹਾਦ ਦਾ ਰੌਲਾ ਕਿਉਂ ਹੈ। ਪਿਆਰ-ਮੁਹੱਬਤ ਵਿਚ ਧਰਮ ਰੁਕਾਵਟ ਕਿੱਥੇ ਬਣਦਾ ਹੈ? ਇਹ ਸੰਵਿਧਾਨ ਕਹਿੰਦਾ ਹੈ? ਅਕਤੂਬਰ 2020 ਦੇ ਹਾਥਰਸ ਬਲਾਤਕਾਰ ਦਾ ਬਿਰਤਾਂਤ ਸਭ ਦੇ ਸਾਹਮਣੇ ਹੈ।

ਮਨੀਪੁਰ ਵਿੱਚ ਜੋ ਔਰਤਾਂ ਨਾਲ ਵਾਪਰਿਆ, ਉਸ ਬਾਰੇ ਮੋਦੀ ਜੀ ਨੇ ਇੱਕ ਸ਼ਬਦ ਵੀ ਨਹੀਂ ਕਿਹਾ। 4 ਮਈ 2023 ਦੀ ਘਟਨਾ ਦੀ ਵੀਡੀਓ ਜਦ 70-75 ਦਿਨਾਂ ਬਾਅਦ ਜੁਲਾਈ 2023 ਨੂੰ ਪ੍ਰਸਾਰਤ ਹੋਈ ਅਤੇ ਸਾਰੇ ਦੇਸ਼ ਵਿਚ ਰੌਲਾ ਪਿਆ, ਤਦ ਜਾ ਕੇ ਦੋਸ਼ੀਆਂ 'ਤੇ ਕਾਰਵਾਈ ਕਰਨ ਦੀ ਗੱਲ ਤੁਰੀ। ਕੀ ਉਸ ਵਿਚ ਮੁਸਲਿਮ ਪਰਸਨਲ ਲਾਅ ਜਾਂ ਹੋਰ ਧਰਮਾਂ, ਫਿਰਕਿਆਂ ਦੇ ਪਰਸਨਲ ਲਾਅ ਦੋਸ਼ੀ ਸਨ? ਕੀ ਇਹ ਸਾਰਾ ਸਮਾਨ ਸਿਵਲ ਕੋਡ ਨਾਲ ਹਟ ਜਾਵੇਗਾ? ਮੋਦੀ ਸਰਕਾਰ ਕੀ ਇਸ ਦੀ ਗਰੰਟੀ ਕਰ ਸਕਦੀ ਹੈ।

ਭਾਰਤੀ ਸੰਵਿਧਾਨ ਸਟੇਟ ਨੂੰ ਧਰਮ ਨਿਰਪੱਖ ਰਹਿਣ ਦੀ ਗਰੰਟੀ ਕਰਦਾ ਹੈ, ਪਰੰਤੂ ਮੋਦੀ ਸਰਕਾਰ ਨੇ ਸਿੱਧ ਕਰ ਦਿੱਤਾ ਹੈ ਕਿ ਇਹ ਸਰਕਾਰ ਨਾ ਧਰਮ ਨਿਰਪੱਖ ਹੈ ਤੇ ਨਾ ਧਰਮ ਨਿਰਲੇਪ। ਧਰਮ ਨਿਰਲੇਪ ਤਾਂ ਉੱਕਾ ਹੀ ਨਹੀਂ। ਹਰ ਸਰਕਾਰੀ ਕੰਮ ਹਿੰਦੂ ਰਸਮਾਂ-ਰਿਵਾਜਾਂ ਨਾਲ ਕੀਤਾ ਜਾਂਦਾ ਹੈ। ਰਫੇਲ ਜਹਾਜ਼ ਦੀ ਖ਼ਰੀਦ ਵੇਲੇ ਜਿਸ ਤਰ੍ਹਾਂ ਫਰਾਂਸ ਜਾ ਕੇ ਰਾਜਨਾਥ ਸਿੰਘ ਹੁਰਾਂ ਕੀਤਾ, ਸਟੇਟ ਨੂੰ ਅੰਧਵਿਸ਼ਵਾਸੀ ਤੇ ਹਿੰਦੂ ਸਟੇਟ ਹੋਣ ਦਾ ਸਬੂਤ ਦਿੱਤਾ। 28 ਮਈ 2023 ਨੂੰ ਨਵੀਂ ਪਾਰਲੀਮੈਂਟ ਦੇ ਉਦਘਾਟਨ ਸਮੇਂ ਜਿਸ ਤਰ੍ਹਾਂ ਹਿੰਦੂ ਸਾਧਾਂ-ਸੰਤਾਂ ਵੱਲੋਂ ਹਵਨ ਤੇ ਮੰਤਰ ਉਚਾਰਨ ਹੋਇਆ, ਉਹ ਕੀ ਹੈ? ਰਾਸ਼ਟਰੀ ਸਿੰਬਲ ਵਜੋਂ ਜੋ ਹਿੰਦੂਤਵੀ ਅੰਮ੍ਰਿਤਕਾਲ 'ਸੰਗੋਲ' ਨੂੰ ਸੱਤਾ ਤਬਦੀਲੀ ਵਜੋਂ ਸਥਾਪਤ ਕੀਤਾ ਗਿਆ ਹੈ, ਉਸ ਤੋਂ ਕੀ ਭਾਵ ਹੈ ਕਿਹੜੀ ਸੱਤਾ ਤਬਦੀਲੀ ਹੋਈ ਹੈ? ਇਹ 'ਡੰਡਾ' ਕਿੱਥੋਂ, ਕਿਵੇਂ ਤੇ ਕਿਉਂ ਪਾਰਲੀਮੈਂਟ ਵਿਚ ਲਿਆ ਮਾਰਿਆ ਹੈ?

ਰਾਮ ਮੰਦਰ ਦੇ 22 ਜਨਵਰੀ ਦੇ ਉਦਘਾਟਨ ਸਮੇਂ ਮੋਦੀ ਸਰਕਾਰ ਜਿਸ ਤਰ੍ਹਾਂ ਵਿਚਰੀ ਹੈ, ਉਸ ਦਾ ਕੀ ਅਰਥ ਹੈ। ਉਥੇ ਤਾਂ ਰਾਸ਼ਟਰਪਤੀ ਨੂੰ ਵੀ ਨਹੀਂ ਸੱਦਿਆ ਗਿਆ, ਜਦਕਿ ਉਹ ਔਰਤ ਤੇ ਦਲਿਤ ਸੀ। ਜੇ ਬਰਾਬਰਤਾ ਦਾ ਕਾਨੂੰਨ ਹੈ, ਤਦ ਭਾਰਤ ਵਿਚ ਤਾਂ ਬਰਾਬਰ ਕੰਮ ਤੇ ਬਰਾਬਰ ਤਨਖ਼ਾਹ ਕਿਉਂ ਨਹੀਂ। ਇਕੋ ਦਫ਼ਤਰ/ ਸਕੂਲ ਵਿਚ ਇਕ ਅਧਿਆਪਕ/ ਕਰਮਚਾਰੀ ਇਕੋ ਜਿਹੀ ਡਿਗਰੀ ਕਰਕੇ ਇਕੋ ਜਿਹੇ ਕੰਮ ਕਰ ਰਹੇ ਹਨ, ਤਦ ਉਸ ਨੂੰ ਦੂਸਰੇ ਤੋਂ 10ਵਾਂ ਹਿੱਸਾ ਤਨਖ਼ਾਹ ਕਿਉਂ ਮਿਲਦੀ ਹੈ? ਉਹ ਤਾਂ ਮੁਸਲਿਮ ਪਰਸਨਲ ਲਾਅ ਨਹੀਂ ਰੋਕਦਾ? ਕਿੱਥੇ ਹੈ ਬਰਾਬਰਤਾ। ਐੱਮ.ਐੱਲ.ਏ./ਐੱਮ.ਪੀ. ਨੂੰ ਵਿਸ਼ੇਸ਼ ਛੋਟ ਕਿਉਂ ਹੈ? ਕੀ ਬੱਚਿਆਂ ਦੀ ਪੜ੍ਹਾਈ ਦੇ ਸਲੇਬਸ 'ਚੋਂ ਮੁਗ਼ਲਕਾਲੀ ਇਤਿਹਾਸ ਖ਼ਤਮ ਕਰਕੇ ਅਤੇ ਧਰਤੀ ਦੀ ਉਤਪਤੀ ਵਿਗਿਆਨਕ ਨਜ਼ਰੀਆ ਦੱਸਦਾ 'ਚਾਰਲਸ ਡਾਰਵਿਨ' ਦਾ ਸਿਧਾਂਤ ਕਿਉਂ ਉਡਾ ਦਿੱਤਾ ਹੈ? ਜੋਤਿਸ਼ ਨੂੰ ਵਿਗਿਆਨ ਕਹਿ ਕੇ ਨਵੀਂ ਸਿੱਖਿਆ ਨੀਤੀ ਵਿਚ ਲਾਗੂ ਕਿਉਂ ਕੀਤਾ ਜਾ ਰਿਹਾ।

ਜਦ 2018 ਵਿਚ 21ਵੇਂ ਲਾਅ ਕਮਿਸ਼ਨ ਨੇ ਸਾਂਝਾ ਸਿਵਲ ਕੋਡ ਲਿਆਉਣ ਦੀ ਤਜਵੀਜ਼ ਦਾ ਵਿਰੋਧ ਕਰ ਦਿੱਤਾ ਸੀ, ਫੇਰ ਝਟਪਟ ਹੀ 22ਵੇਂ ਲਾਅ ਕਮਿਸ਼ਨ ਨੇ 2024 ਦੀਆਂ ਚੋਣਾਂ ਵੇਲੇ ਇਸ ਦੀ ਹਮਾਇਤ ਕਰਕੇ ਕੱਛ 'ਚੋਂ ਮੂੰਗਲੀ ਕੱਢ ਦਿੱਤੀ ਹੈ। ਅਸਲ ਵਿਚ ਸੱਚ ਇਹੋ ਹੀ ਹੈ ਕਿ ਮੋਦੀ ਹਕੂਮਤ ਯੂ ਸੀ ਸੀ ਰਾਹੀਂ ਮੁਸਲਿਮ-ਹਿੰਦੂ ਦੰਗੇ ਭੜਕਾ ਕੇ ਇਕ ਮੁਸਲਿਮ ਹਊਆ ਖੜ੍ਹਾ ਕਰਕੇ ਨਫ਼ਰਤ ਫੈਲਾਅ ਕੇ ਹਿੰਦੂ ਵੋਟਾਂ ਬਟੋਰਨਾ ਚਾਹੁੰਦੀ ਹੈ, ਇਹੀ ਸਾਰੇ ਤੱਥਾਂ ਤੋਂ ਸਾਬਤ ਹੁੰਦਾ ਹੈ। ਉਂਝ ਇਸ ਯੂ ਸੀ ਸੀ ਦੀ ਕੋਈ ਲੋੜ ਉੱਕਾ ਹੀ ਨਹੀਂ। ਉਂਝ ਵੀ ਭਾਜਪਾ ਤੇ ਆਰ ਐੱਸ ਐੱਸ ਨੂੰ ਇਹ ਭੁਲੇਖਾ ਹੈ ਕਿ ਸਾਰੇ ਹਿੰਦੂ ਉਨ੍ਹਾਂ ਵਾਂਗ ਹੀ ਸੋਚਦੇ ਹਨ। ਲੋਕ ਹੁਣ ਸਿਆਣੇ ਹੋ ਚੁੱਕੇ ਹਨ। ਉਹ ਉਨ੍ਹਾਂ ਦੇ ਝੂਠੇ ਫਰੇਬ ਤੋਂ ਅੱਕ ਚੁੱਕੇ ਹਨ। ਉਹ ਇਹ ਵੀ ਜਾਣਦੇ ਹਨ ਕਿ ਪਾਕਿਸਤਾਨ ਇੱਕ ਮੁਸਲਿਮ ਦੇਸ਼ ਹੈ, ਪਰ ਉਥੇ ਗ਼ਰੀਬ ਮੁਸਲਮਾਨ, ਜੋ 90 ਫੀਸਦੀ ਤੋਂ ਵੱਧ ਹਨ, ਅਤਿਅੰਤ ਤੰਗੀ ਭੋਗ ਰਹੇ ਹਨ, ਇਹੀ ਹਾਲ ਹਿੰਦੂ ਰਾਸ਼ਟਰ ਦਾ ਹੋਣਾ ਹੈ।

ਤੱਥ ਬੜੇ ਬੇਸ਼ਰਮ ਹੁੰਦੇ ਹਨ। ਇਹ ਸਾਬਤ ਕਰ ਰਹੇ ਹਨ ਕਿ ਮੋਦੀ ਸਰਕਾਰ ਨੂੰ ਮੁਸਲਿਮ ਔਰਤਾਂ ਨਾਲ ਕੋਈ ਹੇਜ ਨਹੀਂ। ਸਮਾਨ ਸਿਵਲ ਕੋਡ ਲਿਆਉਣ ਪਿੱਛੇ ਉਦੇਸ਼ ਖ਼ਤਰਨਾਕ ਹੈ ਅਤੇ ਹੋਰ ਹੈ।

ਜਿੱਥੋਂ ਤੱਕ ਬਹੁ-ਸ਼ਾਦੀਆਂ ਦਾ ਮੁੱਦਾ ਹੈ, ਲਾਅ ਕਮਿਸ਼ਨ ਦੀ ਰਿਪੋਰਟ ਮੁਤਾਬਕ ਆਦਿਵਾਸੀਆਂ ਵਿਚ ਇਹ 15.25%, ਬੋਧੀਆਂ ਵਿਚ 9.7%, ਜੈਨੀਆਂ ਵਿਚ 6.72%, ਹਿੰਦੂਆਂ ਵਿਚ 5.8% ਪਰ ਮੁਸਲਮਾਨਾਂ ਵਿਚ ਸਭ ਤੋਂ ਘੱਟ 5.7% ਹੈ। ਫੇਰ ਇਹ ਬਹੁ-ਸ਼ਾਦੀਆਂ ਦਾ ਪ੍ਰਚਾਰ ਮੁਸਲਮਾਨਾਂ ਵਿਰੁੱਧ ਹੀ ਕਿਉਂ ਹੈ? ਆਂਧਰਾ, ਛੱਤੀਸਗੜ੍ਹ, ਤਿਲੰਗਾਨਾ ਤੇ ਤਾਮਿਲਨਾਡੂ ਵਿਚ ਬਹੁ-ਸ਼ਾਦੀ ਅੰਕੜਾ ਮੁਕਾਬਲਤਨ ਹਿੰਦੂਆਂ ਵਿਚ ਹੋਰ ਵੀ ਵਧੇਰੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਦਿਲ ਢੂੰਡਤਾ ਹੈ ਫਿਰ ਵੋਹੀ...

ਪ੍ਰੋ. ਕੁਲਵੰਤ ਸਿੰਘ ਔਜਲਾ

ਅਜੋਕੇ ਬੰਦੇ ਕੋਲ ਵਿਹਲ ਬਹੁਤ ਹੈ, ਪਰ ਫੁਰਸਤ ਨਹੀਂ। ਫੁਰਸਤ ਵਿਹਲੜਾਂ ਦੀ ਤਨ ਵਰਧਕ ਤਪਸ਼ ਤੇ ਤਮੰਨਾ ਨਹੀਂ ਹੁੰਦੀ। ਫੁਰਸਤ ਭਲੇ ਦਿਨਾਂ ਦੀ ਫ਼ਲਸਫ਼ਾਨਾ ਖ਼ਾਬਗੋਈ ਹੈ। ਫੁਰਸਤ ਧੁਰ ਅੰਦਰਲੀ ਰੁਮਾਂਸਕਾਰੀ ਦੀ ਹੈ। ਅਜੋਕੇ ਬੰਦੇ ਦੀ ਸੰਵੇਦਨਾ ਤੇ ਸ਼ਿੱਦਤ ਵਿੱਚੋਂ ਫੁਰਸਤ ਅਲੋਪ ਹੋਣ ਨੂੰ ਫਿਰਦੀ ਹੈ। ਵਕਤ ਨੂੰ ਮੋਹਖੋਰੇ ਤੇ ਮੁਹੱਬਤੀ ਬਣਾਉਣ ਦੇ ਇਸ਼ਕ ਵਿੱਚੋਂ ਫੁਰਸਤ ਦੇ ਅਹਿਸਾਸ ਤੇ ਆਦਰਸ਼ ਉਰਜਿਤ ਹੁੰਦੇ ਹਨ। ਪਲਾਂ ਨੂੰ ਹੁਸੀਨ ਤੇ ਹਸਰਤ ਭਰਪੂਰ ਕਰਨਾ ਫੁਰਸਤ ਦਾ ਖ਼ਾਬ ਹੈ। ਖ਼ਾਬਾਂ ਦਾ ਸਰੂਪ ਤੇ ਸੁਭਾਅ ਬਦਲਣ ਨਾਲ ਫੁਰਸਤ ਮਾਯੂਸ ਹੋ ਜਾਂਦੀ ਹੈ। ਫੁਰਸਤ ਮਲੰਗੀ ਦਾ ਮਹਾਤਮ ਹੈ। ਕਿਤਾਬ ਵਿੱਚ ਲੀਨ ਹੋ ਜਾਣਾ ਸੁਪਨਿਆਂ ਵਿੱਚ ਜਜ਼ਬ ਹੋ ਜਾਣਾ। ਕੁਦਰਤ ਦੇ ਰੰਗਾਂ ਨੂੰ ਮੁਹੱਬਤੀ ਨਜ਼ਰ ਨਾਲ ਨਿਹਾਰਨਾ। ਰਿਸ਼ਤਿਆਂ ਨੂੰ ਧੁਰ ਅੰਦਰੋਂ ਪਿਆਰ ਕਰਨਾ ਇਸ ਪ੍ਰਕਾਰ ਦੀਆਂ ਸੁਰਵੰਤ ਤੇ ਸੁਰੀਲੀਆਂ ਸੁਰਾਂ ਪੈਸੇ ਦੀ ਭਾਰੂ ਹਕੂਮਤ ਨੇ ਸਾਡੇ ਕੋਲੋਂ ਖੋਹ ਲਈਆਂ ਹਨ। ਹੁਣ ਅਸੀਂ ਜੋ ਵੀ ਕਰਦੇ ਹਾਂ, ਸਿਰਫ਼ ਮਸ਼ੀਨੀ ਨਿੱਤਨੇਮ ਵਜੋਂ ਕਰਦੇ ਹਾਂ। ਏਸੇ ਲਈ ਅਸੀਂ ਖ਼ਾਲੀ ਹਾਂ ਤੇ ਆਪਸ ਵਿੱਚ ਵੱਜ-ਵੱਜ ਕੇ ਖੜਕ ਰਹੇ ਹਾਂ। ਦਵਾਈਆਂ ਬਹੁਤ ਹਨ, ਪਰ ਦੁਆ ਨਹੀਂ। ਪਦਾਰਥ ਬਹੁਤ ਹਨ, ਪਰ ਪਾਕੀਜ਼ਗੀ ਨਹੀਂ। ਸ਼ੋਹਰਤ ਬਹੁਤ ਹੈ, ਪਰ ਸੰਤੁਸ਼ਟੀ ਨਹੀਂ। ਫੁਰਸਤ ਨਿਆਮਤ ਹੈ। ਧੁਰ ਅੰਦਰੋਂ ਜਾਗਦੀ ਤੇ ਜੀਵੰਤ ਹੁੰਦੀ ਨਿਆਮਤ। ਮੈਂ ਪੁਰਾਣੇ ਲੋਕਾਂ ਨੂੰ ਫੁਰਸਤ ਦੇ ਦਿਨਾਂ ਵਿੱਚ ਮੰਜਿਆਂ ਦਾ ਵਾਣ ਬੁਣਦੇ, ਤੂਤ ਦੇ ਟੋਕਰੇ-ਟੋਕਰੀਆਂ ਬਣਾਉਂਦੇ, ਧੀਆਂ ਦੇ ਦਾਜ ਲਈ ਦਰੀਆਂ ਬੁਣਦੇ ਦੇਖਿਆ ਤੇ ਨਿਹਾਰਿਆ ਹੈ। ਫੁਰਸਤ ਮਨੁੱਖਾਂ ਨੂੰ ਸਿਰਜਣਾਤਮਿਕ ਕੰਮਾਂ ਲਈ ਪ੍ਰੇਰਦੀ ਹੈ। ਫੁਰਸਤ ਬੰਦੇ ਨੂੰ ਨੂਰ, ਨਿੱਘ ਤੇ ਨਜ਼ਰ ਨਾਲ ਸ਼ਰਸਾਰ ਕਰਦੀ ਹੈ। ਅਨਪੜ੍ਹਾਂ ਕੋਲ ਫੁਰਸਤ ਦਾ ਅਨੁਭਵੀ ਖ਼ਜ਼ਾਨਾ ਸੀ। ਫੁਰਸਤ ਨੂੰ ਮਾਨਣ ਲਈ ਉਹ ਨਿੱਕੇ-ਨਿੱਕੇ ਰਚਨਾਤਮਿਕ ਹੰਭਲੇ ਘੜ ਲੈਂਦੇ ਸਨ। ਉਨ੍ਹਾਂ ਲੋਕਾਂ ਦੀ ਸਿਰਜਣਾਤਮਕ ਫੁਰਸਤ ਵਿੱਚੋਂ ਲੋਕ ਧਾਰਾ ਦਾ ਵੰਨ-ਸੁਵੰਨਾ ਬ੍ਰਹਿਮੰਡ ਉਦੈ ਹੋਇਆ। ਉਹ ਲੋਕ ਸੱਚੀਂ-ਮੁੱਚੀਂ ਫ਼ਕੀਰ, ਫਿਲਾਸਫ਼ਰ ਤੇ ਫੱਕਰ ਸਨ। ਸਾਦਾ, ਪਰ ਕਰੜੇ ਤੇ ਕਾਵਿਕ। ਪਦਵੀਆਂ, ਪਹਿਰਾਵਿਆਂ ਤੇ ਪ੍ਰਭੂਤਾਵਾਂ ਦੀ ਦੌੜ ਤੋਂ ਅਟੰਕ।

ਨਾਨਕ ਸ਼ਾਹ ਫ਼ਕੀਰ ਵਰਗੇ ਸਨ ਮੇਰੇ ਪਿਉ-ਦਾਦੇ
ਹੱਥਾਂ ਉਤੇ ਰੱਖ ਕੇ ਛਕਦੇ ਰਹੇ ਰੁੱਖੇ-ਮਿੱਸੇ ਪਰਸ਼ਾਦੇ
ਤਕੜੇ ਤਕੜੇ ਜੁੱਸੇ ਤੇ ਤਕੜੇ ਤਕੜੇ ਮਾਦੇ
ਕਿਰਤ ਦੀ ਭਗਤੀ ਨਾਲ ਧੁਰ ਅੰਦਰੋਂ ਵਿਸਮਾਦੇ

ਸਾਨੂੰ ਵਿਹਲ ਨੂੰ ਫੁਰਸਤ, ਵਪਾਰ ਨੂੰ ਸੱਚਾ ਸੌਦਾ ਤੇ ਭੋਜਨ ਨੂੰ ਰੁੱਖਾ ਮਿੱਸਾ ਬਣਾਉਣਾ ਨਹੀਂ ਆਇਆ। ਮੇਰੇ ਅਨਪੜ੍ਹ ਪਿਉ ਦਾਦਿਆਂ ਨੇ ਕਦੇ ਆਪਣੀਆਂ ਭਗਤੀਆਂ ਤੇ ਜੁਗਤੀਆਂ ਬਾਰੇ ਕਿਤਾਬ ਨਹੀਂ ਲਿਖੀ। ਉਨ੍ਹਾਂ ਦਾ ਅਲਿਖਿਤ ਇਤਿਹਾਸ ਅੱਜ ਵੀ ਬੋਲਦਾ ਹੈ। ਪੈਸੇ ਨੇ ਸਾਡੀਆਂ ਨਾੜਾਂ ਤੇ ਨਬਜ਼ਾਂ ਨੂੰ ਨੂੜ ਲਿਆ ਹੈ। ਪੈਸੇ ਦੇ ਉਪਕਰਣਾਂ ਤੇ ਉਪੱਦਰਾਂ ਨੇ ਸਾਡੀ ਮੱਤ ਮਾਰ ਲਈ ਹੈ। ਅਸੀਂ ਉਪਕਰਣਾਂ ਦੇ ਜੰਜਾਲ ਤੇ ਜਬਰ ਨਾਲ ਹੰਭੇ ਪਏ ਹਾਂ। ਮਸ਼ੀਨੀ ਦਸਤਾਵੇਜ਼ਾਂ ਤੇ ਦਾਅਵੇਦਾਰੀਆਂ ਨੇ ਜ਼ਿੰਦਗੀ ਨੂੰ ਮਾਨਣਯੋਗ ਨਹੀਂ ਰਹਿਣ ਦਿੱਤਾ। ਹਰ ਕੰਮ ਬੱਧੇ-ਰੁੱਧੇ ਕਰਨਾ ਅਜੋਕੀ ਮਰਜ਼ ਤੇ ਮਜਬੂਰੀ ਹੈ। ਸ਼ੌਕ ਨਾਲ ਪੜ੍ਹਾਉਣਾ, ਮਿਰਜ਼ਾ ਗਾਉਂਦੇ ਹਲ ਵਾਹੁਣਾ, ਸੰਦਾਂ ਤੇ ਸਾਜ਼ਾਂ ਨੂੰ ਪਿਆਰ ਕਰਨਾ ਤੇ ਆਦਰਸ਼ਾਂ ਲਈ ਮਰ ਮਿਟ ਜਾਣਾ। ਅਜੋਕੇ ਸੰਸਾਰ ਦੀ ਮਾਨਸਿਕਤਾ ਵਿੱਚੋਂ ਅਜਿਹੇ ਜਨੂੰਨ ਗਾਇਬ ਹੋ ਗਏ ਜਾਪਦੇ ਹਨ। ਲਿਵ-ਇਨ-ਰਿਲੇਸ਼ਨ ਸਾਡੀ ਲੋੜ ਤੇ ਲਾਲਸਾ ਬਣ ਗਿਆ ਹੈ। ਮਾਰੂ ਤੇ ਮਾਤਮੀ ਮਿੱਟੀਆਂ ਵਿੱਚੋਂ ਇਨਸਾਨੀਅਤ ਦੇ ਸੁਪਨੇ ਤੇ ਸੁਗੰਧੀਆਂ ਉਗਾਉਣ ਵਾਲੇ ਲੋਕ ਅਸਤ ਹੋ ਰਹੇ ਹਨ। ਤਪਸ਼, ਤਾਜ਼ਗੀ, ਤੜਪ ਤੇ ਤਰੰਨਮ ਦੇ ਅਸਤ ਹੋ ਜਾਣ ਨਾਲ ਮਸ਼ੀਨੀ ਮਸ਼ਕਾਂ ਦਾ ਸਹਾਰਾ ਸਾਡੀ ਲੋੜ ਬਣ ਗਿਆ ਹੈ। ਡੇਰੇ, ਜਿੰਮ, ਪਾਰਲਰ, ਮਾਲਜ਼ ਤੇ ਪੈਲੇਸ ਅਜਿਹੀਆਂ ਮਸ਼ੀਨੀ ਮਸ਼ਕਾਂ ਦੇ ਪ੍ਰੋਫ਼ੈਸ਼ਨਲ ਕੇਂਦਰ ਹੋ ਗਏ ਹਨ। ਧਰਮ ਦੇ ਬੋਧੀ ਬਿਰਖ਼ ਦੇ ਤਨ ਵਿੱਚੋਂ ਪੁੰਗਰ ਰਹੀਆਂ ਅਨੇਕਾਂ ਕਾਰੋਬਾਰੀ ਤੇ ਕੁਲੀਨ ਸ਼ਾਖਾਵਾਂ ਵੀ ਸ਼ਾਇਦ ਅਜਿਹੇ ਅਭਿਆਸੀ ਉਪਕਰਣ ਹਨ, ਜਿਨ੍ਹਾਂ ਦੇ ਸਹਾਰੇ ਅਜੋਕਾ ਵਿਚਲਿਤ ਤੇ ਵੈਰਾਗਿਆ ਬੰਦਾ ਆਪਣੇ ਅੰਦਰੂਨੀ ਖ਼ਿਲਾਅ ਨੂੰ ਠਾਹਰ ਦਿੰਦਾ ਹੈ। ਪੈਸੇ ਦੇ ਧੰਦਿਆਂ ਨੇ ਅਜਿਹੀਆਂ ਅਨੇਕਾਂ ਠਾਹਰਾਂ ਪੰਜ ਤਾਰਾ ਭੋਜਨ ਵਾਂਗੂੰ ਪਰੋਸ ਦਿੱਤੀਆਂ ਹਨ। ਪਰੋਸੀਆਂ ਹੋਈਆਂ ਸਵਾਦਿਸ਼ਟ ਬੁਰਕੀਆਂ ਆਦਮੀ ਨੂੰ ਜੀਊਣਯੋਗਾ ਨਹੀਂ ਛੱਡਦੀਆਂ। ਆਤੰਕ, ਅਵਾਜਾਰੀ, ਅਰਾਜਕਤਾ ਤੇ ਅੱਤਵਾਦ ਦਾ ਅਤਿ ਇਨਸਾਨੀਅਤ ਦੇ ਕਤਰਾ-ਕਤਰਾ ਕਰਕੇ ਮਰ ਮੁੱਕ ਜਾਣ ਦਾ ਬਿਗਲ ਹੈ। ਅਜਿਹੇ ਮਾਹੌਲ ਵਿੱਚ ਸ਼ਨਾਖਤਾਂ, ਸੂਰਮਤਾਈਆਂ, ਸ਼ਾਇਰੀਆਂ ਤੇ ਸ੍ਰੋਤਾਂ ਨੂੰ ਬਚਾਉਣਾ ਔਖਾ ਹੋ ਜਾਂਦਾ ਹੈ।

ਕਤਰਾ-ਕਤਰਾ ਕਰਕੇ ਸੁੱਕ ਗਏ ਟੋਭੇ,
ਵਰ੍ਹਨਾਲੀਆਂ ਤੇ ਚੋਅ
ਬੂੰਦ ਬੂੰਦ ਕਰਕੇ ਮੁੱਕ ਗਿਆ ਆਦਰਾਂ 'ਚੋਂ ਮੋਹ
ਦਿਲ ਦੀਆਂ ਗੱਲਾਂ ਸੁਣਾਉਣ ਲਈ ਜਾਈਏ ਤੇ
ਕਿੱਥੇ ਜਾਈਏ
ਕਿਸੇ ਨੇ ਕਬੂਲ ਲਿਆ ਦੀਨ, ਕਿਸੇ ਨੇ ਕਮਾ
ਲਿਆ ਧ੍ਰੋਹ

ਰੋਹ, ਵਿਦਰੋਹ ਤੇ ਮੋਹ ਦੇ ਸੀਤ ਹੋ ਜਾਣ ਨਾਲ ਮਨੁੱਖਤਾ ਉਦਾਸ ਹੋ ਜਾਂਦੀ ਹੈ। ਜੀਊਣ ਦਾ ਜਜ਼ਬਾ ਮਾਯੂਸੀ ਧਾਰਨ ਕਰ ਜਾਂਦਾ ਹੈ। ਸੰਘਰਸ਼ ਕਰਨ ਤੋਂ ਡਰ ਆਉਣ ਲੱਗਦਾ ਹੈ। ਉਦਾਸੀਨਤਾ ਫੈਲਦੀ ਹੈ। ਖ਼ਾਬ ਉਗਾਉਣ ਦੇ ਸਲੋਗਨ ਤੇ ਸੁਨੇਹੇ ਪ੍ਰਚਾਰ ਤੇ ਪ੍ਰਾਪੇਗੰਡੇ ਦਾ ਵਸੀਲਾ ਬਣ ਜਾਂਦੇ ਹਨ। ਇਸ਼ਤਿਹਾਰਬਾਜ਼ੀ ਦਾ ਪ੍ਰੋਫ਼ੈਸ਼ਨਲ ਨੈੱਟਵਰਕ ਸਰਗਰਮ ਹੁੰਦਾ ਹੈ। ਖ਼ੁਦ ਨੂੰ ਗਰੋਲੀਫਾਈ ਕਰਨ ਦਾ ਜਨੂੰਨ ਬੁਰੀ ਤਰ੍ਹਾਂ ਤੜਫਾਉਂਦਾ ਹੈ। ਦੁੱਧ ਚਿੱਟੇ ਕੱਪੜਿਆਂ ਵਾਲੇ ਲੋਕ ਗਰੀਬਾਂ ਦੇ ਮਸੀਹੇ ਹੋਣ ਦਾ ਨਾਟਕ ਕਰਦੇ ਹਨ। ਮਾਂ ਬੋਲੀ ਦਾ ਅਡੰਬਰੀ ਹੇਜ ਮਕਬੂਲ ਹੁੰਦਾ ਹੈ। ਨਸ਼ਿਆਂ ਦੇ ਸਰਪ੍ਰਸਤ ਤੇ ਸੌਦਾਗਰ ਨਸ਼ਾ-ਮੁਕਤ ਸਮਾਜ ਲਈ ਗਰਮ-ਗਰਮ ਭਾਸ਼ਨਾਂ ਦੇ ਬਿਰਤਾਂਤ ਸਿਰਜਦੇ ਹਨ। ਖ਼ੁਦਕੁਸ਼ੀਆਂ ਬਾਰੇ ਚਿੰਤਾਜਨਕ ਪੋਸਟਾਂ ਪਾਈਆਂ ਜਾਂਦੀਆਂ ਹਨ। ਵੱਡੇ-ਵੱਡੇ ਜਾਅਲੀ ਤੇ ਜਾਲ੍ਹਸਾਜ਼ ਲੋਕ ਮੋਬਾਈਲਾਂ ਉੱਤੇ ਦਰਵੇਸ਼ਾਂ, ਦੀਵਾਨਿਆਂ ਵਾਂਗੂੰ ਪ੍ਰਵਚਨਾਂ ਵਿੱਚ ਡੁੱਬੇ ਹੋਣ ਦਾ ਕਸਬੀ ਕਾਰਜ ਕਰਦੇ ਹਨ। ਲੱਚਰਤਾ ਦੇਖ-ਦੇਖ ਲਲਚਾਉਣ ਵਾਲੇ ਪੁਰਖ ਲੱਚਰਤਾ ਬਾਰੇ ਫ਼ਿਕਰਮੰਦ ਟਿੱਪਣੀਆਂ ਕਰਦੇ ਹਨ। ਜਾਅਲੀ ਮਸ਼ਰੂਫੀਅਤ ਘੇਰ ਲੈਂਦੀ ਹੈ। ਕੁਝ ਲੋਕ ਸੱਚੀਂ-ਮੁੱਚੀਂ ਦਾ ਹੇਜ ਕਰਨ ਵਾਲੇ ਵੀ ਹੋਣਗੇ। ਖ਼ੁਦ ਨੂੰ ਸੱਚਾ-ਸੁੱਚਾ ਸਪੂਤ, ਸਿਪਾਹਸਲਾਰ ਤੇ ਸੁਪਨਸਾਜ਼ ਕਹਿਣ ਵਾਲਿਆਂ ਦੀ ਭਾਰੂ ਇਸ਼ਤਿਹਾਰਬਾਜ਼ੀ ਦੇ ਦੰਗਲ ਵਿੱਚ ਪਰ ਸੱਚੀਂ-ਮੁੱਚੀਂ ਕੁਝ ਕਰਨ ਵਾਲਿਆਂ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਸੂਖ਼ਮ, ਸੰਵੇਦਨਸ਼ੀਲ ਤੇ ਸੁਪਨਸਾਜ਼ ਆਦਮੀ ਸਿਰਫ਼ ਸੋਚਦਾ ਰਹਿ ਜਾਂਦਾ ਹੈ। ਨਿੱਕੇ-ਨਿੱਕੇ ਧੜਿਆਂ ਵਿੱਚ ਵੰਡੇ ਹੁੰਗਾਰੇ ਤੇ ਹਰਕਤਾਂ ਵੱਡੇ-ਵੱਡੇ ਖਾਬਾਂ ਦੀ ਜ਼ਮੀਨ ਨੂੰ ਜ਼ਰਖੇਜ਼ ਨਹੀਂ ਹੋਣ ਦਿੰਦੇ। ਅੰਦੋਲਨ ਅਸਫ਼ਲ ਤੇ ਅਵਾਜਾਰ ਹੋ ਜਾਂਦੇ ਹਨ। ਟੁਕੜਿਆਂ ਵਿੱਚ ਵੰਡੇ ਅੰਦੋਲਨ ਜਨਤਾ ਅੰਦਰ ਅਲਗਾਵ ਉਪਜਾਉਂਦੇ ਹਨ।

ਜ਼ਹਿਰੀਲੀ ਹੋ ਰਹੀ ਹੈ ਮੇਰੀ ਜ਼ਮੀਨ
ਫ਼ਿਰਕੂ ਹੋ ਰਹੇ ਨੇ ਮੇਰੇ ਪੱਤੇ
ਤੂੰ ਦੱਸ ਹੁਣ ਮੇਰੇ ਮਾਲਿਕਾ
ਚਾਹਤ ਦੀ ਪੂਣੀ ਕੋਈ ਕਿੰਜ ਤੇ ਕਿਵੇਂ ਕੱਤੇ?

ਜ਼ਹਿਰੀਲੇ ਤੇ ਜਾਬਰ ਮਾਹੌਲ ਅੰਦਰ ਕਦੇ-ਕਦੇ ਚਾਹਤ ਦੀ ਸਰਗਮ ਨੂੰ ਜ਼ਰੂਰ ਜਗਾਉਣਾ ਤੇ ਜੀਵੰਤ ਕਰਨਾ ਚਾਹੀਦਾ। ਮੌਸਮ ਚਾਹਤ ਦੇ ਅਨੁਕੂਲ ਬੇਸ਼ੱਕ ਨਾ ਹੋਵੇ। ਫੁਰਸਤ ਦੀ ਅੰਦਰੂਨੀ ਚਾਹਤ ਕਦੇ ਮੁੱਕਣੀ ਨਹੀਂ ਚਾਹੀਦੀ। ਝੰਜਟਾਂ-ਝਮੇਲਿਆਂ ਤੋਂ ਫੁਰਸਤ ਮਿਲੇ ਤਾਂ ਚਾਹਤ ਦੀਆਂ ਨਿੱਕੀਆਂ-ਨਿੱਕੀਆਂ ਕਿਆਰੀਆਂ ਵਿੱਚ ਸੁਪਨਿਆਂ ਦੀ ਬਨਸਪਤੀ ਉਗਾਉਣ ਦਾ ਯਤਨ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ। ਗੀਤਾਂ, ਕਵਿਤਾਵਾਂ ਵਾਂਗੂੰ ਜੀਊਣ ਦੀ ਅਭਿਲਾਸ਼ਾ ਜਗਣ ਨਾਲ ਮਨੁੱਖ ਅੰਦਰ ਕਾਵਿਕਤਾ ਪ੍ਰਵੇਸ਼ ਕਰਦੀ ਹੈ। ਅਹਿਸਾਸ ਗੀਤਮਈ ਹੋਣ ਨਾਲ ਅੰਦਰੂਨੀ ਊਰਜਾ ਬਲਵਾਨ ਹੁੰਦੀ ਹੈ। ਫਿਰਾਕ ਚੰਗਾ ਲੱਗਦਾ ਹੈ। ਫ਼ਲਸਫ਼ੀ ਹੋਣ ਨੂੰ ਜੀਅ ਕਰਦਾ ਹੈ। ਸੁਰਾਂ ਦਾ ਆਵੇਸ਼ ਤਨ ਨੂੰ ਧੜਕਣ ਲਾਉਂਦਾ ਹੈ। ਮੇਰਾ ਬਾਪ ਹਲਵਾਹਕ ਸੀ। ਸਿੰਜਾਈ ਦੇ ਸਾਧਨ ਨਹੀਂ ਸਨ। ਲੱਕੜ ਦੇ ਹਲ ਨਾਲ ਕਠੋਰ ਜ਼ਮੀਨ ਨੂੰ ਵਾਹੁਣਾ ਅਤਿਅੰਤ ਔਖਾ ਸੀ। ਉਸ ਨੇ ਪਰ ਕਿਰਤ ਦੀ ਕਠੋਰ ਬੰਦਗੀ ਵਿੱਚੋਂ ਸਾਡੇ ਲਈ ਪੜ੍ਹਨ-ਲਿਖਣ ਦੇ ਸੁਪਨਿਆਂ ਲਈ ਚਾਹਤ ਈਜਾਦ ਕੀਤੀ। ਮੁਸ਼ੱਕਤ ਭਰੀ ਜ਼ਿੰਦਗੀ ਵਿੱਚੋਂ ਚਾਹਤ ਉਰਜਿਤ ਕਰਨੀ ਸੌਖਾ ਕਾਰਜ ਨਹੀਂ। ਸਾਡੇ ਵੇਲਿਆਂ ਦੇ ਪੜ੍ਹੇ-ਲਿਖੇ ਤਮਾਮ ਲੋਕ ਮੁਸ਼ੱਕਤ ਭਰੀ ਜ਼ਿੰਦਗੀ ਦੀ ਪੈਦਾਇਸ਼ ਹਨ।

ਮੈਂ ਹਲ ਵਾਹਕ ਬਾਪ ਦੀ ਔਲਾਦ ਹਾਂ
ਕਿਰਤ ਦੀ ਬੰਦਗੀ ਮੇਰਾ ਘਰਾਣਾ
ਅਨਪੜ੍ਹ ਬਾਪ ਨੇ ਸਿਖਾਇਆ ਮੈਨੂੰ
ਹਲ ਵਾਂਗੂੰ ਕਲਮ ਚਲਾਣਾ

ਮਾਪਿਆਂ ਦੀ ਮੁਸ਼ੱਕਤ ਭਰੀ ਜ਼ਿੰਦਗੀ ਨੇ ਸਾਨੂੰ ਨਰੋਏ ਸੁਪਨੇ ਤੇ ਸਦਾਚਾਰ ਦਿੱਤੇ। ਮੁਸ਼ੱਕਤ ਭਰੀ ਜ਼ਿੰਦਗੀ ਦੇ ਅਤੀਤ ਨੇ ਸਾਡੀ ਸ਼ਖ਼ਸੀਅਤ ਨੂੰ ਸੁਰੀਲੀ, ਸਿਹਤਮੰਦ ਤੇ ਸੁਪਨਸਾਜ਼ ਬਣਾਈ ਰੱਖਿਆ ਹੈ। ਚੰਗੇ ਖ਼ਾਬ ਬੀਜਣੇ ਸਾਡੀ ਫ਼ਿਤਰਤ ਰਹੀ ਹੈ। ਜੂਝਣਾ ਸਾਡਾ ਇਮਾਨ ਰਿਹਾ ਹੈ। ਸਾਹ ਸੌਖੇ ਆਉਂਦੇ ਰਹੇ ਹਨ। ਤਾਉਮਰ ਸਾਂਝਾਂ ਪੁਗਾਉਣ ਦੀ ਰਮਜ਼ ਤੇ ਰੂਹ ਨੇ ਜੀਵਨ ਸਫ਼ਰ ਨੂੰ ਅਵੇਸਲਾ ਤੇ ਅਸਹਿਜ ਨਹੀਂ ਹੋਣ ਦਿੱਤਾ। ਮੁਸ਼ੱਕਤ ਭਰੀ ਜ਼ਿੰਦਗੀ ਦੇ ਅਨੁਭਵੀ ਵੇਦਾਂਤ ਨੇ ਸਾਡੀ ਧੜਕਣ ਅੰਦਰ ਜੀਊਂਦੀ ਫ਼ਿਰਾਕ, ਫਲਸਫ਼ੇ, ਫ਼ਕੀਰੀ ਤੇ ਫ਼ਿਤਰਤ ਦੀ ਮੌਲਿਕ ਤੇ ਮੋਹਖੋਰੀ ਆਭਾ ਨੂੰ ਖੁੰਢਾ ਤੇ ਖ਼ਾਬਹੀਣ ਨਹੀਂ ਹੋਣ ਦਿੱਤਾ। ਉਮਰ ਦੇ ਸੱਤਰ ਸਾਲ ਬੀਤ ਗਏ ਹਨ। ਵਾਰੀ-ਵਾਰੀ ਮਾਂ-ਬਾਪ ਵੀ ਚਲੇ ਗਏ ਹਨ। ਜ਼ਮੀਨ ਨਾਲ ਵੀ ਪਹਿਲਾ ਜਿਹਾ ਨਾਤਾ ਨਹੀਂ ਰਿਹਾ, ਲੇਕਿਨ ਅਤੀਤ ਦੇ ਅਨੁਭਵੀ ਇਤਿਹਾਸ ਵਰਗੇ ਮਾਂ-ਬਾਪ ਦੇ ਚਿਹਰੇ ਅਜੇ ਵੀ ਸਾਡੇ ਹੱਡਾਂ ਵਿੱਚੋਂ ਮਨਫ਼ੀ ਨਹੀਂ ਹੋਏ। ਕਦੇ-ਕਦੇ ਫੁਰਸਤ ਮਿਲੇ ਤਾਂ ਅਤੀਤ ਦੀਆਂ ਸਿਮਰਤੀਆਂ ਦੇ ਮੋਹ ਦੀ ਬੰਦਗੀ ਡਾਢਾ ਸਕੂਨ ਤੇ ਸਨੇਹ ਜਗਾਉਂਦੀ ਹੈ। ਬਾਜ਼ਾਰ ਦਾ ਆਤੰਕ ਤੇ ਆਕਰਮਣ ਵੀ ਸਾਡੇ ਅੰਦਰ ਮੁੜ-ਮੁੜ ਪੁੰਗਰਦੇ, ਫੈਲਦੇ ਅਹਿਸਾਸਾਂ, ਅਰਮਾਨਾਂ ਤੇ ਆਦਰਸ਼ਾਂ ਨੂੰ ਅਸਤ ਨਹੀਂ ਕਰ ਸਕਿਆ। ਮੁਸ਼ੱਕਤ, ਮੋਹ ਤੇ ਮਾਨਵਤਾ ਦੇ ਜਜ਼ਬਿਆਂ ਨੂੰ ਲਗਾਤਾਰ ਜੀਊਂਦੇ ਰੱਖਣਾ ਫੋਕੇ ਤੇ ਫੋਕਟ ਇਨਸਾਨਾਂ ਦਾ ਧਰਮ ਨਹੀਂ। ਸੁਰਬੱਧ ਤੇ ਸੁਰਵੰਤ ਰਹਿਣਾ ਮਾਨਵੀ ਲਗਾਓ ਤੇ ਲਗਨ ਦੇ ਪ੍ਰਤੀਬੱਧ ਇਲਮ ਦੀ ਫ਼ਸਲ ਹੈ। ਭੀੜ ਤੇ ਸ਼ੋਰ ਨੇ ਬੇਸ਼ੱਕ ਸਾਡਾ ਤਨ ਮਨ ਭੰਨ ਦਿੱਤਾ ਹੈ, ਪਰ ਫਿਰ ਵੀ ਸਾਨੂੰ ਚਾਹਤ, ਚਿੰਤਾ ਤੇ ਚਿੰਤਨ ਵਿੱਚ ਲੀਨ ਹੋਣ ਦੀ ਲੋਅ ਹਰਗਿਜ਼ ਵੀ ਬੁਝਣ ਨਹੀਂ ਦੇਣੀ ਚਾਹੀਦੀ। ਕਦੇ ਜੇ ਫੁਰਸਤ ਮਿਲੇ ਤਾਂ ਗੁਜ਼ਰ ਗਏ ਵਕਤ ਦੀਆਂ ਭਾਵਨਾਵਾਂਮਈ, ਭਟਕਦੀਆਂ ਤੇ ਅਵਾਰਗੀ ਭਰਪੂਰ ਯਾਦਾਂ ਨੂੰ ਸਿਮਰਤ ਕਰਨਾ ਚਾਹੀਦਾ ਹੈ। ਬੀਤ ਗਏ ਮੁੱਲੇ-ਅਣਮੁੱਲੇ ਪਲਾਂ ਨੇ ਮੁੜ ਨਹੀਂ ਆਉਣਾ, ਪਰ ਇਨ੍ਹਾਂ ਪਲਾਂ ਨੂੰ ਯਾਦ ਕਰਨ ਦਾ ਰਿਆਜ਼ ਸਾਡੀ ਫ਼ਿਤਰਤ ਵਿੱਚੋਂ ਸਿੰਮਦਾ ਰਹਿਣਾ ਚਾਹੀਦਾ ਹੈ। ਪਲਾਂ ਨੂੰ ਕਲਾਮਈ ਤੇ ਕਰਤਾਰੀ ਬਣਾਉਣ ਲਈ ਫ਼ਿਰਾਕ ਤੇ ਫੁਰਸਤ ਨੂੰ ਤਲਾਸ਼ ਕਰਨਾ ਪਵੇਗਾ। ਆਪਣੇ-ਆਪ ਨੂੰ ਪੜ੍ਹਨ ਦੀ ਫੁਰਸਤ ਸਾਡਾ ਨੇਮ ਹੋਵੇ। ਵਕਤ ਨੂੰ ਆਤਮ-ਸਾਤ ਕਰਨ ਦੀ ਫੁਰਸਤ ਸਾਡੀ ਪੜ੍ਹਾਈ ਹੋਵੇ। ਅਤੀਤ ਨੂੰ ਜੀਵੰਤ ਤੇ ਜ਼ਰਖੇਜ਼ ਬਣਾਉਣ ਦੀ ਫੁਰਸਤ ਸਾਡਾ ਮਕਸਦ ਹੋਵੇ। ਫੁਰਸਤ ਖਰੀਦੀ-ਵੇਚੀ ਨਹੀਂ ਜਾਂਦੀ। ਅੰਦਰੂਨੀ ਰਿਆਜ਼ ਵਿੱਚੋਂ ਉਦੈ ਹੁੰਦੀ ਹੈ ਫੁਰਸਤ। ਫੁਰਸਤ ਖ਼ੁਦ ਨੂੰ ਖੋਜਣ ਤੇ ਖ਼ਾਬਸ਼ੀਲ ਕਰਨ ਦਾ ਵਰਤਾਰਾ ਹੈ। ਫੁਰਸਤ ਉਮਰਾਂ ਨੂੰ ਸ਼ਬਦਾਂ ਵਿੱਚ ਢਾਲਣ ਦੀ ਕਾਵਿਗੋਈ ਹੈ। ਫੁਰਸਤ ਅੰਦਰੂਨੀ ਤੜਪ ਨੂੰ ਸਮੂਰਤ ਕਰਨ ਦੇ ਸਬੱਬ ਤੇ ਬਹਾਨੇ ਘੜਦੀ ਹੈ।

ਆਓ ਕੋਈ ਸਬੱਬ ਢੂੰਡੀਏ, ਕੋਈ ਬਹਾਨਾ ਘੜੀਏ
ਥੋੜ੍ਹਾ ਥੋੜ੍ਹਾ ਰੁੱਸੀਏ ਤੇ ਥੋੜ੍ਹਾ ਥੋੜ੍ਹਾ ਲੜੀਏ
ਥੋੜ੍ਹਾ ਥੋੜ੍ਹਾ ਪੁੰਗਰੀਏ, ਥੋੜ੍ਹਾ ਥੋੜ੍ਹਾ ਝੜੀਏ
ਮਿਲੇ ਜੇ ਫੁਰਸਤ ਤਾਂ ਦਿਲ ਦੀ ਕਿਤਾਬ ਜ਼ਰੂਰ ਪੜ੍ਹੀਏ

ਮੋਬਾ. 84377-88856

CMYK

# ਸਿਆਸਤ ਦੀ ਧੂੜ ਵਿੱਚੋਂ ਭਵਿੱਖ ਭਾਲਦੇ ਲੀਹੋਂ ਲੱਥੇ ਭਾਰਤੀ ਲੋਕਤੰਤਰ ਦੇ ਲੋਕ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਪੁਰਾਣਾਂ ਦੀ ਕਥਾ ਅਨੁਸਾਰ ਇੱਕ ਵਾਰੀ ਦੇਵਤਿਆਂ ਅਤੇ ਦੈਂਤਾਂ ਨੇ ਖੀਰ-ਸਮੁੰਦਰ ਰਿੜਕਿਆ ਸੀ। ਖੀਰ-ਸਮੁੰਦਰ ਦਾ ਅਰਥ ਦੁੱਧ ਦਾ ਸਮੁੰਦਰ ਹੁੰਦਾ ਹੈ। ਏਡੇ ਵੱਡੇ ਸਮੁੰਦਰ ਨੂੰ ਰਿੜਕਣ ਲਈ ਮਧਾਨੀ ਛੋਟੀ ਨਹੀਂ ਸੀ ਕੰਮ ਆਉਣੀ ਅਤੇ ਏਸੇ ਕਾਰਨ ਸੁਮੇਰ ਪਰਬਤ ਨੂੰ ਦੁੱਧ ਦੀ ਚਾਟੀ ਬਣੇ ਸਮੁੰਦਰ ਵਿੱਚ ਟਿਕਾ ਕੇ ਫਿਰ ਏਡੀ ਮਧਾਨੀ ਘੁਮਾਉਣ ਲਈ ਰੱਸੀ ਦਾ ਕੰਮ ਦੇਣ ਲਈ ਸ਼ੇਸ਼ ਨਾਗ ਨੂੰ ਨੇਤਰੇ ਵਾਂਗ ਵਰਤਿਆ ਸੀ। ਮਧਾਨਾ ਬਣੇ ਸੁਮੇਰ ਪਰਬਤ ਨੂੰ ਘੁੰਮਾਉਣ ਵਾਸਤੇ ਇੱਕ ਪਾਸਿਉਂ ਸ਼ੇਸ਼ ਨਾਗ ਨੂੰ ਦੇਵਤੇ ਖਿੱਚਦੇ ਤੇ ਦੂਸਰੇ ਪਾਸਿਉਂ ਦੈਂਤ ਖਿੱਚ ਕੇ ਚੱਕਰ ਪੂਰਾ ਕਰਦੇ ਸਨ। ਦੁਵੱਲੀ ਖਿੱਚੋਤਾਣ ਦੇ ਨਾਲ ਖੀਰ-ਸਮੁੰਦਰ ਰਿੜਕ ਕੇ ਕੋਈ ਚੌਦਾਂ ਰਤਨ ਲੱਭੇ ਸਨ, ਜਿਨ੍ਹਾਂ ਦਾ ਜ਼ਿਕਰ ਅੱਜ ਵੀ ਬੜੇ ਧਾਰਮਿਕ ਸਮਾਗਮਾਂ ਵਿੱਚ ਹੁੰਦਾ ਰਹਿੰਦਾ ਹੈ। ਅਸੀਂ ਉਨ੍ਹਾਂ ਕਥਾਵਾਂ ਨੂੰ ਮੰਨੀਏ ਜਾਂ ਨਾ ਮੰਨੀਏ, ਭਾਰਤੀ ਰਾਜਨੀਤੀ ਦੇ ਪੁਰਾਤਨ ਅਤੇ ਅਜੋਕੇ ਹਾਲਾਤ ਨੂੰ ਸਮਝਣਾ ਹੋਵੇ ਤਾਂ ਬਹੁਤ ਵਾਰੀ ਉਨ੍ਹਾਂ ਵਿੱਚੋਂ ਕੁਝ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਇਸ ਵਕਤ ਭਾਰਤ ਦੀ ਰਾਜਨੀਤੀ ਦਾ ਮਹਾਂ-ਕੁੰਭ ਮੰਨੀ ਜਾਂਦੀ ਲੋਕ ਸਭਾ ਚੋਣ ਲਈ ਅਖਾੜੇ ਵਿੱਚ ਮੁੱਢਲਾ ਭੜਥੂ ਪੈਣਾ ਸ਼ੁਰੂ ਹੋ ਚੁੱਕਾ ਹੈ। ਪੁਰਾਣੀ ਦੁਕਾਨਦਾਰੀ ਦਾ ਨਿਯਮ ਇਹ ਸੀ ਕਿ ਆਪਣੀ ਦੁਕਾਨ ਉੱਤੇ ਏਨਾ ਚੰਗਾ ਮਾਲ ਰੱਖਿਆ ਜਾਵੇ ਕਿ ਗਾਹਕ ਦਾ ਧਿਆਨ ਦੂਸਰਿਆਂ ਤੋਂ ਵੱਧ ਇਸ ਦੁਕਾਨ ਵੱਲ ਰਹੇ, ਪਰ ਅੱਜ ਦੀ ਦੁਕਾਨਦਾਰੀ ਇਸ ਨਵੇਂ ਅਸੂਲ ਉੱਪਰ ਆਧਾਰਤ ਵੱਧ ਸਫਲ ਮੰਨੀ ਜਾਂਦੀ ਹੈ ਕਿ ਆਪਣੀ ਦੁਕਾਨ ਦਾ ਘੱਟ ਅਤੇ ਮੁਕਾਬਲੇ ਦੇ ਦੁਕਾਨਦਾਰ ਵੱਲ ਧਿਆਨ ਵੱਧ ਰੱਖੋ ਤੇ ਆਪਣੀ ਦੁਕਾਨ ਸੁਧਾਰਨ ਦੀ ਥਾਂ ਉਸ ਦੀ ਦੁਕਾਨ ਬੰਦ ਕਰਨ ਉੱਤੇ ਜ਼ੋਰ ਲਾ ਦਿਉ। ਭਾਰਤੀ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਨੂੰ ਬੇਸ਼ੱਕ ਲੋਕਤੰਤਰ ਦਾ ਸਭ ਤੋਂ ਵੱਡਾ ਮੰਦਰ ਕਿਹਾ ਜਾਂਦਾ ਹੈ, ਪਰ ਜਿਸ ਪਵਿੱਤਰਤਾ ਬਾਰੇ ਆਸ ਧਾਰਮਿਕ ਸ਼ਬਦਾਵਲੀ ਵਿੱਚ ਮੰਦਰ ਕਹੇ ਜਾਂਦੇ ਭਵਨ ਤੋਂ ਰੱਖੀ ਜਾ ਸਕਦੀ ਹੈ, ਉਹ ਲੋਕਤੰਤਰ ਦੇ ਇਸ ਮੰਦਰ ਤੋਂ ਰੱਖਣੀ ਫਜ਼ੂਲ ਬਣ ਚੁੱਕੀ ਹੈ। ਹਰ ਕਿਸਮ ਦੇ ਗੰਦੇ ਧੰਦੇ ਕਰਨ ਵਾਲੇ ਵੋਟਾਂ ਨਾਲ ਚੁਣ ਕੇ ਏਥੇ ਪਹੁੰਚ ਜਾਂਦੇ ਹਨ ਤੇ ਹਰ ਕੋਈ ਦੂਸਰਿਆਂ ਬਾਰੇ ਹਰ ਮੂੰਹ ਆਈ ਭੱਦੀ ਤੋਂ ਭੱਦੀ ਗੱਲ ਕਹਿੰਦਾ ਸੁਣ ਸਕਦਾ ਹੈ, ਆਪਣੇ ਬਾਰੇ ਸਿੱਧੀ ਸਚਾਈ ਵਾਲੀ ਗੱਲ ਵੀ ਮੰਨਣ ਨੂੰ ਤਿਆਰ ਨਹੀਂ ਹੁੰਦਾ। ਜਦੋਂ ਏਦਾਂ ਦੇ ਲੋਕਤੰਤਰੀ ਮੰਦਰ ਦੀ ਨਵੀਂ ਚੋਣ ਵਾਸਤੇ ਨਗਾਰਾ ਵੱਜਦਾ ਸੁਣਨ ਲੱਗ ਪਿਆ ਹੈ ਤਾਂ ਸੰਬੰਧਤ ਲੋਕਤੰਤਰ ਦੀ ਅਸਲੀ ਨੀਂਹ ਮੰਨੇ ਜਾਂਦੇ ਲੋਕਾਂ ਨੂੰ ਕੋਈ ਆਸ ਹੀ ਨਹੀਂ ਹੋਣੀ। ਉਹ ਪੰਜਾਬੀ ਦਾ ਇਹ ਮੁਹਾਵਰਾ ਸੱਚ ਮੰਨੀ ਬੈਠੇ ਹਨ ਕਿ 'ਲੰਡਿਆ ਤੈਨੂੰ ਚੋਰ ਲੈ ਜਾਣ' ਤੇ ਉਸ ਨੇ ਅੱਗੋਂ ਕਿਹਾ ਸੀ; 'ਪੱਠੇ ਪਾਉਣਗੇ ਅਤੇ ਤੇਰੇ ਵਾਂਗ ਕੰਮ ਕਰਵਾਉਣਗੇ, ਮੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਣਾ।' ਭਾਰਤ ਦੇ ਲੋਕ ਚੰਗੇ ਭਵਿੱਖ ਦੀ ਕਿਸੇ ਆਸ ਦੀ ਥਾਂ ਏਦਾਂ ਕਿਉਂ ਸੋਚਣ ਲੱਗ ਪਏ, ਇਸ ਬਾਰੇ ਕੋਈ ਆਗੂ ਪ੍ਰਵਾਹ ਹੀ ਨਹੀਂ ਕਰਦਾ।

ਆਪਣੀ ਦੁਕਾਨ ਚਮਕਾਉਣ ਜਾਂ ਕੁਝ ਨਵਾਂ ਪੇਸ਼ ਕਰ ਕੇ ਗਾਹਕ ਨੂੰ ਖਿੱਚਣ ਦੀ ਥਾਂ ਸੜਕ ਦੇ ਦੂਸਰੇ ਪਾਸੇ ਵਾਲੀ ਦੁਕਾਨ ਜਾਂ ਆਪਣੇ ਗਵਾਂਢੀ ਦਾ ਭੱਠਾ ਬਿਠਾਉਣ ਦੀ ਰਾਜਨੀਤੀ ਨੇ ਅੱਜ ਸ਼ਾਇਦ ਹੀ ਕਿਸੇ ਆਗੂ ਦੇ ਪੱਲੇ ਕੁਝ ਛੱਡਿਆ ਹੋਵੇ। ਇਸ ਦੇ ਬਾਵਜੂਦ ਏਥੇ ਚੋਣਾਂ ਵੀ ਹੋਣੀਆਂ ਹਨ ਅਤੇ ਚੋਣ ਮੌਕੇ ਵੋਟਾਂ ਪਾਉਣ ਵੀ ਦੋ-ਤਿਹਾਈ ਤੋਂ ਵੱਧ ਲੋਕਾਂ ਨੇ ਵੋਟਿੰਗ ਬੂਥਾਂ ਉੱਤੇ ਚਲੇ ਜਾਣਾ ਹੈ। ਜਿਸ ਦਿਨ ਨਤੀਜਾ ਆਵੇਗਾ, ਉਹ ਇਹ ਗੱਲ ਘੱਟ ਵੇਖਣਗੇ ਕਿ ਦੇਸ਼ ਦਾ ਕੀ ਬਣੇਗਾ ਅਤੇ ਇਹ ਗੱਲ ਵੱਧ ਵੇਖਣਗੇ ਕਿ ਸਾਡੀ ਵੋਟ ਵਾਲਾ ਆਗੂ ਜਿੱਤਿਆ ਕਿ ਨਹੀਂ। ਬੇਸ਼ੱਕ ਉਨ੍ਹਾਂ ਦੀ ਵੋਟ ਵਾਲਾ ਜਿੱਤਿਆ ਹੋਵੇ, ਥੋੜ੍ਹੇ ਦਿਨਾਂ ਪਿੱਛੋਂ ਉਹ ਉਸ ਬਾਰੇ ਵੀ ਕੌੜਾ-ਫਿੱਕਾ ਬੋਲਦੇ ਸੁਣ ਜਾਣਗੇ ਅਤੇ ਫਿਰ ਗੱਲ ਏਥੇ ਮੁਕਾਉਣਗੇ ਕਿ ਸਾਡੀ ਕਿਹੜਾ ਕੋਈ ਸੁਣਦਾ ਹੈ, ਸਭ ਲੀਡਰਾਂ ਅਤੇ ਲੁੱਟ ਦੇ ਮਾਲ ਦੀ ਖੇਡ ਹੈ। ਜਦੋਂ ਆਜ਼ਾਦੀ ਮਿਲਣ ਦੇ ਪੰਝੱਤਰ ਸਾਲਾਂ ਬਾਅਦ ਆਮ ਲੋਕਾਂ ਦਾ ਰੋਟੀ ਦਾ ਸੌ ਮੁੱਦਿਆਂ ਦਾ ਮੁੱਦਾ ਹੀ ਹੱਲ ਨਹੀਂ ਹੋ ਸਕਿਆ ਤਾਂ ਹੋਰ ਉਹ ਕੀ ਸੋਚਣਗੇ! ਭਾਰਤ ਦੇ ਲੱਖਾਂ ਲੋਕ ਅੱਜ ਤੱਕ ਸਿਰ ਉੱਤੇ ਛੱਤ ਦੀ ਆਸ ਵਿੱਚ ਭਟਕਦੇ ਫਿਰਦੇ ਹਨ ਅਤੇ ਲੀਡਰਾਂ ਦੀਆਂ ਦੌਲਤਾਂ ਛੜੱਪੇ ਮਾਰ ਕੇ ਵਧੀ ਜਾਂਦੀਆਂ ਹਨ। ਕੋਈ ਵਿਰਲਾ ਆਗੂ ਹੀ ਹੈ, ਜਿਸ ਦੀ ਦੌਲਤ ਵਧਣ ਦੀ ਥਾਂ ਰੁਕ ਗਈ ਜਾਂ ਘਟੀ ਹੋ ਸਕਦੀ ਹੈ।

ਇਸ ਦੇਸ਼ ਦੀ ਰਾਜਨੀਤੀ ਵਿੱਚ ਚੋਣ ਕਰੇ ਜਾਂਦੇ ਆਗੂ ਹੋਣ ਜਾਂ ਆਪਣੇ ਆਪ ਨੂੰ ਦੇਵਤੇ ਵਜੋਂ ਪੇਸ਼ ਕਰਨ ਵਾਲੇ ਹੋਣ, ਰਾਜਨੀਤਕ ਸ਼ਬਦਾਵਲੀ ਵਿੱਚ ਦੂਸ਼ਣ ਅਤੇ ਗਾਲ੍ਹਾਂ ਦਾ ਗੰਦਾ ਇਸ ਲਪੇਟ ਕੇ ਪੇਸ਼ ਕਰਨ ਦਾ ਕਿ ਰਾਜਨੀਤੀ ਚੱਲੀ ਜਾਂਦੀ ਹੈ ਅਤੇ ਇਹੋ ਜਿਹੀ ਖੇਡ ਖੇਡਣ ਵਾਲੇ ਆਪਣੇ ਸਿਰ ਵਿਗਾੜ ਦੀ ਜ਼ਿੰਮੇਵਾਰੀ ਵੀ ਨਹੀਂ ਆਉਣ ਦੇਂਦੇ। ਕੇਂਦਰ ਵਿੱਚ ਸਰਕਾਰ ਚਲਾ ਰਹੀ ਪਾਰਟੀ ਨੂੰ ਇਸ ਗੱਲ ਦਾ ਲਾਭ ਹੁੰਦਾ ਹੈ ਕਿ ਉਹ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਦੀ ਅਤੇ ਫਿਰ ਵਿਰੋਧੀਆਂ ਉੱਤੇ ਹਰ ਕਿਸਮ ਦੇ ਦੋਸ਼ ਲਵਾਉਣ ਨਾਲ ਉਨ੍ਹਾਂ ਨੂੰ ਬੱਦੂ ਕਰ ਸਕਦੀ ਹੈ, ਪਰ ਉਹ ਆਪਣੇ ਵਿੱਚ ਆ ਚੁੱਕੇ ਅਤੇ ਘੋਸ਼ਲ ਮਾਰ ਕੇ ਚੁਕਾਏ ਐਥੇ ਨੂੰ ਵਰਤਣ ਦੀ ਕੋਸ਼ਿਸ਼ ਕਰਦੀ ਹੈ। ਇਹ ਦੋਸ਼ ਪਹਿਲਾਂ ਕਾਂਗਰਸੀ ਆਗੂਆਂ ਉੱਤੇ ਲੱਗਦਾ ਰਿਹਾ ਹੈ, ਅੱਜਕੱਲ੍ਹ ਭਾਰਤੀ ਜਨਤਾ ਪਾਰਟੀ ਵਾਲਿਆਂ ਉੱਤੇ ਲੱਗਦਾ ਹੈ ਤੇ ਇੰਜ ਜਾਪਦਾ ਹੈ ਕਿ ਕਾਂਗਰਸੀ ਓਨੀ ਚੁਸਤੀ ਨਾਲ ਇਹ ਕੰਮ ਕਦੇ ਨਹੀਂ ਸਨ ਕਰ ਸਕੇ, ਜਿੰਨੀ ਤਿਖੇਰੀ ਤੇ ਚੁਸਤ ਚਾਲ ਨਾਲ ਭਾਜਪਾ ਆਗੂ ਅਤੇ ਉਨ੍ਹਾਂ ਨਾਲ ਜੁੜੀ ਹੋਈ ਸਾਬਕਾ ਅਫਸਰਸ਼ਾਹੀ ਦੀ ਟੀਮ ਕਰਦੀ ਹੈ। ਰਾਜਾਂ ਵਿੱਚ ਸਰਕਾਰ ਚਲਾਉਂਦੀਆਂ ਪਾਰਟੀਆਂ ਦੇ ਆਗੂ ਵੀ ਆਪਣੇ ਵੱਲੋਂ ਕਸਰ ਨਹੀਂ ਛੱਡਣਾ ਚਾਹੁੰਦੇ, ਪਰ ਉਨ੍ਹਾਂ ਦੀ ਪੇਸ਼ ਨਹੀਂ ਜਾਂਦੀ ਅਤੇ ਸੂਬਾਈ ਅਫਸਰਾਂ ਦਾ ਇੱਕ ਵੱਡਾ ਹਿੱਸਾ ਕਿਸੇ ਆਪਣੇ ਨੁਕਸ ਨੂੰ ਢੱਕਣ ਜਾਂ ਭਵਿੱਖ ਦੀ ਕੋਈ ਕੁਰਸੀ ਪੇਸ਼ ਦੇ ਡਰ ਹੇਠ ਕੇਂਦਰ ਵਾਲੀਆਂ ਏਜੰਸੀਆਂ ਦੇ ਅਫਸਰਾਂ ਦਾ ਹੱਥ-ਠੋਕਾ ਬਣ ਤੁਰਦਾ ਹੈ ਤੇ ਰਾਜਾਂ ਵਾਲੇ ਆਗੂਆਂ ਦੀ ਕੋਈ ਚਾਲ ਸਿਰੇ ਨਹੀਂ ਚੜ੍ਹਨ ਦੇਂਦਾ।

ਦੂਸਰੀ ਗੱਲ ਅੱਜ ਦੇ ਹਾਲਾਤ ਵਿੱਚ ਇਹ ਵੀ ਨੋਟ ਕਰਨ ਵਾਲੀ ਹੈ ਕਿ ਏਥੇ ਹਰ ਗੱਲ ਉਸ ਦੇ ਪ੍ਰਸੰਗ ਨਾਲੋਂ ਤੋੜ ਕੇ ਅਸਲੋਂ ਵਿਗਾੜ ਕੇ ਇੰਜ ਪੇਸ਼ ਕੀਤੀ ਜਾਂਦੀ ਹੈ ਕਿ ਸੁਣਨ ਵਾਲੇ ਲੋਕਾਂ ਦਾ ਬਹੁਤ ਵੱਡਾ ਹਿੱਸਾ ਗੁਮਰਾਹ ਹੋ ਜਾਂਦਾ ਹੈ। ਮਿਸਾਲ ਵਜੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਇੱਕ ਵਾਰ ਇਹ ਕਿਹਾ ਸੀ ਕਿ ਫਲਾਣਾ ਆਗੂ ਬਹੁਤ ਨੀਵੇਂ ਪੱਧਰ ਦੀ ਰਾਜਨੀਤੀ ਕਰਦਾ ਹੈ। ਉਸ ਆਗੂ ਨੇ ਅਗਲੇ ਦਿਨ ਦੁਹਾਈ ਚੁੱਕ ਲਈ ਕਿ ਵੇਖੋ ਕਾਂਗਰਸ ਪਾਰਟੀ ਦੀ ਪ੍ਰਧਾਨ ਮੇਰੀ ਜਾਤ ਨੂੰ ਨੀਚ ਜਾਤ ਆਖਦੀ ਹੈ। ਏਸੇ ਤਰ੍ਹਾਂ ਜਦੋਂ ਇੱਕ ਆਗੂ ਨੇ ਕਿਹਾ ਕਿ ਬਜਰੰਗ ਦਲ ਵਰਗੇ ਜਿਹੜੇ ਕੋਈ ਵੀ ਸੰਗਠਨ ਭਾਰਤੀ ਸਮਾਜ ਵਿੱਚ ਵੰਡੀਆਂ ਪਾਉਂਦੇ ਹਨ, ਇਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਸ਼ਬਦ ਵਿਗਾੜ ਕੇ 'ਬਜਰੰਗ ਦਲ' ਦੀ ਥਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਸੀ ਕਿ ਇਹ ਲੋਕ ਤਾਂ 'ਬਜਰੰਗ ਬਲੀ' ਅਰਥਾਤ ਹਨੂੰਮਾਨ ਜੀ ਉੱਤੇ ਪਾਬੰਦੀ ਲਾ ਦੇਣਾ ਚਾਹੁੰਦੇ ਹਨ। ਇਸ ਤਰ੍ਹਾਂ ਦੀ ਖੇਡ ਖੇਡਣ ਲਈ ਵਾਟਸਐਪ ਸਮੇਤ ਕਈ ਸੋਸ਼ਲ ਮੀਡੀਆ ਸਾਈਟਾਂ ਆਪਣੇ ਸਾਰੇ ਜ਼ੋਰ ਨਾਲ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾਉਣ ਦੇ ਕੰਮ ਵਿੱਚ ਰੁੱਝੀਆਂ ਹੋਈਆਂ ਹਨ। ਉਨ੍ਹਾਂ ਨਾਲ ਜੁੜੇ ਲੱਖਾਂ ਲੋਕ ਆਪਣੇ ਆਪ ਨੂੰ 'ਸੋਸ਼ਲ ਮੀਡੀਆ ਇਨਫਲੂਐਂਸਰ' ਵਜੋਂ ਪੇਸ਼ ਕਰਦੇ ਹਨ, ਪਰ ਅਸਲ ਵਿੱਚ ਉਹ ਮਾਸੂਮ ਮੇਮਣੇ ਦੀ ਖੱਲ ਲਪੇਟ ਕੇ ਬਘਿਆੜ ਵਾਂਗ ਸਮਾਜ ਦੇ ਭਾਈਚਾਰਕ ਤਾਣੇ ਦੀ ਹਰ ਜੜ੍ਹ ਟੁੱਕ ਦੇਣ ਲੱਗੇ ਹੋਏ ਹਨ। ਕੋਈ ਖਬਰ ਉਸ ਧਾੜ ਦੇ ਇੱਕ ਦਫਤਰ ਵਿੱਚ ਘੜੀ ਜਾਂਦੀ ਅਤੇ ਸੋਸ਼ਲ ਮੀਡੀਆ ਉੱਤੇ ਜਦੋਂ ਕਦੀ ਪਾਈ ਜਾਂਦੀ ਹੈ ਤਾਂ ਉਨ੍ਹਾਂ ਦੀ ਸੋਚੀ ਸੋਚ ਦੀ ਸਕੀਰੀ ਵਾਲਾ ਸਾਰਾ ਲਾਣਾ ਉਸ ਨੂੰ ਅੱਗੇ ਤੋਂ ਅੱਗੇ ਫਾਰਵਰਡ ਕਰ ਕੇ ਲੋਕਾਂ ਦੇ ਮੋਬਾਇਲ ਫੋਨਾਂ ਅਤੇ ਦੂਸਰੇ ਪ੍ਰਬੰਧਾਂ ਦਾ ਧੂੰਆਂ ਜਿਹਾ ਕੱਢ ਦੇਂਦਾ ਹੈ। ਜਦੋਂ ਤੱਕ ਉਸ ਗੰਦੀ ਖੇਡ ਦੀ ਸੱਚਾਈ ਲੋਕਾਂ ਦੇ ਸਾਹਮਣੇ ਆਉਂਦੀ ਹੈ, ਓਦੋਂ ਨੂੰ ਪਿੱਛਾ ਕਰਦੀ ਭੀੜ ਵੱਲੋਂ ਫੜੇ ਜਾਣ ਤੋਂ ਪਹਿਲਾਂ ਭੱਜ ਨਿਕਲਦੇ ਚੋਰ ਵਾਂਗ ਗੰਦਗੀ ਫੈਲਾਉਣ ਵਾਲੀ ਇਹ ਸਾਰੀ ਧਾੜ ਕਿਸੇ ਹੋਰ ਸ਼ਰਾਰਤੀ ਅਤੇ ਘਾਤਕ ਚੁਆਤੀ ਲਾਉਣ ਵਾਸਤੇ ਸਰਗਰਮ ਹੋਈ ਹੁੰਦੀ ਹੈ।

ਇਸ ਵਕਤ ਭਾਰਤੀ ਲੋਕਤੰਤਰ ਦਾ ਸਭ ਤੋਂ ਵੱਡਾ ਮੰਦਰ ਕਹੀ ਜਾਂਦੀ ਲੋਕ ਸਭਾ ਦੀ ਅਗਲੀ ਚੋਣ ਲਈ ਅਖਾੜਾ ਭਖ ਚੁੱਕਾ ਹੈ ਅਤੇ ਆਮ ਲੋਕ ਇਕ ਵਾਰ ਫਿਰ ਭਵਿੱਖ ਦੀ ਕਿਸੇ ਆਸ ਦੀ ਤੰਦ ਦੀ ਭਾਲ ਕਰਨਾ ਚਾਹੁੰਦੇ ਹਨ। ਉਨ੍ਹਾਂ ਦੀ ਬਦਕਿਸਮਤੀ ਹੈ ਕਿ ਉਹ ਸਿਆਸਤ ਦੀ ਧੂੜ ਵਿੱਚ ਭਵਿੱਖ ਦੀ ਆਸ ਦੇ ਹੀਰੇ ਭਾਲਣਗੇ। ਬਹੁਤ ਸਾਰੇ ਚਿੰਤਕ ਇਹ ਗੱਲ ਕਹਿ ਤਾਂ ਦੇਂਦੇ ਹਨ, ਪਰ ਆਪਸੀ ਗੱਲਬਾਤ ਵਿੱਚ ਮੰਨ ਲੈਂਦੇ ਹਨ ਕਿ ਜਿੱਦਾਂ ਅੱਜ ਤੱਕ ਦੀਆਂ ਚੋਣਾਂ ਵਿੱਚ ਇਸ ਦੇਸ਼ ਦੇ ਲੋਕਾਂ ਪੱਲੇ ਬਹੁਤਾ ਕੁਝ ਨਹੀਂ ਸੀ ਪਾਇਆ, ਇਸ ਵਾਰ ਵੀ ਬਹੁਤੀ ਝਾਕ ਨਹੀਂ ਰੱਖਣੀ ਚਾਹੀਦੀ। ਸਾਡੀ ਪੰਜਾਬੀਅਤ 'ਜੀਵੇ ਆਸਾ ਤੇ ਮਰੇ ਨਿਰਾਸਾ' ਦੇ ਦਿਲਾਸਾ ਦੇਊ ਸੰਦੇਸ਼ ਉੱਤੇ ਟੇਕ ਰੱਖਦੀ ਹੈ, ਇਸ ਲਈ ਜਦੋਂ ਲੋਕ ਧੂੜ ਦੇ ਗੁਬਾਰ ਵਿੱਚੋਂ ਵੀ ਕਿਸੇ ਭਲੇ ਦੀ ਆਸ ਰੱਖਦੇ ਹਨ ਤਾਂ ਉਨ੍ਹਾਂ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਗਲਤ ਤਾਂ ਸਦਾ ਤੋਂ ਆਗੂ ਸਨ, ਪਰ ਉਨ੍ਹਾਂ ਨੇ ਕਦੀ ਆਪਣੇ ਆਪ ਨੂੰ ਨਾ ਗਲਤ ਮੰਨਿਆ ਤੇ ਨਾ ਮੰਨਣਗੇ, ਸਗੋਂ ਭਾਰਤੀ ਰਾਜਨੀਤੀ ਦੇ ਇਸ ਅਸੂਲ ਨਾਲ ਆਪਸੀ ਮੁਕਾਬਲੇਬਾਜ਼ੀ ਦਾ ਇੱਕ ਹੋਰ ਦੌਰ ਸਾਡੇ ਪੱਲੇ ਪਾ ਦੇਣਗੇ ਕਿ ਜਿਹੜਾ ਜਿੱਤ ਗਿਆ, ਆਪਣੇ ਆਪ ਨੂੰ ਸਿਕੰਦਰ ਆਖੇਗਾ ਅਤੇ ਜਿਹੜੇ ਜਿੱਤ ਨਾ ਸਕੇ, ਉਹ ਅਗਲੀ ਵਾਰੀ ਦੇ ਕੂੜ-ਕੁਪੱਤ ਦੀ ਤਿਆਰੀ ਵਿੱਚ ਲੱਗ ਜਾਣਗੇ।

# ਆਓ "ਭਾਰਤ ਮੇਰਾ ਪਰਵਾਰ" 'ਚੋਂ ਸੱਚ ਜਾਣੀਏ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਅਠਾਰ੍ਹਵੀਂ ਲੋਕ ਸਭਾ ਦੀਆਂ ਚੋਣਾਂ ਆਉਣ ਵਾਲੇ ਕੁਝ ਹਫਤਿਆਂ 'ਚ ਪੂਰੀਆਂ ਹੋਣ ਜਾ ਰਹੀਆਂ ਹਨ, ਜਿਸ 'ਤੇ ਸਮੁੱਚੇ ਭਾਰਤ 'ਚ ਸਮੇਤ ਗਰੀਬ, ਬੇਰੁਜ਼ਗਾਰ ਅਤੇ ਮਹਿੰਗਾਈ ਤੋਂ ਸਤਾਈ ਹੋਈ ਜਨਤਾ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਉਪਰੋਕਤ ਸਭ ਲੋੜਵੰਦ ਜਨਤਾ ਆਪਣੀਆਂ ਤਮਾਮ ਤੰਗੀਆਂ-ਤੁਰਸ਼ੀਆਂ ਤੋਂ ਛੁਟਕਾਰਾ ਪਾਉਣ ਲਈ ਸਿਆਸੀ ਪਾਰਟੀਆਂ ਦੇ ਵੱਖ-ਵੱਖ ਪ੍ਰੋਗਰਾਮਾਂ ਬਾਰੇ ਜਾਣਕਾਰੀ ਹਾਸਲ ਕਰਨ, ਸੁਣਨ ਅਤੇ ਪੜ੍ਹਨ ਦੀ ਤਿਆਰੀ ਦਾ ਇਸ ਕਰਕੇ ਇੰਤਜ਼ਾਰ ਕਰ ਰਹੀਆਂ ਹਨ ਤਾਂ ਕਿ ਉਹ ਜਾਣ ਸਕਣ ਕਿ ਸਾਡੀ ਬਿਮਾਰੀ ਦਾ ਵੱਧ ਇਲਾਜ ਕਿਸ ਸਿਆਸੀ ਪਾਰਟੀ ਪਾਸ ਹੈ, ਪਰ ਅਜੋਕੇ ਸਮੇਂ ਵਿੱਚ ਸਭ ਤੋਂ ਉੱਚੇ ਅਹੁਦਿਆਂ 'ਤੇ ਬੈਠੇ ਵੱਡੇ-ਵੱਡੇ ਨੇਤਾ ਅਜਿਹਾ ਨਾ ਕਰਕੇ, ਛੋਟੀਆਂ-ਛੋਟੀਆਂ ਗੱਲਾਂ 'ਤੇ ਮਿਹਣੋ-ਮਿਹਣੀ ਹੋ ਰਹੇ ਹਨ, ਜਿਸ ਨਾਲ ਅਜੋਕੀ ਸਿਆਸਤ ਦਿਨੋ-ਦਿਨ ਧੁੰਦਲੀ ਹੁੰਦੀ ਜਾ ਰਹੀ ਹੈ।

ਮਹਾਂ-ਗੱਠਜੋੜ ਦੇ ਇੱਕ ਭਾਈਵਾਲ ਨੇ ਆਪਣੇ ਲਹਿਜੇ 'ਚ ਇੱਕ ਅਜਿਹੇ ਸੱਚ ਦਾ ਵਰਨਣ ਕੀਤਾ, ਜਿਸ ਨੇ ਪ੍ਰਧਾਨ ਮੰਤਰੀ ਨੂੰ ਸਭ ਕੁਝ ਭੁਲਾ ਦਿੱਤਾ। ਉਹ ਸ਼ਬਦ ਜੋ ਪਰਵਾਰ ਬਾਬਤ ਸੀ, ਉਹ ਤਾਂ ਸੰਬੰਧਤ ਨੇ ਇੱਕ-ਦੋ ਵਾਰ ਹੀ ਮੂੰਹੋਂ ਕੱਢਿਆ, ਪਰ ਮੋਦੀ ਜੀ ਵੱਲੋਂ ਉਸ ਗੱਲ ਨੂੰ ਫੜ ਕੇ ਹੁਣ ਤੱਕ ਸੈਂਕੜੇ ਵਾਰ ਆਖਿਆ ਜਾ ਚੁੱਕਾ ਹੈ ਕਿ "ਮੇਰਾ ਭਾਰਤ ਮੇਰਾ ਪਰਵਾਰ"। ਭਾਜਪਾ ਵੱਲੋਂ ਵੀ ਅਸਲੀ ਮੁੱਦਿਆਂ ਤੋਂ ਹਟ ਕੇ ਹਰ ਨੇਤਾ ਆਪਣੀ ਹਾਜ਼ਰੀ ਲਗਾਉਣ ਖਾਤਰ ਇਹੋ ਹੀ ਆਖਣ ਤੁਰ ਪਿਆ-"ਮੈਂ ਵੀ ਮੋਦੀ ਪਰਵਾਰ ਕੇ ਸਾਥ ਹੂੰ"

"ਮੈਂ ਮੋਦੀ ਪਰਵਾਰ ਦਾ ਮੈਂਬਰ ਹੂੰ" ਆਦਿ ਆਦਿ। ਪਰ ਸੱਚ ਇਹ ਹੈ ਕਿ ਇੰਜ ਆਖਣ ਨਾਲ ਕੋਈ ਪਰਵਾਰ ਦਾ ਮੈਂਬਰ ਨਹੀਂ ਬਣਦਾ। ਪਰਵਾਰ ਦੀ ਵਧੀਆ ਮਿਸਾਲ ਵੀ ਮੋਦੀ ਜੀ ਪਾਸ ਹੈ। ਜਦ ਉਹਨਾਂ ਦੀ ਮਾਤਾ ਜੀ ਜੀਵਤ ਸਨ ਤਾਂ ਮੋਦੀ ਜੀ ਅਕਸਰ ਉਹਨਾਂ ਨੂੰ ਮਿਲਣ ਪਹੁੰਚ ਜਾਇਆ ਕਰਦੇ ਸਨ। ਉਹ ਵੀ ਅੱਗੋਂ ਆਪਣੇ ਪੁੱਤ ਨੂੰ ਗਲੇ ਲਾਇਆ ਕਰਦੀ ਸੀ। ਜਿਹਨਾਂ ਨੋਟਬੰਦੀ ਸਮੇਂ ਮਾਂ ਨੂੰ ਲਾਈਨ 'ਚ ਖੜ੍ਹੇ ਦੇਖ ਕੇ ਮੋਦੀ ਜੀ ਦੀ ਅਲੋਚਨਾ ਕੀਤੀ। ਮਾਂ ਪਰਵਾਰ ਸੀ ਤਾਂ ਹੀ ਅਜਿਹਾ ਵਾਪਰਿਆ। ਆਮ ਜਨਤਾ ਨੂੰ ਮੋਦੀ ਜੀ ਦੀ ਸੁਪਤਨੀ ਬਾਰੇ ਗਿਲਾ ਹੈ ਕਿ ਉਹ ਵਿਚਾਰੀ ਨਾਲ ਖਵਰੇ ਇਨਸਾਫ ਨਹੀਂ ਹੋਇਆ? ਅਗਰ ਸਭ ਪਾਜ਼ੀਟਿਵ ਹੈ ਤਾਂ ਜਨਤਕ ਹੋਣਾ ਚਾਹੀਦਾ ਸੀ। ਸਿਰਫ ਬਿਹਾਰੀ ਲਾਲੂ ਨੇ ਹੀ ਆਪਣੇ ਪਰਵਾਰ ਲਈ ਬਹੁਤ ਕੁਝ ਨਹੀਂ ਕੀਤਾ, ਸਗੋਂ ਜੋ ਭੀੜ ਤੁਹਾਡੇ ਆਲੇ-ਦੁਆਲੇ ਜੁੜੀ ਹੈ, ਉਹ ਸਭ ਪਰਵਾਰ ਕਮਜ਼ੋਰੀ ਦੇ ਮਰੀਜ਼ ਹਨ।

ਇਹ ਠੀਕ ਹੈ ਕਿ ਮੋਦੀ ਸਾਹਿਬ ਜੋ ਅੱਜ ਦੇ ਰੁਤਬੇ 'ਤੇ ਹਨ, ਉਹ ਸਭ ਆਪਣੇ ਮੌਜੂਦਾ ਪਰਵਾਰ ਦੀ ਕਿਰਪਾ ਕਰਕੇ ਹਨ। ਉਸ ਪਰਵਾਰ ਨੂੰ ਜਾਨਣ ਲਈ ਸਾਨੂੰ ਬੀਤੇ ਸਮੇਂ 'ਤੇ ਨੀਝ ਨਾਲ ਝਾਤੀ ਮਾਰਨੀ ਪਵੇਗੀ। ਪਿਛੋਕੜ ਨੂੰ ਫਰੋਲਦਿਆਂ ਤੁਹਾਨੂੰ ਇਹ ਪਤਾ ਲੱਗੇਗਾ ਕਿ ਪਿਛਲੀ ਵਾਰ 80/85 ਕਰੋੜ ਵੋਟਰਾਂ ਵਿੱਚੋਂ ਸਿਰਫ ਮੋਦੀ ਸਾਹਿਬ ਅਠੱਤੀ ਪ੍ਰਸੈਂਟ ਦੇ ਨੇੜੇ-ਤੇੜੇ ਵੋਟ ਹਾਸਲ ਕਰ ਸਕੇ ਸਨ, ਜਿਸ ਦਾ ਸਾਫ ਮਤਲਬ ਹੈ ਕਿ ਬਾਹਟ ਪ੍ਰਤੀਸ਼ਤ ਵੋਟ ਪਰਵਾਰ ਨੇ ਆਪ ਜੀ ਦੇ ਖਿਲਾਫ ਦਿੱਤੀ ਸੀ। ਇਸ ਕਰਕੇ ਸਾਰਾ ਭਾਰਤ ਮੋਦੀ ਜੀ ਦਾ ਪਰਵਾਰ ਨਾ ਕਦੇ ਬਣਿਆ ਸੀ, ਨਾ ਹੀ ਕਦੇ ਬਣੇਗਾ। ਨਾਅਰੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾਉਣ ਖਾਤਰ ਵਾਰ-ਵਾਰ ਗੋਦੀ ਮੀਡੀਆ ਤੋਂ ਲੁਆਏ ਜਾ ਰਹੇ ਹਨ।

ਅਗਲੀ ਗੱਲ, ਮੋਦੀ ਜੀ ਅੱਜਕੱਲ੍ਹ ਆਪਣੇ ਪਾਰਲੀਮੈਂਟ ਉਮੀਦਵਾਰਾਂ ਦਾ ਐਲਾਨ ਮੁਕੰਮਲ ਕਰ ਲੈਣਗੇ, ਜਿਸ ਨੂੰ ਪੜ੍ਹ ਕੇ ਪਾਠਕ ਖੁਦ ਅੰਦਾਜ਼ਾ ਲਾ ਲੈਣਗੇ ਕਿ ਸਮੁੱਚੇ ਭਾਰਤ 'ਚ ਮੁਸਲਮਾਨ ਭਰਾਵਾਂ ਦੀ ਕਿੰਨੇ ਪ੍ਰਤੀਸ਼ਤ ਆਬਾਦੀ ਹੈ ਅਤੇ ਟਿਕਟ ਵੰਡ ਸਮੇਂ "ਸਭ ਕਾ ਸਾਥ ਸਭ ਕਾ ਵਿਕਾਸ" ਆਖਣ ਵਾਲਿਆਂ ਨੇ ਕਿੰਨਾ ਖਿਆਲ ਰੱਖਿਆ ਹੈ। ਅਗਰ ਉਹ ਵੀ ਪਰਵਾਰ ਦੇ ਮੈਂਬਰ ਹਨ ਤਾਂ ਫਿਰ ਟਿਕਟ ਵੰਡ ਸਮੇਂ ਵਿਤਕਰਾ ਕਿਉਂ? ਫਿਰ "ਮੇਰਾ ਭਾਰਤ ਮੇਰਾ ਪਰਵਾਰ" ਕਿਵੇਂ ਹੋਇਆ? ਅੱਜ ਦੇ ਦਿਨ ਤੱਕ ਨਾ ਵਿਰੋਧੀ ਪਾਰਟੀਆਂ ਨਾ ਹੀ ਉਹ ਲੋਕ ਜੋ ਤੁਹਾਡੀ ਹਾਂ ਵਿੱਚ ਹਾਂ ਨਾ ਭਰਨ ਵਾਲੇ, ਤੁਹਾਡੇ ਗੋਦੀ ਮੀਡੀਆ ਨੂੰ ਕੋਈ ਨੱਥ ਪਾ ਸਕੇ ਹਨ, ਨਾ ਹੀ ਉਹ ਨੇੜ-ਭਵਿੱਖ ਵਿੱਚ ਅਜਿਹਾ ਕਰ ਸਕਣਗੇ। ਇਸੇ ਕਰਕੇ ਸਭ ਗੋਦੀ ਮੀਡੀਆ ਵਾਲੇ ਚੈਨਲ ਦਿਨ-ਰਾਤ ਅਹਿਮ ਮੁੱਦਿਆਂ ਨੂੰ ਪਿੱਛੇ ਹਟਾ ਕੇ ਮੋਦੀ-ਮੋਦੀ, ਅੱਬ ਕੀ ਵਾਰ ਚਾਰ ਸੌ ਪਾਰ-ਅੱਬ ਕੀ ਬਾਰ ਚਾਰ ਸੌ ਪਾਰ" ਦਾ ਨਾਅਰਾ ਸੰਘ ਪਾੜ ਆਵਾਜ਼ 'ਚ ਆਖ ਰਹੇ ਹਨ।

ਜਿਸ ਵਿਅਕਤੀ ਦਾ ਪਰਵਾਰ ਜਿੰਨਾ ਵੱਡਾ ਹੋਵੇਗਾ, ਉਸ ਦੀਆਂ ਜ਼ੁੰਮੇਵਾਰੀਆਂ ਵੀ ਓਨੀਆਂ ਵੱਡੀਆਂ ਹੋ ਜਾਂਦੀਆਂ ਹਨ। ਹੁਣ ਸਮਝਣ ਲਈ ਕੁਝ ਸਮੇਂ ਤੱਕ ਮੰਨ ਲੈਂਦੇ ਹਾਂ ਕਿ ਸਮੁੱਚਾ ਭਾਰਤ ਤੁਹਾਡਾ ਪਰਵਾਰ ਹੈ। ਇਸੇ ਕਰਕੇ ਹੀ ਤੁਹਾਡੇ ਤੋਂ ਪੁੱਛਿਆ ਜਾ ਸਕਦਾ ਹੈ ਕਿ ਜਦ ਇਸ ਪਰਵਾਰ ਦੀਆਂ ਪਹਿਲਵਾਨ ਬੱਚੀਆਂ ਨਾਲ ਅਸ਼ਲੀਲ ਅਤੇ ਅਣ-ਮਨੁੱਖੀ ਵਿਵਹਾਰ ਤੁਹਾਡੇ ਹੀ ਪਰਵਾਰ ਵੱਲੋਂ ਕੀਤਾ ਜਾਂਦਾ ਸੀ, ਜਿਸ ਕਾਰਨ ਤੁਹਾਡੀਆਂ ਬੱਚੀਆਂ ਨੂੰ ਦਿੱਲੀ ਦੇ ਚੌਂਕਾਂ ਵਿੱਚ ਹਫਤਿਆਂ ਬੱਧੀ ਭੁੱਖੇ ਬੈਠਣਾ ਪਿਆ ਤਾਂ ਕਿ ਇਨਸਾਫ ਦੀ ਕਿਰਨ ਦੇਖ ਸਕਣ, ਪਰ ਉਸ ਵਕਤ ਤੋਂ ਅੱਜ ਤੱਕ ਤੁਸੀਂ ਮੂਰਛੱਤ ਕਿਉਂ ਰਹੇ? ਸੱਚ ਇਹ ਹੈ ਕਿ ਤੁਹਾਨੂੰ ਇਸ ਕੇਸ ਵਿੱਚ ਧੀਆਂ ਨਾਲੋਂ ਵੱਧ ਪਾਰਲੀਮੈਂਟ ਮੈਂਬਰ ਵੱਧ ਪਿਆਰੇ ਜਾਪ ਰਹੇ ਸਨ।

ਪਹਿਲਵਾਨਾਂ ਦੀ ਇਹ ਇਕਲੌਤੀ ਕਹਾਣੀ ਨਹੀਂ, ਤੁਹਾਡੇ ਪਰਵਾਰ ਅਤੇ ਦੇਸ਼-ਮੁਖੀ ਸਮੇਂ ਹੀ ਮਨੀਪੁਰ ਦਾ ਦੁਖਾਂਤ ਵਾਪਰਿਆ। ਜਿਸ ਵਿੱਚ ਖੂਨ-ਖਰਾਬੇ ਤੋਂ ਇਲਾਵਾ ਕਤਲੋਗਾਰਤ ਹੋਈ। ਤੁਹਾਡੇ ਪਰਵਾਰ ਦੀਆਂ ਬੱਚੀਆਂ ਨੂੰ ਨੰਗੇ ਕਰਕੇ ਘੁਮਾਇਆ ਗਿਆ। ਅਖੀਰ ਗੱਲ ਸਮੂਹਿਕ ਬਲਾਤਕਾਰ ਤੱਕ ਪਹੁੰਚੀ, ਪਰ ਤੁਸੀਂ ਆਪਣੀ ਅੱਖ ਪੁੱਟ ਕੇ ਦੇਖਣ ਦੀ ਖੇਚਲ ਤੱਕ ਨਹੀਂ ਕੀਤੀ। ਜਿੱਥੋਂ ਤੱਕ ਉੱਥੇ ਜਾਣ ਦੀ ਗੱਲ ਹੈ, ਉਹ ਵੀ ਤੁਸੀਂ ਅੱਜ ਤੱਕ ਪੂਰੀ ਨਹੀਂ ਕਰ ਸਕੇ, ਜਿਵੇਂ ਸੱਚ-ਮੁੱਚ ਤੁਹਾਡੀ ਗੱਡੀ ਸਮੇਤ ਹਵਾਈ ਜਹਾਜ਼ ਦਾ ਤੇਲ ਮੁੱਕ ਗਿਆ ਹੋਵੇ? ਪਰ ਮਨੀਪੁਰ ਦਾ ਪਰਵਾਰ ਅੱਜ ਤੱਕ ਤੁਹਾਡੀ ਉਡੀਕ ਵਿੱਚ ਹੈ, ਪਰ ਇਹ ਅਲੱਗ ਗੱਲ ਹੈ ਕਿ ਮਨੀਪੁਰ ਨੂੰ ਅੱਜ ਤੱਕ ਤੁਸੀਂ ਨਾ ਆਪਣਾ ਪਰਵਾਰ ਮੰਨਿਆ ਹੈ ਨਾ ਹੀ ਮੰਨਣਾ ਹੈ। ਤੁਹਾਡੀ ਇਹ ਮਨੀਪੁਰ ਦੀ ਬੇਰੁਖੀ ਆਉਣ ਵਾਲੇ ਸਮੇਂ 'ਚ ਆਪਣਾ ਰੰਗ ਦਿਖਾਏਗੀ।

ਆਪਣੇ ਪਰਵਾਰ ਵਿਚੋਂ ਜਿਸ ਨਾਲ ਤੁਹਾਨੂੰ ਸਭ ਤੋਂ ਵੱਧ ਸਨੇਹ-ਪਿਆਰ ਹੈ, ਉਹ ਹੈ ਯੂਪੀ ਸੂਬਾ। ਜਿਸ ਸੂਬੇ ਦਾ ਮੁਖੀ ਵੀ ਤੁਹਾਡਾ ਖਾਸ ਇਸ ਕਰਕੇ ਵੀ ਹੈ ਕਿ ਉਸ ਦੇ ਤੁਹਾਡੇ ਵਾਂਗ ਨਾਨਕੇ ਨਾਗਪੁਰ ਹੀ ਹਨ। ਪਰ ਦੋ ਕੁ ਹਫਤਿਆਂ ਦੀ ਗੱਲ ਹੈ ਜੋ ਤੁਸੀਂ ਪੜ੍ਹੀ, ਸੁਣੀ ਅਤੇ ਜਾਣੀ ਵੀ ਹੋਵੇਗੀ ਕਿ ਉਥੇ ਵੀ ਤੁਹਾਡੇ ਪਰਵਾਰ ਦੀਆਂ ਦੋ ਸਕੀਆਂ ਭੈਣਾਂ ਜੋ ਜਬਰ-ਜਨਾਹ ਦਾ ਸ਼ਿਕਾਰ ਹੋਣ ਪਿੱਛੋਂ ਅਤਿ ਦੀ ਪੀੜਾ ਵਿੱਚੋਂ ਗੁਜ਼ਰਦੀਆਂ ਹੋਈਆਂ ਨੇ ਫਾਹਾ ਲੈ ਕੇ ਤੁਹਾਡੇ ਪਰਵਾਰ ਤੋਂ ਅਲਵਿਦਾ ਲੈ ਕੇ ਮੁਕਤੀ ਪ੍ਰਾਪਤ ਕੀਤੀ, ਪਰ ਇਹ ਗੱਲ ਇੱਥੇ ਖਤਮ ਨਹੀਂ ਹੋਈ। ਇਸ ਬਦਨਸੀਬ ਘਟਨਾ ਦਾ ਅਗਲਾ ਸੀਨ ਦੇਖੋ, ਇਸ ਤੋਂ ਬਾਅਦ ਇਹਨਾਂ ਬਦਨਸੀਬ ਬੱਚੀਆਂ ਦਾ ਪਿਤਾ ਫਰਿਆਦੀ ਬਣ ਕੇ ਹਰ ਉਸ ਘਰ ਤੱਕ ਗਿਆ, ਜਿੱਥੋਂ ਉਹ ਆਪਣੀਆਂ ਬੱਚੀਆਂ ਦਾ ਇਨਸਾਫ ਲੈਣਾ ਚਾਹੁੰਦਾ ਸੀ। ਉਡੀਕਵਾਨ ਪਿਤਾ ਨੇ ਜਦ ਆਪਣੀ ਫਰਿਆਦ ਨੂੰ ਬੂਰ ਪੈਂਦਾ ਨਾ ਦੇਖਿਆ ਤਾਂ ਉਹ ਵੀ ਉਸੇ ਦਰੱਖਤ ਨਾਲ ਫਾਹਾ ਲੈ ਕੇ ਧੀਆਂ ਨੂੰ ਮਿਲਣ ਉਹਨਾਂ ਪਾਸ ਪਹੁੰਚ ਗਿਆ। ਮੋਦੀ ਜੀ ਇਹ ਹੁੰਦਾ ਹੈ ਪਰਵਾਰ ਦਾ ਦੁੱਖ, ਇੰਜ ਇਨਸਾਫ ਦੀ ਖਾਤਰ, ਧੀਆਂ ਖਾਤਰ ਅਜਿਹਾ ਖਤਰਨਾਕ ਰਸਤਾ ਚੁਣਿਆ ਜਾਂਦਾ ਹੈ। ਕਹਿਣ ਨਾਲ ਨਾ ਪਰਵਾਰ ਵੱਡਾ, ਨਾ ਛੋਟਾ, ਨਾ ਆਪਣਾ ਬਣਦਾ ਹੈ। ਪਰਵਾਰ ਲਈ ਬਹੁਤ ਕੁਝ ਕਰਨਾ ਪੈਂਦਾ ਹੈ। ਇਸ ਲਈ ਇਹ ਅਤਿਕਥਨੀ ਨਹੀਂ ਹੋਵੇਗੀ। ਜੇ ਆਖਿਆ ਜਾਵੇ ਕਿ ਪਰਵਾਰਕ ਮਾਮਲਿਆਂ ਵਿੱਚ ਜਨਾਬ ਨੇ ਅਜੇ ਤੱਕ "ਪੂਣੀ ਨਹੀਂ ਕੱਤੀ"।

ਚੋਣਾਂ ਜਿੱਥੇ ਜਿੱਤ-ਹਾਰ ਦਾ ਹਿਸਾਬ ਲਾਉਂਦੀਆਂ ਹਨ, ਉੱਥੇ ਹੀ ਕਿਸੇ ਦੇ ਪੱਲੇ ਕੀ ਹੈ, ਕੀ ਨਹੀਂ ਹੈ, ਇਸ ਦਾ ਵੀ ਬਾਖੂਬੀ ਹਿਸਾਬ ਲਾਉਂਦੀਆਂ ਹਨ। ਤੁਹਾਡਾ ਅਸਲ ਪਰਵਾਰ ਕਿੱਡਾ ਵੱਡਾ ਹੈ, ਚੋਣ-ਨਤੀਜਿਆਂ ਨੇ ਸਭ ਸਾਫ ਕਰ ਦੇਣਾ ਹੈ। ਬਸ, ਕੁਝ ਕੁ ਮਹੀਨਿਆਂ ਦਾ ਇੰਤਜ਼ਾਰ ਕਰੋ। ਇਸ ਲਈ ਇੰਡੀਆ ਗੱਠਜੋੜ ਨੂੰ ਵੀ ਆਪਣੀਆਂ ਸੇਵਾਵਾਂ ਚੋਣਾਂ 'ਚ ਗੱਠਜੋੜ ਨੂੰ ਹੋਰ ਮਜ਼ਬੂਤ ਤੇ ਪਕੇਰਾ ਕਰਨ ਲਈ ਦਿਨ-ਰਾਤ ਇੱਕ ਕਰ ਦੇਣਾ ਚਾਹੀਦਾ ਹੈ, ਤਾਂ ਜੋ ਬਾਅਦ 'ਚ "ਜੇ" ਕਹਿਣ ਦੀ ਜ਼ਰੂਰਤ ਨਾ ਪਵੇ।

**ਸੰਪਰਕ : 98721-65741**

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-12

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

'ਲੋਕਾਂ ਦੀ ਗੱਲ' ਵਾਲੇ ਇਸ ਕਾਲਮ ਵਿੱਚ ਅਸੀਂ ਸੰਘਰਸ਼ ਕਰਦੇ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਦੇ ਏਕੇ ਦੀ ਲੋੜ ਬਾਰੇ ਲਗਾਤਾਰ ਇੱਕ ਦਰਜਨ ਕਿਸ਼ਤਾਂ ਵਿੱਚ ਲਿਖਿਆ, ਅੱਜ ਕਿਸਾਨੀ ਸੰਘਰਸ਼ ਇਤਿਹਾਸ ਦੇ ਅਜਿਹੇ ਮੋੜ 'ਤੇ ਪਹੁੰਚ ਗਿਆ ਹੈ ਕਿ ਜਿੱਥੇ ਇੱਕ-ਦੂਜੇ ਨੂੰ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਵੱਡਾ/ਛੋਟਾ ਕਹਿਣ ਦਾ ਵਕਤ ਨਹੀਂ, ਇਹ ਮਸਲੇ ਕਿਤੇ ਫੇਰ ਨਜਿੱਠੇ ਜਾ ਸਕਦੇ ਹਨ, ਸਮੇਂ ਦੀ ਫੌਰੀ ਲੋੜ ਤਾਂ ਇਹ ਹੈ ਕਿ ਹਾਕਮੀ ਹੱਠ ਨੂੰ ਦੇਖਦੇ ਹੋਏ ਸਾਰੇ ਕਿਸਾਨ ਅਤੇ ਕਿਸਾਨ ਜਥੇਬੰਦੀਆਂ ਇਕੱਠੇ ਹੋ ਕੇ ਆਪਣੇ ਮਸਲਿਆਂ ਦੇ ਹੱਲ ਲਈ ਅੰਦੋਲਨ ਕਰਨ, ਨਹੀਂ ਤਾਂ ਫਿਰ ਸ਼ਾਇਦ ਬਹੁਤ ਦੇਰ ਹੋ ਚੁੱਕੀ ਹੋਵੇਗੀ। ਇਸ ਮਸਲੇ ਨੂੰ ਇੱਥੇ ਹੀ ਸਮੇਟਦਿਆਂ ਅੱਗੇ ਵਧਦੇ ਹਾਂ, ਕਿਉਂ ਜੋ ਸੰਘਰਸ਼ ਕਰਦੀਆਂ ਸਾਰੀਆਂ ਜੁਝਾਰੂ ਧਿਰਾਂ ਦੇ ਏਕੇ ਦੀ ਫੌਰੀ ਲੋੜ ਹੁੰਦੀ ਹੈ।

ਕਿਸੇ ਵੀ ਭੂਗੋਲਿਕ ਖਿੱਤੇ ਦੀ ਪਛਾਣ ਸਮਝਣ ਲਈ ਉਸ ਖਿੱਤੇ ਦੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਘੋਖਣਾ/ਸਮਝਣਾ ਬਹੁਤ ਜ਼ਰੂਰੀ ਹੁੰਦਾ ਹੈ। ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਪੜ੍ਹਨ ਨਾਲ ਉਸ ਖਾਸ ਖਿੱਤੇ ਦੇ ਵਿਕਾਸ-ਬਦਲਾਵ ਬਾਰੇ ਸਮਝਿਆ ਜਾ ਸਕਦਾ ਹੈ। ਸਾਹਿਤ ਸਿਰਜਣ ਪਰੰਪਰਾਵਾਂ ਨੂੰ ਘੋਖਣ ਤੋਂ ਇਹ ਤੱਥ ਸਹਿਜੇ ਹੀ ਸਾਹਮਣੇ ਆ ਜਾਂਦਾ ਹੈ ਕਿ ਸਾਹਿਤ ਵਿੱਚ ਉਸ ਖਿੱਤੇ ਦਾ ਅਤੇ ਉਥੇ ਵੱਸਣ ਵਾਲੇ ਲੋਕਾਂ ਦਾ ਸਮਾਜਿਕ ਵਿਕਾਸ ਕਿਵੇਂ ਹੁੰਦਾ ਆਇਆ ਹੈ। ਸੰਸਾਰ ਵਿੱਚ ਸਾਹਿਤ ਸਿਰਜਣ ਅਤੇ ਇਸ ਦੇ ਸਿਧਾਂਤਕ ਮਸਲਿਆਂ ਨੂੰ ਸਮਝਣ ਲਈ ਵੱਖ-ਵੱਖ ਪੱਧਤੀਆਂ ਪ੍ਰਚੱਲਤ ਰਹੀਆਂ ਹਨ। ਯੂਨਾਨੀ ਦੁਖਾਂਤ (ਗ੍ਰੀਕ ਟ੍ਰੈਜਡੀ), ਭਾਰਤੀ ਸੁਖਾਂਤ (ਨਾਟ ਸ਼ਾਸਤਰ), ਸ਼ੈਕਸਪੀਅਰ ਵਾਲਾ ਦੁਖਾਂਤ (ਸ਼ੈਕਸਪੀਰੀਅਨ ਟ੍ਰੈਜਡੀ) ਅਤੇ ਅਜਿਹੀਆਂ ਹੋਰ ਅਨੇਕਾਂ ਹੀ ਪਰੰਪਰਾਵਾਂ ਜਾਂ ਪੱਧਤੀਆਂ ਹਨ, ਜਿਨ੍ਹਾਂ ਰਾਹੀਂ ਅੱਜ ਤੱਕ ਵਿਦਵਾਨ/ਬੁੱਧੀਜੀਵੀ ਉਸ ਪੁਰਾਤਨ ਵਿਰਸੇ ਨੂੰ ਫਰੋਲਦਿਆਂ ਉਸ ਸਮੇਂ ਦੀ ਸਮਾਜਿਕ ਤੋਰ ਨਿਰਧਾਰਤ ਕਰਨ ਲਈ ਯਤਨਸ਼ੀਲ ਰਹੇ ਹਨ। ਇਹ ਉਪਰੋਕਤ ਪਰੰਪਰਾਵਾਂ ਜਿੱਥੇ ਇੱਕ ਪਾਸੇ ਸਾਡੇ ਪਾਠਕਾਂ ਲਈ ਸੂਚਨਾਮਈ ਗਿਆਨ ਲੈ ਕੇ ਆਉਂਦੀਆਂ ਹਨ, ਉਥੇ ਨਾਲ ਹੀ ਇਨ੍ਹਾਂ ਦੀਆਂ ਕੁਝ ਸੀਮਾਵਾਂ ਵੀ ਹਨ, ਜਿਨ੍ਹਾਂ ਦੇ ਸੀਮਤ ਦਾਇਰਿਆਂ ਵਿੱਚ ਰਹਿ ਕੇ ਹੀ ਰਚੀਆਂ/ਸਿਰਜੀਆਂ ਜਾਂਦੀਆਂ ਰਹੀਆਂ, ਪਰ ਇੱਕ ਗੱਲ ਪੱਕੀ ਹੈ ਕਿ ਇਹ ਸਾਰਾ ਗਿਆਨ ਸਮਕਾਲੀ ਸਮਾਜਿਕ ਵਰਤਾਰਿਆਂ ਦੇ ਸਮਵਿਥ ਤੁਰਦਾ ਹੋਣ ਕਰਕੇ ਉਸ ਖਾਸ ਸਮਾਜਿਕ ਦੌਰ ਦੀ ਤਸਵੀਰ ਵੀ ਪੇਸ਼ ਕਰਦਾ ਆ ਰਿਹਾ ਹੈ। ਸੰਸਾਰ ਪੱਧਰ 'ਤੇ ਸਮੇਂ-ਸਮੇਂ ਬਦਲਦੇ ਵਰਤਾਰਿਆਂ ਨੇ ਹੀ ਸਾਹਿਤ ਦੇ ਮਿਆਰ ਤੈਅ ਕਰਨੇ ਹੁੰਦੇ ਹਨ। ਪਹਿਲੀ ਸੰਸਾਰ ਜੰਗ ਵਿੱਚ ਹੋਇਆ ਮਨੁੱਖਤਾ ਦਾ ਘਾਣ ਅਤੇ ਅਨੇਕਾਂ ਵਿਅਕਤੀਆਂ ਦੀ ਮੌਤ ਆਲਮੀ ਪੱਧਰ 'ਤੇ ਵਿਚਾਰਵਾਨਾਂ ਨੂੰ ਇਕੱਠੇ ਹੋ ਕੇ ਬੈਠਣ ਅਤੇ ਸੋਚਣ ਲਈ ਮਜਬੂਰ ਕਰਦੀ ਹੈ। ਵੀਹਵੀਂ ਸਦੀ ਦੇ ਤੀਜੇ/ਚੌਥੇ ਦਹਾਕੇ ਵਿੱਚ ਯੂਰਪ ਵਿੱਚ ਕੁਝ ਜਾਗਦੀ ਜ਼ਮੀਰ ਵਾਲੇ ਸਿਰ ਜੁੜਦੇ ਹਨ। ਉਹ ਅਸਲ ਵਿੱਚ ਸਾਹਿਤ ਸਿਰਜਣ ਦੇ ਮਿਆਰ ਨਿਰਧਾਰਤ ਕਰਨ ਦੀ ਗੱਲ ਕਰਦੇ/ਸੋਚਦੇ ਹਨ। ਇਸ ਤੋਂ ਪਹਿਲਾਂ ਆਮ ਕਰਕੇ ਸਾਹਿਤ ਸਿਰਜਣ ਦਾ ਆਧਾਰ ਰਾਜੇ-ਮਹਾਰਾਜੇ ਜਾਂ ਉਨ੍ਹਾਂ ਨਾਲ ਜੁੜਿਆ ਇਤਿਹਾਸ ਹੀ ਕੇਂਦਰ ਵਿੱਚ ਰਿਹਾ ਜਾਂ ਫਿਰ ਸਾਹਿਤ ਸਿਰਜਣ ਦਾ ਆਧਾਰ ਵਿਅਕਤੀ ਦੇ ਨਿੱਜ ਤੱਕ ਸੀਮਤ ਹੋ ਕੇ ਰਹਿ ਜਾਂਦਾ ਰਿਹਾ। ਪਹਿਲੀ ਵਾਰ ਉਨ੍ਹਾਂ ਇਕੱਠਾਂ ਵਿੱਚ ਸਾਧਾਰਨ ਲੋਕਾਂ ਦੀ ਗੱਲ ਚੱਲੀ, ਸਾਹਿਤ ਕੋਲੋਂ ਇਹ ਤਵੱਕੋ ਕਰਨ ਦੀ ਗੱਲ ਉੱਠੀ ਕਿ ਜਿਸ ਨਾਲ ਉਹ ਇੱਕ ਅਜਿਹਾ ਮੁਆਸ਼ਰਾ ਸਿਰਜ ਸਕੇ ਜਿਸ ਵਿੱਚ ਹਰ ਬੰਦੇ ਨੂੰ ਜੀਉਣ ਦਾ ਹੱਕ ਵੀ ਮਿਲੇ ਅਤੇ ਉਸ ਦੇ ਹਿੱਸੇ ਦਾ ਅੰਬਰ/ਧਰਤੀ ਉਸ ਨੂੰ ਕਿਸੇ ਵੀ ਵਿਤਕਰੇ ਤੋਂ ਬਿਨਾਂ ਮਿਲਣਾ ਨਿਸ਼ਚਿਤ ਹੋ ਸਕੇ। ਸੰਸਾਰ ਪੱਧਰ ਦਾ ਇਹ ਪ੍ਰਗਤੀਵਾਦੀ ਅੰਦੋਲਨ (ਪ੍ਰੋਗਰੈਸਿਵ ਮੂਵਮੈਂਟ) ਹੌਲੀ-ਹੌਲੀ ਹੋਰ ਮੁਲਕਾਂ ਵਿੱਚ ਫੈਲਣ ਅਤੇ ਪੈਰ-ਪਸਾਰਨ ਲੱਗਾ। ਹਿੰਦੋਸਤਾਨ ਉਸ ਸਮੇਂ ਬਸਤੀਵਾਦੀਆਂ ਦੀ ਗ਼ੁਲਾਮੀ ਹੇਠ ਸੀ। ਇਸ ਸਮੇਂ ਤੱਕ ਮੁਲਕ ਦੀ ਆਜ਼ਾਦੀ ਦੀ ਤਹਿਰੀਕ ਸ਼ੁਰੂ ਹੋ ਚੁੱਕੀ ਸੀ। ਪੰਜਾਬ ਦੇ ਇਸ ਖਿੱਤੇ (ਲਹਿੰਦੇ ਅਤੇ ਚੜ੍ਹਦੇ ਪੰਜਾਬ) ਵਿੱਚ ਇਹ ਲਹਿਰ ਅੰਗਰੇਜ਼ਾਂ ਵੱਲੋਂ ਪੰਜਾਬ ਨੂੰ ਆਪਣੇ ਰਾਜ ਦੇ ਅਧੀਨ ਕਰਨ ਤੋਂ ਅੱਠ ਕੁ ਸਾਲ ਬਾਅਦ ਹੀ ਆਰੰਭ ਹੋ ਚੁੱਕੀ ਸੀ। ਗ਼ਦਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਅਤੇ ਇਨ੍ਹਾਂ ਨਾਲ ਜੁੜੀਆਂ ਹੋਰ ਅਨੇਕਾਂ ਲਹਿਰਾਂ ਨਾਲ ਜੁੜੇ ਲੋਕ ਆਪੋ ਆਪਣੀ ਪੱਧਰ 'ਤੇ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਸਨ ਤਾਂ ਕਿ ਆਜ਼ਾਦੀ ਮਿਲਣ ਤੋਂ ਬਾਅਦ ਹਰ ਬਸ਼ਰ ਲਈ ਉਸ ਦੇ ਹਿੱਸੇ ਦੀ ਧਰਤੀ ਅਤੇ ਅੰਬਰ ਨਿਰਧਾਰਤ ਹੋ ਸਕੇ ਅਤੇ ਉਹ ਆਜ਼ਾਦ ਮੁਲਕ ਦੀ ਆਜ਼ਾਦ ਫਿਜ਼ਾ ਵਿੱਚ ਵਿਚਰ ਸਕੇ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਉਸ ਦੇ ਹੋਰ ਅਨੇਕ ਜੁਝਾਰੂ ਸਾਥੀਆਂ ਦੀ ਸੋਚ ਵੀ ਅਜਿਹੀ ਹੀ ਸੀ ਕਿ ਆਜ਼ਾਦੀ ਸਾਰੀਆਂ ਧਿਰਾਂ ਲਈ ਬਰਾਬਰੀ ਨਾਲ ਜੀਣ-ਥੀਣ ਦਾ ਹੱਕ ਲੈ ਕੇ ਆਵੇ।

ਪੰਜਾਬ ਵਿੱਚ ਪੰਜਾਬੀ ਭਾਸ਼ਾ ਦਾ ਸਾਹਿਤ ਮੱਧ ਕਾਲ ਵਿੱਚ ਹੀ ਅਜਿਹੀਆਂ ਪੈੜਾਂ ਪਾ ਚੁੱਕਾ ਸੀ, ਤਾਂ ਜੋ ਧਰਮਾਂ-ਜਾਤਾਂ-ਵਰਗਾਂ ਤੋਂ ਉਪਰ ਉਠ ਕੇ ਇਕ ਸਾਂਝੇ ਸਮਾਜ ਦੀ ਉਸਾਰੀ ਦੀ ਨੀਂਹ ਪੱਕੀ ਹੋ ਸਕੇ। ਸੰਤ ਕਬੀਰ, ਗੁਰੂ ਰਵਿਦਾਸ, ਗੁਰੂ ਨਾਨਕ, ਬੁੱਲ੍ਹੇ ਸ਼ਾਹ ਵਰਗੇ ਅਨੇਕਾਂ ਅਦੀਬ ਆਪਣੇ-ਆਪਣੇ ਸਮੇਂ ਆਪੋ-ਆਪਣੇ ਖੇਤਰ ਵਿੱਚ ਇਸ ਪਾਸੇ ਕਾਰਜ ਆਰੰਭ ਕਰ ਚੁੱਕੇ ਸਨ। ਹਿੰਦੁਸਤਾਨ ਪੱਧਰ 'ਤੇ ਉਰਦੂ ਅਤੇ ਹਿੰਦੀ ਦੇ ਸਾਹਿਤਕਾਰਾਂ ਨੇ ਇੱਕ ਅਜਿਹੀ ਤਨਜ਼ੀਮ ਦੀ ਸਿਰਜਣਾ ਕਰਨ ਦਾ ਮਨ ਬਣਾਇਆ, ਜਿਸ ਰਾਹੀਂ ਕਿਸੇ ਵੀ ਭਾਸ਼ਾ ਦੇ ਸਿਰਜਣਹਾਰੇ ਨੂੰ ਇੱਕ ਅਜਿਹੀ ਸੇਧ ਮਿਲ ਸਕੇ ਕਿ ਸਾਹਿਤ ਸਿਰਜਣਾ ਦੇ ਕੇਂਦਰ ਵਿੱਚ ਵਿਸ਼ੇਸ਼ ਮਾਨਵ ਦੀ ਥਾਂ ਆਮ ਬੰਦਾ ਲੈ ਸਕੇ। ਸਾਹਿਤ ਕੇਵਲ 'ਮਲਕ ਭਾਗੋਆਂ' ਦਾ ਹੀ ਨਾ ਰਹਿ ਕੇ 'ਭਾਈ ਲਾਲੋਆਂ' ਦੀ ਵੀ ਗੱਲ ਕਰੇ, ਇਸ ਤਨਜ਼ੀਮ ਨੂੰ ਆਰੰਭ ਕਰਨ ਵਾਲਿਆਂ ਵਿੱਚ ਮੁਨਸ਼ੀ ਪ੍ਰੇਮ ਚੰਦ, ਰਜਿੰਦਰ ਸਿੰਘ ਬੇਦੀ, ਸੱਯਦ ਸੱਯਾਦ ਜ਼ਹੀਰ ਅਤੇ ਹੋਰ ਅਨੇਕਾਂ ਤਰੱਕੀ-ਪਸੰਦ ਲੇਖਕ ਸ਼ਾਮਲ ਹੋਏ। ਬਾਅਦ ਵਿੱਚ ਭੀਸ਼ਮ ਸਾਹਨੀ ਅਤੇ ਹੋਰ ਕਈ ਨਾਮਵਰ ਕਲਮਕਾਰ ਵੀ ਇਸ ਲਹਿਰ ਦਾ ਹਿੱਸਾ ਬਣਦਾ ਰਹੇ। ਸਮੁੱਚੇ ਹਿੰਦੋਸਤਾਨ ਵਿੱਚ ਇਸ ਤਨਜ਼ੀਮ ਦਾ ਵਿਸਥਾਰ ਵੀ ਹੁੰਦਾ ਗਿਆ ਅਤੇ ਤਰੱਕੀ-ਪਸੰਦ ਲੋਕ ਇਸ ਨਾਲ ਜੁੜਦੇ ਵੀ ਗਏ। 'ਪ੍ਰਗਤੀਸ਼ੀਲ ਲੇਖਕ ਸੰਘ' ਦੇ ਨਾਂਅ ਹੇਠ ਇਹ ਇੱਕ ਅਜਿਹੀ ਲਹਿਰ ਸੀ, ਜਿਸ ਨੇ ਸਾਹਿਤ ਸਿਰਜਣ ਦੇ ਮਿਆਰ ਵੀ ਨਿਰਧਾਰਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਸਾਧਾਰਨ ਲੋਕਾਂ ਨੂੰ ਸਾਹਿਤ ਸਿਰਜਣਾ ਵਿੱਚ ਲਿਆ ਕੇ ਉਨ੍ਹਾਂ ਦਾ ਆਤਮ ਵਿਸ਼ਵਾਸ ਵੀ ਵਧਾਇਆ। ਉਦੋਂ ਕੁਝ ਸਮੇਂ ਲਈ ਪੰਜਾਬੀ ਭਾਸ਼ਾ ਨਾਲ ਜੁੜੇ ਕਲਮਕਾਰਾਂ ਨੇ ਪੰਜਾਬ ਵਿੱਚ ਇਸ ਦੀ ਇਕਾਈ ਸਥਾਪਤ ਕੀਤੀ ਪਰ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ 'ਕੇਂਦਰੀ ਪੰਜਾਬੀ ਲੇਖਕ ਸਭਾ' ਦਾ ਗਠਨ ਕੀਤਾ।

***ਸੰਪਰਕ : 98721-73475***

# ਏ ਤੇਰਾ ਘਰ ਏ ਮੇਰਾ ਘਰ....

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

ਘਰ ਬਾਰੇ ਧਾਰਨਾ ਬਣੀ, ਪੰਜਾਬੀ ਦੇ ਇਸ ਅਖਾਣ ਤੋਂ, 'ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਨਾ ਬੱਲਖ ਨਾ ਬੁਖਾਰੇ,' ਇਸੇ ਤਰ੍ਹਾਂ ਅੰਗਰੇਜ਼ੀ ਵਿਚ ਸੁਣਿਆ ਹੈ, ਈਸਟ ਔਰ ਵੈਸਟ ਹੋਮ ਇਜ ਦਾ ਬੈਸਟ। ਘਰ ਬਾਰੇ ਕਿੰਨੀਆਂ ਹੀ ਧਾਰਨਾਵਾਂ ਹਨ, ਵਿਚਾਰ ਹਨ, ਜਿਵੇਂ, ਔਰਤਾਂ ਦੇ ਬਾਰੇ ਇਕ ਸਮਝ ਹੈ ਕਿ ਉਨ੍ਹਾਂ ਦਾ ਕੋਈ ਘਰ ਨਹੀਂ ਹੁੰਦਾ। ਇਸ ਦਾ ਸਮਾਜਿਕ ਪਰਿਪੇਖ ਸਮਝਣ ਦੀ ਲੋੜ ਹੈ। ਘਰ ਨੂੰ ਲੈ ਕੇ ਇਕ ਧਾਰਨਾ ਕਿਸਾਨੀ ਅੰਦੋਲਨ ਤੋਂ ਉੱਭਰੀ। ਸੜਕਾਂ ਤੇ ਘਰ, ਡਿਵਾਈਡਰ ਤੇ ਘਰ! ਮੈਂ ਉਥੇ ਗਿਆ ਤੇ ਵਿਚਰਿਆ ਤੇ ਪ੍ਰੇਰਿਤ ਹੋ ਕੇ 'ਸੜਕਾਂ ਤੇ ਘਰ' ਇਕ ਲੰਮੀ ਕਵਿਤਾ ਦੀ ਵਿਉਂਤ ਬਣਾਈ। ਕਈ ਕਵਿਤਾਵਾਂ ਲਿਖੀਆਂ ਪਈਆਂ ਹਨ। ਕਵਿਤਾ ਨੂੰ ਲੈ ਕੇ ਲਿਖੀਆਂ ਕਵਿਤਾਵਾਂ ਵਿਚ ਇਹ ਖਿਆਲ ਹੈ ਕਿ ਅਸਮਾਨ ਹੈ, ਧਰਤੀ ਹੈ, ਛੱਤਾਂ ਤੇ ਦੀਵਾਰਾਂ ਤੋਂ ਬਿਨਾਂ ਇਕ ਘਰ ਹੋਵੇ। ਘਰ ਦਾ ਅਧਾਰ ਹੋਵੇ-ਪਿਆਰ, ਨਾ ਕੋਈ ਭੈਅ ਨਾ ਕੋਈ ਡਰ ਹੋਵੇ।

ਔਰਤਾਂ ਦੀ ਗੱਲ ਕੀਤੀ। ਸਾਡੀ ਇਕ ਨਾਰੀ ਕਵਿੱਤਰੀ ਹੈ ਅਰਤਿੰਦਰ ਸੰਧੂ, ਨਿਸ਼ਚਿਤ ਹੀ ਸੰਵੇਦਨਸ਼ੀਲਤਾ, ਉਸ ਦੀ ਕਿਤਾਬ ਹੈ "ਘਰ ਘਰ ਅਤੇ ਘਰ" ਕਿਤਾਬ ਦੇ ਕਿਹਾ ਕਿ ਇਸ ਬਾਰੇ ਕੁਝ ਸ਼ਬਦ ਲਿਖਾਂ ਉਸ ਉਪਰ, ਖਾਲਸਾ ਕਾਲਜ ਦੀ ਪ੍ਰਿੰਸੀਪਲ ਸੁਖਬੀਰ ਕੌਰ ਮਾਹਿਲ ਇਕ ਲੇਖਾਂ ਦੀ ਕਿਤਾਬ ਤਿਆਰ ਕਰ ਰਹੀ ਸੀ। ਮੈਂ ਆਲੋਚਕ ਤਾਂ ਰਹੀ ਹਾਂ, ਪਰ ਉਸ ਕਿਤਾਬ ਬਾਰੇ ਲੇਖ ਲਿਖਣ ਦੀ ਮੈਂ ਹਾਮੀ ਭਰ ਦਿੱਤੀ ਤੇ ਨਿਸ਼ਚਤ ਸਮੇਂ ਵਿਚ ਲੇਖ ਲਿਖ ਕੇ ਮੁਹੱਈਆ ਕਰਵਾ ਦਿੱਤਾ। ਉਸ ਕਿਤਾਬ ਤੋਂ ਕਈ ਨਵੇਂ ਨਜ਼ਰੀਏ, ਪਹਿਲੂ ਜਾਨਣ ਨੂੰ ਮਿਲੇ। ਘਰ ਨੂੰ ਬ੍ਰਹਿਮੰਡ ਦੇ ਤੁਲ ਰੱਖ ਕੇ ਪੇਸ਼ ਕੀਤਾ ਗਿਆ ਹੈ। ਬ੍ਰਹਿਮੰਡ 'ਚ ਸਾਡਾ ਗ੍ਰਹਿ ਇਕ ਪਰਵਾਰ ਹੈ। ਘਰ ਵਾਂਗ ਸਭ ਦਾ ਇਕ ਰਿਸ਼ਤਾ ਹੈ ਸਾਰੇ ਆਪਣੇ ਆਪਣੇ ਘੇਰੇ ਵਿਚ ਘੁੰਮ ਰਹੇ ਹਨ। ਉਹ ਨਵੀਂ ਗੱਲ ਸੀ।

ਚੜ੍ਹਦੀ ਜਵਾਨੀ ਦੇ ਸਾਲਾਂ ਵਿਚ ਇਕ ਫਿਲਮ ਆਈ 'ਸਾਥ-ਸਾਥ' ਫਾਰੂਕ ਸ਼ੇਖ ਅਤੇ ਦੀਪਤੀ ਨਵਲ ਵੱਲੋਂ ਉਸ ਦੇ ਕਿਰਦਾਰ ਨਿਭਾਏ ਗਏ। ਉਹਦਾ ਇਕ ਗਾਣਾ ਸੀ- 'ਯੇ ਤੇਰਾ ਘਰ ਯੇ ਮੇਰਾ ਘਰ, ਕਿਸੀ ਕੋ ਦੇਖਣਾ ਹੈ ਗਰ ਤੋਂ ਪਹਿਲੇ ਆ ਕੇ ਮਿਲਾ ਲੈ ਤੇਰੀ ਨਜ਼ਰ ਮੇਰੀ ਨਜ਼ਰ।' ਘਰ ਇਕ ਅਜਿਹੀ ਅਹਿਸਾਸੀ ਥਾਂ ਹੈ, ਜਿਸ ਨੂੰ ਦੇਖਣ ਤੇ ਸਮਝਣ ਦਾ, ਹਰ ਸ਼ਖਸ ਕੋਲ ਆਪਣਾ-ਆਪਣਾ ਨਜ਼ਰੀਆ ਹੈ।

ਇਸ ਗੀਤ ਦੀਆਂ ਇਹ ਲਾਈਨਾਂ ਮੇਰੇ ਦਿਲ ਅੰਦਰ ਬੈਠ ਗਈਆਂ ਤੇ ਇੱਕੀ ਅਕਤੂਬਰ, ਅੱਜ ਤੋਂ ਕੋਈ ਚਾਰ ਦਹਾਕੇ ਪਹਿਲਾਂ ਇਨ੍ਹਾਂ ਲਾਈਨਾਂ ਨਾਲ ਮੈਂ ਆਪਣੀ ਸਾਥਣ ਊਸ਼ਾ ਦੀਪਤੀ ਦਾ ਆਪਣੇ ਘਰ ਵਿਚ ਸਵਾਗਤ ਕੀਤਾ। ਅਬੋਹਰ ਦੇ ਲਾਜਪਤ ਨਗਰ ਵਿਚ, ਆਪਣੇ ਜੱਦੀ ਘਰ ਰਹਿੰਦੇ ਹੋਏ।

ਭਾਵੇਂ ਮੈਂ ਇਹ ਘਰ 1974 ਵਿਚ ਛੱਡ ਦਿੱਤਾ ਸੀ ਤੇ ਆਪਣੀ ਐੱਮ.ਬੀ.ਬੀ.ਐੱਸ. ਦੀ ਪੜ੍ਹਾਈ ਲਈ ਪਟਿਆਲੇ ਰਵਾਨਾ ਹੋ ਗਿਆ ਸੀ। ਸਬੱਬ ਨਾਲ ਪਟਿਆਲੇ ਮੇਰੇ ਮਾਮਾ ਜੀ ਰਹਿੰਦੇ ਸੀ। ਇਸ ਤਰ੍ਹਾਂ ਇਕ ਘਰ ਸੀ ਤੇ ਅਬੋਹਰ ਦਾ ਘਰ ਛੱਡਣ ਦਾ ਅਹਿਸਾਸ ਨਾ ਦੇ ਬਰਾਬਰ ਸੀ। ਹੋਸਟਲ ਵਿਚ ਰਹਿੰਦਿਆਂ ਵੀ ਮੈਂ ਜਦੋਂ ਦਿਲ ਕਰਦਾ ਮਾਮਾ ਜੀ ਕੋਲ ਆ ਜਾਂਦਾ। ਆਪਣੀ ਪੂਰੀ ਛੁੱਟੀ ਤੋਂ ਬਾਅਦ ਸ਼ਾਮੀਂ ਹੀ ਉਨ੍ਹਾਂ ਨੂੰ ਮਿਲਣ ਦਾ ਵਕਤ ਮਿਲਦਾ ਤੇ ਸ਼ਾਮੀਂ ਉਨ੍ਹਾਂ ਨੇ ਕਦੇ ਵੀ ਰੋਟੀ ਖਾਧੇ ਬਗੈਰ ਘਰ ਤੋਂ ਨਹੀਂ ਜਾਣ ਦਿੱਤਾ। ਅਬੋਹਰ ਤੋਂ ਮੇਰਾ ਇਕ ਜਮਾਤੀ ਸੀ, ਜੋ ਥਾਪਰ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦਾ ਸੀ। ਉਸ ਨਾਲ ਵੀ ਇਸੇ ਤਰ੍ਹਾਂ ਦੀ ਰੋਟੀ ਦੀ ਸਾਂਝ ਸੀ।

ਆਪਣੇ ਕੋਰਸ ਦੀ ਟ੍ਰੇਨਿੰਗ ਦੌਰਾਨ ਮੈਂ ਬਠਿੰਡੇ ਇਹ ਕੰਮ ਸਿੱਖਿਆ। ਉੱਥੇ ਮੇਰਾ ਦੋਸਤ ਪ੍ਰਦੀਪ ਚਾਵਲਾ ਆਪਣੇ ਮਾਪਿਆਂ ਨਾਲ ਰਹਿ ਰਿਹਾ ਸੀ, ਪਰ ਸਾਹਿਤ ਸੰਗਮ ਬਠਿੰਡਾ ਨਾਲ ਜੁੜ ਕੇ ਮੈਂ ਅਕਸਰ ਸ਼ਾਮ ਨੂੰ ਸੰਸਥਾ ਦੇ ਪ੍ਰਧਾਨ ਫੂਲਚੰਦ ਮਾਨਵ ਅਤੇ ਜਨਰਲ ਸਕੱਤਰ ਹਰਭਜਨ ਖੇਮਕਰਨੀ ਕੋਲ ਹੁੰਦਾ ਤੇ ਉਥੋਂ ਵੀ ਉਨ੍ਹਾਂ ਦੇ ਘਰ ਤੋਂ ਰੋਟੀ ਖਾਧੇ ਬਗੈਰ ਨਾ ਆਉਂਦਾ। ਇਸ ਤਰ੍ਹਾਂ ਆਪਣਾ ਘਰ ਛੱਡਿਆਂ ਭਾਵੇਂ ਛੇ ਸਾਲ ਹੋ ਚੱਲੇ ਸੀ, ਪਰ ਕਿਤੇ ਵੀ ਗ਼ੈਰਪੁਣੇ ਦਾ ਅਹਿਸਾਸ ਨਹੀਂ ਹੋਇਆ। ਪਟਿਆਲੇ ਤਾਂ ਭਾਵੇਂ ਮੇਰੇ ਮਾਮਾ ਜੀ ਸੀ, ਪਰ ਬਠਿੰਡੇ ਉਨ੍ਹਾਂ ਤੋਂ ਵੀ ਵੱਧ ਨੇੜਤਾ ਵਾਲਾ ਸੰਬੰਧ ਸਾਹਿਤ ਸੰਗਮ ਦੇ ਕਾਰਕੁਨਾਂ ਨਾਲ ਸੀ। ਅੱਜ ਪੰਜਾਹ ਸਾਲ ਬਾਅਦ ਵੀ ਉਹ ਸੰਬੰਧ ਉਸੇ ਤਰ੍ਹਾਂ ਕਾਇਮ ਹਨ। ਘਰ ਵਰਗਾ ਅਹਿਸਾਸ।

ਜਿਸ ਤਰ੍ਹਾਂ ਸ਼ੁਰੂ ਵਿਚ ਕਿਹਾ ਘਰ ਨੂੰ ਦੇਖਣ ਦਾ ਆਪਣਾ-ਆਪਣਾ ਨਜ਼ਰੀਆ ਹੈ। ਉਹ ਆਪਣਾ ਘਰ ਜਿਸ ਨੂੰ ਲੋਕੀ ਚਾਰਦੀਵਾਰੀ ਵਿਚ ਬੰਨ੍ਹਿਆ ਸਮਝਦੇ ਹਨ, ਜਿਸ ਦੇ ਬਾਹਰ ਇਕ ਨੇਮ ਪਲੇਟ ਲੱਗੀ ਹੁੰਦੀ ਹੈ, ਜ਼ਰੂਰ ਇਕ ਪਛਾਣ ਹੁੰਦੀ ਹੈ ਤੇ ਉਹ ਇਕ ਇਮਾਰਤੀ ਰੂਪ ਹੁੰਦਾ ਹੈ। ਇਕ ਗੱਲ ਹੋਰ ਹੈ ਕਿ ਉਸ ਦੇ ਅੰਦਰ ਰਹਿਣ ਵਾਲੇ ਲੋਕਾਂ ਦੇ ਵਿਚਕਾਰ ਘਰ ਦਾ ਮੂਲਭਾਵ ਪਿਆਰ ਹੈ ਜਾਂ ਨਹੀਂ।

1981 ਦੇ ਵਿਚ ਮੈਨੂੰ ਪੰਜਾਬ ਸਰਕਾਰ ਦੀ ਨੌਕਰੀ ਮਿਲ ਗਈ ਤੇ ਮੈਂ ਕੁਝ ਸਮਾਂ ਆਪਣੇ ਹੈੱਡ ਕੁਆਟਰ ਬੁਢਲਾਡਾ ਵਿਖੇ ਰਹਿ ਕੇ ਨੌਕਰੀ ਵਾਲੀ ਥਾਂ ਪਿੰਡ, ਬੀਰੋ ਕੇ ਕਲਾਂ ਆਪਣਾ ਬੋਰੀ-ਬਿਸਤਰ ਚੁੱਕ ਲਿਆਇਆ ਤੇ ਤਕਰੀਬਨ ਦੋ ਸਾਲ ਉਥੇ ਟਿਕਿਆ ਰਿਹਾ। ਜਿੱਥੇ ਰਹਿਣ ਨੂੰ ਥਾਂ ਹੋਵੇ ਤੇ ਖਾਣ ਨੂੰ ਰੋਟੀ ਦਾ ਜੁਗਾੜ ਹੋ ਜਾਵੇ, ਫਿਰ ਬੰਦੇ ਦੀ ਭਟਕਣ ਮੁੱਕ ਜਾਂਦੀ ਹੈ।

ਜਦੋਂ ਮੇਰੇ ਹੱਥ ਜ਼ਿਲ੍ਹਾ ਬਠਿੰਡੇ ਦੇ ਪਿੰਡ ਬੀਰੋ ਕੇ ਕਲਾਂ ਦੀ ਮੈਡੀਕਲ ਅਫਸਰੀ ਦੇ ਹੁਕਮ ਫੜਾਏ ਗਏ ਤਾਂ ਉਦੋਂ ਹੀ ਮੈਨੂੰ ਕਈ ਲੋਕਾਂ ਵੱਲੋਂ ਡਰਾਇਆ ਗਿਆ ਕਿ ਬੀਰੋ ਕੇ ਕਲਾਂ ਪਿੰਡ ਵੈਲੀਆਂ, ਨਸ਼ੇੜੀਆਂ ਦਾ ਅਤੇ ਲੜਾਈ-ਝਗੜਾ ਕਰਨ ਵਾਲੇ ਲੋਕਾਂ ਦਾ ਪਿੰਡ ਹੈ ਤੇ ਮੈਂ ਕਿਸੇ ਤਰ੍ਹਾਂ ਜੁਗਾੜ ਕਰਕੇ ਆਪਣੇ ਵਿਭਾਗ ਵੱਲੋਂ ਮਿਲੇ ਆਰਡਰਾਂ ਨੂੰ ਕੈਂਸਲ ਕਰਵਾ ਲਵਾਂ ਤੇ ਕੋਈ ਨਵਾਂ ਥਾਂ ਲੈਣ ਦੀ ਕੋਸ਼ਿਸ਼ ਕਰਾਂ। ਇਸ ਪੱਖੋਂ ਮੈਂ ਹਰ ਪਾਸਿਓਂ ਕੋਰਾ ਸੀ ਤੇ ਸਰਕਾਰ ਨਾਲ ਇਹ ਪਹਿਲਾ ਵਾਹ-ਵਾਸਤਾ ਸੀ। ਸਬੱਬੀਂ ਮਿਲੀ ਨੌਕਰੀ ਨੂੰ ਛੱਡਣ ਦਾ ਸੋਚਿਆ ਵੀ ਨਹੀਂ ਸੀ ਜਾ ਸਕਦਾ ਤੇ ਮੈਂ ਹਿੰਮਤ ਕਰਕੇ ਪਿੰਡ ਹਾਜ਼ਰ ਹੋ ਗਿਆ। ਉਥੇ ਨੌਕਰੀ ਕਰਨ ਦਾ ਸਬੱਬ ਇਹ ਬਣਿਆ ਕਿ ਮੈਂ ਦੋ ਸਾਲ ਉਥੇ ਰਹਿ ਕੇ ਇਕ ਦਿਨ ਵੀ ਆਪਣੇ ਹੱਥ ਨਾਲ ਰੋਟੀ ਨਹੀਂ ਬਣਾਈ ਤੇ ਤੁਸੀਂ ਹੈਰਾਨ ਹੋਵੋਗੇ ਕਿ ਮੈਂ ਅੱਜ ਵੀ ਚਾਲੀ ਸਾਲ ਬਾਅਦ ਉਸ ਪਿੰਡ ਦੇ ਲੋਕਾਂ ਨੂੰ ਮਿਲ ਕੇ ਜਾਂ ਉਹ ਵੀ ਲੋਕ ਮੈਨੂੰ ਅੱਜ ਤੱਕ ਯਾਦ ਕਰਦੇ ਹਨ।

ਜੇਕਰ ਨਾਲ ਜੋੜਾਂ ਤਾਂ, ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਜੋ ਮੈਂ ਸ਼ੁਰੂ ਵਿਚ ਇਕ ਗੀਤ ਦੇ ਬੋਲਾਂ ਰਾਹੀਂ ਇਕ ਗੱਲ ਸਾਂਝੀ ਕੀਤੀ ਹੈ ਕਿ ਮੇਰੇ ਘਰ ਨੂੰ ਮੇਰੀ ਨਜ਼ਰ ਨਾਲ ਦੇਖਣ-ਸਮਝਣ ਵਾਲਾ ਹੋਵੇ, ਉਹ ਸ਼ਖਸ ਵੀ ਮੈਨੂੰ ਆਪਣੀ ਨੌਕਰੀ ਦੌਰਾਨ ਪੀ.ਐੱਚ.ਸੀ. ਬੁਢਲਾਡਾ ਤੋਂ ਹੀ ਹਾਸਲ ਹੋਇਆ ਹੈ। ਇਸ ਲਈ ਉਹ ਵੈਲੀ ਸਮਝਿਆ ਜਾਂਦਾ ਪਿੰਡ ਤੇ ਨਸ਼ੇੜੀ ਸਮਝੇ ਜਾਂਦੇ ਲੋਕ ਮੇਰੇ ਲਈ ਅੱਜ ਵੀ ਖਾਸ ਮਾਇਨੇ ਰੱਖਦੇ ਹਨ। ਸਭ ਤੋਂ ਵੱਡੀ ਗੱਲ ਤੁਹਾਨੂੰ ਹਮ ਸਫਰ ਤਾਂ ਮਿਲ ਜਾਂਦਾ ਹੈ, ਪਰ ਹਮ ਨਜ਼ਰ ਮਿਲਣਾ ਸਹੀ ਮਾਇਨੇ ਵਿਚ ਇਕ ਨਿਆਮਤ ਹੁੰਦਾ ਹੈ।

ਗੱਲ ਚੱਲੀ ਸੀ ਘਰ ਦੀ, ਤੁਹਾਨੂੰ ਕਿਹਾ ਨਾ ਘਰ ਦੇ ਕਿੰਨੇ ਹੀ ਰੂਪ ਹਨ, ਕਿੰਨੀਆਂ ਹੀ ਵਿਆਖਿਆਵਾਂ ਤੇ ਇਕ ਵਸਤੂ ਵੀ ਹੈ। ਇਸ ਦਾ ਇਕ ਸਮਾਜਿਕ ਰੁਤਬਾ ਵੀ ਹੈ ਤੇ ਰਹਿਣ ਦੇ ਲਈ ਇਕ ਮਨੋਵਿਗਿਆਨਕ ਕੋਨਾ ਵੀ ਹੈ, ਜਿਸ ਦੀ ਤਲਾਸ਼ ਬਹੁਤੇ ਬੰਦਿਆਂ ਨੂੰ, ਚਾਹੇ ਉਹ ਮਰਦ ਹੈ ਤੇ ਚਾਹੇ ਔਰਤ, ਹਮੇਸ਼ਾ ਰਹਿੰਦੀ ਹੈ। ਭਾਵੇਂ ਔਰਤਾਂ ਲਈ ਉਹ ਤਲਾਸ਼ ਸਾਰੀ ਉਮਰ ਰਹਿੰਦੀ ਹੈ।

ਘਰ ਸੁਰੱਖਿਆ ਦਾ ਵੀ ਅਹਿਸਾਸ ਹੈ। ਵਿਸ਼ਵ ਮਨੋਵਿਗਿਆਨੀਆਂ, ਖਾਸ ਕਰਕੇ ਮਾਸਲੋ ਨੇ ਮਨੁੱਖੀ ਜੀਵਨ ਦੀਆਂ ਪੰਜ ਪੱਧਰੀ ਜ਼ਰੂਰਤਾਂ ਦਾ ਜ਼ਿਕਰ ਕੀਤਾ ਹੈ। ਸਭ ਤੋਂ ਮੁੱਢਲੀ ਹੈ ਭੁੱਖ ਲਈ ਰੋਟੀ, ਦੂਸਰੀ ਹੈ ਸਮਾਜਿਕ ਸੁਰੱਖਿਆ ਰਾਹੀਂ ਖੁਦ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਅ ਕੇ ਰੱਖਣਾ, ਜੋ ਕਿ ਮੁੱਖ ਤੌਰ 'ਤੇ ਜਾਨਵਰਾਂ ਵਿਚ ਗੁਫਾਵਾਂ ਹੁੰਦੀਆਂ ਸੀ ਤੇ ਇਸ ਆਧੁਨਿਕ ਮਨੁੱਖ ਵਿਚ ਘਰ ਦੀ ਜ਼ਰੂਰਤ। ਇਸ ਤੋਂ ਬਾਅਦ ਹੀ ਮਨੁੱਖ ਆਪਸ ਵਿਚ ਮਿਲ ਕੇ ਰਹਿਣ ਬਾਰੇ ਸੋਚ ਸਕਦਾ ਹੈ। ਫਿਰ ਹੀ ਮਨੁੱਖ ਦੀ ਪਹਿਚਾਣ ਦੀ ਗੱਲ ਆਉਂਦੀ ਹੈ ਤੇ ਫਿਰ ਮਾਸਲੋ ਮੁਤਾਬਿਕ ਆਖਰੀ ਜ਼ਰੂਰਤ ਹੈ ਆਤਮ ਚਿੰਤਨ ਦੀ। ਉਹ ਵੀ ਤਾਂ ਹੀ ਸਿਰੇ ਚੜ੍ਹਦੀ ਹੈ ਜੇ ਕਿਸੇ ਕੋਲ ਆਪਣੇ ਹੀ ਘਰ ਦੇ ਵਿਚ, ਆਪਣਾ ਇਕ ਬੇਫਿਕਰੀ ਵਾਲਾ ਕੋਨਾ ਹੋਵੇ। ਉਹਦੀ ਆਪਣੀ ਥਾਂ, ਸਿਰਫ ਉਸ ਦੀ ਆਪਣੀ ਹੋਵੇ।

ਜਦੋਂ ਮੈਂ ਆਪਣੇ-ਆਪ ਨੂੰ ਲੈ ਕੇ ਘਰ ਦੀ ਗੱਲ ਕਰਦਾ ਹਾਂ ਤਾਂ ਮੇਰੇ ਕੋਲ ਆਪਣੇ ਘਰ ਦਾ ਅਜੀਬ ਜਿਹਾ ਅਹਿਸਾਸ ਹੈ। ਉੱਥੇ ਹੋਸਟਲ ਦਾ ਅਹਿਸਾਸ ਵੱਖਰਾ ਹੈ। ਆਪਣਾ ਘਰ ਵਸਾ ਕੇ ਕਿਰਾਏ ਦੇ ਮਕਾਨਾਂ ਵਿਚ ਰਹਿਣ ਵੇਲੇ ਉਸ ਨੂੰ ਆਪਣਾ ਸਮਝ ਕੇ ਜਿਉਣ ਦਾ ਵੱਖਰਾ ਹੀ ਅਹਿਸਾਸ ਹੈ। ਇਸੇ ਲਈ ਇਸ ਕਸ਼ਮਕਸ਼ ਵਿਚ ਰਿਹਾ ਕਿ ਜਦੋਂ ਮੈਂ ਆਪਣਾ ਘਰ ਉਸਾਰਿਆ ਤਾਂ ਕਿਸੇ ਨੂੰ ਕਿਰਾਏ 'ਤੇ ਨਹੀਂ ਰੱਖਣਾ। ਫਿਰ ਇਹ ਵੀ ਸੋਚਿਆ ਕਈ ਵਾਰ ਕਿ ਆਪਣੇ ਘਰ ਦੇ ਵਿਚ ਕਿਰਾਏਦਾਰ ਰੱਖ ਕੇ, ਉਸ ਨੂੰ ਆਪਣੇ ਘਰ ਵਰਗਾ ਅਹਿਸਾਸ, ਆਪਣੇ ਭੈਣ-ਭਰਾਵਾਂ ਵਰਗਾ ਨਿੱਘ ਦੇਣਾ, ਇਕ ਵੱਖਰੇ ਅਹਿਸਾਸ ਨੂੰ ਮਹਿਸੂਸ ਕਰਨਾ ਸੀ ਤੇ ਆਪਣੀ ਬੀਤੀ ਦੇ ਸਬਕ ਤੋਂ ਲੋਕਾਂ ਵਿਚ ਇਸ ਨਵੇਂ ਅਹਿਸਾਸ ਨੂੰ ਥਾਂ ਦੇਣਾ ਸੀ, ਜੋ ਕਿ ਸਮਾਂ ਹੁਣ ਨਿਕਲ ਚੁੱਕਾ ਹੈ।

ਸਾਡੇ ਭਾਰਤੀ ਖਿੱਤੇ ਵਿਚ ਔਰਤਾਂ ਨੂੰ ਘਰਵਾਲੀ ਕਿਹਾ ਜਾਂਦਾ ਹੈ। ਪਰ ਹਕੀਕਤ ਵਿਚ ਹੈ ਕਿ ਘਰਾਂ ਦੀ ਪਛਾਣ ਮਰਦ ਨਾਲ ਹੁੰਦੀ ਹੈ। ਮੈਂ ਆਪਣੇ 'ਗੁਰੂ ਨਾਨਕ ਐਵੀਨਿਊ' ਵਿਚ ਪਹਿਲਾਂ ਘਰ ਹੋਵੇਗਾ, ਜਿਸ ਦੇ ਬਾਹਰ ਨੇਮ ਪਲੇਟ 'ਤੇ ਮੇਰੀ ਪਤਨੀ ਦਾ ਨਾਂਅ ਪਹਿਲਾਂ ਹੈ ਤੇ ਮੇਰਾ ਬਾਅਦ ਵਿਚ, ਭਾਵੇਂ ਦੋਵੇਂ ਹੀ ਇਕੋ ਪਲੇਟ 'ਤੇ ਹਨ। ਮੇਰੇ ਘਰ ਦੇ ਸਾਹਮਣੇ ਅਤੇ ਮੇਰੇ ਕਈ ਹੋਰ ਦੋਸਤਾਂ ਵਿਚ ਵੀ ਘਰ ਦੇ ਨਾਂਅ ਪਿਉ-ਪੁੱਤ ਦੇ ਨਾਂਅ ਹਨ, ਪਰ ਕਿਸੇ ਘਰ ਦੀ ਕਿਸੇ ਸੁਆਣੀ ਦਾ ਨਾਂਅ ਨਹੀਂ ਹੈ। ਇਹ ਵੀ ਦੇਖਿਆ ਹੈ ਕਿ ਜੇਕਰ ਘਰ ਦੀ ਸੁਆਣੀ ਕਿਸੇ ਡਾਕਟਰ ਵਰਗੇ ਉੱਚੇ ਥਾਂ ਜਾਂ ਕਿੱਤੇ ਵਿਚ ਹੈ ਤਾਂ ਉਸ ਦਾ ਨਾਂਅ ਜ਼ਰੂਰ ਲਿਖਵਾ ਦਿੱਤਾ ਜਾਂਦਾ ਹੈ, ਜਿਵੇਂ ਉਸ ਔਰਤ ਦੀ ਘਰ ਦੀ ਆਰਥਿਕਤਾ ਨਾਲ ਜੁੜੀ ਭੂਮਿਕਾ ਹੋਵੇ। ਉਸ ਦੀ ਉਹ ਵੱਖਰੀ ਪਛਾਣ ਹੈ, ਘਰ ਦੀ ਸੁਆਣੀ ਜਾਂ ਘਰ ਦੀ ਮਾਲਕਣ ਜਾਂ ਉਸ ਦੀ ਦਾਅਵੇਦਾਰੀ ਨਾਲ ਨਹੀਂ।

ਮੇਰੇ ਇਕ ਦੋਸਤ ਨੂੰ ਉਸ ਦੀ ਪਤਨੀ ਦੇ ਨਾਂਅ ਤੋਂ ਸਰਕਾਰੀ ਮਕਾਨ ਅਲਾਟ ਹੋਇਆ। ਇਸ ਮੁਤਾਬਿਕ ਉਹ ਵੱਡਾ ਵੀ ਸੀ ਤੇ ਵੱਧ ਸਹੂਲਤਾਂ ਵਾਲਾ ਵੀ। ਦੋਸਤ ਉਸ ਘਰ ਵਿਚ ਜਾਣ ਨੂੰ ਤਿਆਰ ਨਹੀਂ ਸੀ, ਕਿਉਂ ਜੋ ਬਾਹਰ ਉਸ ਦੀ ਪਤਨੀ ਦੀ ਨੇਮ ਪਲੇਟ ਲਗਾਈ ਸੀ। ਉਸ ਦੀ ਪਛਾਣ ਨਾਲ ਉਹ ਜਾਣਿਆ ਜਾਣਾ ਸੀ। ਇਹ ਘਰ ਪ੍ਰਤੀ ਨਹੀਂ, ਪਤਨੀ ਪ੍ਰਤੀ, ਇਕ ਔਰਤ ਪ੍ਰਤੀ, ਅੱਜ ਦੀ ਸਾਡੀ ਮਾਨਸਿਕਤਾ ਹੈ।

ਇਹ ਕਹਾਂ ਕਿ ਮੇਰੇ ਕਿਰਾਏ ਦੇ ਘਰ ਵਿਚ ਰਹਿਣ, ਅਹਿਸਾਸ ਵਾਲੇ ਤਜਰਬੇ, ਸਾਰੇ ਹੀ ਮਾੜੇ ਰਹੇ ਹਨ, ਮੈਨੂੰ ਯਾਦ ਹੈ ਵਿਆਹ ਤੋਂ ਬਾਅਦ ਬੈਂਕ ਕਾਲੋਨੀ ਪਟਿਆਲਾ ਅਤੇ ਫਿਰ ਮੈਡੀਕਲ ਇਨਕਲੇਵ ਅੰਮ੍ਰਿਤਸਰ ਰਹਿਣ ਦਾ ਤਜਰਬਾ ਅਜੇ ਤੱਕ ਯਾਦਾਂ ਦਾ ਹਿੱਸਾ ਬਣਿਆ ਹੋਇਆ ਹੈ ਭਾਵੇਂ ਕਿ ਇਕ ਵੀ ਤਲ਼ਖ ਤਜਰਬਾ ਤੁਹਾਡੇ ਚੰਗੇ ਅਹਿਸਾਸਾਂ ਨੂੰ ਮੁਕਾਉਣ, ਮਿਟਾਉਣ ਲਈ ਕਾਫ਼ੀ ਹੁੰਦਾ ਹੈ।

ਘਰ ਬਾਰੇ ਇਹ ਵੀ ਇਕ ਵਿਦਵਾਨ ਦੇ ਵਿਚਾਰ ਹਨ ਕਿ ਘਰ ਕੋਈ ਥਾਂ ਜਾਂ ਇਮਾਰਤ ਨਹੀਂ ਹੁੰਦੀ, ਉਹ ਇਕ ਐਸਾ ਅਹਿਸਾਸ ਹੁੰਦਾ ਹੈ, ਜਿੱਥੇ ਤੁਹਾਡਾ ਦਿਲ ਲੱਗਦਾ ਹੋਵੇ, ਜਿੱਥੇ ਜ਼ਿੰਦਗੀ ਧੜਕਦੀ ਹੋਵੇ। ਇਹ ਵੱਡੀ ਥਾਂ ਨਾਲ ਵੀ ਕੋਈ ਲੈਣਾ-ਦੇਣਾ ਨਹੀਂ ਰੱਖਦੀ। ਇੱਥੇ ਨਾ ਹੀ ਉਸ ਘਰ ਦੀ ਸਜਾਵਟ ਜਾਂ ਨੁਮਾਇਸ਼ ਦੇ ਜਾਂ ਘਰ ਦੀਆਂ ਸਹੂਲਤਾਂ ਦਾ ਵੀ ਉਸ ਨਾਲ ਕੋਈ ਬਹੁਤਾ ਸੰਬੰਧ ਨਹੀਂ ਹੁੰਦਾ। ਜਿਸ ਤਰ੍ਹਾਂ ਕਿਹਾ ਜਾਂਦਾ ਹੈ, ਉਹ ਬਹੁਤ ਖੁਸ਼ਹਾਲ ਹੈ ਤੇ ਦੂਸਰਾ ਉਹ ਬੜਾ ਖੁਸ਼ਕਿਸਮਤ ਹੈ। ਜ਼ਿੰਦਗੀ ਦਾ ਹਿੱਸਾ ਪੈਸਿਆਂ, ਸਹੂਲਤਾਂ, ਸਜਾਵਟ ਤੋਂ ਵੱਧ ਉਸ ਮਾਹੌਲ ਨਾਲ ਹੈ, ਜਿਸ ਦੀ ਉਸ ਦੀ ਇਕ ਚੀਜ਼ ਨੂੰ ਹੱਥ ਲਾਉਣ ਨਾਲ, ਮਿਲਣ ਨਾਲ ਖੁਸ਼ੀ ਵਧਦੀ ਹੈ ਤੇ ਦੁੱਗਣੀ ਹੁੰਦੀ ਹੈ। ਗੱਲ ਨੂੰ ਉਥੇ ਸਮੇਟਦੇ ਹਾਂ, ਜਿੱਥੋਂ ਸ਼ੁਰੂ ਕੀਤੀ ਸੀ ਕਿ ਘਰਾਂ ਨੂੰ ਮਾਨਣ ਲਈ ਇਕ ਨਜ਼ਰੀਏ ਦੀ ਲੋੜ ਹੁੰਦੀ ਹੈ, ਉਹ ਨਜ਼ਰੀਆ ਕਿਸ ਕੋਲ ਕਿਹੋ ਜਿਹਾ ਹੈ, ਉਸ 'ਤੇ ਨਿਰਭਰ ਕਰਦਾ ਹੈ।

ਉਸ ਗੀਤ ਦੇ ਆਖਰੀ ਬੋਲ ਹਨ, 'ਯੇ ਘਰ ਬਹੁਤ ਹਸੀਨ ਹੈ', ਇਸ ਹਸੀਨ ਅਹਿਸਾਸ ਦੀ ਕੀ ਪਰਿਭਾਸ਼ਾ ਹੈ, ਇਹ ਉਹੀ ਦੇ ਸਕਦਾ ਹੈ, ਜੋ ਉਸ ਅਹਿਸਾਸ ਨੂੰ ਜੀਵਿਆ ਹੋਵੇ, ਜੋ ਉਸ ਅਹਿਸਾਸ ਵਿਚ ਵਿਚਰਿਆ ਹੋਵੇ।

***ਮੋਬਾ : 98158-08506***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

17-March-Sunday.qxd 3/16/2024 10:47 PM Page 4



# ਆਖਰੀ ਮੁਸਕਾਨ : ਧਰਤੀ ਉੱਤੇ ਵਿਚਾਰਾਂ ਦੀ ਜੰਗ

## ਆਖਰੀ ਮੁਸਕਾਨ

(ਕਹਾਣੀ ਸੰਗ੍ਰਹਿ)
**ਪਰਸ਼ੋਤਮ ਧਾਲੀਵਾਲ**
ਪੰਨੇ -131, ਮੁੱਲ - 200 ਰੁਪਏ
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**





ਕਿਤਾਬ ਦੀ

ਪਰਖ ਪੜਚੋਲ

**ਡਾ. ਹਰਿੰਦਰ ਸਿੰਘ ਤੁੜ**

ਆਖਰੀ ਮੁਸਕਾਨ ਪਰਸ਼ੋਤਮ ਧਾਲੀਵਾਲ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਇਸ ਵਿਚ 11 ਕਹਾਣੀਆਂ ਆਖਰੀ ਮੁਸਕਾਨ , ਦੋ ਅਜਨਬੀ, ਸੁਕਰਾਤ ਦੀ ਰੂਹ, ਕਿਸਮਤ ਦਾ ਖੇਲ, ਜੱਜ ਸਾਹਿਬ ਦਾ ਆਖਰੀ ਫੈਸਲਾ, ਕੇਸੂ ਦੇ ਫੁੱਲ, ਵਕਤ ਦੇ ਗੁਲਾਮ, ਬਾਜ਼ੀ, ਬਲੀ ਦਾ ਬੱਕਰਾ, ਬਾਜ਼ ਦੇ ਹੰਝੂ, ਲਕੀਰਾਂ ਦੀ ਜੰਗ ਆਦਿ ਦਰਜ ਹਨ। ਸਾਰੀਆਂ ਕਹਾਣੀਆਂ ਵਿਚ ਮਨੁੱਖ ਕੇਂਦਰ ਵਿਚ ਹੈ ਅਤੇ ਉਸ ਦੇ ਆਲੇ-ਦੁਆਲੇ ਸਮਾਜਿਕ ਬਣਤਰ ਦੀ ਕਾਰਜ-ਪ੍ਰਣਾਲੀ, ਆਰਥਿਕ ਗਿਰਾਵਟ ਕਾਰਨ ਸਮੱਸਿਆਵਾਂ ਵਿਚ ਵਾਧਾ, ਰਾਜਨੀਤੀ ਦੀ ਲੋਕ-ਮਾਰੂ ਨੀਤੀ, ਧਾਰਮਿਕ ਕੱਟੜਤਾ 'ਚ ਵਾਧਾ, ਅਸੱਭਿਅਕ ਗਤੀਵਿਧੀਆਂ, ਪਦਾਰਥਵਾਦੀ ਰੁਚੀ, ਇਤਿਹਾਸਕ ਵਿਰਸੇ ਨੂੰ ਅਣਗੌਲਿਆਂ ਕਰਨਾ, ਮਾਨਸਿਕ ਤਣਾਓ 'ਚ ਜੂਨ ਭੋਗਦਾ ਮਨੁੱਖ, ਵਰਤਮਾਨ ਪ੍ਰਸਥਿਤੀਆਂ 'ਚ ਸਵੈ-ਮਾਣ ਦੀ ਅਣਹੋਂਦ ਦਾ ਜ਼ਿਕਰ ਕੀਤਾ ਹੈ। ਕਹਾਣੀ ਸੰਗ੍ਰਹਿ ਦੀ ਹਰੇਕ ਕਹਾਣੀ ਵਿਚ ਵਿਚਾਰ-ਚਰਚਾ ਦੀ ਬਜਾਏ 'ਧਰਤੀ ਉੱਤੇ ਵਿਚਾਰਾਂ ਦੀ ਜੰਗ' ਚੱਲ ਰਹੀ ਹੈ।

ਪਰਸ਼ੋਤਮ ਧਾਲੀਵਾਲ ਦੀ ਸਿਰਲੇਖ ਵਾਲੀ ਕਹਾਣੀ 'ਆਖ਼ਰੀ ਮੁਸਕਾਨ' ਵਿਚ ਮਨੁੱਖੀ ਬਦਲਾਵ ਪਿੱਛੋਂ ਕਾਰਜਸ਼ੀਲ ਕਾਰਨਾਂ ਉੱਤੇ ਫੋਕਸ ਕਰਦੇ ਹੋਏ ਕੁਦਰਤ ਦੀ ਗੋਦ ਵਿਚ ਸਾਦੀ ਜੀਵਨ ਸ਼ੈਲੀ ਅਪਣਾਉਂਦੇ ਹੋਏ ਆਨੰਦ ਪ੍ਰਾਪਤ ਕਰਨ ਦਾ ਜ਼ਿਕਰ ਕੀਤਾ ਹੈ। ਜਦ ਮਨੁੱਖ ਕੁਦਰਤ ਦਾ ਪੱਲਾ ਛੱਡ ਕੇ ਪਦਾਰਥਵਾਦੀ ਸਿਸਟਮ ਵਿਚ ਦੂਜਿਆਂ ਵਾਂਗ ਇਕ ਵਸਤੂ ਬਣ ਜਾਂਦਾ ਹੈ ਤਾਂ ਦੁਖਾਂਤ ਭੋਗਦਾ ਹੈ। 'ਇਹੀ ਜੀਵਨ ਦਾ ਰਹੱਸ ਵੀ ਹੈ ਤੇ ਯਥਾਰਥ ਵੀ' ਜਦ ਮਨੁੱਖ ਨੂੰ ਸਮਝ ਆਉਂਦੀ ਹੈ ਤਾਂ ਸਮਾਂ ਬਦਲ ਗਿਆ ਹੁੰਦਾ ਹੈ।

ਹਰੇਕ ਕਹਾਣੀ ਵਿਚ ਘਟਨਾਵਾਂ ਤੇਜ਼ੀ ਨਾਲ ਵਾਪਰਦੀਆਂ ਹਨ। ਕਥਾਨਕ ਜਾਨਣ ਦੀ ਬਿਰਤੀ ਵਾਲਾ ਹੋਣ ਕਰਕੇ ਆਰੰਭ ਤੋਂ ਅੰਤ ਤੱਕ ਦਿਲਚਸਪੀ ਕਾਇਮ ਰਹਿੰਦੀ ਹੈ। ਆਧੁਨਿਕ ਯੁੱਗ ਵਿਚ ਪਦਾਰਥਕ ਸਿਸਟਮ ਕਾਰਨ ਵਿਅਕਤੀਆਂ ਦੇ ਕਿਰਦਾਰ ਡਗਮਗਾਉਂਦੇ ਹਨ, ਜਿਸ ਕਾਰਨ ਉਹ ਦੁੱਖ ਭੋਗਦੇ ਹਨ। ਕਹਾਣੀ ਦੀ ਵਿਅੰਗਮਈ ਸੁਰ 'ਗਿਰਟ ਤਾਂ ਵਿਚਾਰਾ ਐਵੇਂ ਦਾ ਬਦਨਾਮ ਏ' ਵਾਲੀ ਹੈ। ਕਹਾਣੀ ਸੁਣਾਉਣ ਵਾਲੇ 'ਮੈਂ' ਪਾਤਰ ਦੇ ਜੀਵਨ ਵਿਚਲੇ ਉਤਾਰਾਵਾਂ-ਚੜ੍ਹਾਵਾਂ ਪਿੱਛੋਂ ਕਾਰਜਸ਼ੀਲ ਵਿਵਹਾਰ ਰਾਹੀਂ ਮਨੁੱਖ ਨੂੰ ਠੀਕ ਰਸਤੇ ਉੱਤੇ ਚੱਲਣ ਦੀ ਤਾਕੀਦ ਕੀਤੀ ਗਈ ਹੈ। ਉਹ ਅਨੈਤਿਕ ਕਾਰਨ ਕੰਗਾਲੀ ਦੀ ਹਾਲਤ ਵਿਚ ਪਹੁੰਚ ਜਾਂਦਾ ਹੈ, ਜਦ ਮਨੁੱਖ ਕੁਦਰਤੀਪਣ ਵਿਚ ਜਿਊਂਦਾ ਹੈ ਤਾਂ ਆਨੰਦ ਪ੍ਰਾਪਤ ਕਰਦਾ ਹੈ। ਗੀਤਾਂ ਦੀ ਧੁੰਨ, ਝਰਨਿਆਂ ਦੀ ਨਿਰਮਲਤਾ, ਫੁੱਲਾਂ ਦੀ ਖੁਸ਼ਬੋ, ਜ਼ਰਖੇਜ਼ ਜ਼ਮੀਨ, ਪੰਛੀਆਂ ਦੀ ਚਹਿਚਹਾਟ ਤੇ ਹਵਾ ਦੀ ਝਣਕਾਰ ਨਾਲ ਇਕਸੁਰਤਾ ਕਾਇਮ ਹੋਣ 'ਤੇ ਮਨੁੱਖੀ ਜੀਵਨ ਦੀ ਹਯਾਤੀ :

'ਜਿਵੇਂ ਇਕ ਭੰਵਰਾ ਫੁੱਲਾਂ ਦੀ ਸੁਗੰਧੀ ਲੈਂਦਿਆਂ ਖੀਵਾ ਹੋ ਕੇ ਆਪਣਾ ਆਲਾ-ਦੁਆਲਾ ਭੁੱਲ ਜਾਂਦਾ ਹੈ, ਜਿਵੇਂ ਕਿਸੇ ਜਾਦੂਗਰ ਦੇ ਬੋਲਾਂ ਦੇ ਅਸਰ ਅਧੀਨ ਬੰਦਾ ਕਿਸੇ ਸੁਪਨਮਈ ਸੰਸਾਰ ਵਿਚ ਪਹੁੰਚ ਜਾਂਦਾ ਹੈ, ਜਿਵੇਂ ਨੰਨ੍ਹਾ ਬਾਲ ਆਪਣੀ ਮਾਂ ਦੀ ਗੋਦ ਵਿਚ ਬੇਫਿਕਰ ਹੋ ਕੇ ਸੌਂ ਜਾਂਦਾ ਹੈ, ਜਿਵੇਂ ਹਕੀਕਤ ਅਤੇ ਸੁਪਨਾ ਦੋਵੇਂ ਇਕ ਹੋ ਜਾਣ....।' (ਪੰਨਾ-10)

ਕਹਾਣੀਕਾਰ ਦੀ ਘੁਮੱਕੜ ਬਿਰਤੀ ਉਜਾਗਰ ਹੁੰਦੀ ਹੈ। ਕਹਾਣੀ ਦੇ ਬਿਰਤਾਂਤ ਵਿਚ ਪ੍ਰਤੀਕਮਈ ਛੋਹਾਂ ਨਾਲ ਸੰਸਾਰ ਦੇ ਖ਼ੂਬਸੂਰਤ ਸਥਾਨਾਂ ਦਾ ਜ਼ਿਕਰ ਕੀਤਾ ਗਿਆ ਹੈ। ਜਿਵੇਂ : ਨਾਰਵੇ ਦਾ ਟਰਾਮਸੋ ਸ਼ਹਿਰ, ਅਰੋਰਾ ਬੋਰੋਐਲਸ, ਅਲਾਸਕਾ, ਸਲੈਜ, ਵਿਆਨਾ ਸ਼ਹਿਰ, ਰੋਮ ਸਾਗਰ ਦੀਆਂ ਪਹਾੜੀਆਂ, ਸਿਨਵੇਰਤੇ ਦੇ ਪੰਜ ਜੁੜਵੇਂ ਪਿੰਡ, ਚੀਨ ਦੀ ਜੇਜ਼ੋਗੋ ਵਾਦੀ, ਪਪੂਆ ਨਿਊ ਗਿਨੀਮਾ ਦੇ ਜੰਗਲ, ਜੰਗਲਾਂ ਦੇ ਮੂਲ ਨਿਵਾਸੀਆਂ ਦਾ ਰੁੱਖਾਂ ਉੱਤੇ ਰੈਣ-ਬਸੇਰਾ, ਕੋਰਲਾ ਦੇ ਰੰਗ-ਬਰੰਗੇ ਜੰਗਲ, ਵਾਦੀ-ਓ-ਤੋਮੋਂ ਦੀਆਂ ਗੁਫ਼ਾਵਾਂ, ਵੀਅਤਨਾਮ ਦੀ ਹਜੋਂਗ ਪਹਾੜੀ, ਗੀਜ਼ਾ ਦੇ ਪਿਰਾਮਿਡ, ਖੁਫੂ ਬਾਦਸ਼ਾਹ ਦੇ ਪਿਰਾਮਿਡ, ਨੀਲ ਨਦੀ, ਕਾਹਿਰਾ ਸ਼ਹਿਰ, ਪੇਰੂ ਦੇਸ਼ ਦੀ ਲਾਲ ਜ਼ਮੀਨ, ਨਾਜਕਾ ਚਿੱਤਰ, ਕੇਮਾਕਲੀ ਆਦਿ। 'ਮੈਂ' ਪਾਤਰ ਜਦ ਦੁਨੀਆ ਦੀ ਪਦਾਰਥਵਾਦੀ ਕਾਰਜ-ਪ੍ਰਣਾਲੀ ਦਾ ਹਿੱਸਾ ਬਣ ਜਾਂਦਾ ਹੈ ਤਾਂ ਦੁੱਖ ਭੋਗਦਾ ਹੈ ਅਤੇ ਜਦ ਮਨੁੱਖ ਦਾ ਹਿਰਦੇ ਪਰਿਵਰਤਨ ਹੁੰਦਾ ਹੈ ਤਾਂ ਉਹ ਨਿੱਜਤਾ ਤੋਂ ਉੱਪਰ ਉੱਠ ਕੇ ਲੋਕਾਈ ਦੇ ਹਿੱਤਾਂ ਤੇ ਜੀਵਨ ਪੱਧਰ ਨੂੰ ਉੱਚ ਚੁੱਕਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। 'ਕਰਮ ਸਿਧਾਂਤ' ਰਾਹੀਂ ਸਪੱਸ਼ਟ ਹੋ ਜਾਂਦਾ ਹੈ ਕਿ ਨੇਕ ਕਾਰਜਾਂ ਰਾਹੀਂ ਮਨੁੱਖ ਨੂੰ ਇਸ ਜਹਾਨੋਂ ਤੁਰ ਜਾਣ ਤੋਂ ਬਾਅਦ ਵੀ ਯਾਦ ਕੀਤਾ ਜਾਂਦਾ ਹੈ :-

'ਅਜਨਬੀ ਦੇ ਫੁੱਲਾਂ ਨਾਲ ਸ਼ਿੰਗਾਰੇ ਕਫ਼ਨ ਨੂੰ ਇਕ ਵੱਡੇ ਜਲੂਸ ਦੀ ਸ਼ਕਲ ਵਿਚ ਸ਼ਹਿਰ ਦੇ ਕਬਰਸਤਾਨ ਵਿਚ ਦਫ਼ਨ ਕਰਨ ਲਈ ਲਿਜਾਇਆ ਗਿਆ। ਉਸ ਦੀ ਕਬਰ ਉੱਤੇ ਲਗਾਏ ਗਏ ਪੱਥਰ ਉੱਤੇ ਇਹ ਸ਼ਬਦ ਉਕਰੇ ਹੋਏ ਸਨ, 'ਉਹ ਇਨਸਾਨ ਜਿਸ ਦੇ ਚਿਹਰੇ ਉੱਪਰ ਮੌਤ ਤੋਂ ਬਾਅਦ ਵੀ ਮੁਸਕਾਨ ਸੀ।'। (ਪੰਨਾ-17)

'ਚਿਹਰੇ ਉੱਪਰ ਮੌਤ ਤੋਂ ਬਾਅਦ ਵੀ ਮੁਸਕਾਨ' 'ਕਰਮ ਸਿਧਾਂਤ' ਦੀ ਸਾਰਥਕਤਾ ਨੂੰ ਹੀ ਸਪੱਸ਼ਟ ਕਰਦਾ ਹੈ ਕਿ ਮਨੁੱਖ ਦਾ ਇਸ ਸ੍ਰਿਸ਼ਟੀ ਦੇ ਵਿਕਾਸ ਲਈ, ਲੋਕਾਂ ਦੀ ਭਲਾਈ ਹਿੱਤ ਕਾਰਜ ਕਰਕੇ ਮੌਤ ਤੋਂ ਬਾਅਦ ਵੀ ਇਕ ਸਦੀਵੀ ਸਾਂਝ ਸਥਾਪਤ ਹੋ ਜਾਂਦੀ ਹੈ। ਅਜਿਹੇ ਇਨਸਾਨ ਲੋਕਾਈ ਦੇ ਦਿਲਾਂ ਵਿਚ ਜਿਊਂਦੇ ਹਨ। ਕਹਾਣੀ ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ ਨੂੰ ਰੂਪਮਾਨ ਕਰਨ ਵਿਚ ਸਫਲਤਾ ਗ੍ਰਹਿਣ ਕਰਦੀ ਹੈ।

ਕਹਾਣੀ 'ਸੁਕਰਾਤ ਦੀ ਰੂਹ' ਵਿਚ ਰਿਪਬਲਿਕ ਦੇਸ਼ ਦੇ ਸੱਚ ਦੀ ਹੋਂਦ ਉੱਤੇ ਵਿਅੰਗ ਕੱਸਿਆ ਹੈ। ਕਹਾਣੀ ਵਿਚਲੀ ਕਲਾਤਮਿਕਤਾ ਇਹ ਹੈ ਕਿ ਸੁਕਰਾਤ ਤੇ ਫਿਲਾਸਫਰ ਵਿਚਕਾਰ ਵਿਚਾਰ-ਚਰਚਾ ਕਰਵਾ ਕੇ ਵਰਤਮਾਨ ਪ੍ਰਸੰਗ ਵਿਚ ਵਰਤਾਰਿਆਂ ਨੂੰ ਸਮਝਣ ਤੇ ਸਮਝਾਉਣ ਦਾ ਯਤਨ ਕੀਤਾ ਹੈ। ਸੁਕਰਾਤ ਯੂਨਾਨ ਦਾ ਪ੍ਰਸਿੱਧ ਮੰਤਕੀ ਵਿਦਵਾਨ ਸੀ, ਜਿਸ ਦਾ ਜਨਮ ਐਥਨਜ਼ ਨਿਵਾਸੀ ਸੈਫਰੋਨਿਸਕਸ ਦੇ ਘਰ ਫਿਨਾਰੇਟੀ ਦੇ ਉਦਰ ਤੋਂ 469 ਬੀ.ਸੀ. ਵਿਚ ਹੋਇਆ। ਸੁਕਰਾਤ ਦੀ ਪ੍ਰਸਿੱਧੀ ਕਾਰਨ ਸਵਾਰਥੀ ਲੋਕ ਉਸ ਦੇ ਵਿਰੋਧੀ ਹੋ ਗਏ। ਸਨਾਤਨ ਧਰਮ ਦਾ ਵਿਰੋਧੀ ਠਹਿਰਾ ਕੇ ਉਸ ਨੂੰ ਕੈਦ ਕਰਵਾਇਆ ਤੇ ਅਦਾਲਤ ਨੇ ਹੁਕਮ ਨਾਲ ਜ਼ਹਿਰ ਦਾ ਪਿਆਲਾ ਪੀਣ ਲਈ ਕਿਹਾ। ਉਸ ਦੇ ਵਿਚਾਰਾਂ ਬਾਰੇ ਪਲੈਟੋ ਦੀਆਂ ਲਿਖਤਾਂ ਤੋਂ ਜਾਣਕਾਰੀ ਪ੍ਰਾਪਤ ਹੁੰਦੀ ਹੈ। ਵਰਤਮਾਨ ਪ੍ਰਸੰਗ ਵਿਚ ਤੇ 'ਵਿਚਾਰਾਂ ਦੀ ਜੰਗ' ਦੇ ਦ੍ਰਿਸ਼ਟੀਕੋਣ ਤੋਂ ਵਾਚਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰੋਫੈਸਰ ਤੇ ਸੁਕਰਾਤ ਵਿਚਕਾਰ ਚਰਚਾ ਕਰਵਾ ਕੇ ਨੇਤਾਵਾਂ ਦੇ 'ਅਖੌਤੀ ਰਿਪਬਲਿਕ' ਦੇਸ਼ ਹੋਣ ਦੇ ਪ੍ਰਚਾਰ ਉੱਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ, ਜਿਨ੍ਹਾਂ ਨੇ ਲੋਕਾਂ ਦੀਆਂ ਸਧਰਾਂ ਦਾ ਘਾਣ ਕੀਤਾ ਹੈ। ਦੂਜੀ ਗੱਲ ਫਿਲਾਸਫ਼ਰ ਦਾ ਅਸਲ ਕਰਮ-ਖੇਤਰ ਲੋਕਾਂ ਨੂੰ ਜਾਗ੍ਰਿਤ ਕਰਕੇ ਜੀਵਨ ਨੂੰ ਸਾਰਥਕ ਬਣਾਉਣਾ ਹੈ। ਵਰਤਮਾਨ ਦੇ ਤਕਨਾਲੋਜੀ ਦੇ ਯੁੱਗ ਵਿਚ ਹਰੇਕ ਵਿਅਕਤੀ 'ਗੂਗਲ' ਦੀ ਮਦਦ ਉਤੋਂ ਫਿਲਾਸਫਰ ਕਹਾਉਂਦਾ ਹੈ ਤੇ ਲੱਖਾਂ ਲੋਕ ਅਖੌਤੀ ਫਿਲਾਸਫੀ ਦੀਆਂ ਡਿਗਰੀਆਂ ਪ੍ਰਾਪਤ ਕਰ ਚੁੱਕੇ ਹਨ। ਜਨਤਾ ਤੇ ਫਿਲਾਸਫਰ ਦੋਵੇਂ ਹੀ ਭਰਮ-ਭੁਲੇਖਿਆਂ ਤੇ ਵਹਿਮਾਂ-ਭਰਮਾਂ ਵਿਚ ਗੁਜ਼ਰ-ਬਸਰ ਕਰ ਰਹੇ ਹਨ। ਆਧੁਨਿਕ ਫਿਲਾਸਫਰ ਵਿਚਾਰ-ਚਰਚਾ ਦੀ ਥਾਂ ਨਾ ਖ਼ਤਮ ਹੋਣ ਵਾਲੀ 'ਵਿਚਾਰਾਂ ਦੀ ਜੰਗ' ਲੜ ਰਹੇ ਹਨ, ਤਾਂ ਜੋ ਆਪਣੇ-ਆਪ ਨੂੰ 'ਵੱਡਾ ਫਿਲਾਸਫਰ' ਸਿੱਧ ਕਰ ਸਕਣ। ਕੁਝ ਫਿਲਾਸਫਰ ਮੋਨ ਧਾਰਨ ਕਰਕੇ ਸੰਸਾਰ ਨੂੰ ਜਾਗ੍ਰਿਤ ਕਰਨ ਦੀ ਬਜਾਏ ਮੂਕ-ਦਰਸ਼ਕ ਬਣ ਕੇ ਆਲੇ-ਦੁਆਲੇ ਵਾਪਰ ਰਹੀਆਂ ਕੁਰੀਤੀਆਂ ਤੇ ਅਨੈਤਿਕਤਾ ਵਿਚ ਵਾਧਾ ਕਰ ਰਹੇ ਹਨ। ਸੁਕਰਾਤ ਦੀ ਰੂਹ ਤਰਕ ਆਧਾਰਤ ਵਿਚਾਰ ਪ੍ਰਗਟ ਕਰਕੇ ਮਨੁੱਖਤਾ ਨੂੰ ਜਾਗ੍ਰਿਤ ਕਰਦੀ ਹੈ :

'ਜੇ ਕਿਸੇ ਚੂਹੇ ਦੀ ਪੂਛ ਨਾਲ ਇਕ ਹਾਥੀ ਦੀ ਸੁੰਡ ਨੂੰ ਧਾਗੇ ਨਾਲ ਬੰਨ੍ਹ ਦਿੱਤਾ ਜਾਵੇ ਤਾਂ ਕੀ ਉਸ ਚੂਹੇ ਵਿਚ ਹਾਥੀ ਵਾਲਾ ਬਲ ਆ ਜਾਵੇਗਾ? ਜੇ ਕਿਸੇ ਜ਼ਾਲਮ ਰਾਜੇ ਨੂੰ ਕੁਝ ਚਾਪਲੂਸ ਲੋਕ ਮਹਾਂਉਪਕਾਰੀ ਦਾ ਦਰਜਾ ਦੇ ਦੇਣ ਤਾਂ ਕੀ ਉਹ ਮਹਾਂਉਪਕਾਰੀ ਕਹਾਉਣ ਦਾ ਹੱਕਦਾਰ ਹੈ? '(ਪੰਨਾ-36)

ਵਰਤਮਾਨ ਵਿਅਕਤੀ ਦੀ 'ਡਰੂ ਬਿਰਤੀ' ਹੈ। ਰੋਟੀ, ਕੱਪੜਾ, ਮਕਾਨ, ਕਾਨੂੰਨ, ਸਮਾਜ, ਕੱਲ੍ਹ, ਬੀਤੇ ਦਾ ਝੋਰਾ, ਦੁਚਿੱਤੀ ਤੇ ਰਿਸ਼ਤਿਆਂ ਦੀ ਟੁੱਟ-ਭੱਜ ਤੇ ਟੁੱਟਣ ਦੇ ਡਰ ਵਿਚ ਜੀਅ ਰਹੇ ਹਨ। ਮਨ ਦੀ ਪਰਪੱਕਤਾ ਨਾਲ ਡਰ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪਦਾਰਥਵਾਦੀ ਯੁੱਗ ਹੋਣ ਕਾਰਨ ਲੋਕਾਂ ਦੀਆਂ ਬੇਤੁਕੀਆਂ ਖ਼ਵਾਹਿਸ਼ਾਂ ਵੱਧਦੀਆਂ ਜਾ ਰਹੀਆਂ ਹਨ। ਜਿਨ੍ਹਾਂ ਕੋਲ ਸਭ ਕੁਝ ਹੈ ਭਾਵ ਜ਼ਰੂਰਤਾਂ ਤੋਂ ਵੱਧ ਵੀ ਹੈ ਪਰ ਉਨ੍ਹਾਂ ਵਿਚ ਸੰਤੁਸ਼ਟਾ ਨਜ਼ਰ ਤੱਕ ਨਹੀਂ ਆਉਂਦੀ। ਇਹ ਅਸੰਤੁਸ਼ਟ ਜੀਵਨ ਹੀ ਆਜ਼ਾਦ ਫ਼ਿਤਰਤ ਨਾਲ ਜਿਊਣ ਵਿਚ ਅੜਿੱਕਾ ਪਾਉਂਦਾ ਹੈ। ਮਨੁੱਖ ਖ਼ਵਾਹਿਸ਼ਾਂ ਦੀ ਦੌੜ ਵਿਚ ਉਲਝ ਕੇ ਰਹਿ ਗਿਆ ਹੈ। 'ਜੇਕਰ ਕੋਈ ਸ਼ਖਸ ਬੇਲਗਾਮ ਘੋੜੇ ਦੀ ਸਵਾਰੀ ਕਰੇਗਾ ਤਾਂ ਉਸ ਦਾ ਕੀ ਹਸ਼ਰ ਹੋਵੇਗਾ? ਦੇਰ ਸਵੇਰ ਘੋੜਾ ਉਸ ਨੂੰ ਪਟਕ ਕੇ ਹੇਠਾਂ ਸੁੱਟ ਦੇਵੇਗਾ।' ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਆਜ਼ਾਦ ਜੀਵਨ ਜਿਊਣ ਲਈ ਵਸਤੂਆਂ ਦੀ ਗੁਲਾਮੀ ਦਾ ਤਿਆਗ ਕਰਨਾ ਪਵੇਗਾ। ਸੁਕਰਾਤ ਦੀ ਡਾਕਟਰ ਨਾਲ ਵਿਚਾਰ-ਚਰਚਾ ਦਾ ਵੀ ਜ਼ਿਕਰ ਮਿਲਦਾ ਹੈ। ਲੋਕ ਦੇਵੀ-ਦੇਵਤਿਆਂ ਤੇ ਵਹਿਮਾਂ-ਭਰਮਾਂ ਤੋਂ ਛੁਟਕਾਰਾ ਪਾ ਰਹੇ ਹਨ ਅਤੇ ਤਰਕ ਆਧਾਰਤ ਜੀਵਨ ਜਿਊਣ ਵੱਲ ਅਗਰਸਰ ਹੋ ਰਹੇ ਹਨ। ਕਹਾਣੀ 'ਚ ਜ਼ਿਕਰ ਕੀਤਾ ਹੈ ਕਿ 'ਆਈਕੋਰਸ' ਨੇ ਹਵਾ ਵਿਚ ਉੱਡਣ ਲਈ ਪੰਛੀਆਂ ਦੇ ਖੰਭਾਂ ਦੀ ਵਰਤੋਂ ਕੀਤੀ ਸੀ, ਪਰ ਸਮੁੰਦਰ ਵਿਚ ਡਿੱਗਣ ਕਾਰਨ ਮੌਤ ਹੋ ਗਈ। 'ਸੁਕਰਾਤ ਦੀ ਰੂਹ' ਰਾਹੀਂ ਕਹਾਣੀਕਾਰ ਪਰਸ਼ੋਤਮ ਧਾਲੀਵਾਲ ਸਰੀਰ ਤੇ ਮਨ ਦੀ ਇਕਸੁਰਤਾ ਉੱਤੇ ਜ਼ੋਰ ਦਿੰਦਾ ਹੈ ਤਾਂ ਜੋ ਸਮਾਜ ਵਿਚ ਵਿਚਰਦੇ ਹੋਏ ਜੀਵਨ ਦੀ ਦਿਸ਼ਾ ਨਿਰਧਾਰਤ ਕੀਤੀ ਜਾ ਸਕੇ :

'ਮਨ ਤੇ ਸਰੀਰ ਇਨਸਾਨੀ ਰੱਥ ਦੇ ਦੋ ਪਹੀਏ ਹਨ। ਜੇਕਰ ਦੋਵੇਂ ਸਹੀ-ਸਲਾਮਤ ਹੋਣਗੇ ਤਾਂ ਹੀ ਇਹ ਰੱਥ ਠੀਕ ਢੰਗ ਨਾਲ ਚੱਲੇਗਾ। ਅਗਰ ਅਜਿਹਾ ਨਹੀਂ ਹੁੰਦਾ ਤਾਂ ਫਿਰ ਰੱਥ ਦਾ ਡਿੱਕੋ-

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਖਾਲਸਾ ਰਾਜ ਲਈ ਕੁਰਬਾਨ ਹੋਣ ਵਾਲੇ ਯੋਧੇ

## ਖਾਲਸਾ ਰਾਜ ਦੇ ਉਸਰੱਈਏ

**ਬਾਬਾ ਪ੍ਰੇਮ ਸਿੰਘ ਹੋਤੀ**
**ਜਗਤਾਰ ਸਿੰਘ ਭੰਗੂ**
ਪੰਨੇ-231, ਮੁੱਲ-300 ਰੁਪਏ
**ਈਵਾਨ ਪਬਲੀਕੇਸ਼ਨ, ਬਰਨਾਲਾ**

**ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

ਇਹ ਪੁਸਤਕ ਪ੍ਰਸਿੱਧ ਖੋਜੀ ਤੇ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਹੋਤੀ ਦੀ ਪਹਿਲੀ ਵਾਰ 1942 ਵਿਚ ਛਪੀ ਸੀ। ਕਿਤਾਬ ਦੀ ਇਹ ਜਾਣਕਾਰੀ ਲੇਖਕ ਨੇ ਵਚਨਾਰੰਭ ਵਿਚ ਲਿਖੀ ਹੈ। ਬਾਬਾ ਪ੍ਰੇਮ ਸਿੰਘ ਹੋਤੀ ਜੀ ਭਾਈ ਵੀਰ ਸਿੰਘ ਤੋਂ ਪ੍ਰੇਰਨਾ ਤੇ ਉਤਸ਼ਾਹ ਲੈ ਕੇ ਸਿੱਖ ਇਤਿਹਾਸ ਲਿਖਣ ਲੱਗੇ। ਇਸ ਕਿਤਾਬ ਤੋਂ ਪਹਿਲਾਂ ਬਾਬਾ ਜੀ ਨੇ ਅਕਾਲੀ ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ, ਕੰਵਰ ਨੌ ਨਿਹਾਲ ਸਿੰਘ, ਸਿੱਖ ਜਰਨੈਲ ਹਰੀ ਸਿੰਘ ਨਲੂਆ, ਨਵਾਬ ਕਪੂਰ ਸਿੰਘ ਆਦਿ ਲਿਖ ਕੇ ਇਤਿਹਾਸਕਾਰ ਵਜੋਂ ਚੰਗੀ ਪਛਾਣ ਬਣਾਈ ਹੈ। ਹਥਲੀ ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਹੋਏ 23 ਜੁਝਾਰੂ ਸਿੱਖਾਂ ਦਾ ਜੀਵਨ ਹੈ। ਪੁਸਤਕ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਦਸ ਜੀਵਨੀਆਂ ਤੇ ਦੂਸ਼ਰੇ ਭਾਗ ਵਿਚ ਤੇਰਾਂ ਜੀਵਨੀਆਂ ਹਨ। ਪਹਿਲੀ ਜੀਵਨੀ ਸ਼ੇਰ-ਏ-ਪੰਜਾਬ ਦੀ ਹੈ। ਸਿੱਖਾਂ ਦਾ ਇਤਿਹਾਸ ਜੰਗਾਂ-ਯੁੱਧਾਂ ਦਾ ਹੈ। ਉਸ ਸਮੇਂ ਮਿਸਲਾਂ ਸਨ। ਛੋਟੇ-ਛੋਟੇ ਇਲਾਕਿਆਂ 'ਤੇ ਮਿਸਲਦਾਰਾਂ ਦਾ ਕਬਜ਼ਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਪੰਜਾਬ ਦਾ ਟੀਚਾ ਰੱਖਿਆ ਤੇ ਖਾਲਸਾ ਰਾਜ ਬਣਾਉਣ ਵੱਲ ਕਦਮ ਪੁੱਟੇ। ਇਸ ਮਹਾਨ ਕਾਰਜ ਲਈ ਸ਼ੇਰੇ ਪੰਜਾਬ ਦੀ ਇਕ ਮਜ਼ਬੂਤ ਫੌਜੀ ਟੀਮ ਸੀ, ਜੋ ਸ਼ੇਰੇ ਪੰਜਾਬ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੰਗ ਕਰਦੀ ਰਹੀ। ਰਾਣੀ ਸਦਾ ਕੌਰ ਸ਼ੇਰੇ ਪੰਜਾਬ ਦੀ ਸੱਸ ਸੀ। ਪੁਸਤਕ ਛਾਪਣ ਲਈ ਸੰਪਾਦਕ ਦਾ ਮੁੱਖ ਮੰਤਵ ਹੈ ਕਿ ਇਹ ਯੋਧੇ ਸਮੇਂ ਦੀ ਗਰਦਿਸ਼ ਵਿਚ ਗੁਆਚ ਨਾ ਜਾਣ। ਸਾਡੀ ਅਜੋਕੀ ਪੀੜ੍ਹੀ ਨੂੰ ਯਾਦ ਰਹੇ ਕਿ ਸਾਡੇ ਪੁਰਖਿਆਂ ਨੇ ਖਾਲਸਾ ਰਾਜ ਦੇ ਨਿਰਮਾਣ ਲਈ ਕਿੰਨੀਆਂ ਘਾਲਣਾਵਾਂ ਘਾਲੀਆਂ, ਖਾਸ ਕਰਕੇ ਉਸ ਸਮੇਂ ਜਦੋਂ ਕਿ ਪੰਜਾਬ ਦੇ ਇਕ ਪਾਸੇ ਲੱਦਾਖ-ਤਿੱਬਤ ਸੀ, ਦੂਜੇ ਪਾਸੇ ਸਿੰਧ, ਤੀਜੇ ਪਾਸੇ ਦਰਿਆ ਸਤਲੁਜ ਤੇ ਚੌਥੇ ਪਾਸੇ ਦਰਾ ਖੈਬਰ ਅਫਗਾਨਿਸਤਾਨ ਸੀ। ਪੰਜਾਬ ਦੋਖੀਆਂ ਤੇ ਦੁਸ਼ਮਣਾਂ ਨਾਲ ਘਿਰਿਆ ਹੋਇਆ ਸੀ। ਉਸ ਵੇਲੇ ਹੁਣ ਵਾਂਗ ਕੋਈ ਵੋਟ ਸਿਸਟਮ ਨਹੀਂ ਸੀ। ਤਾਨਾਸ਼ਾਹੀ ਰਾਜ ਸੀ। ਇਹੋ ਜਿਹੇ ਹਾਲਾਤ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਤਲਵਾਰ ਦੇ ਜ਼ੋਰ ਨਾਲ ਖਾਲਸਾ ਰਾਜ ਸਥਾਪਤ ਕੀਤਾ। ਪੁਸਤਕ ਵਿਚ ਇਸ ਦਾ ਭਰਵਾਂ ਜ਼ਿਕਰ ਹੈ। ਹਰੇਕ ਜੀਵਨੀ ਨੂੰ ਉਪ ਸਿਰਲੇਖ ਦੇ ਕੇ ਲਿਖਿਆ ਹੈ। ਸ਼ੇਰੇ ਪੰਜਾਬ ਦੀ ਜੀਵਨੀ ਵਿਚ ਲਿਖਿਆ ਹੈ ਕਿ ਪਹਿਲੀ ਜਿੱਤ 1799 ਵਿਚ ਲਾਹੌਰ ਦੀ ਸੀ। 1807 ਵਿਚ ਕਸੂਰ 'ਤੇ ਕਬਜ਼ਾ ਕੀਤਾ। 1813 ਵਿਚ ਕਿਲ੍ਹਾ ਅਟਕ, 1818 ਵਿਚ ਮੁਲਤਾਨ, 1,823 ਵਿਚ ਨੌਸ਼ਹਿਰਾ, 1834 ਵਿਚ ਪਿਸ਼ਾਵਰ ਤੇ ਨਾਲ ਲੱਗਦੇ ਸਰਹੱਦੀ ਸੂਬੇ ਜਿੱਤ ਕੇ ਪੰਜਾਬ ਵਿਚ ਮਿਲਾਏ। ਇਹ ਕਬਜ਼ੇ ਤੋਪਾਂ, ਗੋਲੇ-ਬਾਰੂਦ ਤੇ ਤਲਵਾਰ ਦੇ ਜ਼ੋਰ ਨਾਲ ਹੋਏ ਤੇ ਵਿਸ਼ਾਲ ਪੰਜਾਬ ਦੇ ਰੂਪ ਵਿਚ ਖਾਲਸਾ ਸਲਤਨਤ ਕਾਇਮ ਕੀਤੀ। ਪੰਜਾਬ ਦਾ ਰਾਜ ਪ੍ਰਬੰਧ ਚਾਰ ਸੂਬਿਆਂ ਵਿਚ ਵੰਡਿਆ ਗਿਆ। ਇਹ ਸਨ ਲਾਹੌਰ, ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਹਰੇਕ ਸੂਬੇ ਦੀਆਂ ਤਹਿਸੀਲਾਂ ਬਣਾ ਕੇ ਇਕ ਤਹਿਸੀਲ ਵਿਚ 100 ਪਿੰਡ ਲਿਆਂਦੇ। ਸੂਬੇ ਦੇ ਪ੍ਰਬੰਧ ਲਈ ਡਿਪਟੀ ਕਮਿਸ਼ਨਰ, ਤਹਿਸੀਲਦਾਰ, ਕਾਨੂੰਗੋ ਤੇ ਪੰਚ ਮੁਕੱਰਰ ਕੀਤੇ। ਮਾਲੀਆ ਨਿਯਤ ਕੀਤਾ ਮਾਲੀਆ ਇਕੱਠਾ ਕਰਨ ਲਈ ਯੋਗ ਵਿਅਕਤੀ ਲਾਏ ਗਏ। ਹੋਰ ਲੋਕ ਭਲਾਈ ਸਕੀਮਾਂ ਚਲਾਈਆਂ, ਜਿਨਸਾਂ ਦੇ ਭਾਅ ਨਿਸ਼ਚਿਤ ਕੀਤੇ (ਵੇਰਵਾ ਪੰਨਾ 23) ਮਹਾਰਾਜਾ ਸਾਹਿਬ ਨੇ ਹਰੇਕ ਧਰਮ ਪ੍ਰਤੀ ਉਦਾਰਤਾ ਵਿਖਾਈ। ਸ਼ੇਰੇ ਪੰਜਾਬ ਦੇ ਰਾਜ ਵਿਚ ਹਿੰਦੂ, ਸਿੱਖ, ਮੁਸਲਮਾਨ ਸਭ ਇਕੱਠੇ ਰਹਿੰਦੇ ਸੀ। ਹਰੇਕ ਦੀ ਆਰਥਿਕ ਸਥਿਤੀ ਸੰਤੁਸ਼ਟੀ-ਪੂਰਵਕ ਸੀ। ਮਹਿੰਗਾਈ, ਰਿਸ਼ਵਤਖੋਰੀ ਦਾ ਕੋਈ ਰੌਲਾ ਨਹੀਂ ਸੀ। ਦੋਸ਼ੀਆਂ ਨੂੰ ਸਜ਼ਾਵਾਂ ਸਨ। ਜੰਗ ਵਿਚ ਹਾਰੇ ਵਿਅਕਤੀਆਂ ਨੂੰ ਗੁਜ਼ਾਰੇ ਜੋਗੀ ਰਾਸ਼ੀ ਦਿੱਤੀ ਜਾਂਦੀ ਸੀ। ਕੋਈ ਤਸ਼ੱਦਦ ਨਹੀਂ ਸੀ ਕੀਤਾ ਜਾਂਦਾ। ਪੁਲਸ ਲੋਕਾਂ ਦੀ ਸੇਵਕ ਹੁੰਦੀ ਸੀ। ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਬਾਕਾਇਦਾ ਸ਼ੇਰੇ ਪੰਜਾਬ ਦਰਬਾਰ ਲੱਗਦਾ ਸੀ।



ਅਗਲੀ ਜੀਵਨੀ ਰਾਣੀ ਸਦਾ ਕੌਰ ਦੀ ਹੈ। ਲੇਖਕ ਨੇ ਰਾਣੀ ਸਦਾ ਕੌਰ ਦੇ ਪੇਕੇ ਸਹੁਰੇ ਪਰਵਾਰ ਤੇ ਵਿਧਵਾ ਹੋਣ ਦੀ ਜਾਣਕਾਰੀ ਦਿੱਤੀ ਹੈ। ਸਦਾ ਕੌਰ ਨੇ ਪਤੀ ਦੇ ਸ਼ਸਤਰ ਪਹਿਨ ਕੇ ਜੰਗ ਦੇ ਮੈਦਾਨ ਵਿਚ ਕੁੱਦਣ ਦਾ ਫੈਸਲਾ ਕਰ ਲਿਆ ਸੀ। ਫਿਰ ਸਮੇਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਮੰਗਣੀ ਸਦਾ ਕੌਰ ਦੇ ਘਰ ਹੋਈ। ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਬਣੀ। ਸਦਾ ਕੌਰ ਨੇ ਲਾਹੌਰ ਦਾ ਪ੍ਰਬੰਧ ਕੀਤਾ। ਸ਼ੇਰਿ ਪੰਜਾਬ ਨੂੰ ਮਹਾਰਾਜਾ ਦਾ ਪਦ ਮਿਲ਼ਿਆ। ਅੰਮ੍ਰਿਤਸਰ ਹਜ਼ਾਰੇ ਦੀ ਜਿੱਤ ਸਦਾ ਕੌਰ ਨੇ ਪ੍ਰਾਪਤ ਕੀਤੀ। ਖਾਲਸਾ ਰਾਜ ਵਿਚ ਸਦਾ ਕੌਰ ਦੇ ਯੋਗਦਾਨ ਦੀ ਭਰਵੀਂ ਜਾਣਕਾਰੀ ਹੈ। ਇਤਿਹਾਸਕਾਰ ਸਦਾ ਕੌਰ ਦੀ ਸੂਰਮਗਤੀ ਦੀ ਪ੍ਰਸੰਸਾ ਕਰਦੇ ਹਨ।

ਫਤਿਹ ਸਿੰਘ ਆਹਲੂਵਾਲੀਆ, ਨਵਾਬ ਜੱਸਾ ਸਿੰਘ ਦਾ ਮਾਤਾ ਸੁੰਦਰੀ ਨਾਲ ਮੇਲ ਹੋਣ ਦੀ ਗਾਥਾ ਹੈ। ਬਾਲਕ ਫਤਿਹ ਸਿੰਘ ਮਾਤਾ ਸੁੰਦਰੀ ਕੋਲ ਪੰਜ ਸਾਲ ਰਹੇ। ਸ਼ਸਤਰ ਵਿੱਦਿਆ ਦਿੱਤੀ ਤੇ ਹੋਰ ਸਿੱਖਿਆ ਦਿੱਤੀ। ਮਹਾਰਾਜਾ ਕੌੜਾਂ ਮਲ ਨੂੰ ਮਿਠਾ ਮਲ ਦਾ ਖਿਤਾਬ ਮਿਲਣ ਦੀ ਦਾਸਤਾਨ ਹੈ। ਖਾਲਸਾ ਰਾਜ ਦਾ ਪਹਿਲਾ ਸਿੱਕਾ ਜਾਰੀ ਕੀਤਾ ਗਿਆ। ਮਹਾਰਾਜਾ ਨੇ ਫਤਿਹ ਸਿੰਘ ਨੂੰ ਪੱਗ ਵੱਟ ਭਰਾ ਮੰਨਿਆ। ਫਤਿਹ ਸਿੰਘ ਨੇ ਝੰਗ ਦੀ ਲੜਾਈ ਵਿਚ ਜੌਹਰ ਵਿਖਾਏ। ਸਰਦਾਰ ਫਤਿਹ ਸਿੰਘ ਮਹਾਰਾਜਾ ਸਾਹਿਬ ਦਾ ਆਗਿਆਕਾਰੀ ਜਰਨੈਲ ਸੀ। ਫਤਿਹ ਸਿੰਘ ਨੇ ਖਾਲਸਾ ਰਾਜ ਵਿਚ ਵਾਧਾ ਕਰਨ ਲਈ ਆਪਣਾ ਪੂਰਾ ਯੋਗਦਾਨ ਦਿੱਤਾ। ਦੀਵਾਨ ਮੋਹਕਮ ਚੰਦ ਤੇ ਫਕੀਰ ਅਜ਼ੀਜ਼ੁਦੀਨ ਦਾ ਜੀਵਨ ਵੇਰਵਾ ਪੁਸਤਕ ਵਿਚ ਹੈ। ਅਜ਼ੀਜ਼ੁਦੀਨ ਨੇ ਮਹਾਰਾਜਾ ਸਾਹਿਬ ਦੀ ਮਿਹਰ ਸਦਕਾ ਹਕੀਮੀ ਤੋਂ ਵਜ਼ੀਰੀ ਤੱਕ ਦਾ ਸਫਰ ਤਹਿ ਕੀਤਾ। ਨਾਲ ਹੀ ਮੈਦਾਨੇ ਜੰਗ ਵਿਚ ਕੁੱਦੇ। ਤਲਵਾਰ ਵਾਹੀ ਤੇ ਦੁਸ਼ਮਣਾਂ 'ਤੇ ਫਤਿਹ ਹਾਸਲ ਕੀਤੀ। ਪੁਸਤਕ ਵਿਚ ਬੁੱਧ ਸਿੰਘ ਸੰਧਾਂਵਾਲੀਏ, ਮਜੀਠੀਏ ਸਰਦਾਰਾਂ ਦਾ ਜੀਵਨ ਹੈ। ਇਨ੍ਹਾ ਵਿਚ ਸਰਦਾਰ ਲਹਿਣਾ ਸਿੰਘ, ਦੇਸਾ ਸਿੰਘ, ਅਤਰ ਸਿੰਘ, ਸਰਦਾਰ ਅਮਰ ਸਿੰਘ, ਸੂਰਤ ਸਿੰਘ ਬਾਰੇ ਪੂਰੀ ਜਾਣਕਾਰੀ ਹੈ। ਅਟਾਰੀ ਵਾਲੇ ਸਰਦਾਰਾਂ ਵਿਚ ਸ਼ਾਮ ਸਿੰਘ ਅਟਾਰੀ ਵਾਲੇ ਦੀ ਦਾਸਤਾਨ ਹੈ। ਸਰਦਾਰ ਹਰੀ ਸਿੰਘ ਨਲੂਆ ਦੇ ਜੀਵਨ ਵਿਚ ਨਲੂਆ ਸਰਦਾਰ ਦੀ ਕਸ਼ਮੀਰ, ਫਤਿਹ, ਮਾਂਗਲੀ, ਨੌਸ਼ਹਿਰਾ ਪਿਸ਼ਾਵਰ ਦੀਆਂ ਜਿੱਤਾਂ ਦਾ ਜ਼ਿਕਰ ਹੈ। ਕਿਲ੍ਹਾ ਜਮਰੌਦ ਦੀ ਫਤਿਹ ਹੁੰਦੀ ਹੈ। ਨਲੂਆ ਸ਼ਬਦ ਦਾ ਪਿਛੋਕੜ ਵੀ ਇਸ ਕਾਂਡ ਵਿਚ ਹੈ। ਪੁਸਤਕ ਦਾ ਇਹ ਪਹਿਲਾ ਭਾਗ (ਪੰਨਾ 11-126) ਹੈ। ਦੂਸਰੇ ਭਾਗ ਵਿਚ (127-231) ਫਤਿਹ ਸਿੰਘ ਮਾਨ, ਰਾਜਾ ਗੁਲਾਬ ਸਿੰਘ ਦੀ ਗ੍ਰਿਫਤਾਰੀ, ਜੈ ਸਿੰਘ ਮਾਨ, ਮੇਹਰ ਸਿੰਘ ਮਾਨ ਦੀ ਕੁਰਬਾਨੀ ਦਾ ਜ਼ਿਕਰ ਹੈ। ਜੋਧ ਸਿੰਘ, ਦੀਵਾਨ ਸਿੰਘ ਮਾਨ ਦੀ ਬਹਾਦਰੀ ਦੇ ਕੁਝ ਪਹਿਲੂ ਹਨ। ਇਸ ਤੋਂ ਇਲਾਵਾ ਹਰੀ ਸਿੰਘ ਮਾਨ, ਸਰਦਾਰ ਹੁਕਮਾ ਸਿੰਘ ਤੇ ਹੋਰ' 'ਮਾਨ' ਪਰਵਾਰਾਂ ਦੇ ਯੋਧਿਆਂ ਦੇ ਕੁਰਬਾਨੀਆਂ ਸਹਿਤ ਜੀਵਨ ਹਨ।

ਇਸੇ ਭਾਗ ਵਿਚ ਧੰਨਾ ਸਿੰਘ ਮਲਵਈ, ਫਤਿਹ ਸਿੰਘ ਕਾਲਿਆਂ ਵਾਲੀ, ਬਾਬਾ ਸਾਹਿਬ ਸਿੰਘ ਬੇਦੀ, ਸਰਦਾਰ ਨਿਧਾਨ ਸਿੰਘ ਪੰਜ ਹੱਥਾਂ ਦਾ ਗਾਜ਼ੀਆਂ ਨਾਲ ਜੰਗ ਦਾ ਜ਼ਿਕਰ ਹੈ। ਹੋਰ ਜੀਵਨੀਆਂ ਵਿਚ ਜੋਧ ਸਿੰਘ ਰਾਮਗੜ੍ਹੀਆ, ਮੰਗਲ ਸਿੰਘ ਰਾਮਗੜ੍ਹੀਆ, ਹੁਕਮਾ ਸਿੰਘ ਚਿਮਨੀ ਤੇ ਸਰਦਾਰ ਮੱਖਣ ਸਿੰਘ ਦੀ ਕੁਰਬਾਨੀ ਦਾ ਬਿਰਤਾਂਤ ਹੈ। ਜੋਧ ਸਿੰਘ ਰਸੂਲਪੁਰੀਆ, ਪੰਜਾਬ ਸਿੰਘ, ਜੁਗਿੰਦਰ ਸਿੰਘ, ਸ਼ਮੀਰ ਸਿੰਘ ਦਾ ਜੀਵਨ ਵੇਰਵਾ ਹੈ। ਸਰਦਾਰ ਜੋਧ ਸਿੰਘ ਦੇ ਸੱਤ ਪੁੱਤਰਾਂ ਦੀ ਖਾਲਸਾ ਰਾਜ ਲਈ ਕੁਰਬਾਨੀ ਹੈ। ਅਖੀਰਲੇ ਪ੍ਰਸੰਗਾਂ ਵਿਚ ਸਰਦਾਰ ਜਵਾਲਾ ਸਿੰਘ, ਸਰਦਾਰ ਮਿੱਤ ਸਿੰਘ, ਸਰਦਾਰ ਵਿਸਾਖਾ ਸਿੰਘ ਦੀਆਂ ਕੁਰਬਾਨੀਆਂ ਹਨ। ਇਹ ਸਾਰੇ ਯੋਧੇ ਖਾਲਸਾ ਰਾਜ ਲਈ ਆਪਣਾ ਆਪ ਕੁਰਬਾਨ ਕਰ ਗਏ। ਪੁਸਤਕ ਇਤਿਹਾਸ ਦੇ ਖੋਜੀ ਤੇ ਜਗਿਆਸੂ ਪਾਠਕਾਂ, ਸਿੱਖ ਪ੍ਰਚਾਰਕਾਂ, ਢਾਡੀ ਸਿੰਘਾਂ ਲਈ ਲਾਭਦਾਇਕ ਹੈ। ਮੁੱਖ ਬੰਦ ਬਲਬੀਰ ਸਿੰਘ (ਲੰਡਨ) ਦਾ 1942 ਦਾ ਹੈ। ਸੰਪਾਦਕ ਵੱਲੋਂ ਕੁਝ ਨਹੀਂ ਲਿਖਿਆ ਗਿਆ। ਪ੍ਰਕਾਸ਼ਕ ਨੇ ਬਾਬਾ ਪ੍ਰੇਮ ਸਿੰਘ ਹੋਤੀ (2 ਨਵੰਬਰ 1882-10 ਜਨਵਰੀ 1954) ਦੀ ਜਾਣ-ਪਛਾਣ ਕਰਾਈ ਹੈ। ਪੁਸਤਕ ਸਾਂਭਣਯੋਗ ਇਤਿਹਾਸਕ ਦਸਤਾਵੇਜ਼ ਹੈ। ਟਾਈਟਲ ਸ਼ਾਨਦਾਰ ਤੇ ਸੋਹਣਾ ਹੈ।

ਸੰਪਰਕ-98148-56160

# ਸੱਜਰਾ ਸਾਹਿਤ

## ਮਾਇਆ

(ਲੰਬੀ ਕਵਿਤਾ)
**ਤਰਸੇਮ**
ਪੰਨੇ : 110, ਮੁੱਲ : 160 ਰੁਪਏ
**ਕੈਲੀਬਰ ਪਬਲੀਕੇਸ਼ਨ, ਪਟਿਆਲਾ**



ਸੈਂਕੜੇ ਵਰ੍ਹਿਆਂ ਤੋਂ ਵੇਦਾਂਤ ਤੇ ਹੋਰ ਆਸਤਿਕ ਧਰਮਾਂ ਨੇ ਮਾਇਆਵਾਦ ਵਿੱਚ ਕਰੋੜਾਂ-ਕਰੋੜਾਂ ਲੋਕ ਇਸ ਸੰਸਾਰ ਤੇ ਕੁਦਰਤ ਦੇ ਯਥਾਰਥ ਤੋਂ ਬੇਮੁੱਖ ਹੋ ਕੇ ਭਰੋਸੇ-ਭੁਲੇਖਿਆਂ ਦੇ ਮਾਇਆ ਜਾਲ ਵਿੱਚ ਫਸੇ ਨਿਗੂਣੀਆਂ ਤੇ ਨਿਰਾਰਥਕ ਜ਼ਿੰਦਗੀਆਂ ਜਿਉ ਰਹੇ ਹਨ। ਪਰਮ ਸੱਚ ਸਮਝੀ ਜਾਣ ਵਾਲੀ ਇਸ ਮਾਇਆ ਨੂੰ ਤੁਸੀਂ ਸਤਾਰਾਂ ਸਫਿਆਂ ਦੀ ਲੰਮੀ ਕਵਿਤਾ ਵਿੱਚ ਨੰਗਿਆਂ ਕੀਤਾ ਹੈ। ਇਸ ਮਾਇਆਵਾਦ ਦਾ ਪਰਦਾਫਾਸ਼ ਲੱਗਭੱਗ ਪੰਝੀ ਸੌ ਸਾਲ ਪਹਿਲਾਂ ਮਹਾਂਵੀਰ ਜੈਨ ਅਤੇ ਬੁੱਧ ਨੇ ਕੀਤਾ ਸੀ। ਦੋਵੇਂ ਹੀ ਪਦਾਰਥਵਾਦੀ (ਨਾਸਤਿਕ) ਚਿੰਤਕ ਸਨ। ਉਸ ਸਮੇਂ ਵਿੱਚ ਕਈ ਪਦਾਰਥਵਾਦੀ ਦਾਰਸ਼ਨਿਕਾਂ ਨੇ ਵੀ ਪਰਦਾਫ਼ਾਸ਼ ਕੀਤਾ ਸੀ।

**-ਪਿਛਲੇ ਪੰਨੇ ਤੋਂ**

## ਕਰਵਟਾਂ

(ਕਾਵਿ ਸੰਗ੍ਰਹਿ)
**ਹਰਚੰਦ ਸਿੰਘ ਗਿੱਲ**
ਪੰਨੇ : 88, ਮੁੱਲ : 150 ਰੁਪਏ
**ਗੋਰਕੀ ਪ੍ਰਕਾਸ਼ਨ, ਲੁਧਿਆਣਾ**



ਕਵੀ ਦੇ ਹਿਰਦੇ ਵਿੱਚ ਪਰਵਾਰਕ ਰਿਸ਼ਤਿਆਂ ਦੀ ਸੰਵੇਦਨਾ ਹੈ, ਜਿਸ ਨੂੰ ਉਹ ਅਭੁੱਲ ਮੰਨਦਾ ਹੈ। ਪਰਵਾਰਕ ਪਿਆਰ ਵਿੱਚ ਵਧਦੇ ਫ਼ਾਸਲਿਆਂ ਨੂੰ ਮਿਟਾਉਣ ਦੀ ਇੱਛਾ ਰੱਖਦਾ ਹੈ। ਉਸ ਦਾ ਪੱਖ ਇਸ਼ਕ-ਮਜਾਜ਼ੀ ਸਰਵ ਸਾਂਝੀਵਾਲਤਾ ਨਾਲ ਸਮਾਜ ਦੀਆਂ ਸਭ ਸਮੱਸਿਆਵਾਂ ਹੱਲ ਕਰਨ ਦੀ ਹਾਮੀ ਭਰਦਾ ਹੈ। ਆਪਸੀ ਸੰਬੰਧ ਉਕਤੀਆਂ ਨੂੰ ਭੁਲਾ ਕੇ ਹੀ ਵਧੀਆ ਬਣਾਏ ਜਾ ਸਕਦੇ ਹਨ ਤੇ ਸਮਾਜ ਪ੍ਰਗਤੀਸ਼ੀਲਤਾ ਵੱਲ ਤੁਰ ਸਕਦਾ ਹੈ।

**-ਭੂਮਿਕਾ ਵਿੱਚੋਂ**

## ਸੁਮੇਲ

(ਕਹਾਣੀ ਸੰਗ੍ਰਹਿ)
**ਜੇ ਐੱਸ ਸੇਖੋਂ**
ਪੰਨੇ : 96, ਮੁੱਲ : 120 ਰੁਪਏ
**5ਆਬ ਪ੍ਰਕਾਸ਼ਨ, ਜਲੰਧਰ**



ਜੇ ਐੱਸ ਸੇਖੋਂ ਦੀ ਇਸ ਪੁਸਤਕ ਵਿਚਲੀਆਂ ਬਾਕੀ ਕਹਾਣੀਆਂ ਦੀ ਵਿਲੱਖਣਤਾ ਹੀ ਇਹ ਬਣਦੀ ਹੈ, ਉਹ ਸਾਡੀ ਸਾਰਿਆਂ ਦੀ ਸਹਿਜ ਜੀਵਨ-ਜਾਚ ਦੀ ਤਰਜਮਾਨੀ ਕਰਦੀਆਂ ਹਨ। ਸੰਬੰਧਾਂ 'ਚ ਤ੍ਰੇੜ ਵਿਚਲੀ ਘਟਨਾ ਭਾਵੇਂ ਸਾਧਾਰਨ ਹੈ, ਪਰ ਉਸ ਦੀ ਪੇਸ਼ਕਾਰੀ ਉਸ ਨੂੰ ਵਿਸ਼ੇਸ਼ ਬਣਾ ਦਿੰਦੀ ਹੈ। ਨੌਕਰੀਪੇਸ਼ਾ ਬੰਦਿਆਂ ਲਈ 'ਬੌਸ' ਦਾ ਦਾਬਾ, ਜ਼ਿੰਦਗੀ ਦੇ ਤਲਖ ਤਜਰਬੇ, ਦੇਸ਼-ਵਿਦੇਸ਼ ਵਿਚਰਦਿਆਂ ਅਣਕਿਆਸੀਆਂ ਘਟਨਾਵਾਂ ਨਾਲ ਵਾਹ-ਵਾਸਤਾ, ਇਮਾਨਦਾਰੀ, ਦੇਸ਼ ਦੀ ਵੰਡ ਨਾਲ ਸੰਬੰਧਤ ਘਟਨਾਵਾਂ-ਯਾਦਾਂ, ਭਾਈਚਾਰਕ ਸਾਂਝ ਆਦਿ ਕੁਝ ਹੋਰ ਅਜਿਹੇ ਮਸਲੇ ਹਨ।

**-ਭੂਮਿਕਾ ਵਿੱਚੋਂ**

## ਰੂਹਾਨੀ ਰਮਜ਼ਾਂ

(ਕਾਵਿ ਸਮਰਪਣ)
**ਬੀਬੀ ਸੁਰਜੀਤ ਕੌਰ ''ਸੈਕਰਾਮੈਂਟੋ**
ਪੰਨੇ : 120, ਮੁੱਲ : 325 ਰੁਪਏ
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**



ਅੱਜਕੱਲ੍ਹ ਪਰਵਾਸੀ ਪੰਜਾਬੀ ਸਾਹਿਤ ਮੁੱਖ ਧਾਰਾ ਦੇ ਸਾਹਿਤ ਨਾਲ ਵਰ ਮੇਚ ਰਿਹਾ ਹੈ, ਪ੍ਰੰਤੂ ਵਿਦੇਸ਼ਾਂ ਵਿੱਚ ਰਚੇ ਜਾ ਰਹੇ ਧਾਰਮਿਕ ਸਾਹਿਤ ਦੀ ਪਛਾਣ ਚਿੰਨ੍ਹ ਲਈ ਹਾਲੇ ਤੱਕ ਕਿਸੇ ਵੀ ਅਦਾਰੇ ਨੇ ਪਹਿਲ-ਕਦਮੀ ਨਹੀਂ ਕੀਤੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਹਿਤਕ ਅਦਾਰਿਆਂ ਤੇ ਆਲੋਚਕਾਂ ਦੀ ਅਣਦੇਖੀ ਦੇ ਬਾਵਜੂਦ ਬੀਬੀ ਸੁਰਜੀਤ ਕੌਰ ਸਮੇਤ ਕੁਝ ਹੋਰ ਪਰਵਾਸੀ ਪੰਜਾਬੀ ਸਾਹਿਤਕਾਰ ਪੂਰੀ ਤਨਦੇਹੀ ਨਾਲ ਇਸ ਨੂੰ ਤਵੱਜੋ ਦੇ ਰਹੇ ਹਨ।

**-ਭੂਮਿਕਾ ਵਿੱਚੋਂ**

# ਪੁਸਤਕ ਰੀਵਿਊ

## ਜ਼ਿਹਬਾ ਹੁੰਦੇ ਪਲ

(ਕਹਾਣੀਆਂ)
**ਪਰਮਜੀਤ**
ਮੁੱਲ : 200 ਰੁਪਏ, ਪੰਨੇ ਪੇਪਰ ਬੈਕ, 112
**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਪੰਜਾਬੀ ਕਹਾਣੀ, ਆਦਰਸ਼ਵਾਦੀ, ਰੁਮਾਂਸਵਾਦੀ, ਪ੍ਰਗਤੀਸ਼ੀਲਤਾ, ਪ੍ਰਗਤੀਵਾਦੀ, ਜੁਝਾਰਵਾਦੀ ਅਤੇ ਪ੍ਰਯੋਗਵਾਦੀ ਆਦਿ ਹੋਰ ਅਨੇਕਾਂ ਦੌਰਾਂ 'ਚੋਂ ਲੰਘਦੀ ਹੋਈ ਇੱਕੀਵੀਂ ਸਦੀ ਦੇ ਦੋ ਦਹਾਕੇ ਪਾਰ ਕਰਦਿਆਂ, ਹੁਣ ਤੀਜੇ ਦਹਾਕੇ ਨੂੰ ਪਾਰ ਕਰ ਚੁੱਕੀ ਹੈ। ਉਂਝ ਹਰ ਲੇਖਕ ਦੀ ਕਹਾਣੀ ਕਹਿਣ, ਲਿਖਣ ਅਤੇ ਲਿਖ ਕੇ ਪੇਸ਼ ਕਰਨ ਦੀ ਆਪਣੀ ਵਿਧੀ ਹੁੰਦੀ ਹੈ। ਆਪਣੀ ਹੀ ਸ਼ਬਦਾਵਲੀ ਹੁੰਦੀ ਹੈ। ਪਰਮਜੀਤ ਇੱਕੀਵੀਂ ਸਦੀ ਦੇ ਦੂਜੇ-ਤੀਜੇ ਦਹਾਕੇ ਦਾ ਕਹਾਣੀਕਾਰ ਹੋਣ ਦੇ ਨਾਲ, ਹੌਲੀ-ਹੌਲੀ ਤਬਦੀਲ ਹੋ ਰਹੇ ਸਮੇਂ ਨੂੰ ਆਪਣੀ ਕਹਾਣੀ ਦੇ ਆਧਾਰ-ਤੱਤ ਵੀ ਬਣਾ ਰਿਹਾ, ਨਿੱਜੀ-ਘਟਨਾਵਾਂ ਨੂੰ ਅਸਿੱਧੇ ਤੌਰ 'ਤੇ ਵਰਤ ਰਿਹਾ ਹੈ। ਇਹ ਹੌਲੀ-ਹੌਲੀ ਲੰਘਿਆ ਸਮਾਂ ਉਸ ਦੇ ਆਪਣੇ ਜੀਵਨ ਦਾ ਹੋਵੇ ਜਾਂ ਕਿਸੇ ਬਾਹਰੀ ਸਮਾਜਕ ਜੀਵਨ ਦਾ ਹੋਵੇ; ਅਸਲ ਵਿੱਚ EVOLUTION ਹੈ। ਚੁੱਪ ਕੀਤਿਆਂ ਬਦਲਦਾ ਕਹਾਣੀਕਾਰ ਇਸ ਬਦਲਦੇ ਸਮੇਂ 'ਚੋਂ ਆਪਣੀਆਂ ਕਹਾਣੀਆਂ ਦੇ 'ਵਸਤੂ' PLOT ਚੁਣਦਾ ਹੈ। ਇਸ ਪੁਸਤਕ ਦੀਆਂ ਕਹਾਣੀਆਂ ਦੇ ਪਲਾਟ; ਉਸ ਦੇ ਭੂਤ-ਕਾਲ ਦੀਆਂ ਘਟਨਾਵਾਂ, ਭਾਵੇਂ ਆਪ ਬੀਤੀ ਦੀਆਂ ਹੋਣ ਜਾਂ ਜੱਗ ਬੀਤੀ ਦੀਆਂ ਹੋਣ, ਉਸ ਦੀ ਕਹਾਣੀ ਬਣਦੇ ਹਨ।

"ਭਾਵੇਂ 'ਜ਼ਿਹਬਾ ਹੁੰਦੇ ਪਲ' ਉਸ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ, ਪ੍ਰੰਤੂ ਹਰ ਕਹਾਣੀ ਆਪਣੀ ਪਹਿਚਾਣ ਆਪ ਬਣਾਉਂਦੀ ਹੈ। ਉਸ ਕੋਲ ਕੋਮਲ ਅਨੁਭਵ ਹੈ। ਅਨੁੱਭਵ ਨੂੰ ਕਹਾਣੀ ਵਿੱਚ ਢਾਲਣ ਦੀ ਜੁਗਤ (ਕਲਾ) ਹੈ। 'ਜ਼ਿਬਹਾ ਹੁੰਦੇ ਪਲ' ਕਹਾਣੀ ਉਸ ਦੀ ਹੱਡਬੀਤੀ ਕਹਾਣੀ ਹੈ। ਉਸ ਦਾ ਆਪਣਾ ਦੁਖਾਂਤ ਹੈ, ਪਰ ਆਪਣੇ ਦੁਖਾਂਤ ਵਿੱਚੋਂ ਵਧੀਆ ਦੁਖਾਂਤਕ ਕਹਾਣੀ ਦਾ ਸਿਰਜਨ ਕਰ ਸਕਿਆ ਹੈ। ਪਰਮਜੀਤ ਦੀਆਂ ਕਹਾਣੀਆਂ ਵਿੱਚ 'ਰਹਾਓ' ਹੈ। ਰਹਾਓ 'ਤੇ ਆ ਕੇ ਪਾਠਕਾਂ ਅੰਦਰ ਅੱਗੋਂ ਕੀ ਹੋਇਆ, ਜਾਨਣ ਦੀ ਤੀਬਰ ਅਕਾਂਕਸ਼ਾ ਉਤਪੰਨ ਹੁੰਦੀ ਹੈ। ਉਸ ਦੀ ਪਹਿਲੀ ਕਹਾਣੀ 'ਜ਼ਿਬਹਾ ਹੁੰਦੇ ਪਲ', ਉਸ ਦੀ ਆਪ ਬੀਤੀ ਹੈ, ਉਸ ਦੇ ਆਪਣੇ ਬਾਪ ਦੀ ਕਹਾਣੀ ਉਸ ਸਮੇਂ ਦੀ ਕਹਾਣੀ ਜਦ ਉਹ ਮੌਤ ਦੇ ਪੀੜਤ ਪਲ ਭੋਗ ਰਿਹਾ ਹੈ। ਉਪ ਭਾਵੁਕਤਾ ਦਾ ਦੁਖਾਂਤ ਭੋਗਦਾ ਆਪਣੇ ਬਾਪੂ ਦੀ ਆਪ ਬੀਤੀ ਸੁਣਾ ਜਾਂਦਾ ਹੈ, ਇਹ ਉਹ ਕਹਾਣੀ ਕਹਿ ਸਕਦਾ ਹੈ, ਜੋ ਆਪਣੇ ਜ਼ਿਹਬਾ ਹੁੰਦੇ ਪਲਾਂ ਨੂੰ ਤਕੜੀ ਹਿੰਮਤ, ਸਹਿਣਸ਼ੀਲਤਾ ਨਾਲ ਝੱਲ ਸਕਦਾ ਹੈ।

ਉਸ ਦੀ 'ਬਾਪੂ' ਕਹਾਣੀ ਤੋਂ ਇਲਾਵਾ ਕੋਈ ਕਹਾਣੀ ਲਵੋ, ਉਸ 'ਚ ਉਤਸੁਕਤਾ ਹੈ। ਪਾਤਰ ਸੰਵੇਦਨਾ ਹੈ। ਕਹਾਣੀ-ਰਸ ਹੈ। ਸਿੱਖਿਆ ਸੁਧਾਰ ਹੈ, ਜ਼ਿੰਦਗੀ ਜਿਊਣ ਦੀ ਕਲਾ ਹੈ। ਉਸ ਨੇ ਆਪ ਜਿਵੇਂ ਮਰਨ ਰੁੱਤ ਜਿਵੇਂ ਹੰਢਾਈ ਹੋਵੇ, ਬਾਪੂ ਮਰਨ ਅਵਸਥਾ ਲੰਘ ਰਿਹਾ ਹੋਵੇ, ਜ਼ਿਹਬਾ ਹੁੰਦੇ ਪਲ, ਜਿਵੇਂ ਆਪ ਭੋਗੇ ਹੋਣ। ਪੂਰਨ-ਅਪੂਰਨ ਪਿਆਰ, ਜਿਵੇਂ ਆਪ ਭੋਗਿਆ ਹੋਵੇ।

ਪੰਜਾਬੀ ਕਹਾਣੀ ਦਾ ਇਹ ਇੱਕੀਵੀਂ ਸਦੀ ਦਾ ਕਹਾਣੀਕਾਰ ਹੈ, ਜਿਸ ਦੀ ਇਹ ਪਹਿਲੀ ਪੁਸਤਕ ਹੈ, ਜੋ ਕਥਾ ਤੇ ਕਲਾ ਦਾ ਸਰੋਤ ਹੈ। ਸਿਖਰ ਹੋਣ ਦੀ ਸੰਭਾਵਨਾ ਵੱਲ ਸੁਚੇਤ ਹੈ। ਆਸ ਹੈ ਨੇੜ-ਭਵਿੱਖ 'ਚ ਹੋਰ ਲੰਮੀਆਂ ਮੰਜ਼ਲਾਂ ਤੈਅ ਕਰੇਗਾ।

**- ਡਾ. ਅਮਰ ਕੋਮਲ**

## ਭੁੱਖ

(ਕਨੂਤ ਹਾਮਸੁਨ)
**ਅਨੁਵਾਦਕ : ਵਿਪਨ ਗਿੱਲ**
**ਹਥਲਾ ਨਾਵਲ ਭੁੱਖ**
ਪੰਨੇ-176, ਮੁੱਲ-250 ਰੁਪਏ
**ਵਾਈਟ ਕਰੋਅ ਪਬਲੀਕੇਸ਼ਨ**

ਨਾਰਵੇ ਦੇ ਨੋਬਲ ਪੁਰਸਕਾਰ ਜੇਤੂ ਨਾਵਲਕਾਰ ਕਨੂਤ ਹਾਮਸੁਨ ਦੇ ਦਾਰਸ਼ਨਿਕ ਤੇ ਮਨੋਵਿਗਿਆਨਕ ਢੰਗ ਨਾਲ ਲਿਖੇ ਗਏ ਮਸ਼ਹੂਰ ਨਾਵਲ ਸ਼ੂਲਠ ਦੇ ਅੰਗਰੇਜ਼ੀ ਅਨੁਵਾਦ ਤੋਂ ਵਿਪਨ ਗਿੱਲ ਦਾ ਪੰਜਾਬੀ ਵਿਚ ਕੀਤਾ ਅਨੁਵਾਦ ਹੈ। ਇਹ ਨਾਵਲ ਕ੍ਰਿਸਤਾਨੀਆ ਸ਼ਹਿਰ ਵਿਚ ਆਪਣੀ ਹੋਂਦ ਦੀ ਤਲਾਸ਼ ਤੇ ਭੁੱਖ ਨਾਲ ਜੂਝ ਰਹੇ ਕੇਂਦਰੀ ਪਾਤਰ ਦਾ ਕਰੁਣਾਮਈ ਬਿਰਤਾਂਤ ਹੈ। ਇਸ ਦਾ ਕੇਂਦਰੀ ਪਾਤਰ ਇਕ ਲੇਖਕ ਵਜੋਂ ਸਥਾਪਤ ਹੋਣਾ ਚਾਹੁੰਦਾ ਹੈ। ਉਹ ਸਥਾਨਕ ਅਖ਼ਬਾਰਾਂ ਲਈ ਲੇਖ ਲਿਖ ਕੇ ਰੋਜ਼ੀ ਕਮਾਉਂਦਾ ਹੈ। ਬਹੁਤ ਵਾਰ ਉਸ ਨੂੰ ਕਈ-ਕਈ ਦਿਨ ਭੁੱਖਾ ਰਹਿਣਾ ਪੈਂਦਾ ਹੈ। ਨਾਵਲ ਵਿਚ ਭੁੱਖ ਨਾਲ ਲੜਦੇ ਹੋਏ ਆਪਣੀ ਅਣਖ ਕਾਇਮ ਰੱਖਣ ਦਾ ਉਤਸ਼ਾਹਜਨਕ ਬਿਰਤਾਂਤ ਹੈ। ਕੇਂਦਰੀ ਪਾਤਰ ਆਪਣੀ ਭੁੱਖ ਮਿਟਾਉਣ ਤੇ ਕਮਰੇ ਦਾ ਕਿਰਾਇਆ ਜੁਟਾਉਣ ਲਈ ਸਖਤ ਮਿਹਨਤ ਕਰਦਾ ਹੈ। ਲੇਖ ਲਿਖਣ ਤੋਂ ਇਲਾਵਾ ਉਹ ਹੋਰ ਕੰਮ ਲੱਭਣ ਦੀ ਕੋਸ਼ਿਸ਼ ਵੀ ਕਰਦਾ ਹੈ, ਪਰ ਉਸ ਨੂੰ ਸਫਲਤਾ ਨਹੀਂ ਮਿਲਦੀ। ਲੇਖ ਲਿਖ ਕੇ ਕ੍ਰੋਨਰ ਜੁਟਾਉਣਾ ਉਸ ਦੀ ਮੌਲਿਕ ਪ੍ਰਤਿਭਾ ਨਾਲ ਜੁੜਿਆ ਹੋਇਆ ਹੈ। ਹੋਰਨਾਂ ਕੰਮਾਂ ਤੋਂ ਉਸ ਨੂੰ ਜਵਾਬ ਮਿਲ ਜਾਣਾ ਸਮਾਜ ਵੱਲੋਂ ਨਕਾਰਨ ਨਾਲ ਸੰਬੰਧਤ ਹੈ। ਇਸ ਤਰ੍ਹਾਂ ਨਾਵਲ ਆਪਣੀ ਹੋਂਦ ਸਥਾਪਤ ਕਰਨ ਦੀ ਜੱਦੋ-ਜਹਿਦ ਕਰਦੇ ਮਨੁੱਖ ਤੇ ਸਮਾਜ ਦੇ ਆਪਸੀ ਟਕਰਾਓ ਦਾ ਬਿਰਤਾਂਤ ਹੈ। ਸਮਾਜ ਆਪਣੇ ਜ਼ਾਲਮ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਵਿਚ ਰਹਿੰਦੇ ਪ੍ਰਤਿਭਾਸ਼ਾਲੀ ਲੇਖਕ ਲਈ ਸਮਾਜ ਕੋਲ ਕੋਈ ਥਾਂ ਨਹੀਂ। ਸਿਤਮਜ਼ਰੀਫੀ ਇਹ ਹੈ ਕਿ ਆਪਣੀ ਭੁੱਖ ਮਿਟਾਉਣ ਲਈ ਕ੍ਰੋਨਰ ਜੁਟਾਉਣ ਲਈ ਉਹ ਆਪਣੇ ਕੱਪੜੇ ਵੇਚ ਦਿੰਦਾ ਹੈ, ਆਪਣੀ ਇਕੋ-ਇਕ ਜੈਕਟ ਦੇ ਬਟਨ ਤੱਕ ਵੇਚਣ ਦੀ ਸੋਚਦਾ ਹੈ। ਜਦ ਕਿਸੇ ਪਾਸੇ ਤੋਂ ਕੁਝ ਵੀ ਖਾਣ ਨੂੰ ਨਹੀਂ ਮਿਲਦਾ ਤਾਂ ਆਪਣੀ ਪੈਨਸਿਲ ਚੱਬਣ, ਲੱਕੜ ਦਾ ਕੋਈ ਟੁਕੜਾ ਚੱਬਣ ਤੇ ਮੀਟ ਦੀ ਦੁਕਾਨ ਤੋਂ ਹੱਡੀ ਲੈ ਕੇ ਉਸ ਨੂੰ ਚੂਸਣ ਤੱਕ ਦੇ ਵੇਰਵੇ ਬਹੁਤ ਕਰੁਣਾਮਈ ਹਨ। ਲੰਬਾ ਸਮਾਂ ਭੁੱਖਾ ਰਹਿਣ ਨਾਲ ਉਸ ਦੇ ਪੇਟ ਵਿਚ ਭੋਜਨ ਪਚਾਉਣ ਦੀ ਯੋਗਤਾ ਘਟ ਜਾਂਦੀ ਹੈ। ਜਦੋਂ ਲੰਬੇ ਸਮੇਂ ਬਾਅਦ ਖਾਣਾ ਮਿਲਦਾ ਤਾਂ ਉਹ ਉਸ ਨੂੰ ਪਚਾ ਨਹੀਂ ਸਕਦਾ। ਇਸ ਸਾਰੀ ਪ੍ਰਕਿਰਿਆ ਵਿਚ ਉਸ ਦਾ ਮਨੋਵਿਗਿਆਨਕ ਵਿਵਹਾਰ, ਉਸ ਦੇ ਭਾਵਾਂ 'ਤੇ ਉਸ ਦਾ ਕਾਬੂ, ਉਸ ਦੀ ਅਣਖ ਨਾਲ ਜਿਉਣ ਦੀ ਰੁਚੀ ਨਾਵਲ ਦਾ ਹਾਸਲ ਹਨ। ਉਹ ਕਿਸੇ ਤੋਂ ਭੀਖ ਦੇ ਰੂਪ ਵਿਚ ਮੰਗ ਕੇ ਆਪਣੇ-ਆਪ ਨੂੰ ਛੋਟਾ ਨਹੀਂ ਸਮਝਣਾ ਤੇ ਦਿਖਾਉਣਾ ਚਾਹੁੰਦਾ। ਆਪਣੇ ਕੋਲ ਕੁਝ ਵੀ ਨਾ ਹੋਣ ਦੇ ਬਾਵਜੂਦ ਉਸ ਅੰਦਰ ਦੂਜਿਆਂ ਦੀ ਮਦਦ ਕਰਨ ਦਾ ਮਾਦਾ ਹੈ। ਆਪਣੇ ਕੋਲ ਬਚੇ ਆਖਰੀ ਸਿੱਕੇ ਨੂੰ ਵੀ ਉਹ ਹੋਰ ਕਿਸੇ ਲੋੜਵੰਦ ਨੂੰ ਦਾਨ ਕਰਕੇ ਆਪਣੇ ਸਵੈਮਾਨ ਨੂੰ ਜਿਉਂਦਾ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਉਹ ਕਿਸੇ ਸੰਪਾਦਕ ਵੱਲੋਂ ਮਿਲੇ ਦਸ ਕ੍ਰੋਨਰਾਂ ਵਿੱਚੋਂ ਬਾਕੀ ਬਚੀ ਰਕਮ ਕੇਕ ਦੀ ਦੁਕਾਨ 'ਤੇ ਕੰਮ ਕਰਦੀ ਔਰਤ ਨੂੰ ਦੇ ਦਿੰਦਾ ਹੈ। ਆਪਣੀ ਦੋਸਤ ਵੱਲੋਂ ਗੁਪਤ ਰੂਪ ਵਿਚ ਮਿਲੇ ਦਸ ਕ੍ਰੋਨਰ ਨੂੰ ਆਪਣੀ ਮਕਾਨ ਮਾਲਕਣ ਨੂੰ ਦੇਣਾ ਉਸ ਦੇ ਮਨੋਭਾਵਾਂ ਦੀ ਸਫਲ ਪੇਸ਼ਕਾਰੀ ਕਰਦੇ ਬਿਰਤਾਂਤਕ ਵੇਰਵੇ ਹਨ।

ਨਾਵਲ ਵਿਚ ਮੁਹੱਬਤ ਦਾ ਖ਼ੂਬਸੂਰਤ ਬਿਰਤਾਂਤ ਵੀ ਸਿਰਜਿਆ ਹੈ। ਅਜਿਹਾ ਨੀਰਸ ਜੀਵਨ ਜਿਉਣ ਵਾਲੇ ਪਾਤਰ ਅੰਦਰ ਵੀ ਮੁਹੱਬਤ ਦੇ ਬੀਜ ਪੁੰਗਰਦੇ ਹਨ। ਉਸ ਦੀ ਜ਼ਿੰਦਗੀ ਵਿਚ ਇਕ ਅਜਿਹੀ ਘਟਨਾ ਵਾਪਰਦੀ ਹੈ, ਜਿਸ ਨਾਲ ਉਸ ਦੇ ਭਾਵਾਂ ਵਿਚ ਤਬਦੀਲੀ ਵਾਪਰਦੀ ਹੈ। ਇਕ ਕੁੜੀ ਉਸ ਦੀ ਜ਼ਿੰਦਗੀ ਵਿਚ ਆਉਂਦੀ ਹੈ। ਉਸ ਦੀ ਹਾਲਤ ਬਾਰੇ ਸੱਚ ਪਤਾ ਲੱਗਣ 'ਤੇ ਡਰੀ ਤੇ ਘਬਰਾਈ ਉਹ ਉਸ ਤੋਂ ਇਕ ਵਾਰ ਤਾਂ ਦੂਰ ਹੋ ਜਾਂਦੀ ਹੈ, ਪਰ ਉਸ ਨੂੰ ਪਿਆਰ ਕਰਦੀ ਰਹਿੰਦੀ ਹੈ, ਪਰ ਇਹ ਪਾਤਰ ਆਪਣੇ-ਆਪ ਨੂੰ ਆਪਣੀ ਪ੍ਰੇਮਿਕਾ ਦੀਆਂ ਨਜ਼ਰਾਂ ਵਿਚ ਡਿੱਗਿਆ ਨਹੀਂ ਦੇਖਣਾ ਚਾਹੁੰਦਾ। ਕੁੜੀ, ਜਿਸ ਦਾ ਕਾਲਪਨਿਕ ਨਾਂਅ ਯੀਲਾਯਾਲੀ ਉਸ ਨੇ ਹੀ ਦਿੱਤਾ ਹੁੰਦਾ ਹੈ, ਵੱਲੋਂ ਸਵੀਕ੍ਰਿਤੀ ਮਿਲਣ ਨੂੰ ਲੇਖਕ ਆਪਣੀ ਜਿੱਤ ਸਮਝਦਾ ਹੈ ਤੇ ਸਮਾਜ ਤੋਂ ਸਵੀਕ੍ਰਿਤੀ ਮਿਲ ਗਈ ਸਮਝਦਾ ਹੈ। ਅੰਤ 'ਤੇ ਉਸ ਤੋਂ ਵੱਖ ਹੋ ਕੇ ਉਹ ਸਮਾਜ ਵੱਲੋਂ ਨਕਾਰਿਆ ਗਿਆ ਮਹਿਸੂਸ ਕਰਦਾ ਹੈ ਤੇ ਇਸ ਸ਼ਹਿਰ ਨੂੰ ਛੱਡ ਕੇ ਰੂਸੀ ਝੰਡੇ ਵਾਲੇ ਪਾਣੀ ਦੇ ਜਹਾਜ਼ 'ਤੇ ਕੰਮ ਕਰਨ ਚਲਾ ਜਾਂਦਾ ਹੈ।

ਨਾਵਲ ਦਾ ਬਿਰਤਾਂਤ ਬੇਸ਼ੱਕ ਸਮਾਜ ਤੋਂ ਸਵੀਕ੍ਰਿਤੀ ਚਾਹੁੰਦੇ ਭੁੱਖ ਨਾਲ ਜੂਝਦੇ ਅਣਖੀ ਮਨੁੱਖ ਦਾ ਬਿਰਤਾਂਤ ਹੈ, ਪਰ ਇਸ ਵਿਚ ਮਨੁੱਖੀ ਭਾਵ, ਮਨੋਸਥਿਤੀ ਤੇ ਇੱਛਾਵਾਂ 'ਤੇ ਕਾਬੂ ਪਾਉਣ ਦਾ ਵਿਹਾਰਕ ਰੂਪ ਪੇਸ਼ ਹੋਇਆ ਹੈ। ਆਪਣੀ ਤਰਸਯੋਗ ਹਾਲਤ ਦੀ ਅਸਲੀਅਤ ਨੂੰ ਲੁਕਾਉਣ ਦੇ ਯਤਨ ਵਜੋਂ ਕੇਂਦਰੀ ਪਾਤਰ ਦਾ ਵਿਵਹਾਰ ਬਹੁਤ ਕਮਾਲ ਰੂਪ ਵਿਚ ਉੱਭਰਦਾ ਹੈ। ਉਸ ਦੇ ਇਸ ਕਰਮ ਤੋਂ ਉਸ ਦਾ ਆਪਣੀ ਇੱਛਾ ਸ਼ਕਤੀ 'ਤੇ ਕੰਟਰੋਲ ਸਪੱਸ਼ਟ ਹੁੰਦਾ ਹੈ। ਵਸਤ (ਧਨ ਜਾਂ ਪਦਾਰਥ ਰੂਪ ਵਿਚ) ਦੀ ਤੀਬਰ ਲੋੜ ਦੇ ਬਾਵਜੂਦ ਉਸ ਤੋਂ ਬੜੀ ਸਹਿਜਤਾ ਨਾਲ ਇਨਕਾਰ ਕਰਨ ਲਈ ਪਾਤਰ ਨੂੰ ਆਪਣੇ ਮਨ ਅੰਦਰ ਇਕ ਯੁੱਧ ਲੜਨਾ ਪੈਂਦਾ ਹੈ। ਵਾਰ-ਵਾਰ ਅਜਿਹਾ ਕਰਨ ਨਾਲ ਉਹ ਪਾਗਲ ਹੋਣ ਦੀ ਸਥਿਤੀ ਤੱਕ ਜਾ ਪਹੁੰਚਦਾ ਹੈ। ਬਿਨਾਂ ਮਤਲਬ ਤੋਂ ਬੋਲਣਾ, ਆਪਣੀ ਉਂਗਲੀ ਨੂੰ ਚੱਬ ਲੈਣਾ ਆਦਿ ਰਾਹੀਂ ਉਸ ਦੀ ਡਾਵਾਂਡੋਲ ਮਾਨਸਿਕ ਸਥਿਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਸ ਦੇ ਵਿਰੋਧ ਵਿਚ ਸਮਾਜ ਦਾ ਰੁੱਖਾ ਵਿਵਹਾਰ ਇਸ ਸਥਿਤੀ ਲਈ ਜ਼ੁੰਮੇਵਾਰ ਹੈ। ਇਕ ਸੱਭਿਅਕ ਸਮਾਜ ਵਿਚ ਪ੍ਰਤਿਭਾਸ਼ਾਲੀ ਵਿਅਕਤੀ ਨੂੰ ਸਾਂਭਣ ਦੀ ਯੋਗਤਾ ਨਹੀਂ ਹੈ। ਉਹ ਆਪਣੇ ਉੱਚ ਮਾਨਵੀ ਗੁਣਾਂ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਨਾਲ ਫਿਰ ਵੀ ਇਸ ਸਮਾਜ ਵਿਚ ਟਿਕਿਆ ਰਹਿੰਦਾ ਹੈ। ਅੰਤ ਵਿਚ ਉਹ ਇਸ ਸਮਾਜ ਨੂੰ ਅਲਵਿਦਾ ਕਹਿ ਕੇ ਇਕ ਜਹਾਜ਼ ਵਿਚ ਕੰਮ ਕਰਨ ਲਈ ਕ੍ਰਿਸਤਿਆਨੀਆ ਸ਼ਹਿਰ ਨੂੰ ਛੱਡ ਜਾਂਦਾ ਹੈ। ਨਾਵਲ ਦੇ ਅਨੁਵਾਦ ਬਾਰੇ ਗੱਲ ਕਰਨੀ ਲਾਜ਼ਮੀ ਹੈ, ਕਿਉਂਕਿ ਇਹ ਨਾਵਲ ਆਪਣੀ ਮੂਲ ਭਾਸ਼ਾ ਤੋਂ ਅੰਗਰੇਜ਼ੀ ਰਾਹੀਂ ਹੁੰਦਾ ਹੋਇਆ ਤੀਜੇ ਥਾਂ ਪੰਜਾਬੀ ਭਾਸ਼ਾ ਵਿਚ ਸਾਡੇ ਸਨਮੁੱਖ ਹੋਇਆ ਹੈ, ਪਰੰਤੂ ਇਸ ਦਾ ਪਾਠ ਕਰਦਿਆਂ ਇਸ ਤਰ੍ਹਾਂ ਜਾਪਦਾ ਹੈ, ਜਿਸ ਤਰ੍ਹਾਂ ਇਹ ਸਿੱਧਾ ਮੂਲ ਭਾਸ਼ਾ ਤੋਂ ਹੀ ਅਨੁਵਾਦ ਹੋਇਆ ਹੋਵੇ। ਵਿਪਨ ਗਿੱਲ ਦਾ ਅਨੁਵਾਦ ਬਹੁਤ ਖ਼ੂਬਸੂਰਤ ਹੈ। ਉਸ ਨੇ ਨਾਵਲ ਦੀ ਆਤਮਾ ਨੂੰ ਛੇੜੇ ਬਗੈਰ ਅਨੁਵਾਦ ਕੀਤਾ ਹੈ। ਅਨੁਵਾਦ ਵਿਚ ਕਿਤੇ ਕੋਈ ਕਾਹਲਾਪਨ ਨਹੀਂ ਹੈ। ਬਿਰਤਾਂਤਕ ਸੰਗਠਨ ਬੜੇ ਸਹਿਜ ਰੂਪ ਵਿਚ, ਸੌਖੇ ਸ਼ਬਦਾਂ ਰਾਹੀਂ ਪੜ੍ਹਨ ਨੂੰ ਮਿਲਦਾ ਹੈ। ਆਪਣੇ ਵਿਸ਼ੇ ਦੇ ਨਾਲ-ਨਾਲ ਅਨੁਵਾਦ ਪੱਖੋਂ ਵੀ ਨਾਵਲ ਸਫਲ ਹੈ।

**— ਡਾ. ਹਰਿੰਦਰ ਸਿੰਘ**

## ਅਪੀਲ (ਅਭੁੱਲ ਯਾਦਾਂ)

**ਬਲਰਾਜ ਸਾਹਨੀ**
**ਅਨੁ. : ਹਰਜੋਤ**
ਮੁੱਲ : 75 ਰੁਪਏ, ਪੰਨੇ : ਪੇਪਰ ਬੈਕ

'ਅਪੀਲ' : ਨਾਂਅ ਦੀ ਪੁਸਤਕ ਪ੍ਰਸਿੱਧ ਫਿਲਮ ਸਟਾਰ ਬਲਰਾਜ ਸਾਹਨੀ ਦੀਆਂ ਆਪਣੀਆਂ 'ਅਭੁੱਲ ਯਾਦਾਂ' ਹਨ, ਜਿਸ ਦਾ ਪੰਜਾਬੀ ਅਨੁਵਾਦ ਹਰਜੋਤ ਹੁਰਾਂ ਕੀਤਾ ਹੈ। ਦਰਅਸਲ ਭਾਵੇਂ ਮੁੱਖ ਰੂਪ 'ਚ ਡਾ. ਰਵਿੰਦਰ ਨਾਥ ਟੈਗੋਰ ਵੱਲੋਂ ਸ੍ਰੀ ਬਲਰਾਜ ਸਾਹਨੀ ਨੂੰ ਅਪੀਲ ਹੈ ਕਿ ਜੇ ਉਹ ਲਿਖਣਾ ਹੀ ਚਾਹੁੰਦਾ ਹੈ ਤਾਂ ਉਸ ਦਾ ਆਰੰਭ ਪਹਿਲਾਂ ਆਪਣੀ ਮਾਂ ਬੋਲੀ ਵਿੱਚ ਲਿਖ ਕੇ ਹੀ ਕਰੇ। ਇੰਜ ਕਰੇਗਾ, ਤਾਂ ਉਹ ਆਪਣੀ ਕੌਮ, ਭਾਸ਼ਾ, ਪ੍ਰਾਂਤ, ਉਸ ਦੀ ਸੱਭਿਅਤਾ ਅਤੇ ਵਿਰਸੇ ਦੀ ਸੇਵਾ ਕਰਨ ਦਾ ਫਰਜ਼ ਨਿਭਾਅ ਰਿਹਾ ਹੋਵੇਗਾ।

ਪੁਸਤਕ ਵਿੱਚ ਬਲਰਾਜ ਸਾਹਨੀ ਦੀਆਂ ਖ਼ੂਬਸੂਰਤ ਯਾਦਾਂ ਹਨ, ਜਿਵੇਂ ਜਦ ਉਰਦੂ ਸੰਮੇਲਨ ਹੋਇਆ; ਉਸ ਦੇ ਭਾਸ਼ਾ ਸੰਬੰਧੀ ਅਨੁਭਵ; ਗਾਂਧੀ ਜੀ ਦੇ ਵਿਚਾਰ, ਲੰਦਨ ਵਿੱਚ ਰਹਿਣ ਦਾ ਹਾਲ, ਉਸ ਦੇ ਉਰਦੂ ਅਧਿਐਨ ਦੀਆਂ ਬਾਤਾਂ, ਉਸ ਦਾ ਉਰਦੂ ਤੇ ਹਿੰਦੀ ਸ਼ੈਲੀਆਂ ਦੀਆਂ ਪ੍ਰਾਪਤੀਆਂ, ਬਰਤਾਨਵੀ ਸਰਕਾਰ ਦੀ ਭੂਮਿਕਾ, ਪੰਜਾਬ ਦੀ ਸਥਿਤੀ ਤੇ ਮੇਰੇ ਸੰਸਕਾਰ, ਮਾਰਕਸਵਾਦੀ ਵਿਚਾਰਧਾਰਾ, ਅੱਜ ਦੀ ਸਥਿਤੀ, ਖੜ੍ਹੀ ਬੋਲੀ, ਮੱਧਕਾਲੀ -ਸਾਹਿਤ, ਅਦੈਤਵਾਦ ਦੀ ਪਰੰਪਰਾ, ਨਸਲੀ-ਏਕਤਾ, ਸੱਭਿਆਚਾਰਾਂ ਦਾ ਮਿਸ਼ਰਨ ਅਤੇ ਬਹੁਮੁਖੀ ਵਿਕਾਸ: ਭਗਤੀ ਲਹਿਰ, ਜਨਭਾਸ਼ਾ, ਸ਼ਬਦਾਂ ਦਾ ਤਦਭਵੀਕਰਨ, ਲਿਪੀ ਦੀ ਸਮੱਸਿਆ, ਬਾਕੀ ਹਿੱਸੇ ਵਿੱਚ ਕਵਿਤਾਵਾਂ ਹਨ।

ਬਲਰਾਜ ਸਾਹਨੀ ਦੀ ਪੰਜਾਬੀ ਵਿੱਚ ਕੀਤੀ ਇਹ ਅਪੀਲ ਇੱਕ ਅਨੋਖੀ ਜੀਵਨ ਗਾਥਾ ਹੈ, ਜਿਸ ਨੂੰ ਅਧਿਐਨ ਕਰਕੇ ਪਾਠਕ ਬਹੁਤ ਗਿਆਨ ਸਮੱਗਰੀ ਪ੍ਰਾਪਤ ਕਰ ਸਕਦੇ ਹਾਂ।

**- ਡਾ. ਅਮਰ ਕੋਮਲ**

# ਜਗਦੀਸ਼ ਰਾਏ ਕੁਲਰੀਆਂ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ

**ਜਲੰਧਰ** : ਸਾਹਿਤਕਾਰ ਅਤੇ ਅਨੁਵਾਦਕ ਜਗਦੀਸ਼ ਰਾਏ ਕੁਲਰੀਆਂ ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ 'ਅਨੁਵਾਦ ਪੁਰਸਕਾਰ-2023' ਘੋਸ਼ਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਐਵਾਰਡ ਹਿੰਦੀ ਲੇਖਕ ਸ਼ਰਦ ਪਗਾਰੇ ਦੇ ਬਹੁਚਰਚਿਤ ਨਾਵਲ 'ਗੁਲਾਰਾ ਬੇਗਮ' ਨੂੰ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰਨ ਲਈ ਮਿਲ ਰਿਹਾ ਹੈ। ਇਸ ਪ੍ਰਾਪਤੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਤੇ ਜਨਰਲ ਸਕੱਤਰ ਡਾ. ਉਮਿੰਦਰ ਸਿੰਘ ਜੌਹਲ ਨੇ ਕੁਲਰੀਆਂ ਨੂੰ ਮੁਬਾਰਕਬਾਦ ਦਿੱਤੀ। ਬਰੇਟਾ ਦੇ ਨੌਜਵਾਨ ਸਾਹਿਤਕਾਰ ਅਤੇ ਅਨੁਵਾਦਕ ਜਗਦੀਸ਼ ਰਾਏ ਕੁਲਰੀਆਂ ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਕੌਮੀ ਪੱਧਰ ਦਾ ਅਨੁਵਾਦ ਪੁਰਸਕਾਰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ। ਇਸ 'ਤੇ ਭਾਰੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਾਹਿਤ ਤੇ ਕਲਾ ਮੰਚ ਬਰੇਟਾ ਦੇ ਸਰਪ੍ਰਸਤ ਦਰਸ਼ਨ ਸਿੰਘ ਬਰੇਟਾ ਨੇ ਕਿਹਾ ਕਿ ਕੁਲਰੀਆਂ ਨੂੰ ਇਹ ਵੱਕਾਰੀ ਐਵਾਰਡ ਹਿੰਦੀ ਦੇ ਪ੍ਰਸਿੱਧ ਲੇਖਕ ਸ਼ਰਦ ਪਗਾਰੇ ਦੇ ਬਹੁਚਰਚਿਤ ਨਾਵਲ 'ਗੁਲਾਰਾ ਬੇਗਮ' ਨੂੰ ਅਨੁਵਾਦ ਕਰਨ 'ਤੇ ਮਿਲ ਰਿਹਾ ਹੈ। ਉਨ੍ਹਾ ਕਿਹਾ ਕਿ ਐਵਾਰਡ ਘੋਸ਼ਿਤ ਹੋਣ 'ਤੇ ਸਮੁੱਚੇ ਸਾਹਿਤਕ ਹਲਕਿਆਂ ਵੱਲੋਂ ਭਾਰੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਮੰਚ ਦੇ ਪ੍ਰਧਾਨ ਡਾ. ਭਵਾਨੀ ਸ਼ੰਕਰ ਗਰਗ ਨੇ ਕਿਹਾ ਹੈ ਕਿ ਇਸ ਨਾਲ ਸਮੁੱਚੇ ਮਾਨਸਾ ਜ਼ਿਲ੍ਹੇ ਦਾ ਨਾਂਅ ਰੌਸ਼ਨ ਹੋਇਆ ਹੈ। ਉਨ੍ਹਾ ਕਿਹਾ ਕਿ ਕੁਲਰੀਆਂ



ਹੁਣ ਤੱਕ ਨਾਵਲ, ਕਹਾਣੀਆਂ, ਲੇਖ ਤੇ ਮਿੰਨੀ ਕਹਾਣੀਆਂ ਦੀਆਂ 12 ਪੁਸਤਕਾਂ ਦਾ ਅਨੁਵਾਦ ਕਰ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਮਿੰਨੀ ਕਹਾਣੀਆਂ, ਮੁਲਾਕਾਤਾਂ, ਨਾਟਕ, ਲੇਖ ਤੇ ਆਲੋਚਨਾ ਦੀਆਂ 15 ਪੁਸਤਕਾਂ ਛਪ ਚੁੱਕੀਆਂ ਹਨ। ਇਹ ਸਾਹਿਤਕ ਖੇਤਰ ਵਿਚ ਲੰਬੇ ਸਮੇਂ ਤੋਂ ਮਿਹਨਤ ਕਰ ਰਹੇ ਹਨ। ਮਿੰਨੀ ਕਹਾਣੀ ਲੇਖਕ ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਹਰਭਜਨ ਖੇਮਕਰਨੀ, ਕੁਲਵਿੰਦਰ ਕੌਸ਼ਲ, ਬੀਰ ਇੰਦਰ ਬਨਭੌਰੀ, ਗੁਰਸੇਵਕ ਰੋੜਕੀ, ਬਿਕਰਮਜੀਤ ਨੂਰ, ਕਹਾਣੀਕਾਰ ਨਿਰੰਜਣ ਬੋਹਾ, ਆਲੋਚਕ ਗੁਰਦੀਪ ਢਿੱਲੋਂ, ਮਹਿੰਦਰਪਾਲ ਬਰੇਟਾ, ਅਸ਼ਵਨੀ ਖੁਡਾਲ, ਸਰਦੂਲ ਸਿੰਘ ਚਹਿਲ, ਨਿਰਮਲ ਸਿੰਘ ਬਰੇਟਾ, ਬੂਟਾ ਸਿੰਘ ਸਿਰਸੀਵਾਲਾ, ਪਰਮਜੀਤ ਸਿੰਘ ਮੰਡੇਰ ਤੋਂ ਇਲਾਵਾ ਮਿੰਨੀ ਕਹਾਣੀ ਲੇਖਕ ਮੰਚ ਪੰਜਾਬ, ਸਰਬ ਸੁੱਖ ਸੇਵਾ ਟਰੱਸਟ, ਭਾਰਤ ਗਿਆਨ ਵਿਗਿਆਨ ਸੰਮਤੀ ਤੇ ਹੋਰ ਸਾਹਿਤਕ ਤੇ ਸਮਾਜ ਸੇਵੀ ਸੰਸਥਾਵਾਂ ਨੇ ਵੀ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਇਹ ਸਮੁੱਚੇ ਮਾਨਸਾ ਵਾਸੀਆਂ ਲਈ ਖ਼ੁਸ਼ੀ ਦੀ ਗੱਲ ਹੈ।

# ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਗਮ ਅੱਜ





**ਜਲੰਧਰ** : ਹਰ ਸਾਲ ਦਿੱਤੇ ਜਾਣ ਵਾਲੇ ਆਨੰਦ ਜੋੜੀ ਪੁਰਸਕਾਰ, ਇਸ ਸਾਲ ਉੱਘੀ ਪੱਤਰਕਾਰ ਨਵਜੋਤ ਢਿੱਲੋਂ ਨੂੰ ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ ਜਦ ਕਿ 2023 ਦੀ ਬਿਹਤਰੀਨ ਕਹਾਣੀ ਲਈ ਉਰਮਿਲਾ ਆਨੰਦ ਸਿਮਰਤੀ ਪੁਰਸਕਾਰ ਦਿੱਤਾ ਜਾਵੇਗਾ। ਇਸ ਕਹਾਣੀ ਦੀ ਚੋਣ ਉਨ੍ਹਾਂ ਦਸ ਕਹਾਣੀਆਂ ਵਿੱਚੋਂ ਕੀਤੀ ਜਾਵੇਗੀ ਜਿਨ੍ਹਾਂ ਨੂੰ ਮਾਹਿਰਾਂ ਦੀ ਰਾਇ ਤੋਂ ਬਾਅਦ ਸੂਚੀਬੱਧ ਕੀਤਾ ਜਾ ਚੁੱਕਾ ਹੈ, ਪਰ ਇਸ ਜੇਤੂ ਕਹਾਣੀ ਤੇ ਕਹਾਣੀਕਾਰ ਦੇ ਨਾਮ ਦਾ ਐਲਾਨ ਸਮਾਗਮ ਦੌਰਾਨ ਹੀ ਕੀਤਾ ਜਾਵੇਗਾ।

ਸੁਕੀਰਤ ਆਨੰਦ ਨੇ ਦੱਸਿਆ ਕਿ ਇਹ ਸਮਾਗਮ ਹਰ ਸਾਲ ਵਾਂਗ ਪ੍ਰੀਤ ਨਗਰ ਵਿਖੇ ਗੁਰਬਖਸ਼ ਸਿੰਘ-ਨਾਨਕ ਸਿੰਘ ਭਵਨ ਵਿੱਚ 17 ਮਾਰਚ 2024 ਨੂੰ ਸਵੇਰੇ 11-00 ਵਜੇ ਤੋਂ ਦੁਪਹਿਰ 3 ਵਜੇ ਤਕ ਹੋਵੇਗਾ। ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬੀ ਦੇ ਵੱਡੇ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਹੋਣਗੇ।

# ਪੰਜਾਬੀ ਸਾਹਿਤ ਸਭਾ ਵੱਲੋਂ ਕੌਮਾਂਤਰੀ ਮਹਿਲਾ ਦਿਵਸ 'ਤੇ ਸਾਹਿਤਕ ਇਕੱਤਰਤਾ

**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ (ਰਜਿ.) ਨੇ ਆਪਣੀ ਸਾਹਿਤਕ ਇਕੱਤਰਤਾ ਪ੍ਰੋ. ਜਸਪਾਲ ਕੌਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ ਵਿਚ ਕਰਵਾਈ। ਕੈਨੇਡਾ ਤੋਂ ਆਈ ਨਾਮਵਰ ਕਵਿੱਤਰੀ, ਕਹਾਣੀਕਾਰ ਤੇ ਵਾਰਤਾਕਾਰ ਸੁਰਿੰਦਰ ਗੀਤ ਨੇ 'ਤਾਏ ਕੇ ਚੋਰ ਉਚੱਕੇ ਨਹੀਂ' ਨਾਂਅ ਦੀ ਕਹਾਣੀ ਪੜ੍ਹੀ, ਜਿਸ ਵਿਚ ਕੈਨੇਡਾ ਦੇ ਮੂਲ ਨਿਵਾਸੀਆਂ ਉਤੇ ਰੰਗ-ਨਸਲ ਦੇ ਵਾਹਕਾਂ ਵੱਲੋਂ ਅੱਤਿਆਚਾਰਾਂ, ਅਣਮਨੁੱਖੀ ਵਰਤਾਰੇ ਤੇ ਦੋ ਮੁੱਖ ਪਾਤਰਾਂ ਦੀ ਮਨੋ




ਸਥਿਤੀ ਨੂੰ ਬਹੁਤ ਹੀ ਬਾਰੀਕਬੀਨੀ ਨਾਲ ਪੇਸ਼ ਕੀਤਾ ਗਿਆ ਸੀ। ਮੁੱਖ ਪਾਤਰ 'ਮੈਂ' ਦੀ ਵੇਦਨਾ-ਸੰਵੇਦਨਾ ਭਰੇ ਸੰਵਾਦਾਂ ਨੇ ਹਾਜ਼ਰ ਸਰੋਤਿਆਂ ਦੇ ਦਿਲਾਂ ਨੂੰ ਵਾਰ-ਵਾਰ ਟੁੰਬਿਆ ਤੇ ਭਾਵੁਕ ਹੋ ਗਏ। ਦੋ ਕਵਿਤਾਵਾਂ ਵੀ ਸੁਣਾਈਆਂ। ਉਪਰੰਤ ਸੁਰਿੰਦਰ ਗੀਤ ਨੇ ਆਪਣੀ ਬਾਈ ਕੁ ਸਾਲ ਦੀ ਉਮਰ ਵਿਚ ਵਿਆਹ ਹੋ ਕੇ ਕੀਤੇ ਪਰਵਾਸ ਦੌਰਾਨ ਵੱਖ-ਵੱਖ ਇਮਾਰਤਾਂ ਵਿਚ ਫਰਸ਼ਾਂ ਦੀ ਸਫ਼ਾਈ, ਬਰਤਨਾਂ ਦੀ ਧੁਲਾਈ, ਸ਼ੀਸ਼ਾ ਫੈਕਟਰੀ ਵਿਚ ਹੱਥਾਂ ਉਤੇ ਕੱਟ-ਪੱਛ ਨਾਲ ਲਹੂ ਰਿਸਕਣ ਤੇ ਫਿਰ ਕੈਲਗਰੀ ਸਿਟੀ ਦੇ ਪੁਲਸ ਮਹਿਕਮੇ ਵਿਚ ਕੀਤੇ ਮਾਣ-ਮੱਤੇ ਕਾਰਜਾਂ ਦਾ ਵਿਸਥਾਰ ਵਿਚ ਦੱਸਿਆ। ਡਾ. ਵਨੀਤਾ ਨੇ ਕੌਮਾਂਤਰੀ ਇਸਤਰੀ ਦਿਵਸ ਮੌਕੇ ਇਸਤਰੀ ਜਾਤੀ ਨਾਲ ਸੰਬੰਧਤ 'ਅਹੱਲਿਆ' ਨਾਂਅ ਦੀ ਲੰਮੀ ਕਵਿਤਾ ਸੁਣਾਈ, ਜਿਸ ਦੀ ਸਰੋਤਿਆਂ ਨੇ ਵਡਿਆਈ ਕੀਤੀ। ਡਾ. ਅਮੀਆ ਕੁੰਵਰ ਨੇ 'ਤੂੰ ਹੀ ਤੂੰ', 'ਤੂੰ ਉਧੜਦਾ ਗਿਆ' ਕਵਿਤਾਵਾਂ ਸੁਣਾਈਆਂ, ਜਿਨ੍ਹਾਂ ਨੇ ਸਰੋਤਾ ਮਨਾਂ 'ਤੇ ਨਿਵੇਕਲੀ ਛਾਪ ਛੱਡੀ।

ਪ੍ਰੋ. ਜਸਪਾਲ ਕੌਰ ਨੇ ਇਸ ਇਕੱਤਰਤਾ ਵਿਚ ਤਿੰਨੋਂ ਲੇਖਕਾਵਾਂ ਦੇ ਅਕਾਦਮਿਕ ਯੋਗਦਾਨ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਮੁੱਲਵਾਨ ਟਿੱਪਣੀਆਂ ਕਰਦਿਆਂ ਆਖਿਆ ਕਿ ਸੁਰਿੰਦਰ ਗੀਤ ਦੀ ਕਵਿਤਾ ਹੋਵੇ ਜਾਂ ਕਹਾਣੀ; ਸਹਿਜਤਾ ਤੇ ਸੰਵੇਦਨਸ਼ੀਲਤਾ ਉਸ ਦੇ ਮੀਰੀ ਗੁਣ ਹਨ। ਉਨ੍ਹਾ ਕਿਹਾ ਕਿ ਵਨੀਤਾ ਸਮਰੱਥ ਕਵਿੱਤਰੀ ਹੈ ਤੇ ਉਸ ਵੱਲੋਂ ਪੜ੍ਹੀ ਕਵਿਤਾ ਵਿਚ ਮਿੱਥ ਜ਼ਰੀਏ ਵਿਅੰਗ ਭਾਵ ਦੀ ਸਿਰਜਣਾ ਪ੍ਰਤੱਖ ਦਿਸਦੀ ਹੈ। ਅਮੀਆ ਕੁੰਵਰ ਦੇ ਮਾਨਵੀ ਰਿਸ਼ਤਿਆਂ ਤੇ ਉਨ੍ਹਾਂ ਵਿਚ ਦਰਾਰਾਂ ਤੇ ਖਿੱਚੋਤਾਣਾਂ ਦਾ ਜ਼ਿਕਰ ਸੀ। ਪ੍ਰੋਗਰਾਮ ਦੇ ਸ਼ੁਰੂ ਵਿਚ ਪੰਜਾਬੀ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਮੰਚ ਉਤਲੇ ਚੌਹਾਂ ਸਾਹਿਤਕਾਰਾਂ ਨਾਲ ਸੰਖੇਪ ਜਾਣ-ਪਛਾਣ ਕਰਵਾਉਣ ਮਗਰੋਂ ਮੰਚ ਸੰਚਾਲਨ ਡਾ. ਜਸਪਾਲ ਕੌਰ ਹੁਰਾਂ ਨੂੰ ਕਰਨ ਦੀ ਗੁਜ਼ਾਰਿਸ਼ ਕੀਤੀ। ਇਕੱਤਰਤਾ ਵਿਚ ਸਭਾ ਦੇ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ, ਨਾਮੀ ਤੇ ਵੰਦਨਾ ਵਕੀਲ ਅਮਰੀਕਾ ਤੋਂ, ਪੱਤਰਕਾਰ ਪ੍ਰਭਜੋਤ ਸਿੰਘ, ਐੱਮ.ਐੱਚ. ਗਰਚਾ, ਸਿਮਰਨਜੀਤ ਕੌਰ, ਗਾਇਕ ਸੁਰਿੰਦਰ ਸਾਗਰ, ਫਿਲਮਸਾਜ਼ ਤਰਸੇਮ ਸਿੰਘ, ਕੈਪਟਨ ਦੇਵ ਤੇ ਹੋਰ ਸਾਹਿਤਕਾਰ ਸ਼ਾਮਲ ਹੋਏ।

- ਬਲਬੀਰ ਮਾਧੋਪੁਰੀ

# ਸਮਕਾਲ

## ਆਪਣੀ ਆਵਾਜ਼ : ਮਾਰਚ 2024




ਇਸ ਅੰਕ ਦੀ 'ਆਪਣੀ ਗੱਲ' ਵਿੱਚ ਕੁਦਰਤ ਦੇ ਇਨਸਾਨ ਨਾਲ ਗਹਿਰੇ ਰਿਸ਼ਤੇ ਵਿੱਚ ਪੈ ਰਹੀਆਂ ਦੂਰੀਆਂ 'ਤੇ ਚਿੰਤਾ ਦੀ ਗੱਲ ਕਰਦਿਆਂ ਇਸ ਨੂੰ ਸਾਵਾਂ ਕਰਨ ਅਤੇ ਰੱਖਣ ਦੀ ਗੱਲ ਕਹੀ ਗਈ ਹੈ। ਪ੍ਰੋ: ਗੁਰਭਜਨ ਗਿੱਲ ਨੇ ਖੇਤੀ ਦੀਆਂ ਅਜੋਕੇ ਸਮੇਂ ਵਿੱਚ ਦਰਪੇਸ਼ ਵੰਗਾਰਾਂ ਦੀ ਗੱਲ ਇੱਕ ਕਿਤਾਬ ਦੇ ਸੰਦਰਭ ਵਿੱਚ ਕੀਤੀ ਹੈ। ਪੰਜਾਬੀ ਭਾਸ਼ਾ ਦੀ ਸਥਿਤੀ ਬਾਰੇ ਵੀ ਇੱਕ ਲੇਖ ਹੈ। ਵਰਿਆਮ ਸੰਧੂ ਨੇ ਆਪਣੇ ਰਚਨਾਤਮਕ ਕਾਰਜ ਦਾ ਵੇਰਵਾ ਪੇਸ਼ ਕੀਤਾ ਹੈ। ਲਾਹੌਰ ਵਿੱਚ ਵਰਿਆਮ ਸੰਧੂ ਨੂੰ ਮਿਲੇ ਵਾਰਿਸ ਸ਼ਾਹ ਐਵਾਰਡ ਦਾ ਵਿਸਥਾਰ ਵੀ ਇਸ ਅੰਕ ਦਾ ਹਿੱਸਾ ਹੈ। ਪਰਵਾਸ ਬਾਰੇ ਭੁਪਿੰਦਰ ਸਿੰਘ ਚੌਕੀਮਾਨ ਦਾ ਲੇਖ ਹੈ। ਗ਼ਲਪਕਾਰ ਬੂਟਾ ਸਿੰਘ ਚੌਹਾਨ ਨੇ ਆਪਣੀਆਂ ਯਾਦਾਂ ਦੇ ਖ਼ਜ਼ਾਨੇ ਵਿੱਚੋਂ ਇੱਕ ਵੇਰਵਾ ਪੇਸ਼ ਕੀਤਾ ਹੈ। ਮਨਮੋਹਨ ਦੇ ਨਿਰਵਾਣ ਬਾਰੇ ਪੜਚੋਲਵਾਂ ਲੇਖ ਹੈ। 'ਰੋਹੀ ਦਾ ਲਾਲ' ਦਾ ਸੱਤਵਾਂ ਕਾਂਡ ਵੀ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਦਾ ਸਿਹਤਨਾਮਾ ਵੀ ਹੈ। ਮਿੰਨੀ ਕਹਾਣੀਆਂ ਵਿੱਚ ਸੁਰਿੰਦਰ ਕੈਲੇ, ਗੁਰਮੀਤ ਸਿੰਘ ਮਰਾੜ੍ਹ, ਡਾ. ਕਰਮਜੀਤ ਸਿੰਘ ਨਡਾਲਾ, ਡਾ. ਪ੍ਰਦੀਪ ਕੌੜਾ, ਸ਼ਿਆਮ ਸੁੰਦਰ ਦੀਪਤੀ ਸ਼ਾਮਲ ਹਨ। ਕਿਤਾਬਾਂ ਵਾਲਾ ਕਾਲਮ ਵਿੱਚ ਦੋ ਪੁਸਤਕਾਂ ਦੀ ਪੜਚੋਲ ਹੈ। ਕਵੀਆਂ ਵਿੱਚ ਡਾ. ਗੁਰਬਖਸ਼ ਸਿੰਘ ਭੰਡਾਲ, ਡਾ. ਜਸਪ੍ਰੀਤ ਕੌਰ ਫਲਕ, ਮਨਜੀਤ ਕੌਰ ਅੰਬਾਲਵੀ, ਡਾ. ਮੇਹਰ ਮਾਣਕ ਅਤੇ ਹੋਰ ਸ਼ਾਮਲ ਹਨ।

ਪੰਨੇ 68, ਮੁੱਲ 50 ਰੁਪਏ, ਸੰਪਾਦਕ ਲਖਵਿੰਦਰ ਸਿੰਘ ਜੌਹਲ (ਡਾ.) , ਸੰਪਰਕ : 693, ਗੁਰੂ ਤੇਗ ਬਹਾਦਰ ਨਗਰ, ਜਲੰਧਰ , (ਮੋਬਾ) 94171-94812, 98725-49506

## ਸੰਵਾਦ : ਜਨਵਰੀ-ਜੂਨ 2024




ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਸ਼ੁਰੂ ਕੀਤੇ ਪੰਜਾਬੀ ਰੈਫਰਡ ਰਿਸਰਚ ਜਰਨਲ ਦਾ ਇਹ 19ਵਾਂ ਅੰਕ ਹੈ। ਇਹ ਵਿਸ਼ੇਸ਼ ਅੰਕ ਉੱਤਰ ਮਾਨਵਵਾਦ, ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਸਮਰਪਿਤ ਹੈ। ਉੱਤਰ ਮਾਨਵਵਾਦ ਬਾਰੇ ਅਮਰਜੀਤ ਸਿੰਘ ਗਰੇਵਾਲ, ਡਾ. ਜਸਪ੍ਰੀਤ ਕੌਰ, ਡਾ. ਤੇਜਿੰਦਰ ਸਿੰਘ ਦੇ ਲੇਖ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਡਾ. ਕੁਲਬੀਰ ਸਿੰਘ ਥਿੰਦ, ਡਾ. ਗੁਰਪ੍ਰੀਤ ਸਿੰਘ ਲਹਿਲ, ਡਾ. ਹਰਵਿੰਦਰ ਪਾਲ ਕੌਰ, ਡਾ. ਪਰਮਜੀਤ ਸਿੰਘ ਢੀਂਗਰਾ, ਡਾ. ਸੀ ਪੀ ਕੰਬੋਜ, ਡਾ. ਨਛੱਤਰ ਸਿੰਘ-ਕਿਰਨਦੀਪ ਕੌਰ, ਡਾ. ਮਨੀ ਅਰੋੜਾ, ਡਾ. ਅਨੁਰੀਤ ਕੌਰ, ਜਗਦੀਪ ਸਿੰਘ-ਡਾ. ਦੀਪਿਕਾ, ਡਾ. ਸਟਾਲਿਨਜੀਤ ਸਿੰਘ-ਰਮਨਪ੍ਰੀਤ ਕੌਰ ਅਤੇ ਜਗਸੀਰ ਸਿੰਘ ਜਟਾਣਾ ਦੇ ਲੇਖ ਹਨ। ਸਾਇੰਸ ਫਿਕਸ਼ਕ ਬਾਰੇ ਡਾ. ਸਰਬਜੀਤ ਸਿੰਘ ਮਾਨ ਦਾ ਲੇਖ ਹੈ। ਨਾਵਲ 'ਚਾਲੀ ਦਿਨ' ਅਤੇ ਬਲਬੀਰ ਪਰਵਾਨਾ ਦੀ ਕਹਾਣੀਆਂ ਦੀ ਕਿਤਾਬ 'ਇੱਕ ਕਾਮਰੇਡ ਦਾ ਇਕਲਾਪਾ' ਅਤੇ ਕੁਝ ਹੋਰ ਪੁਸਤਕਾਂ ਦੀ ਪੜਚੋਲ ਅਤੇ ਰੀਵਿਊ ਵੀ ਇਸ ਅੰਕ ਦਾ ਹਿੱਸਾ ਬਣ ਗਏ ਹਨ। ਪੰਨੇ 172, ਮੁੱਲ 200 ਰੁਪਏ, ਮੁੱਖ ਸੰਪਾਦਕ : ਡਾ. ਮਹਿਲ ਸਿੰਘ, ਸੰਪਰਕ : ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਖ਼ਾਲਸਾ ਕਾਲਜ ਅੰਮ੍ਰਿਤਸਰ-143002 (ਮੋ) : 85288-28200

## ਛਿਣ : ਜਨਵਰੀ-ਮਾਰਚ 2024




ਪੰਜਾਬੀ ਮਿੰਨੀ ਕਹਾਣੀਆਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਰੰਭ ਹੋਈ ਪੁਸਤਕ ਲੜੀ ਦਾ ਇਹ 47ਵਾਂ ਅੰਕ ਹੈ। ਸੰਪਾਦਕੀ ਸੋਸ਼ਲ ਮੀਡੀਆ ਦੀਆਂ ਵੱਖ-ਵੱਖ ਸਾਈਟਾਂ ਤੋਂ ਮਿਲਦਾ ਗਿਆਨ ਅਤੇ ਹੋਰ ਬਹੁਤ ਕੁਝ ਬਾਰੇ ਗੱਲ ਹੋਈ ਹੈ। 'ਅਮਿਟ ਪੈੜਾਂ' ਵਿੱਚ ਰਣਜੀਤ ਸਿੰਘ ਕੋਮਲ ਦੀਆਂ ਮਿੰਨੀ ਕਹਾਣੀਆਂ ਦੀ ਟੈਕਸਟ ਅਤੇ ਉਸ ਉਪਰ ਨਿਰੰਜਣ ਬੋਹਾ ਦੀ ਟਿੱਪਣੀ ਹੈ। 'ਨਕਸ਼' ਵਿੱਚ ਹਰਪ੍ਰੀਤ ਸਿੰਘ ਰਾਣਾ ਦਾ ਜੀਵਨ ਵੇਰਵਾ ਅਤੇ ਉਸ ਦੀਆਂ ਪ੍ਰਤੀਨਿਧ ਮਿੰਨੀ ਕਹਾਣੀਆਂ ਹਨ। ਹੋਰ ਲੇਖਕਾਂ ਵਿੱਚ ਤ੍ਰਿਪਤ ਭੱਟੀ, ਸ਼ਿਆਮ ਸੁੰਦਰ ਅਗਰਵਾਲ, ਸੁਖਦੇਵ ਸਿੰਘ ਸ਼ਾਂਤ, ਡਾ. ਨਾਇਬ ਸਿੰਘ ਮੰਡੇਰ, ਡਾ. ਨਵਜੋਤ ਲਵਲੀ, ਮਨਿੰਦਰ ਕੌਰ ਬੱਸੀ ਅਤੇ ਹੋਰ ਸ਼ਾਮਲ ਹਨ। ਜਗਦੀਸ਼ ਰਾਏ ਕੁਲਰੀਆਂ ਵੱਲੋਂ ਕੁਝ ਅਨੁਵਾਦਤ ਮਿੰਨੀ ਕਹਾਣੀਆਂ ਪੇਸ਼ ਹਨ। ਕੁਝ ਕਿਤਾਬਾਂ ਦੇ ਰੀਵਿਊ ਵੀ ਪੇਸ਼ ਹਨ।

ਪੰਨੇ 40, ਮੁੱਲ 20 ਰੁਪਏ, ਸੰਪਾਦਕ (ਆਨਰੇਰੀ) : ਡਾ. ਹਰਪ੍ਰੀਤ ਸਿੰਘ ਰਾਣਾ-ਦਵਿੰਦਰ ਪਟਿਆਲਵੀ

ਸੰਪਰਕ : 713, ਗਲੀ ਨੰ. 1, ਇਨਸਾਈਡ ਪੈਰਾਡਾਈਜ਼ ਪਲੇਅਵੇ ਸਕੂਲ ਤ੍ਰਿਪੜੀ ਟਾਊਨ, ਪਟਿਆਲਾ। (ਮੋ) : 98885-53162

- ਹਰਜਿੰਦਰ ਅਟਵਾਲ (ਡਾ.)

# ਰੌਸ਼ਨ ਕਲਾ ਕੇਂਦਰ ਵੱਲੋਂ ਸਾਹਿਤਕ ਸਮਾਗਮ



**ਗੜ੍ਹਸ਼ੰਕਰ**-ਰੌਸ਼ਨ ਕਲਾ ਕੇਂਦਰ ਗੱਜਰ ਵਿਖੇ ਸਾਲਾਨਾ ਦੋ ਰੋਜ਼ਾ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਚਾਨਣ ਗੋਬਿੰਦਪੁਰੀ ਟਰੱਸਟ ਵੱਲੋਂ ਉਸਤਾਦ ਚਾਨਣ ਗੋਬਿੰਦਪੁਰੀ ਗ਼ਜ਼ਲ ਪੁਰਸਕਾਰ ਬਲਵੀਰ ਸਿੰਘ ਸੈਣੀ ਨੂੰ, ਸ਼ਾਇਰ ਕਵਿੰਦਰ ਚਾਂਦ ਅਤੇ ਪਰਵਾਰ ਵੱਲੋਂ ਚਰਨ ਸਿੰਘ ਚਰਨ ਸਮਾਣਾ ਯਾਦਗਾਰੀ ਪੁਰਸਕਾਰ ਸ਼ਾਇਰ ਅੰਮ੍ਰਿਤਪਾਲ ਸਿੰਘ ਸੈਦਾ ਨੂੰ, ਕੋਮਲ ਕਲਾਵਾਂ ਤੇ ਸੱਭਿਆਚਾਰ ਸੰਸਥਾ ਫਗਵਾੜਾ ਵੱਲੋਂ ਜਨਾਬ ਉਲਫ਼ਤ ਬਾਜਵਾ ਪੁਰਸਕਾਰ ਮਹਿੰਦਰ ਦੀਵਾਨਾ ਨੂੰ, ਵਤਨੋਂ ਪਾਰ ਚੈਨਲ ਕੈਨੇਡਾ ਵੱਲੋਂ ਵਤਨੋਂ ਪਾਰ ਪੰਜਾਬੀ ਪੁਰਸਕਾਰ ਲੱਖ ਕਰਨਾਣਵੀ ਨੂੰ ਅਤੇ ਇਸ ਦੇ ਨਾਲ ਹੀ ਪ੍ਰੀਤ ਗਿੱਲ ਤੇ ਪਰਮਜੀਤ ਗਿੱਲ ਨੂੰ ਵੀ ਇਸ ਮੰਚ ਤੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਨਾਮਵਰ ਗ਼ਜ਼ਲਗੋ ਜਨਾਬ ਗੁਰਦਿਆਲ ਰੌਸ਼ਨ ਦੀ 'ਕਲੰਦਰੀ' ਅਤੇ ਭੁਪਿੰਦਰ ਸਿੰਘ ਸੱਗੂ ਦੀ 'ਤ੍ਰੈਕਾਲ' ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਇਸ ਵਾਰ ਨਵੀਂ ਪਿਰਤ ਪਾਉਂਦਿਆਂ ਬਲਾਚੌਰ, ਗੜ੍ਹਸ਼ੰਕਰ ਤੇ ਮਾਹਿਲਪੁਰ ਕਾਲਜ ਦੇ ਵਿਦਿਆਰਥੀਆਂ ਨੇ ਵੀ ਭਾਰੀ ਗਿਣਤੀ 'ਚ ਪੁੱਜ ਕੇ ਸਾਹਿਤਕ ਪੇਸ਼ਕਾਰੀਆਂ ਕੀਤੀਆਂ। ਰਾਤ ਦੀ ਸੰਗੀਤਕ ਮਹਿਫ਼ਲ 'ਚ ਬਲਜਿੰਦਰ ਬੈਂਸ, ਯਾਕੂਬ ਅੰਮ੍ਰਿਤਸਰ, ਸਤਨਾਮ ਸੂਰਮਾ ਤੇ ਰੀਟਾ ਸਿੱਧੂ ਨੇ ਖ਼ੂਬ ਰੰਗ ਬੰਨ੍ਹਿਆ। ਸਮਾਗਮ 'ਚ ਕਰਨੈਲ ਸਿੰਘ ਸ਼ੇਰਗਿੱਲ, ਵਿਸ਼ਾਲ ਵਿਆਸ, ਕਮਲਜੀਤ ਕਮਲ, ਸਤਨਾਮ ਚੌਹਾਨ, ਬਲਵਿੰਦਰ ਸੰਧਾ, ਫੈਸਲ ਖਾਨ, ਰਜਨੀ ਸ਼ਰਮਾ, ਮਨੋਜ ਫ਼ਗਵਾੜਵੀ, ਬਲਵਿੰਦਰ ਚਹਿਲ, ਧਰਮਪਾਲ ਸਾਹਿਲ, ਬਲਵਿੰਦਰ ਨਸੰਧੂ, ਜਗੀਰ ਅਬਦਾਲੀ, ਅੰਜੂ ਸੁਨਿਆਲ, ਜਸਪ੍ਰੀਤ ਗਿੱਲ, ਪਰਮਜੀਤ ਗਿੱਲ, ਗਾਫ਼ਿਲ ਸੁਵਾਮੀ ਅਲੀਗੜ੍ਹ, ਭਾਗ ਸਿੰਘ ਰੱਕੜ, ਮਨੰਜਾ ਖਾਨ, ਮਲਕੀਤ ਜਿੰਦੀ, ਐਡਵੋਕੇਟ ਜਸਪ੍ਰੀਤ, ਪਰਮਿੰਦਰ ਕਿੱਕੂ, ਮਦਨ ਬੰਗੜ, ਕੁਲਵੰਤ ਸਿੰਘ ਬਲਾਚੌਰ, ਰਾਜਨ ਅਰੋੜਾ, ਨਰੇਸ਼ ਕੁਮਾਰ, ਅਦਿੱਤਯ ਵਰਮਾ ਦਿੱਲੀ, ਸਤਨਾਮ ਲਾਜ਼ਮੀ ਪੁਰਤਗਾਲ, ਇੰਦਰਜੀ ਲੋਟੇ ਲੁਧਿਆਣਾ ਆਦਿ ਵੀ ਸ਼ਾਮਲ ਸਨ।

# ਪੰਜਾਬੀ ਸਾਹਿਤ ਸਭਾ ਦੀ ਚੋਣ



**ਪਟਿਆਲਾ**-ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਹੋਈ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦੀ ਦੋ ਸਾਲਾ ਚੋਣ ਕੀਤੀ ਗਈ, ਜਿਸ ਵਿਚ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ, ਸਾਹਿਤ ਅਕਾਡਮੀ, ਬਾਲ ਸਾਹਿਤ ਐਵਾਰਡੀ ਅਤੇ ਸਟੇਟ ਐਵਾਰਡੀ ਡਾ. ਦਰਸ਼ਨ ਸਿੰਘ 'ਆਸ਼ਟ' (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੂੰ ਨੌਵੀਂ ਵਾਰ ਸਾਲ 2024-2025 ਲਈ ਸਰਬਸੰਮਤੀ ਨਾਲ ਸਭਾ ਦਾ ਮੁੜ ਲਗਾਤਾਰ ਪ੍ਰਧਾਨ ਚੁਣਿਆ ਗਿਆ। ਚੋਣ ਉਪਰੰਤ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਉਹ ਸਭਾ ਦੇ ਸਮੂਹ ਮੈਂਬਰਾਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਹਨਾਂ ਨੂੰ ਸਰਬਸੰਮਤੀ ਨਾਲ ਲਗਾਤਾਰ ਪਿਛਲੇ ਚੌਦਾਂ ਸਾਲਾਂ ਤੋਂ ਪੰਜਾਬ ਦੀ ਇਸ ਮਾਣਮੱਤੀ ਸਾਹਿਤ ਸਭਾ ਦੀ ਸੇਵਾ ਕਰਨ ਦਾ ਮੌਕਾ ਮੁੜ ਪ੍ਰਦਾਨ ਕੀਤਾ ਹੈ। ਉਹਨਾਂ ਭਰੋਸਾ ਦਿਵਾਇਆ ਕਿ ਉਹ ਭਵਿੱਖ ਵਿਚ ਪੰਜਾਬੀ ਸਾਹਿਤ ਸਭਾ ਦੇ ਮਾਧਿਅਮ ਦੁਆਰਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਨਵੀਆਂ ਯੋਜਨਾਵਾਂ ਉਲੀਕਣਗੇ ਅਤੇ ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰਨ ਦਾ ਸਾਂਝਾ ਯਤਨ ਕਰਨਗੇ।

ਉੱਘੇ ਵਿਦਵਾਨ ਡਾ. ਗੁਰਬਚਨ ਸਿੰਘ ਰਾਹੀ, ਕਹਾਣੀਕਾਰ ਬਾਬੂ ਸਿੰਘ ਰੈਹਲ ਅਤੇ ਸੁਖਦੇਵ ਸਿੰਘ ਸ਼ਾਂਤ ਨੂੰ ਸਰਪ੍ਰਸਤ, ਦਵਿੰਦਰ ਪਟਿਆਲਵੀ ਨੂੰ ਜਨਰਲ ਸਕੱਤਰ ਅਤੇ ਬਲਬੀਰ ਸਿੰਘ ਦਿਲਦਾਰ ਨੂੰ ਵਿੱਤ ਸਕੱਤਰ ਵਜੋਂ ਚੁਣਿਆ ਗਿਆ। ਸੀਨੀਅਰ ਮੀਤ ਪ੍ਰਧਾਨ ਵਜੋਂ ਡਾ. ਹਰਪ੍ਰੀਤ ਸਿੰਘ ਰਾਣਾ ਅਤੇ ਸੁਰਿੰਦਰ ਕੌਰ ਬਾੜਾ ਨੂੰ ਚੁਣਿਆ ਗਿਆ ਜਦੋਂ ਕਿ ਮੀਤ ਪ੍ਰਧਾਨਾਂ ਵਿਚ ਡਾ. ਰਾਜਵੰਤ ਕੌਰ ਪੰਜਾਬੀ, ਰਘਬੀਰ ਸਿੰਘ ਮਹਿਮੀ, ਹਰੀ ਸਿੰਘ ਚਮਕ, ਇੰਜੀ. ਸਤਨਾਮ ਸਿੰਘ ਮੱਟੂ ਅਤੇ ਸ਼ਰਨਪ੍ਰੀਤ ਕੌਰ ਦੀ ਚੋਣ ਕੀਤੀ ਗਈ। ਸਭਾ ਦੇ ਸਲਾਹਕਾਰ ਦੇ ਅਹੁਦੇ ਲਈ ਸੁਖਦੇਵ ਸਿੰਘ ਚਹਿਲ, ਡਾ. ਤ੍ਰਿਲੋਕ ਸਿੰਘ ਆਨੰਦ, ਅਮਰ ਗਰਗ ਕਲਮਦਾਨ (ਧੂਰੀ), ਬਲਵਿੰਦਰ ਸਿੰਘ ਭੱਟੀ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਅਮਰ ਕੋਮਲ, ਜਸਵਿੰਦਰ ਸਿੰਘ, ਕੁਲਵੰਤ ਸਿੰਘ ਨਾਰੀਕੇ, ਕਰਮਵੀਰ ਸਿੰਘ ਸੂਰੀ, ਬਲਦੇਵ ਸਿੰਘ ਬਿੰਦਰਾ, ਹਰਬੰਸ ਸਿੰਘ ਮਾਨਕਪੁਰੀ, ਹਰਦੀਪ ਕੌਰ ਜੱਸੋਵਾਲ, ਦਲੀਪ ਸਿੰਘ ਅਤੇ ਡਾ. ਸੰਤੋਖ ਸਿੰਘ ਨੂੰ ਥਾਪਿਆ ਗਿਆ। ਇਸੇ ਤਰ੍ਹਾਂ ਕ੍ਰਿਸ਼ਨ ਲਾਲ ਧੀਮਾਨ ਸਹਾਇਕ ਵਿੱਤ ਸਕੱਤਰ, ਗੋਪਾਲ ਸ਼ਰਮਾ ਮਰਦਾਂਹੇੜੀ ਸਕੱਤਰ, ਸਤੀਸ਼ ਵਿਦਰੋਹੀ ਅਤੇ ਚਰਨ ਪੁਆਧੀ ਉਪ ਸਕੱਤਰ ਚੁਣੇ ਗਏ। ਪ੍ਰਚਾਰ ਸਕੱਤਰ ਲਈ ਨਵਦੀਪ ਸਿੰਘ ਮੁੰਡੀ ਅਤੇ ਸਹਾਇਕ ਪ੍ਰਚਾਰ ਸਕੱਤਰ ਲਈ ਗੁਰਪ੍ਰੀਤ ਸਿੰਘ ਜਖਵਾਲੀ, ਹਰਦੀਪ ਸੱਭਰਵਾਲ ਅਤੇ ਸੁਖਵਿੰਦਰ ਸਿੰਘ ਚਹਿਲ ਦੀ ਚੋਣ ਕੀਤੀ ਗਈ। ਅਮਰਜੀਤ ਖਰੌੜ ਜੱਥੇਬੰਦਕ ਸਕੱਤਰ ਅਤੇ ਸਹਾਇਕ ਜੱਥੇਬੰਦਕ ਸਕੱਤਰ ਦੇ ਅਹੁਦੇ ਲਈ ਜੋਗਾ ਸਿੰਘ ਧਨੌਲਾ ਅਤੇ ਕੈਪਟਨ ਚਮਕੌਰ ਸਿੰਘ ਚਹਿਲ ਨੂੰ ਚੁਣਿਆ ਗਿਆ। ਐਡਵੋਕੇਟ ਦਲੀਪ ਸਿੰਘ ਵਾਸਨ ਨੂੰ ਸਭਾ ਦਾ ਕਾਨੂੰਨੀ ਸਲਾਹਕਾਰ ਥਾਪਿਆ ਗਿਆ ਹੈ।

ਇਸਤਰੀ ਲੇਖਕ ਮੈਂਬਰਾਂ ਵਜੋਂ ਵੱਖ-ਵੱਖ ਸਾਹਿਤਕ ਖੇਤਰਾਂ ਵਿਚ ਵਿਸ਼ੇਸ਼ ਦੇਣ ਲਈ ਸਤਨਾਮ ਕੌਰ ਚੌਹਾਨ, ਆਸ਼ਾ ਸ਼ਰਮਾ, ਕਮਲ ਸੇਖੋਂ, ਰਾਜਵਿੰਦਰ ਕੌਰ ਜਟਾਣਾ, ਕੁਲਦੀਪ ਕੌਰ ਧੰਜੂ, ਗੁਰਵਿੰਦਰ ਕੌਰ ਚੁਣੇ ਗਏ। ਕਾਰਜਕਾਰਨੀ ਮੈਂਬਰਾਂ ਵਿਚ ਜੱਗਾ ਰੰਗੂਵਾਲ, ਰਾਜ ਸਿੰਘ ਬਧੌਛੀ, ਗੁਰਦੀਪ ਸਿੰਘ ਸੱਗੂ, ਇੰਦਰਪਾਲ ਸਿੰਘ ਅਤੇ ਕਿਰਨਦੀਪ ਕੌਰ, ਸਰਵਣ ਕੁਮਾਰ ਵਰਮਾ, ਖ਼ੁਸ਼ਪ੍ਰੀਤ ਸਿੰਘ, ਸੁਖਵਿੰਦਰ ਸਿੰਘ ਅਤੇ ਰਾਜੇਸ਼ ਕੋਟੀਆ ਦੀ ਚੋਣ ਕੀਤੀ ਗਈ, ਜਦੋਂ ਕਿ ਯੁਵਾ ਲੇਖਕਾਂ ਦੇ ਪ੍ਰਤੀਨਿਧਾਂ ਵਜੋਂ ਪਰਬਲਦੀਪ ਸਿੰਘ, ਹਰਗੁਣਪ੍ਰੀਤ ਸਿੰਘ, ਕੁਲਦੀਪ ਪਟਿਆਲਵੀ ਅਤੇ ਪ੍ਰਭਲੀਨ ਕੌਰ ਪਰੀ ਚੁਣੇ ਗਏ।

ਪਿਛਲੇ ਕਾਰਜਕਾਲ ਦੌਰਾਨ ਸਭਾ ਦੇ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਉਣ ਵਾਲੇ ਮੈਡਮ ਵਿਜੇਤਾ ਭਾਰਦਵਾਜ ਵੱਲੋਂ ਸਭਾ ਪ੍ਰਤੀ ਨਿਭਾਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ।

—ਦਵਿੰਦਰ ਪਟਿਆਲਵੀ

# ਕੇਂਦਰੀ ਸਭਾ ਵੱਲੋਂ ਡਾ. ਕਰਨਜੀਤ ਦੇ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ

**ਅੰਮ੍ਰਿਤਸਰ**-ਸਾਹਿਤਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪੰਜਾਬੀ ਦੇ ਉੱਘੇ ਸਾਹਿਤਕਾਰ, ਕਵੀ, ਅਨੁਵਾਦਕ ਅਤੇ ਵਾਰਤਕਕਾਰ ਡਾਕਟਰ ਕਰਨਜੀਤ ਸਿੰਘ ਦਾ ਅੱਜ ਸਵੇਰੇ ਦਿੱਲੀ ਵਿੱਚ ਦੇਹਾਂਤ ਹੋ ਗਿਆ। ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਉਹਨਾਂ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਡਾਕਟਰ ਕਰਨਜੀਤ ਸਿੰਘ ਦਾ ਜਨਮ 1930 ਨੂੰ ਪੱਟੀ ਜ਼ਿਲ੍ਹਾ ਤਰਨ ਤਾਰਨ ਵਿਖੇ ਜਨਮੇ ਡਾ. ਕਰਨਜੀਤ ਸਿੰਘ ਦਾ ਸਾਰਾ ਜੀਵਨ ਪੰਜਾਬੀ ਸਾਹਿਤ ਦੀ ਸੇਵਾ ਨੂੰ ਪ੍ਰਣਾਇਆ ਰਿਹਾ। ਉਹ ਜਿੱਥੇ ਲੋਕ ਲਿਖਾਰੀ ਸਭਾ ਅੰਮ੍ਰਿਤਸਰ ਦੇ ਜਨਰਲ ਸਕੱਤਰ ਰਹੇ,



ਉੱਥੇ ਪੰਜਾਬੀ ਲੇਖਕ ਸਭਾ ਦਿੱਲੀ ਦੇ ਸੰਸਥਾਪਕਾਂ ਵਿੱਚੋਂ ਵੀ ਸਨ। ਉਹ ਲੰਮਾ ਸਮਾਂ ਪੰਜਾਬੀ ਭਵਨ ਦਿੱਲੀ ਦੇ ਡਾਇਰੈਕਟਰ ਰਹੇ ਅਤੇ ਕਈ ਸਾਲ 'ਸਮਕਾਲੀ ਸਾਹਿਤ' 'ਤੇ ਸੰਪਾਦਕ ਵਜੋਂ ਸੇਵਾਵਾਂ ਦਿੰਦੇ ਰਹੇ। ਆਪਣੇ ਆਖ਼ਰੀ ਵੇਲੇ ਤੱਕ ਉਹ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਮੈਂਬਰ ਵੀ ਰਹੇ ਅਤੇ ਸਭਾ ਦੀਆਂ ਸਰਗਰਮੀਆਂ ਵਿਚ ਲਗਾਤਾਰ ਹਿੱਸਾ ਲੈਂਦੇ ਸਨ। ਉਹਨਾਂ ਦੇ ਦੋ ਕਾਵਿ ਸੰਗ੍ਰਹਿ 'ਰਿਸ਼ਤੇ' ਅਤੇ 'ਫੁੱਲ ਵੀ ਅੰਗਿਆਰ ਵੀ' ਤੋਂ ਇਲਾਵਾ ਸਾਹਿਤਕਾਰਾਂ ਨਾਲ ਮੁਲਾਕਾਤਾਂ ਦੀਆਂ ਦੋ ਕਿਤਾਬਾਂ 'ਕਲਮ ਦੀ ਅੱਖ' ਅਤੇ 'ਜਿਨ੍ਹਾ ਪਛਾਤਾ ਸੱਚ' ਬਹੁਤ ਮਕਬੂਲ ਹੋਈਆਂ। ਉਹਨਾਂ ਆਪਣੀ ਸ੍ਵੈ ਜੀਵਨੀ ਨੂੰ ਤਿੰਨ ਭਾਗਾਂ ਵਿੱਚ ਲਿਖਿਆ, ਜਿਨ੍ਹਾਂ ਵਿਚ 'ਮੈਂ ਭੋਲਾਵਾ ਪੱਗ ਦਾ', 'ਹਾਸ਼ੀਏ ਦੀ ਇਬਾਰਤ' ਅਤੇ 'ਏਨੀ ਮੇਰੀ ਬਾਤ' ਜ਼ਿਕਰਯੋਗ ਹਨ। ਉਹਨਾਂ ਰੂਸੀ ਦੀਆਂ ਬਹੁਤ ਸਾਰੀਆਂ ਸਾਹਿਤਕ ਅਤੇ ਸਿਆਸੀ ਰਚਨਾਵਾਂ ਨੂੰ ਪੰਜਾਬੀ ਵਿੱਚ ਉਲਥਾਇਆ। ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆ, ਸ਼ੈਲਿੰਦਰਜੀਤ ਰਾਜਨ, ਭੁਪਿੰਦਰ ਕੌਰ ਪ੍ਰੀਤ, ਮਨਜੀਤ ਇੰਦਰਾ, ਦਲਜੀਤ ਸਿੰਘ ਸਾਹੀ, ਬਲਵਿੰਦਰ ਸੰਧੂ, ਮੂਲ ਚੰਦ ਸ਼ਰਮਾ, ਰਜਿੰਦਰ ਰਾਜਨ, ਮੱਖਣ ਕੁਹਾੜ ਅਤੇ ਡਾ. ਕਰਮਜੀਤ ਸਿੰਘ ਨੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਕਰਨਜੀਤ ਸਿੰਘ ਦੇ ਚਲਾਣੇ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਜਾਗੋ ਵੋਟਰ ਜਾਗੋ ਦਾ ਪ੍ਰਦਰਸ਼ਨ

**ਹੁਸ਼ਿਆਰਪੁਰ**-ਜ਼ਿਲ੍ਹਾ ਚੋਣ ਅਫਸਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਨਹਿਰੂ ਯੁਵਾ ਕੇਂਦਰ ਹੁਸ਼ਿਆਰਪੁਰ ਦੇ ਬਹੁਰੰਗ ਕਲਾ ਮੰਚ ਹੁਸ਼ਿਆਰਪੁਰ ਵੱਲੋਂ ਸਵੀਪ ਐਕਟੀਵਿਟੀ ਦੇ ਤਹਿਤ ਅਸ਼ੋਕ ਪੁਰੀ ਦੁਆਰਾ ਲਿਖਿਆ ਅਤੇ ਨਿਰਦੇਸ਼ਿਤ ਨੁੱਕੜ ਨਾਟਕ 'ਜਾਗੋ ਵੋਟਰ ਜਾਗੋ' ਦਾ ਪ੍ਰਦਰਸ਼ਨ ਸ੍ਰੀ ਗੁਰੂ ਹਰਿ ਰਾਏ ਸਾਹਿਬ ਕਾਲਜ ਫਾਰ ਵਿਮੈਨ ਚੱਬੇਵਾਲ ਵਿਖੇ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਮਨਜੀਤ ਕੌਰ ਸਨ। ਨੁੱਕੜ ਨਾਟਕ 'ਜਾਗੋ ਵੋਟਰ ਜਾਗੋ' ਵਿੱਚ ਨਾਟਕਕਾਰ ਨੇ ਵੋਟਰਾਂ ਨੂੰ ਸ਼ਰਾਬ ਅਤੇ ਦੂਸਰੇ ਲਾਲਚਾਂ ਤੋਂ ਉੱਪਰ ਉੱਠ ਕੇ ਦੇਸ਼ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਇਸ ਨਾਟਕ ਵਿੱਚ ਨਾਟਕਕਾਰ ਦੇ ਨਾਲ ਗੁਰਮੇਲ ਧਾਰੀਵਾਲ, ਅੰਮ੍ਰਿਤ ਲਾਲ, ਦਿਲਰਾਜ ਨੇ ਆਪਣੇ-ਆਪਣੇ ਕਿਰਦਾਰਾਂ ਨਾਲ ਇਨਸਾਫ ਕੀਤਾ। ਪਲੇਬੈਕ ਗਾਇਨ ਦੀ ਭੂਮਿਕਾ ਕੁਲਦੀਪ ਮਾਹੀ ਅਤੇ ਸੁਖਵਿੰਦਰ ਸਿੰਘ ਨੇ ਨਿਭਾਈ। ਇਸ ਮੌਕੇ ਸਾਰੀਆਂ ਵਿਦਿਆਰਥਣਾਂ ਨੂੰ ਵੋਟ ਪਾਉਣ ਦੀ ਸਹੁੰ ਚੁਕਾਈ ਗਈ। ਇਸ ਮੌਕੇ ਪ੍ਰਿੰਸੀਪਲ ਡਾ. ਮਨਜੀਤ ਕੌਰ ਨੇ ਚੋਣ ਕਮਿਸ਼ਨ ਅਤੇ ਨਹਿਰੂ ਯੁਵਾ ਕੇਂਦਰ ਹੁਸ਼ਿਆਰਪੁਰ ਦਾ ਉਹਨਾਂ ਦੀ ਸੰਸਥਾ ਨੂੰ ਇਸ ਪ੍ਰੋਗਰਾਮ ਲਈ ਚੁਣਨ ਲਈ ਧੰਨਵਾਦ ਕੀਤਾ। ਇਸ ਮੌਕੇ ਇਪਟਾ ਦੇ ਮਸ਼ਹੂਰ ਰੰਗਕਰਮੀ ਅਤੇ ਚੱਬੇਵਾਲ ਦੇ ਵਸਨੀਕ ਜੋਗਿੰਦਰ ਬਾਹਰਲਾ ਨੂੰ 1948 ਤੋਂ 1964 ਤੱਕ ਰੰਗ ਮੰਚ ਦੀਆਂ ਗਤੀਵਿਧੀਆਂ ਲਈ ਯਾਦ ਕੀਤਾ ਗਿਆ।

# ਪਾਠਕਾਂ ਦੇ ਝਰੋਖੇ 'ਚੋਂ

## ਡਾ. ਗਿਆਨ ਸਿੰਘ ਦਾ ਲੇਖ

10 ਮਾਰਚ ਦੇ ਨਵਾਂ ਜ਼ਮਾਨਾ ਵਿਚ ਡਾ. ਗਿਆਨ ਸਿੰਘ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹੋ ਰਹੇ ਪਰਵਾਸ ਦੇ ਜ਼ਿਲ੍ਹਾਵਾਰ ਅੰਕੜੇ ਦਿੱਤੇ ਹਨ। ਇਹ ਸਾਰੀ ਤਸਵੀਰ ਬਹੁਤ ਚਿੰਤਾ ਵਾਲੀ ਹੈ। ਇਸ ਵਿਚ ਪਰਵਾਸ ਦੇ ਸਾਰੇ ਪੱਖ ਲਏ ਹਨ। ਇਸ ਦਾ ਮੁਢਲਾ ਕਾਰਨ ਤਾਂ ਇੱਕੋ-ਇੱਕ ਹੈ ਬੇਰੁਜ਼ਗਾਰੀ। ਕਿਸਾਨੀ ਦਾ ਪਿਤਾ-ਪੁਰਖੀ ਕੰਮ ਨਵੀਂ ਪੀੜ੍ਹੀ ਕਰਨਾ ਨਹੀਂ ਚਾਹੁੰਦੀ, ਕਿਉਂਕਿ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਹਿ ਗਿਆ। ਇਸੇ ਲਈ ਜ਼ਿਆਦਾ ਪਰਵਾਸ ਪਿੰਡਾਂ ਵਿੱਚੋਂ ਹੋ ਰਿਹਾ ਹੈ, ਸ਼ਹਿਰੀ ਖੇਤਰ ਵਿਚ ਇਹ ਦਰ ਘੱਟ ਹੈ, ਕਿਉਂਕਿ ਸ਼ਹਿਰੀ ਖੇਤਰਾਂ ਵਿਚ ਵੱਖ-ਵੱਖ ਕੰਮ ਧੰਦਿਆਂ ਦੀ ਵੱਡੀ ਗਿਣਤੀ ਹੈ। ਲੋਕ ਕੰਮਾਂ-ਕਾਰਾਂ 'ਤੇ ਜਾਂ ਫਿਰ ਗੁਜ਼ਾਰੇ ਜੋਗੀ ਮਾੜੀ-ਮੋਟੀ ਨੌਕਰੀ ਮਿਲ ਜਾਂਦੀ ਹੈ। ਭਾਵੇਂ ਹੁੰਦਾ ਸ਼ੋਸ਼ਣ ਹੀ ਹੈ। ਚੰਗੀ ਡਿਗਰੀ ਜ਼ਾਫਤਾ ਬੱਚੇ ਪੰਜ-ਸੱਤ ਹਜ਼ਾਰ 'ਤੇ ਲੱਗੇ ਆਮ ਮਿਲ ਜਾਂਦੇ ਹਨ। ਇੰਨੀ ਕੁ ਰਾਸ਼ੀ ਨਾਲ ਗੁਜ਼ਾਰਾ ਵੀ ਨ੍ਹੀਂ ਹੁੰਦਾ, ਪਰ ਜਿਵੇਂ ਕਹਿੰਦੇ ਨੇ ਵਿਹਲ ਨਾਲੋਂ ਵਗਾਰ ਚੰਗੀ ਹੈ। ਪੰਜਾਬ ਵਿਚ ਬਹੁਤਾ ਨੌਜਵਾਨ ਵਰਗ ਇਹ ਵਗਾਰਾਂ ਹੀ ਕਰ ਰਿਹਾ ਹੈ। ਜੇਕਰ ਪੰਜਾਬ ਸਰਕਾਰ ਇਸ ਗੱਲ ਦਾ ਪੂਰਾ ਸਰਵੇ ਕਰਾਏ ਤੇ ਵੇਖੇ ਕਿ ਨਿੱਜੀ ਅਦਾਰਿਆਂ ਵਿਚ ਸ਼ੋਸ਼ਣ ਕਿਵੇਂ ਹੋ ਰਿਹਾ ਹੈ, ਫੇਰ ਸਾਰੀ ਗੱਲ ਸਮਝ ਆ ਸਕਦੀ ਹੈ। ਸਾਡੇ ਹੁਣ ਦੇ ਰਾਜ ਕਰਦੀ ਪਾਰਟੀ ਦੇ ਲੀਡਰ ਸਾਹਿਬਾਨ ਨੇ ਲੋਕਾਂ ਨਾਲ ਇਹ ਚੋਣ ਮੈਨੀਫੈਸਟੋ ਵਿਚ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਸੀ, ਪਰ ਇਸ ਦਿਸ਼ਾ ਵਿਚ ਇਕ ਕਦਮ ਵੀ ਨਹੀਂ ਪੁੱਟਿਆ ਗਿਆ। ਇਹੀ ਕਾਰਨ ਹੈ ਪਰਵਾਸ ਦਾ। ਜੇਕਰ ਹਰ ਕਿਸਮ ਦੇ ਨਿੱਜੀ ਅਦਾਰਿਆਂ ਵਿਚ ਪੰਜਾਬ ਸਰਕਾਰ ਉਜਰਤ ਨਿਯਮਤ ਕਰ ਦੇਵੇ। ਆਰਥਿਕ ਸ਼ੋਸ਼ਣ ਬੰਦ ਕਰਾ ਦੇਵੇ, ਗੁਜ਼ਾਰੇ ਜੋਗੀ ਤਨਖਾਹ ਦੇਣ ਲਈ ਅਦਾਰੇ ਨੂੰ ਪਾਬੰਦ ਕਰ ਦੇਵੇ ਤਾਂ ਪਰਵਾਸ ਆਪਣੇ-ਆਪ ਘੱਟ ਹੋ ਜਾਵੇਗਾ, ਕਿਉਂਕਿ ਵਿਦੇਸ਼ਾਂ ਦੇ ਡਾਲਰ ਹੀ ਖਿੱਚ ਦਾ ਕਾਰਨ ਬਣਦੇ ਹਨ। ਹੋਰ ਕੋਈ ਗੱਲ ਨਹੀਂ ਹੈ। ਪੰਜਾਬ ਸਰਕਾਰ ਕਾਮੇ ਬਜ਼ੁਰਗਾਂ ਦੀ ਸੱਠ ਸਾਲ ਪਿੱਛੋਂ ਘੱਟੋ-ਘੱਟ ਪੈਨਸ਼ਨ ਦਸ ਹਜ਼ਾਰ ਪੱਕੇ ਤੌਰ 'ਤੇ ਲਾ ਦੇਵੇ ਤਾਂ ਬਜ਼ੁਰਗ ਵਿਦੇਸ਼ਾਂ ਦਾ ਮੂੰਹ ਨਹੀਂ ਕਰਨਗੇ। ਹੁਣ ਵਾਲੀ ਪੈਨਸ਼ਨ ਨਾਲ ਤਾਂ ਇਕ ਕੱਪ ਚਾਹ ਨਹੀਂ ਮਿਲਦੀ। ਇਸ ਸੰਬੰਧ ਵਿਚ ਹੋਰ ਵੀ ਬਹੁਤ ਕੁਝ ਹੋ ਸਕਦਾ ਹੈ, ਪਰ ਜੇ ਇਸ ਪਾਸੇ ਵੱਲ ਪੰਜਾਬ ਦੀ ਹੁਣ ਵਾਲੀ ਸਰਕਾਰ ਧਿਆਨ ਦੇਵੇ। ਬੂਟਾ ਸਿੰਘ ਦੇ ਅਨੁਵਾਦਿਤ ਲੇਖ ਵਿਚ ਦਲਿਤ ਔਰਤਾਂ ਦੇ ਜਿਨਸੀ ਸ਼ੋਸ਼ਣ ਦੀ ਚਰਚਾ ਬਹੁਤ ਘੋਖਵੀਂ ਹੈ। ਫਿਕਰ ਵਾਲੀ ਗੱਲ ਹੈ ਕਿ ਰਾਜ ਕਰਦੀ ਭਾਜਪਾ ਵਾਲੀਆਂ ਸਟੇਟਾਂ ਵਿਚ ਬਹੁਤ ਮਾੜਾ ਹਾਲ ਹੈ। ਔਰਤਾਂ ਦਾ ਜੀਉਣਾ ਵੀ ਦੁੱਭਰ ਹੋ ਗਿਆ ਹੈ। ਦੂਰ ਕੀ ਜਾਣਾ, ਬਲਾਤਕਾਰੀ ਸਾਧਾਂ 'ਤੇ ਸਰਕਾਰ ਐਨੀ ਮਿਹਰਬਾਨ ਹੈ ਕਿ ਇਨ੍ਹਾਂ ਨੂੰ ਵਾਰ-ਵਾਰ ਪੈਰੋਲ 'ਤੇ ਭੇਜਿਆ ਜਾ ਰਿਹਾ ਹੈ। ਡਾ. ਦੀਪਤੀ ਨੇ ਆਪਣੀ ਪੈਨਸ਼ਨ ਦੇ ਹਵਾਲੇ ਨਾਲ ਗੱਲ ਕੀਤੀ ਹੈ, ਇਹ ਸੱਚ ਹੈ। ਡਾ. ਦੀਪਤੀ ਦੀ ਮਨਸ਼ਾ ਹੈ ਕਿ ਸੂਬੇ ਦੇ ਹੋਰ ਲੋਕਾਂ ਨੂੰ ਖਾਸ ਕਰਕੇ ਬਜ਼ੁਰਗਾਂ ਨੂੰ ਚੰਗੀ ਪੈਨਸ਼ਨ ਦੇ ਘੇਰੇ ਵਿੱਚ ਲਿਆਂਦਾ ਜਾਵੇ। ਫਿਰ ਹੀ ਪੰਜਾਬ ਸਹੀ ਅਰਥਾਂ ਵਿਚ ਰੰਗਲਾ ਬਣ ਸਕਦਾ ਹੈ। ਨਹੀਂ ਤਾਂ ਪੇਟ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ ਵਾਲਾ ਹੈ ਪੰਜਾਬ ਦੇ ਲੋਕਾਂ ਦਾ। ਨਿਸ਼ਚਿਤ ਪੈਨਸ਼ਨ ਲਾਉਣ ਨਾਲ ਕਿਸੇ ਵਰਗ ਨੂੰ ਮੁਫਤ ਆਟਾ-ਦਾਲ ਨਹੀਂ ਦੇਣਾ ਪਵੇਗਾ। ਸਰਕਾਰੀ ਸਕੂਲਾਂ 'ਚ ਦੁਪਹਿਰ ਦੇ ਖਾਣੇ ਦੀ ਵੀ ਕੋਈ ਜ਼ਰੂਰਤ ਨਹੀਂ ਹੋਏਗੀ। ਅਧਿਆਪਕ ਵੀ ਸੁੱਖ ਦਾ ਸਾਹ ਲੈਣਗੇ ਤੇ ਸਿੱਖਿਆ ਵੱਲ ਧਿਆਨ ਦੇ ਸਕਣਗੇ। ਸਿੱਖਿਆ ਦਾ ਮਿਆਰ ਵਧੇਗਾ। ਮੁਫਤ ਦੇ ਸਫਰ ਦੀ ਫਾਲਤੂ ਸਕੀਮ ਵੀ ਨਜਾਇਜ਼ ਹੈ, ਖਜ਼ਾਨੇ ਨੂੰ ਚੂਨਾ ਲਾਉਣ ਵਾਲੀ ਸਕੀਮ ਕੇਵਲ ਵੋਟ ਬੈਂਕ ਦੀ ਚਾਲ ਹੈ। ਹੋਰ ਕੁਝ ਨਹੀਂ। ਕਰਜ਼ਾਈ ਪੰਜਾਬ ਦਾ ਭਵਿੱਖ ਚੰਗਾ ਨਹੀਂ ਹੋਵੇਗਾ। ਸਗੂਫੇ ਪੰਜਾਬ ਦਾ ਕੁਝ ਸੰਵਾਰ ਨਹੀਂ ਸਕਦੇ। ਪੁਸਤਕ ਰੀਵਿਊ ਚੰਗੇ ਹਨ। ਖਾਸ ਕਰਕੇ ਮਹਾਰਾਜਾ ਦਲੀਪ ਸਿੰਘ ਤੇ ਅਕਾਲੀ ਫੂਲਾ ਸਿੰਘ ਦੀ ਕਿਤਾਬ ਬਾਰੇ। ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਡਾ. ਗੁਪਾਲ ਸਿੰਘ ਬੁੱਟਰ ਨੇ ਸੋਹਣਾ ਲਿਖਿਆ ਹੈ। ਕਹਾਣੀ ਵਿਚ ਸਿਰ ਉੱਚਾ ਕਰਨ ਵਾਲੇ ਵਰਿਆਮ ਸੰਧੂ ਪੰਜਾਬੀ ਪਾਠਕਾਂ ਦੇ ਦਿਲਾਂ ਦੀ ਧੜਕਣ ਹਨ। ਮੋਗੇ ਵਿਚ ਨਾਵਲ 'ਕੂੰਜਾਂ' ਦੇ ਲੋਕ ਅਰਪਣ ਦੀ ਖ਼ੁਸ਼ੀ ਹੈ। ਜਸਵਿੰਦਰ ਰਤੀਆਂ ਨੂੰ ਮੇਰੀ ਮੁਬਾਰਕ।

—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

# ਡਾ. ਬਲਜੀਤ ਕੌਰ ਨੂੰ ਸੁਰਜੀਤ ਕੌਰ ਅਠੌਲਾ ਪੁਰਸਕਾਰ




**ਬਾਬਾ ਬਕਾਲਾ ਸਾਹਿਬ**-ਪਿਛਲੇ 38 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁਟੀ ਚਰਚਿਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਅੱਜ ਸ੍ਰੀ ਗੁਰੂ ਤੇਗ ਬਹਾਦਰ ਯੂਨੀਵਰਸਿਟੀ ਕਾਲਜ, ਸਠਿਆਲਾ (ਅੰਮ੍ਰਿਤਸਰ) ਵਿਖੇ ਕਰਵਾਇਆ ਗਿਆ। ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਡਾ: ਰਘਬੀਰ ਕੌਰ (ਸਾ: ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ), ਵਿਸ਼ੇਸ਼ ਮਹਿਮਾਨ ਅਰਤਿੰਦਰ ਸੰਧੂ (ਸੰਪਾਦਕ ਏਕਮ), ਡਾ: ਬਲਜੀਤ ਕੌਰ ਰਿਆੜ (ਅਸਿਸਟੈਂਟ ਪ੍ਰੋ: ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਪ੍ਰਧਾਨਗੀ ਮੰਡਲ ਵਿੱਚ ਡਾ: ਤੇਜਿੰਦਰ ਕੌਰ ਸ਼ਾਹੀ ਓ.ਐੱਸ.ਡੀ. ਸਰਕਾਰੀ ਕਾਲਜ ਸਠਿਆਲਾ, ਡਾ: ਜਸਪਾਲ ਕੌਰ ਭਾਟੀਆ (ਪ੍ਰਧਾਨ ਨਾਰੀ ਚੇਤਨਾ ਮੰਚ, ਅੰਮ੍ਰਿਤਸਰ), ਪ੍ਰਿੰ: ਪ੍ਰੋਮਿਲਾ ਅਰੋੜਾ (ਸਰਪ੍ਰਸਤ ਸਿਰਜਣਾ ਕੇਂਦਰ ਕਪੂਰਥਲਾ), ਸਾਹਿਬਾ ਜੀਟਨ ਕੌਰ (ਲੈਕਚਰਾਰ ਗੁਰੂ ਨਾਨਕ ਖਾਲਸਾ ਕਾਲਜ ਗੁਰਾਇਆ), ਡਾ: ਨਿਰਮ ਜੋਸਨ (ਸਟੇਟ ਐਵਾਰਡੀ), ਰਾਜਬੀਰ ਕੌਰ ਗਰੇਵਾਲ (ਪ੍ਰਧਾਨ ਮਾਣ ਪੰਜਾਬੀਆਂ ਦਾ ਅੰਤਰਰਾਸ਼ਟਰੀ ਸਾਹਿਤਕ ਮੰਚ ਇੰਗਲੈਂਡ), ਪ੍ਰਿੰਸੀਪਲ ਨਵਤੇਜ ਕੌਰ ਭੰਗੂ, ਬਲਜਿੰਦਰ ਕੌਰ (ਮਾਝਾ ਸੱਥ ਬੁਤਾਲਾ, ਹਰਮੇਸ਼ ਕੌਰ ਜੋਧੇ (ਸਾਬਕਾ ਜ਼ਿਲ੍ਹਾ ਭਾਸ਼ਾ ਅਫਸਰ), ਅਮਨਦੀਪ ਕੌਰ ਬਿੰਦ (ਅਵਤਾਰ ਰੇਡੀਓ ਸੀਚੇਵਾਲ) ਆਦਿ ਸੁਸ਼ੋਭਿਤ ਹੋਏ। ਇਸ ਮੌਕੇ ਸਭਾ ਦੀ ਮਹਿਲਾ ਵਿੰਗ ਦੇ ਪ੍ਰਧਾਨ ਸੁਖਵੰਤ ਕੌਰ ਵੱਸੀ ਦੀ ਪੁਸਤਕ 'ਰੂਹਾਂ ਦਾ ਸਫਰ' ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤੀ ਗਈ, ਜਦਕਿ 7ਵਾਂ ਮਾਤਾ ਸੁਰਜੀਤ ਕੌਰ ਯਾਦਗਾਰੀ ਐਵਾਰਡ, ਡਾ. ਬਲਜੀਤ ਕੌਰ (ਸਾਬਕਾ ਡੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਨੂੰ ਦੇ ਕੇ ਸਨਮਾਨਿਤ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਮੰਚ ਸੰਚਾਲਨ ਕਰਦਿਆਂ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ। ਇਸ ਮੌਕੇ ਮਹਿਲਾ ਦਿਵਸ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿੱਚ ਪੰਜਾਬ ਭਰ ਵਿੱਚੋਂ ਆਈਆਂ ਕਵਿੱਤਰੀਆਂ ਨੇ ਹਾਜ਼ਰੀ ਭਰੀ। ਕਵੀ ਦਰਬਾਰ ਵਿੱਚ ਵਿਜੇਤਾ ਰਾਜ, ਜਤਿੰਦਰਪਾਲ ਕੌਰ ਭਿੰਡਰ, ਰਾਜਵਿੰਦਰ ਕੌਰ ਰਾਜ, ਅਮਨ ਢਿੱਲੋਂ ਕਸੇਲ, ਰਾਜਿੰਦਰ ਕੌਰ ਧਰਦਿਓ, ਲਾਡੀ ਭੁੱਲਰ ਸੁਲਤਾਨਪੁਰ ਲੋਧੀ, ਮਨਜੀਤ ਕੌਰ ਨੰਗਲੀ, ਸੁਰਿੰਦਰ ਖਿਲਚੀਆਂ, ਜਸਪ੍ਰੀਤ ਕੌਰ, ਨਵਜੋਤ ਕੌਰ ਨਵੂ, ਮਨਦੀਪ ਕੌਰ ਰਤਨ, ਹਰਵਿੰਦਰਜੀਤ ਕੌਰ, ਕੁਲਵਿੰਦਰ ਕੌਰ ਬਾਬਾ ਬਕਾਲਾ, ਮਨਜੀਤ ਕੌਰ ਮੀਸ਼ਾ, ਡਾ: ਪੂਰਨਿਮਾ ਰਾਏ, ਜਤਿੰਦਰ ਕੌਰ ਅੰਮ੍ਰਿਤਸਰ, ਸਤਿੰਦਰਜੀਤ ਕੌਰ ਅੰਮ੍ਰਿਤਸਰ, ਜਾਪ ਕੌਰ ਸੀਚੇਵਾਲ, ਮਨਪ੍ਰੀਤ ਕੌਰ ਚੀਮਾ ਬਾਠ, ਹਰਜਿੰਦਰ ਕੌਰ ਸਠਿਆਲਾ ਆਦਿ ਨੇ ਕਾਵਿ ਰਚਨਾਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ।

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਪ੍ਰੋ. ਸਾਈਬਾਬਾ ਦੀ ਰਿਹਾਈ ਅਤੇ 'ਲੋਕਤੰਤਰ' ਦਾ ਕਰੂਰ ਚਿਹਰਾ : ਬੂਟਾ ਸਿੰਘ ਮਹਿਮੂਦਪੁਰ

ਪਾਸ਼- ਨੁਕੀਲੀਆਂ ਅੱਖਾਂ ਦੀ ਦਿਭ ਦ੍ਰਿਸ਼ਟੀ : ਡਾ. ਲਖਵਿੰਦਰ ਸਿੰਘ ਜੌਹਲ

'ਟੈਬੂ' ਦੀ ਪਰਖ ਪੜਚੋਲ : ਡਾ. ਜਸਵਿੰਦਰ ਕੌਰ ਬਿੰਦਰਾ

ਦੋ ਕਵੀ ਅਤੇ ਦੋ ਕਵਿਤਾਵਾਂ ਤੇ ਹੋਰ ਬਹੁਤ ਕੁਝ

17-March-Sunday.qxd 3/16/2024 10:47 PM Page 3





*ਵਿਜੇਤਾ ਭਾਰਦਵਾਜ ਕਾਫੀ ਲੰਮੇ ਅਰਸੇ ਤੋਂ ਕਵਿਤਾ ਲਿਖਦੀ ਆ ਰਹੀ ਹੈ। 'ਸਮੇਂ ਦੇ ਨੈਣਾਂ ਵਿੱਚੋਂ' ਕਿਤਾਬ ਨਾਲ ਉਸ ਦੀ ਕਾਵਿ ਪਛਾਣ ਹੋਰ ਗੂੜ੍ਹੀ ਹੁੰਦੀ ਹੈ। ਦੋਹੇ-ਨੁਮਾ ਕਾਵਿ ਵੰਨਗੀ ਵਿੱਚ ਉਹ ਬਹੁਤ ਹੀ ਥੋੜ੍ਹੇ ਸ਼ਬਦਾਂ ਵਿੱਚ ਬਹੁਤ ਹੀ ਡੂੰਘੀ ਗੱਲ ਕਹਿ ਸਕਣ ਦਾ ਹੁਨਰ ਰੱਖਦੀ ਹੈ। ਉਸ ਦੀ ਕਾਵਿ ਨਾਇਕਾ ਜੁਝਾਰੂ ਕਿਸਮ ਦੀ ਹੈ, ਜੋ ਸਮਕਾਲੀ ਉਲਟ ਹਾਲਤਾਂ ਦਾ ਟਾਕਰਾ ਹੌਸਲੇ ਨਾਲ ਕਰਦੀ ਹੈ। ਮਾਨਵੀ ਸੰਵੇਦਨਾ ਤੇ ਹੌਸਲੇ ਵਾਲੀ ਇਸ ਸ਼ਾਇਰਾ ਦੀਆਂ ਕੁਝ ਕਵਿਤਾਵਾਂ ਪੇਸ਼ ਹਨ। -ਸੰਪਾਦਕ*

# ਵਿਜੇਤਾ ਭਾਰਦਵਾਜ ਦੀਆਂ ਨਵੀਂਆਂ ਕਵਿਤਾਵਾਂ

## ਸ਼ਬਦ ਹੋ ਗਈ

ਪਿਆਰ ਲਿਖਦੀ ਲਿਖਦੀ ਦੇ
ਪੁਰਾਣੇ ਖੰਭ ਛੰਡੇ ਗਏ
ਤੇ ਉੱਗੇ ਨਵੇਂ ਖੰਭ
ਖੰਭਾਂ ਦੇ ਫੈਲਾਅ ਅੰਦਰ
ਜਹਾਨ ਸਾਰਾ ਆ ਸਿਮਟਿਆ
ਤੇ ਮੇਰਾ ਕਲਾਵਾ ਵੱਡਾ ਹੋ ਗਿਆ
ਕੁਝ ਵੱਡੇ ਹੋਏ
ਅੱਖਰ, ਸ਼ਬਦ ਤੇ ਬੋਲ
ਤੇ ਕੁਝ ਕੁ ਵੱਡੀ ਹੋਈ ਮੈਂ
ਚੇਤਿਆਂ 'ਚ
ਸਜੀਵ ਹੁੰਦੇ ਗਏ
ਸੱਚੇ ਤੇ ਸੁੱਚੇ ਸ਼ਬਦ
ਮੈਂ ਅੱਖਰਾਂ ਨਾਲ ਜੁੜ ਕੇ
ਸ਼ਬਦ ਸ਼ਬਦ ਹੋ ਗਈ।

## ਲੋਅ

ਦੂਰ ਚੌਗਿਰਦੇ ਤੋਂ ਬਾਹਰ
ਭਟਕਦੀ ਫਿਰਦੀ ਨੂੰ
ਸਾਂਭਿਆ ਇੱਕ ਲੋਅ ਨੇ
ਲੋਅ ਮੇਰੇ ਤੱਕ ਹੋਈ
ਜਾਂ ਮੈਂ ਲੋਅ ਤੱਕ ਅੱਪੜੀ
ਦੋਵੇਂ ਇੱਕ ਦੂਜੇ ਨੂੰ ਮਿਲ
ਮੁਸਕਰਾਏ ਤੇ
ਖਿੜ ਖਿੜ ਹੱਸੇ
ਫਿਰ ਸ਼ੁਕਰਾਨੇ ਹੋਏ
ਉਸ ਲੋਅ ਨਾਲ ਗੱਲਾਂ ਕੀਤੀਆਂ
ਉਹ ਬਲਦੀ ਚਲੀ ਗਈ ਤੇ
ਮੈਂ ਬੋਲਦੀ ਚਲੀ ਗਈ
ਫਿਰ ਲੰਮੀ ਚੁੱਪ ਪਿੱਛੋਂ
ਸੰਨਾਟਾ ਪਸਰਿਆ ਤੇ
ਫ਼ਿਜ਼ਾ ਵਿੱਚ ਖੁਸ਼ਬੂ ਫੈਲ ਗਈ
ਮੇਰੀ ਮੈਂ ਨੂੰ ਮਾਰ ਮੁਕਾ
ਲੋਅ ਅੰਦਰ ਸਮਾ ਗਈ
ਤੇ ਤੂੰ ਹੀ ਤੂੰ ਵਿੱਚ ਬਦਲ ਗਈ।

## ਕਲਮ ਦਾ ਰੰਗ ਲਾਲ

ਸਾਜ਼ਿਸ਼ਾਂ ਤੋਂ
ਪਰਦਾ ਚੁੱਕਣ ਲਈ
ਬਲਦੀ ਨਦੀ ਵਾਂਗ
ਖ਼ੂਨ ਮੇਰੇ ਵਿੱਚ
ਉਬਾਲ ਆ ਗਿਆ
ਕਹਿੰਦੇ ਨੇ ਲੋਕ
ਮੇਰੀ ਕਲਮ ਦਾ ਰੰਗ
ਲਾਲ ਹੋ ਗਿਆ

ਮੌਤ ਦਾ ਮੰਜ਼ਰ
ਉਦਾਸੀ ਦਾ ਸਮਾਂ
ਸੁੱਤੀ ਹੋਈ ਕੌਮ ਦਾ
ਦੱਸਾਂ ਕੀ ਹਾਲ ਹੋ ਗਿਆ
ਮਜ਼ਲੂਮਾਂ ਨੂੰ ਸੂਲੀ ਚਾੜ੍ਹਨਾ
ਇੱਕ ਵੱਡਾ ਸੁਆਲ ਹੋ ਗਿਆ
ਕਹਿੰਦੇ ਨੇ ਮੇਰੀ ਕਲਮ ਦਾ
ਰੰਗ ਲਾਲ ਹੋ ਗਿਆ

ਹਨੇਰਿਆਂ 'ਚੋਂ ਚਾਨਣ ਲੱਭਣਾ
ਕੋਈ ਸੌਖਾ ਕੰਮ ਨਹੀਂ
ਨਹੀਂ ਡਰਦੇ
ਹੁਣ ਮੌਤ ਤੋਂ ਵੀ
ਜਾਨ ਤਲੀ 'ਤੇ ਧਰਦਿਆਂ
ਕੋਈ ਬੇਖੌਫ਼ ਹੋ ਗਿਆ
ਮੇਰੀ ਕਲਮ ਦਾ ਰੰਗ ਲਾਲ ਹੋ ਗਿਆ

ਸਮਾਜ ਵਿੱਚ ਬੇਦੋਸ਼ੇ ਮਾਰੇ ਜਾ ਰਹੇ
ਧਰਤੀ ਲਾਲ ਹੋ ਰਹੀ
ਲਿਖਾਂਗੀ ਮੈਂ ਸ਼ਹੀਦਾਂ ਦੇ ਕਿੱਸੇ
ਲਹੂ ਉਨ੍ਹਾਂ ਦਾ
ਬੇਅਰਥ ਨਹੀਂ ਹੋ ਗਿਆ
ਨਾ ਹੀ ਕੋਈ
ਚੈਨ ਦੀ ਨੀਂਦ
ਸੌਂ ਗਿਆ
ਸੱਚ ਹੈ ਮੇਰੀ ਕਲਮ ਦਾ
ਰੰਗ ਲਾਲ ਹੋ ਗਿਆ

## ਰੋਟੀ

ਈਰਖਾਈ ਨਜ਼ਰਾਂ
ਹੱਕ ਮੰਗਣ ਵਾਲੇ ਨੂੰ
ਇੰਝ ਘੂਰਦੀਆਂ ਨੇ
ਜਿਵੇਂ ਉਸ ਦੀ ਥਾਲੀ 'ਚੋਂ
ਇੱਕ ਰੋਟੀ ਮੰਗ ਲਈ ਹੋਵੇ

## ਤਰਨਾ

ਸਮੁੰਦਰ ਦੀਆਂ ਛੱਲਾਂ ਮੈਨੂੰ
ਆਪਣੇ ਨਾਲ
ਰੋੜ੍ਹ ਕੇ ਲੈ ਜਾਣ ਲਈ
ਕਾਹਲੀਆਂ ਨੇ
ਉਹ ਨਹੀਂ ਜਾਣਦੀਆਂ
ਮੈਂ ਡੁੱਬ-ਡੁੱਬ ਕੇ
ਤਰਨਾ ਸਿੱਖਿਆ।

## ਵਲ

ਰੋਜ਼ ਕੁਝ ਪਾਉਣ ਲਈ
ਪਲ-ਪਲ ਟੁੱਟਦੀ ਹਾਂ
ਪਰ ਜ਼ਿੰਦਗੀ ਨੂੰ
ਖ਼ਬਰ ਨਹੀਂ ਹੋਣ ਦਿੰਦੀ
ਕਿ
ਟੁੱਟੇ ਹੋਏ ਹਿੱਸੇ ਨੂੰ
ਜੋੜਨ ਦਾ
ਵਲ ਆ ਗਿਐ ਮੈਨੂੰ

## ਮੋਹਤਾਜ

ਰਿਸ਼ਤਿਆਂ ਦੀ ਗਹਿਰਾਈ
ਸਮਝ ਗਈ ਹਾਂ
ਜਦੋਂ ਤੋਂ ਰਿਸ਼ਤੇ
ਮੋਹਤਾਜ ਹੋ ਗਏ ਨੇ
ਮਸ਼ੀਨਾਂ ਦੇ।

# ਪੁਰਾਤੱਤਵ ਥੇਹਾਂ ਦਾ ਪਿੰਡ : ਡੁਮੇਲੀ

## ਪਿੰਡ ਵਸਿਆ

**ਵਿਜੈ ਬੰਬੇਲੀ**

ਬਕੌਲ ਹਿਸਟੋਰੀਅਨ ਬਖਸ਼ੀਸ਼ ਸਿੰਘ ਨਿੱਜਰ, ਤੁਜ਼ਕ-ਏ-ਬਾਬਰੀ ਅਤੇ ਫਾਰਸੀ ਦੇ ਹੋਰ ਸਰੋਤਾਂ ਵਿੱਚ ਡੁਮੇਲੀ ਦਾ ਜ਼ਿਕਰ ਇਸ ਗੱਲ ਦੀ ਗਵਾਹੀ ਹੈ ਕਿ ਉਹਨੀਂ ਦਿਨੀਂ ਇਹ ਇੱਕ ਸੁਪ੍ਰਸਿੱਧ ਨਗਰ ਹੋਵੇਗਾ। ਕਿਸੇ ਵੇਲੇ ਦੀ ਕਪੂਰਥਲਾ ਰਿਆਸਤ ਦਾ ਇਹ ਜ਼ੈਲ ਪਿੰਡ ਹੁਸ਼ਿਆਰਪੁਰ-ਫਗਵਾੜਾ ਸੜਕ ਉੱਤੇ ਤਕਰੀਬਨ ਅੱਧ-ਵਿਚਕਾਰ, ਅੱਡਾ ਅਹਿਰਾਣਾ ਜੱਟਾਂ ਦੀ ਲਹਿੰਦੀ ਬਾਹੀ ਦੋ ਕੁ ਮੀਲ ਪਰ੍ਹੇ ਵੱਸਦਾ ਹੈ। ਇੱਥੋਂ ਇੱਕ ਸੜਕ ਸਿੱਧੀ-ਸਪਾਟ ਲਹਿੰਦੇ ਨੂੰ ਮੂੰਹ ਕਰਕੇ ਜੰਡੂ ਸਿੰਘਾ-ਜਲੰਧਰ ਨੂੰ ਹੋ ਤੁਰਦੀ ਹੈ। ਤਹਿਸੀਲ ਫਗਵਾੜਾ ਦੇ ਜਲੰਧਰ-ਹੁਸ਼ਿਆਰਪੁਰ ਹੱਦਾਂ ਉੱਤੇ ਵੱਸਦੇ ਆਖਰੀ ਪਿੰਡਾਂ ਸਮੇਤ ਪੈਂਦਾ ਇਹ ਹੁਣ ਵੀ ਕਪੂਰਥਲਾ ਜ਼ਿਲ੍ਹੇ 'ਚ ਹੀ ਹੈ, ਜਿਸ ਦੇ ਜਾਏ ਇਤਿਹਾਸਕਾਰ ਡਾ. ਬੀ.ਐੱਸ. ਨਿੱਜਰ ਦੀ ਤੱਥ ਅਧਾਰਤ ਹਵਾਲਾ ਪੁਸਤਕ 'ਹਿਸਟਰੀ ਆਫ ਦਾ ਬੱਬਰ ਅਕਾਲੀ'ਜ਼' ਸੰਸਾਰ ਪ੍ਰਸਿੱਧ ਹੈ। ਇਸੇ ਪਿੰਡ ਦੇ ਇੱਕ ਹਮਸਾਏ ਠੇਕੇਦਾਰ ਖੇਮ ਸੰਹੁ ਰਾਮਗੜ੍ਹੀਏ ਦੀ ਖੇਤਾਂ-ਬੇਲਿਆਂ ਵਿਚਲੀ ਕੋਠੀ, ਜਿੱਥੋਂ ਬੱਬਰਾਂ ਦੀ ਡਾਕ ਵੀ ਚੱਲਦੀ ਸੀ, ਇਸ ਪਿੰਡ ਦੇ ਬਹੁ-ਪਰਤੀ ਦੇਸ਼ਭਗਤ ਹੋਣ ਦੀ ਗਵਾਹੀ ਭਰਦੀ ਹੈ।

ਪੁਰਾਤੱਤਵ ਸੋਮੇ ਇਸ ਖੈੜੇ ਦੇ ਇਤਿਹਾਸ ਨੂੰ ਮਹਾਂਭਾਰਤ ਦੇ ਯੁੱਗ ਤੋਂ ਵੀ ਪਿਛਾਂਹ ਲੈ ਖੜਦੇ ਹਨ। ਇਤਿਹਾਸਕ-ਮਿਥਿਹਾਸਕ ਤ੍ਰੈ-ਗਤ ਲਿਖਤ ਅਨੁਸਾਰ ਜਦ ਸਮਰਾਟ ਜਲੰਧਰ ਦੈਂਤ ਦਾ ਰਾਜ ਮੁਲਤਾਨ ਤੋਂ ਹਿਮਾਲਿਆ ਤੱਕ ਫੈਲਿਆ-ਪਸਰਿਆ ਹੋਇਆ ਸੀ ਤਾਂ ਸ਼ਿਵਾਲਕੀ ਸਰਦਾਰ, ਕਬੀਲੇ ਉਸ ਦੀ ਹਾਜ਼ਰੀ ਭਰਨ ਲਈ ਪਹਾੜੋਂ ਉੱਤਰ ਵਰਾਸਤਾ ਜੈਜੋਂ/ਬਜਵਾੜਾ ਦੇ ਦਰਿਆ ਰਾਹੀਂ ਵਰਾਸਤਾ ਡੁਮੇਲੀ ਜਲੰਧਰ ਪਹੁੰਚਦੇ ਸਨ। ਦੰਦ ਕਥਾਵਾਂ ਅਨੁਸਾਰ ਡੁਮੇਲੀ ਉਦੋਂ ਘੁੱਗ ਵੱਸਦਾ ਸੀ, ਮਗਰੋਂ ਉਹ ਅਤੇ ਉਸ ਨਾਲ ਜੁੜਵੇਂ ਕਈ ਖੈੜੇ-ਮੁਕਾਮ ਕੁਦਰਤੀ ਕਰੋਪੀਆਂ ਅਤੇ ਲੜਾਈਆਂ-ਭੜਾਈਆਂ ਕਾਰਨ ਥੇਹ ਹੋ ਗਏ ਸਨ।

ਪਰ ਹੁਣ ਵਾਲਾ ਡੁਮੇਲੀ, ਜਿਸ ਨੂੰ ਨਿੱਝਰ ਜੱਟਾਂ ਨੇ ਮੁੜ ਬੰਨ੍ਹਿਆ ਸੀ, ਥੇਹਾਂ 'ਚ ਘਿਰਿਆ ਪਿੰਡ ਨਹੀਂ, ਸਗੋਂ ਖੁਦ ਇੱਕ ਥੇਹ ਉੱਤੇ ਬਿਰਾਜਮਾਨ ਨਗਰ ਹੈ। ਕਿਸੇ ਵੀ ਕਾਰਨ, ਜਦ ਇਸ ਦਾ ਢਿੱਡ ਫਰੋਲਿਆ ਗਿਆ ਤਾਂ ਸਤਯੁਗੀ ਇੱਟਾਂ ਸਮੇਤ ਇੱਥੋਂ ਮੋਰੀਆ ਕਾਲ (320-185 ਈ. ਪੂਰਬ) ਅਤੇ ਬਾਅਦ ਦੀਆਂ ਵੀ ਸਿੱਲਾਂ ਅਤੇ ਬਰਤਨ-ਸਿੱਕੇ ਪ੍ਰਾਪਤ ਹੋਏ। ਇਹੀ ਨਹੀਂ, ਕਰੀਬ ਸੱਤ-ਅੱਠ ਹੱਥ ਡੂੰਘੀਆਂ ਦੱਬ ਹੋਈਆਂ ਕਰਮੀ-ਧਰਮੀ ਵਸਤਾਂ ਸਮੇਤ ਚਹੁ-ਮੁਖੀਏ ਧਾਂਤੂ ਦੀਵੇ, ਸਿੱਕੇ-ਢਾਲੇ, ਖੂਹੀਆਂ-ਬੋਲ੍ਹੀਆਂ ਇਸ ਖੈੜੇ ਨੂੰ 23-24 ਸਦੀਆਂ ਪਿਛਾਂਹ ਲੈ ਟੁਰਦੇ ਹਨ। ਯੁੱਗਾਂ-ਯੁਗਾਂਤਰਾਂ ਤੋਂ ਵਿਸ਼ੇਸ਼ ਸਥਿਤੀਆਂ-ਪ੍ਰਸਥਿਤੀਆਂ ਅਤੇ ਜਲਵਾਯੂ ਤੇ ਭੂਗੋਲਕੀ ਕਾਰਨਾਂ ਕਰਕੇ ਇਹ ਵਾਪਰਦਾ ਆਇਆ ਹੈ ਕਿ ਕਿਸੇ ਖਿੱਤਾ ਵਿਸ਼ੇਸ਼ ਦੀ ਵਸੋਂ ਕਿਤੇ ਹੋਰ ਤੁਰ ਗਈ ਹੋਵੇ ਜਾਂ ਉਹ ਇਲਾਕਾ ਹੀ ਗਰਕ ਗਿਆ ਹੋਵੇ। ਪ੍ਰਾਚੀਨ ਡੁਮੇਲੀ, ਉਦੋਂ ਇਸ ਦਾ ਨਾਂਅ ਕੋਈ ਵੀ ਹੋਰ ਕਿਉਂ ਨਾ ਹੋਵੇ, ਨਾਲ ਵੀ ਇਵੇਂ ਹੀ ਵਾਪਰਿਆ ਹੋਵੇਗਾ।

ਅਜੋਕੇ ਡੁਮੇਲੀ ਦਾ ਭੂਗੋਲਕੀ ਸਰਵੇਖਣ ਸਿੱਧ ਕਰਦਾ ਹੈ ਕਿ ਇਹ ਖਿੱਤਾ ਜ਼ਰੂਰ ਜਲ-ਥਲ ਰਿਹਾ ਹੋਵੇਗਾ, ਜਿਹੜਾ ਪ੍ਰਾਚੀਨ ਡੁਮੇਲੀ ਦੀ ਬਲੀ ਦਾ ਕਾਰਨ ਬਣਿਆ। ਖੂਹਾਂ ਦੇ ਪਾੜ ਪੁੱਟਣ ਸਮੇਂ ਦਰਿਆਈ ਰੇਤਾ, ਬੇੜੀਆਂ ਦੀ ਧਾਤੂ ਪੱਚਰਾਂ ਅਤੇ ਮੱਛੀਆਂ ਫੜਨ ਵਾਲੀਆਂ ਪੱਥਰ-ਕੁੰਡੀਆਂ ਜਲ-ਥਲੀ ਵਰਤਾਰੇ ਦਾ ਸੰਕੇਤ ਕਰਦੀਆਂ ਹਨ। ਜਲਮੰਡਲੀ ਤਵਾਰੀਖ ਅਨੁਸਾਰ ਇੱਥੇ ਕਦੇ ਸਤਲੁਜ-ਬਿਆਸ ਦਾ ਸੰਗਮ ਸੀ। ਜੇ ਇਹ ਗੱਲ ਅੱਧ-ਅਧੂਰੀ ਵੀ ਕਿਉਂ ਨਾ ਹੋਵੇ, ਇਹ ਜ਼ਰੂਰ ਸੱਚ ਹੈ ਕਿ ਇਹ ਖਿੱਤਾ ਉਹਨਾਂ ਦਰਿਆਵਾਂ ਦੀਆਂ ਸਹਾਇਕ ਨਦੀਆਂ, ਖੌਰੂ ਪਾਉਂਦੇ ਬਰਸਾਤੀ ਚੋਆਂ ਦਾ ਜ਼ਰੂਰ ਸੰਗਮ ਰਿਹਾ ਹੋਵੇਗਾ। ਜਿਹਨਾਂ ਬਦੌਲਤ ਇੱਥੇ ਉੱਗਮੇ ਜਲ-ਡੂੰਮਾਂ ਤਹਿਤ ਇਸ ਦਾ ਨਾਂਅ ਡੁੰਮਾਂ ਤੋ ਡੁੱਮਾਂਵਾਲੀ ਮਗਰੋਂ ਡੁਮੇਲੀ ਜਾਂ ਦੋ ਜਲ-ਵਹਿਣਾਂ ਦੇ ਮੇਲ, ਦੋ-ਮੇਲ ਤੋਂ ਵਿਗੜਦਾ-ਸੰਵਰਦਾ ਡੁਮੇਲੀ ਪੈ ਗਿਆ ਹੋਵੇ।

ਵਸੋਂ ਬਣਤਰ ਅਨੁਸਾਰ ਆਖਰੀ ਵਾਰ ਅਤੇ ਇਸ ਰੂਪ 'ਚ ਇਸ ਦੀ ਮੋੜ੍ਹੀ ਨਿੱਝਰ ਜੱਟਾਂ ਨੇ ਬੰਨ੍ਹੀ ਸੀ। ਹੁਣ ਵੀ ਇੱਥੇ ਉਹਨਾਂ ਦੀ ਬਹੁਤਾਤ ਹੈ, ਭਾਵੇਂ ਕਿ ਹੋਰ ਜਾਤਾਂ ਵੀ ਇੱਥੇ ਆ ਵਸਦੀਆਂ ਰਹੀਆਂ। ਕਾਰਨ; ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸ ਨੂੰ ਹੋਰ ਕਿੱਤਾ ਜਾਤੀਆਂ, ਜਿਹਨਾਂ ਕੋਲ ਵਿਸ਼ੇਸ਼ ਧੰਦਿਆਂ, ਹੁਨਰਾਂ ਜਾਂ ਕੋਈ ਹੋਰ ਮੁਹਾਰਤ ਹੁੰਦੀ ਸੀ, ਦੀ ਲੋੜ ਪੈਂਦੀ ਸੀ। ਉਹਨਾਂ ਦੇ ਵਸੇਬੇ ਨਾਲ ਹੀ ਕਿਸੇ ਪਿੰਡ ਦੀ ਉਸਾਰੀ ਸੰਪੂਰਨ ਹੁੰਦੀ ਸੀ। ਡੁਮੇਲੀ ਵੀ ਇਸ ਪੱਖੋਂ ਸੁਲੱਖਣਾ ਪਿੰਡ ਹੈ। ਇੱਥੇ ਤਾਅ-ਜਾਤਾਂ ਧਰਮ ਵੱਸਦੇ ਸਨ/ਹਨ। ਮੁਸਲਮਾਨਾਂ ਦਾ ਰੈਣ-ਬਸੇਰਾ ਮੁੱਢੋਂ-ਸੁੱਢੋਂ ਸੀ, ਪਰ ਸਨ ਇਹ ਨਿਰੋਲ ਕਾਮੇ। ਗੁੱਜਰ ਭੇਡਾਂ-ਬੱਕਰੀਆਂ ਪਾਲਦੇ। ਅਰਾਂਈ ਸਬਜ਼ੀਆਂ ਉਗਾਉਂਦੇ, ਅੱਧ-ਵਟਾਈ 'ਤੇ ਖੇਤੀ ਕਰਦੇ। ਤੇਲੀ ਕੋਹਲੂ ਬੀੜਦੇ। ਲਲਾਰੀ ਕੱਪੜੇ ਰੰਗਦੇ, ਨਿਲਾਰੀ ਸੂਤ ਨੂੰ ਨੀਲ ਕਰਦੇ। ਕੁੱਝ ਮੁਸਲਿਮ ਕੱਪੜਾ ਬੁਣਦੇ, ਬਹੁਤੇ ਲੁਹਾਰਾ ਕੰਮ ਕਰਦੇ। ਮੁਸਲਮਾਨਾਂ ਦੇ ਆਪਣੇ ਖਰਾਸ ਵੀ ਸਨ। ਭਿੱਤ ਕੁੱਟਣ ਵਿੱਚ ਵੀ ਉਹਨਾਂ ਦਾ ਕੋਈ ਸਾਨੀ ਨਹੀਂ ਸੀ, ਬਹੁਤੇ ਰੈਣ-ਬਸੇਰੇ ਉਹਨਾਂ ਹੱਥੋਂ ਹੀ ਬਣੇ ਹੋਏ ਸਨ।

ਪਰ ਸੰਨ ਸੰਤਾਲੀ 'ਚ ਅਜਿਹੀ ਚੰਦਰੀ ਵਾਅ ਵਗੀ ਕਿ ਇਹ ਲੋਕ ਇਸ ਨਗਰੀ ਦੀ ਖੈਰ-ਸੁੱਖ ਮੰਗਦੇ, ਇਸ ਧਰਤ ਨੂੰ ਅਲਵਿਦਾ ਆਖ, ਧਾਹਾਂ ਮਾਰਦੇ ਪਰਾਈ ਧਰਤ ਨੂੰ ਟੁਰ ਗਏ। ਡੁਮੇਲੀ ਨੂੰ ਬੜੀ ਆਸ ਸੀ ਕਿ ਟਿਕ-ਟਿਕਾਅ ਹੁੰਦਿਆਂ ਹੀ ਉਹ ਮੁੜ ਆਉਣਗੇ। ਮੁੱਦਤ ਹੋ ਗਈ, ਉਹ ਮੁੜ ਨਾ ਬਹੁੜੇ। ਡੁਮੇਲੀ ਦੀ ਸਰ ਜ਼ਮੀਂ ਬਾਹਾਂ ਟੱਡੀ ਅਜੇ ਵੀ ਉਹਨਾਂ ਨੂੰ ਉਡੀਕ ਰਹੀ ਹੈ, ਜਿਵੇਂ ਕਹਿ ਰਹੀ ਹੋਵੇ, 'ਮੁੜ ਆਵੋ, ਵੇ।'

**ਮੋਬਾ. 94634-39075**

## ਸਫ਼ਾ 1 ਦੀ ਬਾਕੀ — ਧਰਮ ਅਧਾਰਤ ਸਿਆਸੀ ਸੱਤਾਵਾਦੀ ਸੋਚ...

ਹੈ। 2011 ਦੀ ਜਨਗਣਨਾ ਅੰਕੜੇ ਦਰਸਾਉਂਦੇ ਹਨ ਕਿ ਆਬਾਦੀ ਦੇ ਵਾਧੇ ਦੀ ਦਰ ਮੁਸਲਮਾਨਾਂ ਵਿਚ ਸਭ ਤੋਂ ਘੱਟ ਹੈ। 2001 ਤੋਂ 2011 ਦੇ ਦਰਮਿਆਨ ਦੇਸ਼ ਵਿਚ ਆਬਾਦੀ ਘਟੀ ਹੈ। ਇਹ ਘਾਟਾ ਦਰ ਜਿੱਥੇ ਸਾਰੇ ਭਾਰਤ ਵਿਚ 3.8% ਹੈ, ਉਥੇ ਹਿੰਦੂਆਂ ਵਿਚ 3.1%, ਮੁਸਲਿਮ-4.7%, ਕ੍ਰਿਸਚਨ-7.0%, ਸਿੱਖ-8.5%, ਬੋਧੀ-16.6% ਅਤੇ ਜੈਨੀ-20.5% ਹੈ। ਭਾਵ ਹਿੰਦੂਆਂ ਵਿਚ ਆਬਾਦੀ ਘਾਟਾ ਦਰ ਸਭ ਤੋਂ ਘੱਟ ਹੈ। (ਸਭ ਤੋਂ ਵੱਧ ਆਬਾਦੀ ਵਾਧਾ ਦਰ ਹਿੰਦੂਆਂ ਵਿਚ ਹੈ।) ਪਰੰਤੂ ਪ੍ਰਚਾਰ ਇਸ ਦੇ ਉਲਟ ਹੋ ਰਿਹਾ ਹੈ।

ਜਿੱਥੋਂ ਤੱਕ ਸਾਂਝੇ ਸਿਵਲ ਕੋਡ (ਯੂ ਸੀ ਸੀ) ਦੀ ਸੰਵਿਧਾਨਿਕਤਾ ਦੀ ਗੱਲ ਕੀਤੀ ਜਾ ਰਹੀ ਹੈ, ਇਹ ਸੰਵਿਧਾਨ ਦੀ 44ਵੀਂ ਧਾਰਾ ਨਾਲ ਸੰਬੰਧਤ ਹੈ, ਜੋ ਭਾਗ-4 ਵਿਚਲੇ 'ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ' ਵਿਚ ਦਰਜ ਹੈ। ਇਹ 44ਵੀਂ ਧਾਰਾ ਆਖਦੀ ਹੈ, 'ਰਾਜ, ਭਾਰਤ ਦੇ ਸਾਰੇ ਰਾਜ ਖੇਤਰਾਂ ਵਿਚ, ਨਾਗਰਿਕਾਂ ਲਈ ਇਕ ਬਰਾਬਰ ਸਿਵਲ ਸੰਹਿਤਾ ਪ੍ਰਾਪਤ ਕਰਨ ਦਾ ਯਤਨ ਕਰੇਗਾ।' ਪਰੰਤੂ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿਚ 36 ਤੋਂ 51 ਆਰਟੀਕਲ ਹਨ। ਉਨ੍ਹਾਂ ਬਾਰੇ ਸਰਕਾਰ ਕਿਉਂ ਚੁੱਪ ਹੈ। ਇਸ ਵਿਚ 45ਵਾਂ 6 ਸਾਲ ਤੋਂ ਘੱਟ ਉਮਰ ਲਈ ਸਿੱਖਿਆ ਦਾ ਇੰਤਜ਼ਾਮ, 46ਵਾਂ ਐੱਸ ਸੀ/ ਐੱਸ ਟੀ ਦੇ ਵਿੱਤੀ ਹਿੱਤਾਂ ਵਿਚ ਵਾਧਾ, 38ਵਾਂ ਰਾਜ ਆਮਦਨ ਦੀਆਂ ਅਣਬਰਾਬਰੀਆਂ ਘੱਟ ਕਰਨ ਬਾਰੇ ਹੈ। ਕੀ ਉਹ ਹੋਈਆਂ ਹਨ? 39ਵਾਂ ਪੁਰਸ਼-ਇਸਤਰੀ ਵਿਚ ਹਰ ਤਰ੍ਹਾਂ ਬਰਾਬਰਤਾ ਬਾਰੇ ਹੈ। 40ਵਾਂ ਗ੍ਰਾਮ ਪੰਚਾਇਤਾਂ ਨੂੰ ਵੱਧ ਸ਼ਕਤੀਆਂ, ਮਜ਼ਦੂਰਾਂ ਲਈ ਅਧਿਕਾਰਾਂ ਦੀ ਰਾਖੀ ਆਦਿ-ਆਦਿ ਹਨ। ਨਿਰਦੇਸ਼ਕ ਸਿਧਾਂਤਾਂ ਦੀਆਂ ਹੋਰ ਧਰਾਵਾਂ ਨੂੰ ਉੱਕਾ ਹੀ ਅਣਗੌਲਿਆ ਕੀਤਾ ਹੋਇਆ ਹੈ? ਕਿਉਂ, ਸਿਰਫ਼ 44ਵੀਂ ਧਾਰਾ ਹੀ ਚੇਤੇ ਕੀਤੀ ਜਾ ਰਹੀ ਹੈ? ਉਹ ਵੀ ਤਦ ਜਦ 2024 ਦੀਆਂ ਚੋਣਾਂ ਸਿਰ 'ਤੇ ਹਨ। ਭਾਰਤ ਵਿਚ ਤਾਂ ਮੌਲਿਕ ਅਧਿਕਾਰ ਵੀ ਅਜੇ ਤੱਕ 'ਬਰਾਬਰਤਾ' ਨਾਲ ਲਾਗੂ ਨਹੀਂ ਹੋ ਰਹੇ।

ਉਪਰੋਕਤ ਤੱਥਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜੇ ਰਾਜ ਦਾ ਨਜ਼ਰੀਆ ਵਿਗਿਆਨਕ ਨਹੀਂ। ਉਹ ਸਮਾਜਵਾਦੀ ਭਾਵਨਾ ਨਹੀਂ ਰੱਖਦੀ। ਜੇ ਉਹ ਅਮੀਰ ਹਮਾਇਤੀ ਤੇ ਗ਼ਰੀਬ ਵਿਰੋਧੀ ਨਾ ਹੋਵੇ, ਤਦ ਉਹ ਆਪਣੀ ਪਰਜਾ ਨੂੰ ਵੀ ਐਸਾ ਕਰਨ ਲਈ ਪ੍ਰੇਰਤ ਕਰ ਸਕਦੀ ਹੈ। 'ਜੇਹਾ ਰਾਜਾ ਤੇਹੀ ਪਰਜਾ', ਪਰੰਤੂ ਜੇ ਉਹ ਖ਼ੁਦ ਹੀ ਇੱਕ-ਪੱਖੀ, ਬੇਵਿਸ਼ਵਾਸੀ, ਬੇਤਰਤੀਬੀ ਵਾਲੀ ਅੰਧ-ਵਿਸ਼ਵਾਸੀ ਤੇ ਧਾਰਮਕ ਭਾਵਨਾਵਾਂ ਭੜਕਾ ਕੇ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚਲਦੀ ਹੋਵੇ, ਤਦ ਪਰਜਾ ਦਾ ਕਲਿਆਣ ਸੰਭਵ ਨਹੀਂ ਹੈ। ਤੱਥ ਗਵਾਹ ਹਨ ਕਿ ਮੋਦੀ ਸਰਕਾਰ ਨਿਰੋਲ ਫਿਰਕੂ ਤੇ ਫਾਸ਼ੀ ਨੀਤੀਆਂ 'ਤੇ ਚੱਲ ਰਹੀ ਹੈ। ਜਦ ਤੱਕ ਏਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਰਹੇਗੀ, ਤਦ ਤੱਕ ਆਰ ਐੱਸ ਐੱਸ ਦੀ ਨੀਤੀ ਲਾਗੂ ਹੁੰਦੀ ਰਹੇਗੀ ਅਤੇ ਦੇਸ਼ ਵਿਚ ਅਮੀਰ ਹੋਰ ਅਮੀਰ ਹੋਵੇਗਾ, ਕਾਰਪੋਰੇਟ ਲੁਟੇਰਿਆਂ ਨੂੰ ਲੁੱਟ ਕਰਨ ਦੀ ਪੂਰੀ ਖੁੱਲ੍ਹ ਮਿਲਦੀ ਰਹੇਗੀ, ਧਾਰਮਕ ਘੱਟ ਗਿਣਤੀਆਂ ਦੀ ਰਾਖੀ ਨਹੀਂ ਹੋ ਸਕਦੀ ਤੇ ਬਰਾਬਰਤਾ ਵੀ ਨਹੀਂ ਆ ਸਕਦੀ। ਸਾਂਝਾ ਸਿਵਲ ਕੋਡ ਕਿਸੇ ਦਾ ਕੁਝ ਨਹੀਂ ਸੰਵਾਰ ਸਕਦਾ, ਇਹ ਉੱਕਾ ਹੀ ਬੇਲੋੜਾ ਹੈ। ਰਾਮ ਜੀ ਨੂੰ ਮੰਨਣ ਵਾਲਾ ਹਿੰਦੂ ਕਦੇ ਵੀ ਦੂਜੇ ਧਰਮ ਨਾਲ ਵਿਤਕਰਾ ਨਹੀਂ ਕਰਦਾ। ਉਹ ਜਾਤ-ਪਾਤ ਦਾ ਵਿਰੋਧੀ ਹੈ। ਜਾਤ-ਪਾਤ ਵਿਰੋਧੀ ਲਹਿਰ ਵਧੇਰੇ ਹਿੰਦੂ ਧਾਰਮਕ ਤੇ ਸਿਆਸੀ ਆਗੂਆਂ ਨੇ ਚਲਾਈ ਸੀ। ਕੋਈ ਹਿੰਦੂ ਔਰਤ ਪ੍ਰਤੀ ਮਨੂੰਵਾਦੀ ਸੋਚ ਦਾ ਹਮਾਇਤੀ ਨਹੀਂ। ਇਹ ਸੱਚ ਸਭ ਦੇ ਸਾਹਮਣੇ ਹੈ ਕਿ ਹਿੰਦੂ ਰਾਸ਼ਟਰ ਬਣਾਉਣ ਦਾ ਭਾਵ ਅਮੀਰ ਅਡਾਨੀ, ਅੰਬਾਨੀ ਵਰਗੇ 1 ਫੀਸਦੀ ਲੋਕਾਂ ਨੂੰ ਹੀ ਲਾਭ ਪਹੁੰਚਾਉਣਾ ਹੈ। 90 ਫੀਸਦੀ 'ਮਹੇਸ਼ੀ', 'ਕੇਸ਼ੀ' ਹੋਣਾ ਤਾਂ ਦਿਹਾੜੀ-ਦੱਪਾ ਹੀ ਕਰਨਾ ਹੈ ਜਾਂ ਰਿਕਸ਼ਾ ਹੀ ਚਲਾਉਣਾ ਹੈ। ਉਨ੍ਹਾਂ ਸਭ ਦਾ ਸਮਾਨ ਸਿਵਲ ਕੋਡ ਨਾਲ ਪੇਟ ਨਹੀਂ ਭਰਨਾ।

***— ਸੰਪਰਕ 95013-65522***

## ਸਫ਼ਾ 3 ਦੀ ਬਾਕੀ — ਧਰਤੀ ਉੱਤੇ ਵਿਚਾਰਾਂ ਦੀ ਜੰਗ...

ਡੋਲੇ ਖਾਣਾ, ਪਲਟ ਜਾਣਾ ਜਾਂ ਫਿਰ ਰੁਕ ਜਾਣਾ ਨਿਸ਼ਚਿਤ ਹੈ। ਸਰੀਰ ਤੋਂ ਸ਼ੁਰੂ ਹੋ ਕੇ ਇਨਸਾਨੀ ਯਾਤਰਾ ਆਖਰ ਮਨ 'ਤੇ ਖਤਮ ਹੋਵੇਗੀ, ਆਤਮਾ 'ਤੇ ਖਤਮ ਹੋਵੇਗੀ।' (ਪੰਨਾ-41)

ਕਹਾਣੀਕਾਰ ਦੀ ਕਲਾਤਮਿਕਤਾ ਹੈ ਕਿ ਉਸ ਨੇ 'ਆਤਮਾ ਦੇ ਚੱਕਰ' ਉੱਤੇ ਫੋਕਸ ਕੀਤਾ ਹੈ। ਆਤਮਾ ਬ੍ਰਹਿਮੰਡ ਦਾ ਚੱਕਰ ਇਕ ਹਜ਼ਾਰ ਸਾਲ ਵਿਚ ਪੂਰਾ ਕਰਦੀ ਹੈ ਅਤੇ ਚੌਥੇ ਚੱਕਰ ਵਿਚ ਫਿਰ ਤੋਂ ਇਸ ਧਰਤ ਉੱਤੇ ਸਰੀਰ ਗ੍ਰਹਿਣ ਕਰਦੀ ਹੈ ਅਤੇ 'ਕਰਮ ਸਿਧਾਂਤ 'ਤੇ ਚੱਲ ਕੇ ਆਪਣੇ ਅਧੂਰੇ ਕਾਰਜ ਕਰਦੀ ਹੈ। ਸੁਕਰਾਤ ਨੇ ਆਪਣੀ ਆਮਦ ਬਾਰੇ ਜ਼ਿਕਰ ਕੀਤਾ ਹੈ :

'ਬ੍ਰਹਿਮੰਡ ਦੀ ਉਡਾਰੀ ਦਾ ਇਹ ਮੇਰਾ ਦੂਸਰਾ ਚੱਕਰ ਹੈ। ਤੀਸਰੇ ਚੱਕਰ ਦੇ ਪੂਰਾ ਹੋਣ ਤੋਂ ਬਾਅਦ ਮੈਂ ਫਿਰ ਇਸ ਧਰਤੀ 'ਤੇ ਜਨਮ ਲਵਾਂਗਾ। ਇਹ ਤੀਸਰਾ ਚੱਕਰ ਅੱਜ ਸ਼ੁਰੂ ਹੁੰਦਾ ਹੈ। ਠੀਕ 1190 ਸਾਲਾਂ ਬਾਅਦ ਮੈਂ ਇਸ ਗ੍ਰਹਿ ਉੱਤੇ ਇਕ ਬਾਲ ਦੇ ਰੂਪ ਵਿਚ ਕਿਸੇ ਮਾਂ ਦੀ ਕੁੱਖ 'ਚ ਪੈਦਾ ਹੋਵਾਂਗਾ।(ਪੰਨਾ-41)

ਕਹਾਣੀ 'ਬਾਜ਼ ਦਾ ਹੰਝੂ' ਮਹਾਨ ਸੰਗੀਤਕਾਰ ਮਰਲ ਹਾਗਰਡ ਦੀ ਜੀਵਨ-ਦ੍ਰਿਸ਼ਟੀ ਨੂੰ ਰੂਪਮਾਨ ਕਰਦੀ ਹੈ। ਜਿਸ ਦੀ ਗਿਟਾਰ ਵਾਦਕ ਵਜੋਂ ਪ੍ਰਸਿੱਧੀ ਫੈਲੀ ਹੋਈ ਸੀ। ਮਰਲ ਹਾਗਰਡ ਸੰਗੀਤਕਾਰ, ਗਾਇਕ, ਗੀਤਕਾਰ, ਗਿਟਾਰਵਾਦਕ ਅਤੇ ਫਿਡਲਰ ਸਨ। ਹਾਗਰਡ ਦਾ ਜਨਮ 1637 ਈ. ਨੂੰ ਔਲਤੇਲ ਕੈਲੀਫੋਰਨੀਆ ਵਿਚ ਹੋਇਆ। ਪਿਤਾ ਦੀ ਮੌਤ ਤੋਂ ਬਾਅਦ ਉਸ ਦਾ ਬਚਪਨ ਤੇ ਜਵਾਨੀ ਸੰਘਰਸ਼ ਵਿਚ ਲੰਘਿਆ। ਕਹਾਣੀ ਦੇ ਬਿਰਤਾਂਤ ਵਿਚ ਮਰਲ ਹਾਗਰਡ ਕੁਦਰਤ ਦੀ ਗੋਦ ਵਿਚ ਆਪਣੇ ਸੰਗੀਤ ਰਾਹੀਂ ਇਕਮਿਕਤਾ ਦਾ ਅਨੁਭਵ ਕਰਦਾ ਤੇ ਦੂਜਿਆਂ ਨੂੰ ਵੀ ਕਰਵਾਉਂਦਾ ਹੈ, ਕਹਾਣੀ ਦੀ ਸੁਰ ਸਕਾਰਾਤਮਿਕ ਬਿਰਤੀ ਵਾਲੀ ਹੈ, ਜੋ ਮਨੁੱਖ ਨੂੰ ਬਿਖੜੇ ਪੈਂਡਿਆਂ ਵਿਚ ਵੀ ਸਬਰ-ਸੰਤੋਖ ਨਾਲ ਆਨੰਦਮਈ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਕਹਾਣੀ ਵਿਚਲੀ ਕੁਦਰਤ ਦੀ ਖ਼ੂਬਸੂਰਤੀ ਤੇ ਤਿੰਨ ਦੋਸਤ ਤੇ ਮਰਲ ਹਾਗਰਡ ਵਿਚਾਰ ਵਾਰਤਾਲਾਪ ਯਥਾਰਥੀ ਸਥਿਤੀ ਨੂੰ ਪ੍ਰਗਟਾਉਂਦੀ ਹੈ।

ਮਰਲ ਹਾਗਰਡ ਕੁਦਰਤੀ ਗੋਦ ਵਿਚ ਆਪਣੀ ਪ੍ਰਸਿੱਧੀ ਤੇ ਸ਼ੋਹਰਤ ਤੋਂ ਪਾਸੇ ਹੋ ਕੇ ਸਾਦਾ ਜੀਵਨ ਬਤੀਤ ਕਰ ਰਿਹਾ ਹੈ, ਜੋ ਦੂਜੇ ਮਨੁੱਖਾਂ ਨੂੰ ਵੀ ਠੀਕ ਤੇ ਸਾਦਾ ਰਸਤਾ ਅਪਨਾਉਣ ਦੀ ਪ੍ਰੇਰਨਾ ਦਿੰਦਾ ਹੈ। ਉਸਨੇ ਆਪਣਾ ਸੰਗੀਤ ਤੇ ਆਪਾ ਕੁਦਰਤੀਪਣ, ਜੀਵਾਂ ਤੇ ਪੰਛੀਆਂ ਨੂੰ ਆਨੰਦਿਤ ਕਰਨ ਲਈ ਸਮਰਪਿਤ ਕਰ ਦਿੱਤਾ। ਉਸ ਦੀ ਗਿਟਾਰ ਉੱਤੇ ਪਸ਼ੂ-ਪੰਛੀ, ਬੱਤਖਾਂ, ਹਿਰਨ, ਬਾਜ਼ ਤੇ ਇਥੋਂ ਤੱਕ ਸ਼ੇਰ,ਬਾਘ ਵੀ ਮੰਤਰ-ਮੁਗਧ ਹੋ ਜਾਂਦੇ ਸਨ। ਜੰਗਲੀ ਜੀਵ ਬਿਨਾਂ ਕਿਸੇ ਇਕ-ਦੂਜੇ ਦੇ ਡਰ-ਭੈਅ ਤੋਂ ਇਕਸਾਥ ਆਨੰਦਮਈ ਅਵਸਥਾ 'ਚ ਸਨ, ਕਿਉਂਕਿ 'ਰੂਹ ਦੀ ਰੂਹਾਨੀਅਤ' ਨੂੰ ਸੰਗੀਤ ਨੇ ਬਰਕਰਾਰ ਰੱਖਿਆ ਸੀ। 'ਮੈਂ' ਪਾਤਰ ਦੀ ਮੁਲਾਕਾਤ ਦੁਆਰਾ ਹਾਗਰਡ ਦੇ ਜੀਵਨ ਦੀਆਂ ਅਨੰਦਮਈ ਪਰਤਾਂ ਉਜਾਗਰ ਹੁੰਦੀਆਂ ਹਨ, ਜੋ ਮਨੁੱਖਤਾ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਬਲ ਬਖਸ਼ਦੀਆਂ ਹਨ।

'ਪਾਰਕਿਨਸਨਜ਼' ਦੀ ਬਿਮਾਰੀ ਕਾਰਨ ਡੇਵਿਡ ਦੇ ਹੱਥ ਕੰਬਣ ਲੱਗਦੇ ਹਨ, ਜਦ ਉਸ ਨੇ ਕੁਦਰਤ ਦੀ ਵਾਦੀ ਵਿਚ ਸੰਗੀਤ ਸੁਣਨਾ ਆਰੰਭ ਕੀਤਾ ਤਾਂ ਇਨ੍ਹਾਂ ਰੂਹਾਨੀ ਸੰਗੀਤਕ ਧੁਨਾਂ ਨੇ ਉਸ ਦੀ ਬਿਮਾਰੀ ਨੂੰ ਦੂਰ ਕਰ ਦਿੱਤਾ। ਇਸ ਤੋਂ ਇਲਾਵਾ ਚੈਮ ਦੀ ਬਿਮਾਰੀ ਨੂੰ ਵੀ ਠੀਕ ਕੀਤਾ। ਉਸ ਨੂੰ ਨਾਕਲਿਪਸੀ ਦੀ ਬਿਮਾਰੀ ਸੀ, ਜਿਸ ਕਾਰਨ ਅਚਾਨਕ ਨੀਂਦ ਆ ਜਾਂਦੀ ਹੈ, ਸੰਗੀਤ ਸੁਣਨ ਨਾਲ ਇਹ ਵੀ ਠੀਕ ਹੋ ਗਈ।

ਕਹਾਣੀ ਦੇ ਬਿਰਤਾਂਤ ਤੋਂ ਸਪੱਸ਼ਟ ਹੁੰਦਾ ਹੈ ਕਿ ਡਰ ਤੇ ਭੈਅ ਕਾਰਨ ਹੀ ਸਭ ਕੁਝ ਵਾਪਰ ਰਿਹਾ ਹੈ। ਜਦੋਂ ਡਰ ਉੱਤੇ ਕਾਬੂ ਪਾ ਲਿਆ ਤਾਂ ਜੀਵਨ ਹਯਾਤੀ ਇਕਸੁਰ ਹੋ ਕੇ ਆਜ਼ਾਦੀ ਨਾਲ ਜੀਵਨ ਜਿਊਂਦੀ ਹੈ। ਡਰ ਦੀ ਕਾਰਜ-ਪ੍ਰਣਾਲੀ ਤੇ ਸਕਾਰਾਤਮਿਕ ਸੋਚ :

'ਕੋਈ ਦੁਰਘਟਨਾ ਅਚਾਨਕ ਘਟ ਜਾਣ ਦੀ ਸੰਭਾਵਨਾ ਮੁਸ਼ਕਿਲ ਨਾਲ ਪੰਜ ਫੀਸਦੀ ਹੁੰਦੀ ਹੈ। ਜੇਕਰ ਬੰਦਾ ਇਸ ਪੰਜ ਫੀਸਦੀ ਉੱਪਰ ਮਾਨਸਿਕ ਤੌਰ 'ਤੇ ਕਾਬੂ ਪਾ ਲਵੇ ਤਾਂ ਉਹ ਬਹੁਤੇ ਡਰਾਂ ਤੋਂ ਮੁਕਤੀ ਹਾਸਲ ਕਰ ਲੈਂਦਾ ਹੈ।' (ਪੰਨਾ-118)

ਮਰਲ ਹਾਗਰਡ ਨਾਲ ਵਾਰਤਾਲਾਪ ਤੋਂ ਕਈ ਪੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਸ ਨੇ ਕਈ ਦੇਸ਼ਾਂ ਦੀ ਯਾਤਰਾ ਕੀਤੀ। ਯਾਤਰਾਵਾਂ ਦੌਰਾਨ ਉਸ ਦਾ ਜ਼ਿਆਦਾ ਸਮਾਂ ਕੁਦਰਤੀ ਵਾਦੀਆਂ ਵਿਚ ਬਤੀਤ ਹੋਇਆ। ਕੰਬੋਡੀਆ ਵਿਚ ਮੀਨਾਰਾਂ ਦੇ ਕੁਦਰਤੀ ਵਾਤਾਵਰਣ ਵਿਚ ਰਹਿ ਕੇ ਆਨੰਦ ਅਨੁਭਵ ਕੀਤਾ। ਆਸਟਰੇਲੀਆ ਦੇ ਪੱਛਮੀ ਭਾਗ ਵਿਚ ਜੰਗਲ ਵਿਚ ਰਹਿ ਰਹੇ ਮੂਲ ਨਿਵਾਸੀਆਂ ਨਾਲ ਕੁਝ ਸਮਾਂ ਬਤੀਤ ਕੀਤਾ। ਇਥੋਂ ਦੇ ਮੂਲ ਨਿਵਾਸੀ ਹਜ਼ਾਰਾਂ ਸਾਲਾਂ ਤੋਂ ਹੀ ਕੁਦਰਤੀ ਜੀਵਨ ਜਿਊ ਰਹੇ ਹਨ। ਭਾਵੇਂ ਕਿ ਭਾਸ਼ਾ ਦੀ ਪੱਧਰ ਉੱਤੇ ਵਾਰਤਾਲਾਪ ਨਹੀਂ ਹੋ ਸਕੀ, ਪਰ ਸੰਗੀਤ ਦੀ ਭਾਸ਼ਾ ਨੇ ਸਦੀਵੀ ਸਾਂਝ ਕਾਇਮ ਕੀਤੀ :

'ਜਦੋਂ ਮੈਂ ਉਨ੍ਹਾਂ ਸਾਹਮਣੇ ਗਿਟਾਰ ਵਜਾਈ ਤਾਂ ਉਹ ਮਸਤੀ ਵਿਚ ਖੀਵੇ ਹੋ ਕੇ ਨੱਚਣ ਲੱਗ ਪਏ। ਉਸ ਜੰਗਲੀ ਕਿਸਮ ਦੇ ਲੋਕਾਂ ਨੇ ਗਿਟਾਰ ਦੀ ਆਵਾਜ਼ ਪਹਿਲੀ ਵਾਰ ਮਾਣੀ ਸੀ ਅਤੇ ਉਹ ਸਾਡੇ ਅਜੋਕੇ ਸੰਗੀਤ ਤੋਂ ਬਿਲਕੁਲ ਕੋਰੇ ਸਨ।' (ਪੰਨਾ-122)

ਕਹਾਣੀਕਾਰ ਨੇ ਕਹਾਣੀ 'ਬਾਜ਼ ਦੇ ਹੰਝੂ' ਵਿਚ ਸੰਗੀਤ ਦੀ 'ਰੂਹਾਨੀ ਪਹੁੰਚ' ਨੂੰ ਵਸੀਲੇ ਵਜੋਂ ਦ੍ਰਿਸ਼ਟੀਗੋਚਰ ਕੀਤਾ ਹੈ, ਕਿਉਂਕਿ ਸੰਗੀਤ ਸ਼ਬਦਾਂ ਦਾ ਗੁਲਾਮ ਨਹੀਂ ਹੁੰਦਾ। ਇਸ ਦੀ ਧੁਨੀ ਹਰ ਜੀਵ ਵਿਚ ਧੜਕਦੀ ਹੋਈ ਆਨੰਦ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਉਸ ਨੇ ਸੰਗੀਤ ਦੀ ਆਨੰਦਮਈ ਧੁਨੀ ਨੂੰ ਭੀੜਾਂ ਵਿਚ ਵੀ ਵਜਾ ਕੇ ਲੋਕਾਈ ਨੂੰ ਮੰਤਰ-ਮੁਗਧ ਕੀਤਾ, ਜਦ ਮਰਲ ਹਾਗਰਡ ਨੇ 'ਸ਼ਹਿਰ ਦੀਆਂ ਭੀੜਾਂ' ਤੋਂ ਦੂਰ ਕੁਦਰਤ ਦੀ ਗੋਦ ਵਿਚ ਸੰਗੀਤਕ ਧੁਨ ਛੇੜੀ ਤਾਂ ਉਸ ਨੂੰ ਵੀ ਰਹੱਸਮਈ ਆਨੰਦ ਪ੍ਰਾਪਤ ਹੋਇਆ। ਇਸ ਲਈ ਉਸ ਨੇ ਆਪਣਾ ਸਾਰਾ ਜੀਵਨ ਕੁਦਰਤ ਦੀ ਗੋਦ ਵਿਚ ਬਤੀਤ ਕੀਤਾ। ਮਰਲ ਹਾਗਰਡ ਨੇ ਸ਼ਹਿਰੀ ਤੇ ਕੁਦਰਤੀ ਜੀਵਨ-ਸ਼ੈਲੀ ਵਿਚ ਜੀਅ ਕੇ ਦੇਖਿਆ ਤੇ ਸੰਤੁਸ਼ਟੀ ਤੇ ਆਨੰਦ ਨੂੰ ਅੰਦਰੋਂ ਖੋਜਣ ਦੀ ਪ੍ਰੇਰਨਾ ਦਿੱਤੀ ਹੈ :

'ਦੁਨੀਆ ਅੰਦਰ ਕੋਈ ਅਜਿਹਾ ਵਿਰਲਾ ਇਨਸਾਨ ਹੀ ਰਿਹਾ ਹੋਵੇਗਾ, ਜੋ ਆਪਣੀ ਹਰ ਖਾਹਿਸ਼ ਦੀ ਪੂਰਤੀ ਕਰਕੇ ਇਸ ਜਹਾਨ ਤੋਂ ਰੁਖਸਤ ਹੋਇਆ ਹੋਵੇ। ਅਸਲ ਵਿਚ ਪੂਰਨ ਸੰਤੁਸ਼ਟੀ ਵਰਗੀ ਕੋਈ ਚੀਜ਼ ਹੈ ਹੀ ਨਹੀਂ। ਕਿਸੇ ਇਕ ਇਨਸਾਨ ਦੀ ਸੰਤੁਸ਼ਟੀ ਦਾ ਪੈਮਾਨਾ ਕਿਸੇ ਹੋਰ ਨਾਲ ਮੇਲ ਖਾਵੇ, ਇਹ ਵੀ ਜ਼ਰੂਰੀ ਨਹੀਂ। (ਪੰਨਾ-124)

ਮਨੁੱਖ ਨੂੰ ਆਪਣੀ ਮਿੱਟੀ ਨਾਲ, ਆਪਣੀ ਜੜ੍ਹ ਨਾਲ ਜੁੜਨ ਦੀ ਤਾਕੀਦ ਕੀਤੀ ਗਈ ਹੈ, ਕਿਉਂਕਿ ਮਨੁੱਖ ਦੀ ਹਯਾਤੀ ਇਸ ਧਰਤੀ ਵਿਚੋਂ ਪੈਦਾ ਹੋ ਕੇ ਇਸ ਧਰਤੀ ਵਿਚ ਸਮਾਉਣ ਦੀ ਹੈ। ਇਸ ਲਈ ਆਪਣੇ ਇਤਿਹਾਸਕ, ਸੱਭਿਆਚਾਰਕ ਤੇ ਕੁਦਰਤੀਪਣ ਨਾਲ ਜੁੜਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਮਰਲ ਹਾਗਰਡ ਨੇ ਆਪਣਾ ਜੀਵਨ ਕੁਦਰਤ ਵਿਚ ਬਤੀਤ ਕੀਤਾ। ਉਸ ਦੇ ਗਿਟਾਰ ਦੀ ਅਨਹਦ ਧੁਨੀ ਨਾਲ ਪਸ਼ੂ-ਪੰਛੀ ਇਕਸੁਰ ਹੋਏ। ਉਸ ਦਾ ਆਖਰੀ ਸਮਾਂ ਭਾਵ ਮੌਤ ਵੀ ਕੁਦਰਤ ਦੀ ਗੋਦ ਵਿਚ ਹੋਈ, ਜਿੱਥੇ ਜੰਗਲੀ ਜੀਵਾਂ ਨੇ ਉਸ ਦੇ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋਣ 'ਤੇ ਰੁਦਨ ਕੀਤਾ :

'ਮੇਰੀਆਂ ਅੱਖਾਂ ਉਸ ਦੇ ਚਿਹਰੇ ਉੱਤੇ ਟਿਕੀਆਂ ਹੋਈਆਂ ਸਨ ਕਿ ਇਕ ਪਾਣੀ ਦੀ ਬੂੰਦ ਸੰਗੀਤਕਾਰ ਦੇ ਮੱਥੇ ਉੱਪਰ ਆਣ ਡਿੱਗੀ, ਇਸ ਦੇ ਨਾਲ ਹੀ ਬਾਜ਼ ਦੀ ਤਿੱਖੀ ਕਿਲਕਾਰੀ ਜੰਗਲ ਅੰਦਰ ਗੂੰਜ ਪਈ। ਪਾਣੀ ਦਾ ਉਹ ਕਤਰਾ ਉੱਪਰ ਮੰਡਰਾ ਰਹੇ ਬਾਜ਼ ਦੀ ਅੱਖ ਵਿਚੋਂ ਟਪਕਿਆ ਇਕ ਹੰਝੂ ਸੀ।' (ਪੰਨਾ-126)

ਮਨੁੱਖੀ ਜੀਵਨ ਨੂੰ ਸੇਧ ਦੇਣ ਤੇ ਆਜ਼ਾਦੀ ਨਾਲ 'ਜੀਣ-ਥੀਣ' ਲਈ ਬਾਜ਼, ਸੰਗੀਤ, ਆਨੰਦਮਈ ਉਡਾਰੀ, ਆਜ਼ਾਦੀ ਦੇ ਪ੍ਰਤੀਕ ਵਜੋਂ ਰੂਪਮਾਨ ਹੁੰਦੇ ਹਨ। ਕਹਾਣੀਕਾਰ ਪਰਸ਼ੋਤਮ ਧਾਲੀਵਾਲ ਦੀ ਕਲਾਤਮਿਕਤਾ ਹੈ ਕਿ ਉਸ ਨੇ ਆਪਣੀਆਂ ਕਹਾਣੀਆਂ ਵਿਚ ਜੀਵਨ ਨੂੰ ਨਵੀਨ ਦ੍ਰਿਸ਼ਟੀਕੋਣ ਤੋਂ ਦੇਖਣ ਦਾ ਅਹਿਸਾਸ ਕਰਵਾਇਆ। ਕਹਾਣੀਆਂ ਵਿਚਲੀ 'ਸਕਾਰਾਤਮਿਕ ਸੋਚ' ਮਨੁੱਖ ਨੂੰ ਸੰਘਰਸ਼ ਦੀਆਂ ਰਾਹਾਂ ਉੱਤੇ ਚੱਲਣ ਲਈ ਉਤਸ਼ਾਹਿਤ ਕਰਦੀ ਹੈ। ਜੀਵਨ ਵਿਚਲੀਆਂ ਸਮੱਸਿਆਵਾਂ ਦੀਆਂ ਬਾਰੀਕ ਅਣਦਿਸਦੀਆਂ ਮਾਨਸਿਕ ਗੰਢਾਂ ਨੂੰ ਚਿੰਤਨ, ਸਬਰ, ਸੰਤੋਖ ਤੇ ਸੰਗੀਤ ਦੀ ਅਨਹਦ ਧੁਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਪਰਸ਼ੋਤਮ ਧਾਲੀਵਾਲ ਜੀਵਨ ਤਜਰਬਿਆਂ ਵਿਚੋਂ ਕਹਾਣੀਆਂ ਦੇ ਬਿਰਤਾਂਤ ਨੂੰ ਸਿਰਜਦਾ ਹੋਇਆ ਮਨੁੱਖੀ ਹੱਕ, ਸੱਚ ਤੇ ਜੀਵਨ ਜੁਗਤ ਦੀ ਬਾਤ ਪਾਉਂਦਾ ਹੈ।

**ਮੋਬਾਇਲ ਨੰ: 81465-42810**

# ਲਾਇਬ੍ਰੇਰੀ ਇੱਕ ਸੋਚ, ਇੱਕ ਵਿਚਾਰ

**ਮਲਵਿੰਦਰ**

ਸਕੂਲ ਪੜ੍ਹਦਿਆਂ ਕਦੀ ਲਾਇਬ੍ਰੇਰੀ ਦੇ ਦਰਸ਼ਨ ਨਹੀਂ ਸਨ ਹੋਏ। ਕਦੀ ਜ਼ਿਕਰ ਵੀ ਨਹੀਂ ਸੀ ਸੁਣਿਆ। ਕਾਲਜ ਗਿਆ ਤਾਂ ਇੱਕ ਵੱਖਰੀ ਵੱਡੀ ਇਮਾਰਤ ਵਿਚ ਲਾਇਬ੍ਰੇਰੀ ਸੀ। ਲਾਇਬ੍ਰੇਰੀਅਨ ਤੋਂ ਬਿਨਾਂ ਕੁਝ ਹੋਰ ਮੁਲਾਜ਼ਮ ਵੀ ਸਨ, ਜਿਹੜੇ ਕਿਤਾਬਾਂ ਜਾਰੀ ਕਰਨ ਤੇ ਵਾਪਸ ਲੈਣ ਵਿਚ ਵਿਦਿਆਰਥੀਆਂ ਦੀ ਮਦਦ ਕਰਦੇ ਸਨ। ਵਿਦਿਆਰਥੀ ਬਹੁਤਾ ਕਰਕੇ ਆਪਣੇ ਸਿਲੇਬਸ ਨਾਲ਼ ਸੰਬੰਧਤ ਕਿਤਾਬਾਂ ਹੀ ਜਾਰੀ ਕਰਵਾਉਂਦੇ ਸਨ। ਲਾਇਬ੍ਰੇਰੀ ਦੇ ਵੱਡੇ ਹਾਲ ਵਿਚ ਵੱਡ-ਆਕਾਰੀ ਟੇਬਲਾਂ ਦੇ ਨਾਲ਼ ਪਈਆਂ ਕੁਰਸੀਆਂ ਉਪਰ ਬੈਠ ਵਿਦਿਆਰਥੀ ਪੜ੍ਹਦੇ ਸਨ। ਕਿਸੇ ਨੂੰ ਉੱਚੀ ਗੱਲਾਂ ਕਰਨ ਦੀ ਇਜਾਜ਼ਤ ਨਹੀਂ ਸੀ ਹੁੰਦੀ। ਅਨੁਸ਼ਾਸਨ ਦਾ ਪਾਲਣ ਕਰਦੀ ਲਾਇਬ੍ਰੇਰੀ ਵਿਦਿਆਰਥੀਆਂ ਅੰਦਰ ਇੱਕ ਵੱਖਰਾ ਤੇ ਉਸਾਰੂ ਅਹਿਸਾਸ ਪੈਦਾ ਕਰਦੀ ਸੀ। ਗਰੀਬ ਵਿਦਿਆਰਥੀ, ਜੋ ਕਿਤਾਬਾਂ ਖਰੀਦ ਨਹੀਂ ਸਨ ਸਕਦੇ, ਲਾਇਬ੍ਰੇਰੀ ਵਿੱਚੋਂ ਕਿਤਾਬਾਂ ਲੈ ਕੇ ਪੜ੍ਹ ਸਕਦੇ ਸਨ। ਸਿਲੇਬਸ ਦੀਆਂ ਕਿਤਾਬਾਂ ਤੋਂ ਬਿਨਾਂ ਵਿਸ਼ੇ ਨਾਲ਼ ਸੰਬੰਧਤ ਹੋਰ ਕਿਤਾਬਾਂ, ਜਿਹਨਾਂ ਵਿੱਚੋਂ ਹਵਾਲੇ ਦੇਣ ਦੀ ਲੋੜ ਹੁੰਦੀ ਸੀ, ਵੀ ਲਾਇਬ੍ਰੇਰੀ ਵਿਚੋਂ ਮਿਲ ਜਾਂਦੀਆਂ ਸਨ। ਕਾਲਜ ਦੀ ਲਾਇਬ੍ਰੇਰੀ ਤੋਂ ਬਾਅਦ ਯੂਨੀਵਰਸਿਟੀ ਦੀ ਲਾਇਬ੍ਰੇਰੀ ਨੇ ਪਿੰਡਾਂ 'ਚੋਂ ਸ਼ਹਿਰ ਪੜ੍ਹਨ ਗਏ ਮੇਰੇ ਵਰਗਿਆਂ ਨੂੰ ਆਚੰਭਿਤ ਕੀਤਾ। ਬਹੁ-ਮੰਜ਼ਿਲੀ ਇਮਾਰਤ ਵਿਚ ਸਜਾਈਆਂ ਕਿਤਾਬਾਂ ਦਾ ਆਪਣਾ ਇੱਕ ਜਲੌਅ ਸੀ। ਇਸ ਇਮਾਰਤ ਨੂੰ ਨਿਹਾਰਦਿਆਂ ਯੂਨੀਵਰਸਿਟੀ ਹੋਣ ਦੇ ਅਰਥ ਵੀ ਸਮਝ ਆਏ, ਪਰ ਲਾਇਬ੍ਰੇਰੀ ਦੀ ਇਹ ਇੱਕ ਵੱਖਰੀ ਤੇ ਨਿਵੇਕਲੀ ਦੁਨੀਆ ਸੀ। ਇਸ ਦੁਨੀਆ ਤੋਂ ਬਾਹਰ ਤਦ ਤੱਕ ਵੀ ਪਬਲਿਕ ਲਾਇਬ੍ਰੇਰੀਆਂ ਅਤੇ ਸਕੂਲ, ਪਿੰਡ ਪੱਧਰ ਦੀਆਂ ਹੋਰ ਲਾਇਬ੍ਰੇਰੀਆਂ ਇੱਕ ਵੱਡੇ ਹਾਲ ਕਮਰੇ ਵਿਚ ਪਈਆਂ ਅਲਮਾਰੀਆਂ ਵਿਚ ਤੂਸੀਆਂ ਕਿਤਾਬਾਂ ਹੀ ਸਨ ਤੇ ਅੱਜ ਵੀ ਹਨ। ਇਹਨਾਂ ਕਿਤਾਬਾਂ ਨੂੰ ਕਿਸੇ ਦੇ ਹੱਥਾਂ ਦੀ ਛੋਹ ਘੱਟ ਹੀ ਨਸੀਬ ਹੁੰਦੀ ਹੈ। ਸਮਕਾਲ ਤੱਕ ਪਹੁੰਚਦਿਆਂ ਕਿਤਾਬਾਂ ਪੜ੍ਹਨ ਦਾ ਰੁਝਾਨ ਘਟਿਆ ਹੈ, ਪਰ ਮੇਰੀ ਪੀੜ੍ਹੀ ਦੀ ਗੱਲ ਕਰੀਏ ਤਾਂ ਵਕਤ ਨਾਲ਼ ਜਦ ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਹੋਇਆ ਤਾਂ ਲਾਇਬ੍ਰੇਰੀ ਦੇ ਕਈ ਹੋਰ ਰੂਪ, ਆਕਾਰ ਤੇ ਮਕਸਦ ਵੀ ਸਾਹਮਣੇ ਆਏ। ਸਮਝ ਆਇਆ ਕਿ ਲਾਇਬ੍ਰੇਰੀ ਉਹ ਸਥਾਨ ਹੈ, ਜਿੱਥੇ ਵੱਖ-ਵੱਖ ਉਮਰ ਦੇ ਤੇ ਵੱਖ-ਵੱਖ ਵਿਚਾਰਾਂ ਵਾਲੇ ਲੋਕ, ਵੱਖ-ਵੱਖ ਸੂਖ਼ਮ ਕਲਾਵਾਂ ਨੂੰ ਸਮਰਪਿਤ ਲੋਕ ਇਕੱਠੇ ਬੈਠਦੇ ਹਨ, ਵਿਚਾਰ ਚਰਚਾ ਕਰਦੇ ਹਨ, ਪੜ੍ਹੀਆਂ ਚੰਗੀਆਂ ਕਿਤਾਬਾਂ ਦੀ ਚਰਚਾ ਕਰਦੇ ਹਨ। ਅਜਿਹਾ ਸਥਾਨ ਜਿੱਥੇ ਅਜਿਹੇ ਲੋਕ ਆਉਂਦੇ ਹਨ ਜਾਂ ਆ ਸਕਦੇ ਹਨ ਜਾਂ ਆਉਣੇ ਚਾਹੀਦੇ ਹਨ। ਲਾਇਬ੍ਰੇਰੀ ਜਿਸ ਅੰਦਰ ਸਾਹਿਤ ਤੋਂ ਇਲਾਵਾ ਸੰਗੀਤ ਲਈ, ਨ੍ਰਿਤ ਲਈ ਅਤੇ ਹੋਰ ਕਲਾਵਾਂ ਲਈ ਵੀ ਸਤਿਕਾਰ ਹੋਵੇ, ਸਥਾਨ ਹੋਵੇ, ਸਨਮਾਨ ਹੋਵੇ। ਇਹ ਵੀ ਸਮਝ ਆਇਆ ਕਿ ਲਾਇਬ੍ਰੇਰੀ ਵਿਚ ਸਿਰਫ਼ ਕਿਤਾਬਾਂ ਹੀ ਨਹੀਂ ਹੁੰਦੀਆਂ, ਤੁਹਾਡੇ ਸੁਹਜ-ਸੁਆਦ ਨੂੰ ਤ੍ਰਿਪਤ ਕਰਦਾ ਹੋਰ ਵੀ ਬਹੁਤ ਕੁਝ ਹੈ।

ਲਾਇਬ੍ਰੇਰੀ ਜ਼ਿੰਦਗੀ ਵਿਚ ਸਿਹਤਮੰਦ ਤਬਦੀਲੀਆਂ ਲਿਆਉਂਦੀ ਹੈ। ਤੁਹਾਡੀ ਵਿਹਲ, ਇਕੱਲਤਾ ਤੇ ਉਦਾਸੀਨਤਾ ਨੂੰ ਲਾਇਬ੍ਰੇਰੀ ਆਹਰੇ ਲਾਉਂਦੀ ਹੈ, ਸਾਥੀ ਬਣਦੀ ਹੈ ਤੇ ਤੁਹਾਡੇ ਨਾਲ਼ ਸੰਵਾਦ ਰਚਾ ਕੇ ਹਿਰਦੇ ਅੰਦਰ ਪ੍ਰਸੰਨਤਾ ਦੇ ਭਾਵ ਪੈਦਾ ਕਰਦੀ ਹੈ। ਅਲਬਰਟ ਆਈਨਸਟਾਈਨ ਦਾ ਕਹਿਣਾ ਹੈ ਕਿ ਤੁਹਾਡੇ ਲਈ ਸਭ ਤੋਂ ਜ਼ਰੂਰੀ ਉਸ ਜਗ੍ਹਾ ਦਾ ਗਿਆਨ ਹੋਣਾ ਹੈ, ਜਿੱਥੇ ਲਾਇਬ੍ਰੇਰੀ ਸਥਿਤ ਹੈ। ਮੈਂ ਆਪਣੇ ਸ਼ਹਿਰ ਦੀ ਜ਼ਿਲ੍ਹਾ ਲਾਇਬ੍ਰੇਰੀ ਦੇ ਸਾਹਮਣਿਉਂ ਸੈਂਕੜੇ ਵਾਰ ਗੁਜ਼ਰਿਆ ਸਾਂ, ਪਰ ਇਸ ਲਾਇਬ੍ਰੇਰੀ ਬਾਰੇ ਕਦੀ ਭਿਣਖ਼ ਤੱਕ ਨਹੀਂ ਸੀ ਪਈ। ਸਾਡੇ ਇੱਕ ਦੋਸਤ ਦੀ ਕੋਈ ਸਾਹਿਤਕ ਲੋੜ ਉਸ ਨੂੰ ਇਸ ਲਾਇਬ੍ਰੇਰੀ ਤੱਕ ਲੈ ਕੇ ਗਈ। ਇਸ ਲਾਇਬ੍ਰੇਰੀ ਦੀ ਇੰਚਾਰਜ ਆਪਣੇ ਕੰਮ ਨੂੰ ਸਮਰਪਿਤ ਔਰਤ ਸੀ। ਉਸ ਦੀ ਪ੍ਰੇਰਨਾ ਸਦਕਾ ਸਾਡੀ ਸੰਸਥਾ ਦਾ ਇਸ ਕਾਮਰੇਡ ਸੋਹਣ ਸਿੰਘ ਜੋਸ਼ ਜ਼ਿਲ੍ਹਾ ਲਾਇਬ੍ਰੇਰੀ ਨਾਲ਼ ਪੱਕਾ ਰਿਸ਼ਤਾ ਬਣ ਗਿਆ ਤੇ ਅਸੀਂ ਹਰ ਮਹੀਨੇ ਇਥੇ ਜੁੜਦੇ ਤੇ ਸਾਹਿਤਕ ਸਰਗਰਮੀਆਂ ਕਰਦੇ। ਸਾਥੋਂ ਪ੍ਰੇਰਤ ਹੋ ਕੇ ਸ਼ਹਿਰ ਦੀਆਂ ਹੋਰ ਸਾਹਿਤਕ ਸੰਸਥਾਵਾਂ ਨੇ ਵੀ ਇੱਥੇ ਸਮਾਗਮ ਕਰਨੇ ਸ਼ੁਰੂ ਕਰ ਦਿੱਤੇ। ਬਹੁਤ ਸਾਰੇ ਵਿਦਿਆਰਥੀ ਇਥੇ ਪੜ੍ਹਨ ਤੇ ਆਪਣੇ ਇਮਤਿਹਾਨਾਂ ਦੀ ਤਿਆਰੀ ਕਰਨ ਲਈ ਇੱਥੇ ਆਉਂਦੇ। ਇੰਝ ਇਸ ਅਣਗੌਲੀ ਪਈ ਲਾਇਬ੍ਰੇਰੀ ਵਿਚ ਜੀਵਨ ਧੜਕਣ ਲੱਗ ਪਿਆ। ਅਲਬਰਟ ਦੇ ਕਥਨ ਦੀ ਸਾਰਥਿਕਤਾ ਵੀ ਸਾਹਮਣੇ ਆਈ, ਪਰ ਗੱਲ ਇਸ ਲਾਇਬ੍ਰੇਰੀ ਤੋਂ ਵੀ ਅਗਾਂਹ ਜਾਂਦੀ ਹੈ। ਉਹ ਗੱਲ ਇਹ ਹੈ ਕਿ ਲਾਇਬ੍ਰੇਰੀ ਕਿਸੇ ਵੀ ਵਲਗਣ ਤੋਂ ਪਾਰ ਇੱਕ ਸੁਤੰਤਰ ਸੋਚ ਹੈ ਤੇ ਜਿਸ ਦਾ ਵਿਚਾਰ ਸਾਡੇ ਅਹਿਸਾਸਾਂ 'ਚ ਡੂੰਘਾ ਲਹਿ ਚੁੱਕਾ ਹੈ। ਲਾਇਬ੍ਰੇਰੀ ਸੂਖ਼ਮ ਕਲਾਵਾਂ ਦਾ ਸੰਗ੍ਰਹਿ ਵੀ ਹੁੰਦੀ ਹੈ ਤੇ ਇਹਨਾਂ ਨੂੰ ਸਿੱਖਣ ਦੀ ਜਗ੍ਹਾ ਵੀ। ਸੰਗੀਤ, ਨ੍ਰਿਤ, ਪੇਂਟਿੰਗ ਸਮੇਤ ਹੋਰ ਕਲਾਵਾਂ ਦੀ ਪ੍ਰਦਰਸ਼ਨੀ ਅਤੇ ਇਹਨਾਂ ਦੀ ਪੜ੍ਹਾਈ ਸਿਖਲਾਈ ਵੀ ਲਾਇਬ੍ਰੇਰੀ ਦਾ ਹਿੱਸਾ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ। ਲਾਇਬ੍ਰੇਰੀ ਛੋਟੇ ਬੱਚਿਆਂ ਨੂੰ ਖੇਡ ਵਿਧੀ ਨਾਲ਼ ਸਿਖਾਉਣ, ਪੜ੍ਹਾਉਣ ਤੇ ਮਨੋਰੰਜਨ ਕਰਨ ਦਾ ਸਥਾਨ ਵੀ ਹੁੰਦਾ ਹੈ। ਵਿਦਿਆਰਥੀਆਂ ਅਤੇ ਵੱਡੀ ਉਮਰ ਦੇ ਲੋਕਾਂ ਲਈ ਪੜ੍ਹਨ ਦੇ ਨਾਲ਼-ਨਾਲ਼ ਜੁੜ ਬੈਠਣ, ਵਿਚਾਰ ਚਰਚਾ ਕਰਨ, ਦੇਸ਼ ਦੀ ਰਾਜਨੀਤਕ ਦਸ਼ਾ, ਸਮਾਜਿਕ ਤੇ ਆਰਥਿਕ ਮਸਲਿਆਂ ਬਾਰੇ ਗੱਲਬਾਤ, ਆਪਣੀ ਸਿਹਤ ਤੇ ਘਰੇਲੂ ਸਮੱਸਿਆਵਾਂ ਨਾਲ਼ ਸੰਬੰਧਤ ਚੁੰਝ ਚਰਚਾ, ਚੁਟਕਲੇਨੁਮਾ ਗੱਲਾਂ, ਹਾਸਾ-ਠੱਠਾ ਤੇ ਹੋਰ ਹਲਕੀਆਂ-ਫੁਲਕੀਆਂ ਗੱਲਾਂ ਸਾਂਝੀਆਂ ਕਰਨੀਆਂ ਵੀ ਲਾਇਬ੍ਰੇਰੀ ਦੇ ਵਿਹਾਰ ਦਾ ਹਿੱਸਾ ਹੋਣਾ ਚਾਹੀਦਾ ਹੈ। ਅਖ਼ਬਾਰਾਂ ਪੜ੍ਹਨੀਆਂ, ਰੇਡੀਓ ਸੁਣਨਾ ਤੇ ਆਪਣੇ-ਆਪਣੇ ਦ੍ਰਿਸ਼ਟੀ ਨਾਲ਼ ਸਮੀਖਿਆ ਕਰਨੀ ਵੀ ਲਾਇਬ੍ਰੇਰੀ ਦੇ ਨਿੱਤ ਵਿਹਾਰ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਲਾਇਬ੍ਰੇਰੀ ਵਿਚ ਬਹੁਤ ਸਾਰੇ ਹੱਥ-ਲਿਖਤ ਗ੍ਰੰਥ, ਗ੍ਰਾਮੋਫੋਨ ਰਿਕਾਰਡ, ਮਾਨਚਿੱਤਰ ਤੇ ਹੋਰ ਬਹੁਤ ਸਾਰੀ ਪੜ੍ਹਨ ਸਮੱਗਰੀ ਵੀ ਹੁੰਦੀ ਹੈ। ਲਾਇਬ੍ਰੇਰੀ ਉਹ ਥਾਂ ਹੈ, ਜਿੱਥੇ ਨਵਾਂ ਸੰਸਾਰ ਸਿਰਜਤ ਹੁੰਦਾ ਹੈ, ਨਵੀਆਂ ਗੱਲਾਂ ਤੇ ਵਿਚਾਰ ਸਿੱਖਣ ਨੂੰ ਮਿਲਦੇ ਹਨ, ਨਵੇਂ ਲੋਕਾਂ ਨਾਲ਼ ਮਿਲਣ ਦਾ ਮੌਕਾ ਬਣਦਾ ਹੈ। ਨਵੇਂ ਲੋਕਾਂ ਕੋਲ਼ ਨਵੀਆਂ ਗੱਲਾਂ ਹੁੰਦੀਆਂ ਹਨ। ਨਵਾਂ ਤੇ ਵੱਖਰਾ ਦ੍ਰਿਸ਼ਟੀਕੋਣ ਹੁੰਦਾ ਹੈ। ਹਰ ਇੱਕ ਕੋਲ਼ ਇੱਕ ਵਿਚਾਰਾਂ ਦੀ ਲਾਇਬ੍ਰੇਰੀ ਸਾਂਭੀ ਹੁੰਦੀ ਹੈ। ਇਹ ਵਿਚਾਰ ਸੰਚਾਰ ਕਰਦੇ ਹਨ। ਸੰਵਾਦ ਰਚਾਉਣਾ ਸਿੱਖਣ ਸਿਖਾਉਣ ਦੀ ਸਭ ਤੋਂ ਵਧੀਆ ਅਧਿਆਪਨ ਵਿਧੀ ਹੈ। ਕੁਝ ਸੁਣਨਾ, ਕੁਝ ਕਹਿਣਾ ਅਜਿਹੇ ਸਥਾਨ 'ਤੇ ਹੀ ਸੰਭਵ ਹੋ ਸਕਦਾ ਹੈ। ਲਾਇਬ੍ਰੇਰੀ ਵਿਚ ਬੈਠ ਅਸੀਂ ਦੁਨੀਆ ਦੀ ਯਾਤਰਾ ਕਰ ਸਕਦੇ ਹਾਂ, ਲੁਕੇ ਹੋਏ ਰਹੱਸ ਬੇਪਰਦ ਹੁੰਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਲਾਇਬ੍ਰੇਰੀ ਆਪਣੇ ਅੰਦਰ ਬਹੁਤ ਸਾਰੀਆਂ ਸੰਭਾਵਨਾਵਾਂ ਸਮੋਈ ਸੰਸਥਾ ਹੈ। ਸਾਡਾ ਮਕਸਦ ਇਹਨਾਂ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਹੋਣਾ ਚਾਹੀਦਾ ਹੈ।

ਚੁੱਪ ਦੀਆਂ ਕਈ ਤਹਿਆਂ ਹਨ। ਲਾਇਬ੍ਰੇਰੀ ਤੁਹਾਨੂੰ ਚੁੱਪ ਰਹਿਣਾ ਵੀ ਸਿਖਾਉਂਦੀ ਹੈ ਤੇ ਆਪਣੇ ਅੰਦਰ ਝਾਕਣਾ ਤੇ ਸੰਵਾਦ ਰਚਾਉਣਾ ਵੀ। ਲਾਇਬ੍ਰੇਰੀ ਵਿਚ ਜਾ ਕੇ ਤੁਹਾਨੂੰ ਕਿਤਾਬਾਂ ਦੇ ਵਿਸ਼ਾਲ ਸੰਸਾਰ ਦੀ ਥਾਹ ਪੈਂਦੀ ਹੈ। ਇੱਕ ਚੰਗੀ ਲਾਇਬ੍ਰੇਰੀ ਵਿਚ ਦੁਨੀਆ ਦੀਆਂ ਬਿਹਤਰੀਨ ਕਿਤਾਬਾਂ ਪਈਆਂ ਹੁੰਦੀਆਂ ਹਨ। ਤੁਸੀਂ ਉਨ੍ਹਾਂ ਨੂੰ ਪਲੋਸ ਸਕਦੇ ਹੋ, ਹੱਥਾਂ ਵਿਚ ਫੜ ਕੇ ਨਿਹਾਰ ਸਕਦੇ ਹੋ। ਤੁਸੀਂ ਕਿਤਾਬ ਦੇ ਪੰਨੇ ਪਲਟ ਕੇ ਉਸ ਅੰਦਰ ਝਾਕ ਸਕਦੇ ਹੋ। ਪੰਨੇ ਪਲਟਦਿਆਂ ਕੋਈ ਸ਼ਬਦ, ਕੋਈ ਸਤਰ ਤੁਹਾਡੇ ਅੰਦਰ ਲਹਿ ਸਕਦੀ ਹੈ। ਤੁਹਾਡਾ ਉਸ ਕਿਤਾਬ ਨੂੰ ਪੜ੍ਹਨ ਦਾ ਮਨ ਬਣ ਸਕਦਾ ਹੈ। ਸੋਸ਼ਲ ਮੀਡੀਆ ਦੇ ਇਸ ਡਿਜ਼ੀਟਲ ਯੁੱਗ ਵਿਚ ਕੁਝ ਲੋਕਾਂ ਨੂੰ ਲੱਗਦਾ ਹੈ ਕਿ ਕਿਤਾਬਾਂ ਪੜ੍ਹਨ ਦਾ ਰੁਝਾਨ ਜੇ ਖ਼ਤਮ ਨਹੀਂ ਹੋਇਆ ਤਾਂ ਘੱਟ ਜ਼ਰੂਰ ਗਿਆ ਹੈ, ਪਰ ਇਹ ਉਹਨਾਂ ਦਾ ਵਹਿਮ ਹੈ। ਅਸਲ ਵਿਚ ਅੱਜ ਵੀ ਕਿਤਾਬਾਂ ਪੜ੍ਹਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕੁਝ ਲੋਕ ਤਾਂ ਮਾਣ ਨਾਲ਼ ਦੱਸਦੇ ਹਨ ਕਿ ਉਹ ਰੋਜ਼ਾਨਾ ਪੰਜਾਹ ਪੰਨੇ ਪੜ੍ਹਦੇ ਹਨ। ਕੁਝ ਇਸ ਤੋਂ ਵੀ ਜ਼ਿਆਦਾ। ਕੁਝ ਦੋਸਤਾਂ ਦੇ ਘਰਾਂ ਵਿਚ ਪਈਆਂ ਕਿਤਾਬਾਂ ਵੇਖ ਕੇ ਤਾਂ ਹੈਰਾਨ ਹੋ ਜਾਈਦਾ ਹੈ। ਇਹ ਪੁੱਛਣ 'ਤੇ ਕਿ ਤੁਸੀਂ ਏਨੀਆਂ ਸਾਰੀਆਂ ਕਿਤਾਬਾਂ ਕਿਵੇਂ ਪੜ੍ਹ ਲੈਂਦੇ ਹੋ, ਉਹ ਤੁਹਾਨੂੰ ਪੜ੍ਹਨ ਦੀ ਨਵੀਂ ਤਕਨੀਕ ਵੀ ਦੱਸਣਗੇ। ਇਹ ਤਕਨੀਕ ਉਹਨਾਂ ਨੇ ਖ਼ੁਦ ਈਜਾਦ ਕੀਤੀ ਹੁੰਦੀ ਹੈ। ਉਹਨਾਂ ਲਈ ਰੋਜ਼ਾਨਾ ਸੌਣ ਤੋਂ ਪਹਿਲਾਂ ਆਪਣੇ ਨਾਲ਼ ਖੇਡੀ ਗਈ ਗੇਮ ਹੀ ਇਹ ਹੈ ਕਿ ਚਲੋ ਦੇਖਦੇ ਹਾਂ ਕਿ ਅੱਜ ਰਾਤ ਮੈਂ ਕਿੰਨੇ ਪੰਨੇ ਪੜ੍ਹ ਸਕਦਾ ਹਾਂ। ਇਹ ਖੇਡ ਭੁਲਾ ਦਿੰਦੀ ਹੈ ਕਿ ਰਾਤ ਕਿੰਨੀ ਬੀਤ ਗਈ ਹੈ। ਪੜ੍ਹਦਿਆਂ ਜਦ ਕੋਈ ਸਤਰ ਤੁਹਾਡੇ ਅੰਦਰ ਲਹਿ ਜਾਂਦੀ ਹੈ ਤਾਂ ਤੁਸੀਂ ਕਿਤਾਬ ਬੰਦ ਕਰਕੇ ਸਾਹਮਣੀ ਕੰਧ 'ਤੇ ਟਿਕਟਿਕੀ ਲਾ ਲੈਂਦੇ ਹੋ। ਇਹ ਪਲ ਤੁਹਾਨੂੰ ਵਿਸਮਾਦ ਦੀ ਸਥਿਤੀ ਵਿਚ ਲੈ ਜਾਂਦੇ ਹਨ। ਤੁਹਾਡਾ ਅੰਦਰ ਇੱਕ ਅਗਿਆਤ ਪ੍ਰਸੰਨਤਾ ਨਾਲ਼ ਭਰ ਜਾਂਦਾ ਹੈ। ਇੱਕ ਸਾਲਮ-ਸਬੂਤੀ ਲਾਇਬ੍ਰੇਰੀ ਤੁਹਾਡੇ ਗਿਰਦ ਉੱਸਰ ਜਾਂਦੀ ਹੈ। ਡਿਜ਼ੀਟਲ ਯੁੱਗ ਅੰਦਰ ਈ ਬੁਕਸ ਨੇ ਤੁਹਾਡੀ ਪਹੁੰਚ ਦੁਨੀਆ ਭਰ ਦੀਆਂ ਕਿਤਾਬਾਂ ਤੱਕ ਵਿਸਥਾਰ ਦਿੱਤੀ ਹੈ। ਲਾਇਬ੍ਰੇਰੀ ਤੁਹਾਡੇ ਮੋਬਾਈਲ, ਕੰਪਿਊਟਰ ਅੰਦਰ ਸਥਾਪਤ ਹੋ ਜਾਂਦੀ ਹੈ। ਇਹ ਵਿਸਥਾਰ ਤੁਹਾਡੇ ਅੰਦਰ ਜਗਿਆਸਾ ਪੈਦਾ ਕਰਦਾ ਹੈ। ਇਹ ਜਗਿਆਸਾ ਤੁਹਾਨੂੰ ਪਹਿਲਾਂ ਕਿਤਾਬ ਤੇ ਫਿਰ ਲਾਇਬ੍ਰੇਰੀ ਤੱਕ ਲੈ ਕੇ ਜਾਂਦੀ ਹੈ।

ਲਾਇਬ੍ਰੇਰੀ ਬਾਰੇ ਹੋਰ ਗੱਲਾਂ ਕਰਨੀਆਂ ਹੋਣ ਤਾਂ ਇਹ ਕਿਸੇ ਇਮਾਰਤ ਵਿਚ ਪਈਆਂ ਕਿਤਾਬਾਂ ਹੀ ਨਹੀਂ ਹੁੰਦੀ। ਜਿਸ ਵਿਅਕਤੀ ਨੂੰ ਕਿਤਾਬਾਂ ਪੜ੍ਹਨ ਦੀ ਲਗਨ ਲੱਗ ਜਾਵੇ, ਉਸ ਦਾ ਘਰ ਵੀ ਲਾਇਬ੍ਰੇਰੀ ਹੁੰਦੀ ਹੈ ਅਤੇ ਉਸ ਦੇ ਅੰਦਰ ਵੀ। ਉਸ ਨੂੰ ਚੰਗੀਆਂ ਕਿਤਾਬਾਂ ਪਸੰਦ ਹੁੰਦੀਆਂ ਹਨ, ਕਿਤਾਬਾਂ ਪੜ੍ਹਨ ਦਾ ਸ਼ੌਕ ਰੱਖਦੇ ਲੋਕ ਪਸੰਦ ਹੁੰਦੇ ਹਨ। ਪੜ੍ਹਨ ਲਈ ਆਰਾਮ ਕੁਰਸੀ, ਕਿਤਾਬਾਂ ਖਰੀਦਣ ਲਈ ਪੈਸੇ, ਪੜ੍ਹਨ ਲਈ ਵਕਤ, ਕਿਤਾਬਾਂ ਨਾਲ਼ ਭਰੇ ਸੈਲਫ ਤੇ ਪੀਣ ਲਈ ਗਰਮ ਚਾਹ ਦਾ ਪ੍ਰਬੰਧ ਹੋਣਾ ਉਸ ਦੀਆਂ ਲੋੜਾਂ ਹੁੰਦੀਆਂ ਹਨ। ਉਹ ਵਿਅਕਤੀ ਜਿਊਂਦੀ-ਜਾਗਦੀ ਤੁਰੀ ਫਿਰਦੀ ਲਾਇਬ੍ਰੇਰੀ ਹੁੰਦਾ ਹੈ। ਉਹ ਇੱਕ ਕਿਤਾਬ ਖ਼ਤਮ ਕਰਦੇ ਹਨ ਤੇ ਨਾਲ਼ ਹੀ ਦੂਜੀ ਕਿਤਾਬ ਪੜ੍ਹਨੀ ਸ਼ੁਰੂ ਕਰ ਦਿੰਦੇ ਹਨ। ਉਹਨਾਂ ਅੰਦਰ ਜਾਗਦੀ ਲਾਇਬ੍ਰੇਰੀ ਦੇ ਬੰਦ ਹੋਣ ਦਾ ਕੋਈ ਸਮਾਂ ਨਹੀਂ ਹੁੰਦਾ। ਅਜਿਹਾ ਅਹਿਸਾਸ ਹੀ ਲਾਇਬ੍ਰੇਰੀ ਹੈ। ਜਿੱਥੇ ਕਿਤੇ ਇਹ ਅਹਿਸਾਸ ਹੈ, ਉਥੇ ਲਾਇਬ੍ਰੇਰੀ ਹੈ, ਦੀਵਾਰਾਂ, ਵਲਗਣਾਂ ਤੋਂ ਮੁਕਤ ਲਾਇਬ੍ਰੇਰੀ। ਜਿਸ ਹਿਰਦੇ ਅੰਦਰ ਇਹ ਅਹਿਸਾਸ ਭਰ ਜਾਵੇ, ਉਸ ਨੂੰ ਕਈ ਕਿਤਾਬਾਂ ਮੂੰਹ ਜ਼ੁਬਾਨੀ ਯਾਦ ਹੋ ਜਾਂਦੀਆਂ ਹਨ।

ਚੰਗੇ ਸਮਾਜ ਦੀ ਸਿਰਜਣਾ ਲਈ ਅਤੇ ਆਪਣੇ ਟੀਚੇ ਹਾਸਲ ਕਰਨ ਲਈ ਸਾਨੂੰ ਨਵੇਂ ਵਿਚਾਰ ਚਾਹੀਦੇ ਹਨ। ਨਵੇਂ ਵਿਚਾਰ ਕਿਤਾਬਾਂ ਵਿਚ ਹੁੰਦੇ ਹਨ। ਕਿਤਾਬਾਂ ਦੇ ਸਿਆਣੇ ਤੇ ਸੂਝਵਾਨ ਪਾਠਕਾਂ ਲਈ ਪਬਲਿਕ ਲਾਇਬ੍ਰੇਰੀਆਂ ਦੀ ਲੋੜ ਹੈ। ਰਾਜਨੀਤਕ, ਆਰਥਿਕ ਤੇ ਸਮਾਜਿਕ ਸੋਝੀ ਰੱਖਣ ਵਾਲੇ ਲੋਕ ਜਦ ਲਾਇਬ੍ਰੇਰੀ ਵਿਚ ਜਾ ਕੇ ਚੰਗੀਆਂ ਕਿਤਾਬਾਂ ਪੜ੍ਹਨਗੇ, ਬਹੁਤ ਸਾਰੇ ਨਵੇਂ ਖ਼ਿਆਲਾਂ ਤੇ ਵਿਚਾਰਾਂ ਨਾਲ਼ ਲੈਸ ਹੋ ਕੇ ਉਹ ਸਮਾਜ ਦੀ ਅਗਵਾਈ ਕਰਨਗੇ। ਜਦ ਤੱਕ ਅਨਪੜ੍ਹ ਲੋਕ ਸਾਡੀ ਅਗਵਾਈ ਕਰਦੇ ਰਹਿਣਗੇ, ਸਦੀਆਂ ਪੁਰਾਣੇ ਸੰਸਕਾਰ ਸਾਡੇ 'ਤੇ ਥੋਪਦੇ ਰਹਿਣਗੇ, ਅਸੀਂ ਤਰੱਕੀ ਨਹੀਂ ਕਰ ਸਕਦੇ। ਸੜਕਾਂ ਬਣਨੀਆਂ, ਪੁਲਾਂ ਦਾ ਨਿਰਮਾਣ ਹੋਣਾ, ਨਵੇਂ ਤੇ ਵੱਡੇ ਏਅਰਪੋਰਟ ਬਣਨੇ ਤਰੱਕੀ ਨਹੀਂ ਹੁੰਦੀ। ਜਦ ਤੱਕ ਅਸੀਂ ਬੌਧਿਕ ਵਿਕਾਸ ਨਹੀਂ ਕਰਦੇ, ਚੰਗਾ ਸਾਹਿਤ ਨਹੀਂ ਪੜ੍ਹਦੇ, ਮਾਨਵੀ ਕਦਰਾਂ-ਕੀਮਤਾਂ ਨਹੀਂ ਅਪਣਾਉਂਦੇ, ਇੱਕ ਸੁਲਝੇ ਹੋਏ ਸਮਾਜ ਦੀ ਸਿਰਜਣਾ ਨਹੀਂ ਕਰ ਸਕਾਂਗੇ। ਕੁਝ ਪਿੰਡਾਂ ਵਾਲਿਆਂ, ਖਾਸ ਕਰਕੇ ਮਾਲਵੇ ਦੇ ਪਿੰਡਾਂ ਨੇ ਵਿਦੇਸ਼ੀਂ ਵੱਸਦੇ ਦੋਸਤਾਂ ਦੀ ਮਦਦ ਨਾਲ਼ ਲਾਇਬ੍ਰੇਰੀਆਂ ਖੋਲ੍ਹੀਆਂ ਹਨ। ਇਹ ਇੱਕ ਸਿਹਤਮੰਦ ਵਰਤਾਰਾ ਹੈ। ਸਕੂਲਾਂ ਵਿਚ ਲਾਇਬ੍ਰੇਰੀਆਂ ਨੂੰ ਵਿਕਸਤ ਕਰਨ, ਹਰ ਸਕੂਲ ਨੂੰ ਇੱਕ ਲਾਇਬ੍ਰੇਰੀਅਨ ਦੀ ਸਥਾਈ ਪੋਸਟ ਦੇਣੀ ਜ਼ਰੂਰੀ ਹੋਣੀ ਚਾਹੀਦੀ ਹੈ। ਪਿੰਡ-ਪਿੰਡ ਠੇਕੇ ਖੋਲ੍ਹਣ ਨਾਲੋਂ ਲਾਇਬ੍ਰੇਰੀਆਂ ਖੋਲ੍ਹਣ ਵੱਲ ਧਿਆਨ ਦੇਣਾ ਚਾਹੀਦਾ ਹੈ। ਜੋ ਚੀਜ਼ ਤੁਹਾਡੇ ਸਾਹਮਣੇ ਪਰੋਸੀ ਜਾਵੇਗੀ, ਤੁਸੀਂ ਉਸੇ ਦੇ ਆਦੀ ਹੋ ਜਾਵੋਗੇ। ਲੋਕਾਂ ਸਾਹਮਣੇ ਲਾਇਬ੍ਰੇਰੀਆਂ ਪਰੋਸ ਕੇ ਵੇਖੋ, ਸਾਡਾ ਸਮਾਜ ਇੱਕ ਸੁਧਰੇ ਹੋਏ ਨਕਸ਼ਾਂ ਵਾਲਾ ਸਮਾਜ ਬਣ ਜਾਵੇਗਾ। ਇਹ ਬਿਨਾਂ ਕਿਸੇ ਰੌਲ਼ੇ ਦੇ ਹੋਇਆ ਸਿਹਤਮੰਦ ਪਰਿਵਰਤਨ ਹੋਵੇਗਾ। ਲਾਇਬ੍ਰੇਰੀਆਂ ਦਾ ਹੋਣਾ ਅਤੇ ਸਾਡੇ ਅੰਦਰ ਇਸ ਦਾ ਅਹਿਸਾਸ ਹੋਣਾ ਬਹੁਤ ਜ਼ਰੂਰੀ ਹੈ। ਦਾਨ-ਪੁੰਨ ਕਰਨ ਵਾਲੇ ਲੋਕਾਂ ਨੂੰ ਵੀ ਲਾਇਬ੍ਰੇਰੀ ਕਲਚਰ ਪੈਦਾ ਕਰਨ ਲਈ ਦਸਵੰਦ ਕੱਢਣਾ ਚਾਹੀਦਾ ਹੈ। ਪਿੰਡ ਦੀ ਨੌਜਵਾਨ ਪੀੜ੍ਹੀ ਨੂੰ ਹੋਰ ਅਲਾਮਤਾਂ ਤੋਂ ਬਚਾਉਣ ਲਈ ਲਾਇਬ੍ਰੇਰੀ ਕਲਚਰ ਜ਼ਰੂਰ ਸਹਾਈ ਹੋਵੇਗਾ ਤੇ ਅਖੀਰ ਵਿਚ ਕਿਸੇ ਅਗਿਆਤ ਦੀ ਨਸੀਹਤ ਕਿ ਮੀਟਿੰਗ 'ਤੇ ਜਾਣ ਵੇਲੇ, ਪਾਰਕ ਵਿਚ ਸੈਰ ਕਰਨ ਵੇਲ਼ੇ ਜਾਂ ਕਿਸੇ ਹੋਰ ਵੇਲ਼ੇ ਕਿਤਾਬ ਤੁਹਾਡੇ ਕੋਲ਼ ਹੋਣੀ ਚਾਹੀਦੀ ਹੈ। ਜ਼ਰੂਰੀ ਨਹੀਂ ਕਿ ਤੁਸੀਂ ਉਹ ਕਿਤਾਬ ਪੜ੍ਹਨੀ ਹੈ, ਕਿਤਾਬ ਤੁਹਾਡੇ ਕੋਲ਼ ਹੋਵੇ, ਇਹ ਹੀ ਕਾਫ਼ੀ ਹੈ।

**ਮੋਬਾ. 97795-91344**

CMYK

17-March-Sunday.qxd 3/16/2024 10:46 PM Page 2



ਸ਼ਬਦ ਚੇਤਨਾ

# ਸ਼ਬਦ ਚੇਤਨਾ ਦਾ ਵਿਸਮਾਦੀ ਅਨੁਭਵ ਅੰਮ੍ਰਿਤਸਰ ਸਾਹਿਤ ਉਤਸਵ

☛ਇਕ ਕਰੋੜ ਤੋਂ ਵੱਧ ਦੀਆਂ ਪੁਸਤਕਾਂ ਖ਼ਰੀਦੀਆਂ ਗਈਆਂ ☛ ਵੰਡ, ਵਿਰਾਸਤ, ਤਕਨੀਕ ਤੇ ਪ੍ਰਵਾਸ ਬਾਰੇ ਗੋਸ਼ਟੀ ☛ ਬੀਤੇ ਦੇ ਸਬਕ, ਭਵਿੱਖ ਦੀਆਂ ਉਮੀਦਾਂ ਦੀ ਨਿਸ਼ਾਨਦੇਹੀ

ਦੀਪ ਜਗਦੀਪ ਸਿੰਘ

ਗੁਰੂ ਨਾਨਕ ਸਾਹਿਬ ਨੇ ਧੁਨੀ ਜਗਤ ਦੀ ਉਤਪਤੀ ਦੀ ਬੁਨਿਆਦ ਦੱਸਿਆ ਹੈ। ਉਹ ਧੁਨੀ ਓਅੰਕਾਰ ਹੈ। ਜਗਤ ਦੀ ਪਹਿਲੀ ਧੁਨੀ। ਇਸ ਤੋਂ ਸਾਰੇ ਸ਼ਬਦ ਬਣੇ। ਦਸਵੇਂ ਜਾਮੇ ਵਿਚ ਗੁਰੂ ਸਾਹਿਬ ਨੇ ਸ਼ਬਦ ਗੁਰੂ ਦਾ ਦਰਜਾ ਦਿੱਤਾ। ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਦੌਰਾਨ ਗੋਸ਼ਟਿ ਕੀਤੀ। ਵਿਚਾਰ ਕਰਦਿਆਂ ਜੋ ਬਾਣੀ ਉਚਾਰੀ, ਸ਼ਬਦਾਂ ਦੇ ਰੂਪ ਵਿਚ ਕਲਮਬੱਧ ਕੀਤੀ। ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਮਨੋਰਥ ਸ਼ਬਦ ਦੇ ਨਾਲ ਚੇਤਨਾ ਪੈਦਾ ਕਰਦਿਆਂ ਧੁੰਦੂਕਾਰਾ ਦੂਰ ਕਰਨਾ ਸੀ।

ਧੁਨੀ, ਸ਼ਬਦ ਤੇ ਸ਼ਬਦ ਚੇਤਨਾ ਦਾ ਇਹ ਵਿਖਿਆਨ ਸਿਰਫ਼ ਸਿੱਖੀ ਤੱਕ ਸੀਮਿਤ ਨਹੀਂ ਹੈ।ਦੁਨੀਆ ਦੇ ਹਰ ਅਧਿਆਤਮਕ ਫ਼ਲਸਫ਼ੇ ਵਿਚ ਇਸ ਦੀ ਮਹੱਤਤਾ ਬਾਰੇ ਪ੍ਰਵਚਨ ਮਿਲਦੇ ਹਨ। ਵਿਗਿਆਨਕ ਦ੍ਰਿਸ਼ਟੀ ਵਿਚ ਭਾਸ਼ਾ ਚੇਤਨਾ ਦੇ ਪਸਾਰੇ ਦਾ ਲਾਜ਼ਮੀ ਮਾਧਿਅਮ ਮੰਨਿਆ ਗਿਆ। ਦੁਨੀਆ ਦੀਆਂ ਮਹਾਨ ਕਾਢਾਂ, ਖੋਜਾਂ ਤੇ ਸਫ਼ਰ ਸ਼ਬਦਾਂ ਦੀ ਸਵਾਰੀ ’ਤੇ ਸਵਾਰ ਹੋ ਕੇ ਦੁਨੀਆ ਭਰ ਵਿਚ ਫੈਲੇ।ਅੱਜ ਦੇ ਤਕਨੀਕੀ ਯੁੱਗ ਵਿਚ ਤਕਨੀਕੀ ਗਿਆਨ ਦਾ ਪਸਾਰਾ ਸ਼ਬਦਾਂ ਰਾਹੀਂ ਸਮੁੱਚੇ ਗਲੋਬ ਉਬਤੇ ਹੋ ਰਿਹਾ ਹੈ। ਸ਼ਬਦ ਚੇਤਨਾ ਇਸ ਸਾਰੇ ਵਰਤਾਰੇ ਦਾ ਮੂਲ ਆਧਾਰ ਹੈ। ਸ਼ਬਦ ਚੇਤਨਾ ਸੰਚਾਰ ਦੇ ਰਾਹ ਖੋਲ੍ਹਦੀ ਹੈ। ਇਹ ਗਿਆਨ ਦੇ ਦਰਵਾਜ਼ੇ ਖੋਲ੍ਹ ਕੇ ਜਿਗਿਆਸੂ ਚਾਨਣ ਦਾ ਰਸਤਾ ਦਿਖਾਉਂਦੀ ਹੈ।

ਵਿਸਮਾਦ ਉਹ ਅਵਸਥਾ ਹੈ, ਜਿਸ ਵਿਚ ਮਨੁੱਖੀ ਚੇਤਨਾ ਆਪਣਾ ਆਲਾ-ਦੁਆਲਾ ਭੁੱਲ ਕੇ ਆਨੰਦ ਦੇ ਅਨੁਭਵ ਵਿਚ ਲੀਨ ਹੋ ਜਾਂਦਾ ਹੈ। ਜਦੋਂ ਸ਼ਬਦ ਚੇਤਨਾ ਜਿਗਿਆਸੀ ਅੰਦਰ ਉੱਸਲਵੱਟੇ ਲੈ ਰਹੇ ਸੁਆਲਾਂ ਦੇ ਸਾਹਮਣੇ ਗਿਆਨ ਦਾ ਪੂਰਾ ਸੰਸਾਰ ਖੋਲ੍ਹ ਕੇ ਰੱਖ ਦਿੰਦੀ ਹੈ ਤਾਂ ਜੋ ਆਨੰਦ ਉਹ ਮਾਣਦਾ ਹੈ, ਉਹ ਵਿਸਮਾਦ ਹੀ ਹੁੰਦਾ ਹੈ। ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲੇ ਨਾਲ ਮੈਂ ਪਿਛਲੇ ਅੱਧੇ ਦਹਾਕੇ ਤੋਂ ਜੁੜਿਆ ਹੋਇਆ ਹਾਂ। ਦਾਅਵੇ ਨਾਲ ਕਹਿ ਸਕਦਾ ਹਾਂ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਲੱਖਣ ਮਾਹੌਲ ਵਿਚ ਮਨਾਇਆ ਜਾਣ ਵਾਲਾ ਇਹ ਸਾਹਿਤ ਉਤਸਵ ਸ਼ਬਦ ਚੇਤਨਾ ਦੇ ਵਿਸਮਾਦੀ ਅਨੁਭਵ ਦਾ ਸਿਖਰ ਹੈ।ਇਸ ਦੀ ਗਵਾਹੀ ਉਤਸਵ ਵਿਚ ਸ਼ਾਮਲ ਹੋਣ ਵਾਲਿਆਂ ਦਾ ਠਾਠਾਂ ਮਾਰਦਾ ਇਕੱਠ ਭਰਦਾ ਹੈ। ਕਾਲਜ ਨੌਜਵਾਨਾਂ ਦੇ ਸੁਪਨਿਆਂ ਤੇ ਰੀਝਾਂ ਦਾ ਕੇਂਦਰ ਹੋਇਆ ਕਰਦੇ ਹਨ, ਕਾਲਜ ਦੇ ਗੱਭਰੂ ਤੇ ਮੁਟਿਆਰਾਂ ਜਦੋਂ ਪੁਸਤਕਾਂ ਦੇ ਗਿਆਨ ਤੇ ਕਲਪਨਾ ਭਰੇ ਸੰਸਾਰ ਵਿਚ ਦਾਖ਼ਲ ਹੁੰਦੇ ਹਨ ਤਾਂ ਉਹ ਵਿਸਮਾਦ ਤੋਂ ਅਣਛੋਹੇ ਨਹੀਂ ਰਹਿ ਸਕਦੇ।ਆਓ ਪੰਜ ਦਿਨੀਂ ਇਸ ਉਤਸਵ ਦੇ ਇਕ-ਇਕ ਦਿਨ ਦੇ ਸਫ਼ਰ ’ਤੇ ਚੱਲਦੇ ਹਾਂ ਤੇ ਇਸ ਦਾ ਅਨੁਭਵ ਮਾਣਦੇ ਹਾਂ।

**ਪਹਿਲਾ ਦਿਨ: ਫੁੱਲਾਂ ਵਰਗੀਆਂ, ਖ਼ੁਸ਼ੀਆਂ ਵੰਡਦੀਆਂ**

ਵੈਸੇ ਤਾਂ ਸਾਰਾ ਜੀਵਨ ਹੀ ਮੇਲਾ ਹੈ ਪਰ ਪੁਸਤਕਾਂ ਦੇ ਮੇਲੇ ਬਹੁਤ ਮਹੱਤਵਪੂਰਨ ਹੁੰਦੇ ਹਨ,

ਪੁਸਤਕਾਂ ਫੁੱਲਾਂ ਵਰਗੀਆਂ ਹੁੰਦੀਆਂ ਹਨ, ਜੋ ਜੀਵਨ ਵਿਚ ਖ਼ੁਸ਼ੀਆਂ ਵੰਡਦੀਆਂ ਹਨ। ਇਹ ਸ਼ਬਦ ਉਦਘਾਟਨ ਕਰਨ ਵੇਲੇ ਪੰਜਾਬੀ ਸੂਫੀ ਗਾਇਕ ਅਤੇ ਮੈਂਬਰ ਪਾਰਲੀਮੈਂਟ ਪਦਮਸ਼੍ਰੀ ਹੰਸ ਰਾਜ ਹੰਸ ਨੇ ਕਹੇ। ਉਨ੍ਹਾਂ ਆਪਣੇ ਲੋਕ ਅਤੇ ਸ਼ਾਸਤਰੀ ਸੰਗੀਤ ਸੁਣਨ ਦੇ ਨਾਲ-ਨਾਲ ਪੁਸਤਕਾਂ ਪੜ੍ਹਨ ਦੇ ਸ਼ੌਕ ਦਾ ਇਜ਼ਹਾਰ ਕੀਤਾ। ਅੰਮ੍ਰਿਤਸਰ ਦੀ ਧਰਤੀ ’ਤੇ ਬਣੇ ਖ਼ਾਲਸਾ ਕਾਲਜ ਦੀ ਮੁਕੱਦਸ ਧਰਤੀ ’ਤੇ ਆਉਣ ਦਾ ਮਾਣ ਉਨ੍ਹਾਂ ਦੇ ਦਗ਼ਦੇ ਚਿਹਰੇ ਵਿਚੋਂ ਝਲਕ ਰਿਹਾ ਸੀ।ਹੰਸ ਰਾਜ ਹੰਸ ਆਵੇ ਤੇ ਗਾਵੇ ਨਾ ਇਹ ਤਾਂ ਹੋ ਨਹੀਂ ਸਕਦਾ। ਸੋ, ਸੰਬੋਧਨ ਦੀ ਰਸਮ ਅਦਾਇਗੀ ਤੋਂ ਬਾਅਦ ਹੰਸ ਨੇ ਆਪਣੇ ਵਜਦ ਵਿਚ ਆ ਕੇ ਮੁਹੰਮਦ ਬੂਟਾ ਦੀ ਸ਼ਾਇਰੀ ਦੀ ਤਾਨ ਛੇੜੀ। ਸਿਰ, ਸੁਰਤਿ, ਦਿਲ, ਕਦਮ ਤੇ ਹੱਥ ਇਕ ਤਾਲ ਵਿਚ ਨੱਚਣ ਲੱਗੇ।

ਪਿਛਲੇ ਲੰਮੇ ਸਮੇਂ ਤੋਂ ਮਾਲਵੇ ਅਤੇ ਦੁਆਬੇ ਵਿਚ ਭਰਵੇਂ ਪੁਸਤਕ ਮੇਲੇ ਲੱਗਦੇ ਹਨ ਪਰ ਮਾਝਾ ਖੇਤਰ ਇਸ ਪੱਖੋਂ ਪੱਛੜਿਆ ਹੋਇਆ ਸੀ। ਮਾਝੇ ਦੇ ਪਾਠਕਾਂ ਦੀ ਪੁਸਤਕਾਂ ਦੀ ਭੁੱਖ ਨੂੰ ਪੂਰਾ ਕਰਨ ਲਈ ਇਹ ਮੇਲਾ ਸਹਾਇਕ ਬਣਿਆ ਹੈ। ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚੋਂ ਮੇਲੀ ਮੇਲਾ ਵੇਖਣ ਆਉਂਦੇ ਹਨ। ਇਸ ਉਤਸਵ ਰਾਹੀਂ ਵਿਦਿਆਰਥੀ ਪੁਸਤਕਾਂ ਨਾਲ ਜੁੜਦੇ, ਪੰਜਾਬ ਦੇ ਭਖਵੇਂ ਮਸਲਿਆਂ ’ਤੇ ਗੋਸ਼ਟਿ ਹੁੰਦੀ ਅਤੇ ਪੰਜਾਬੀ ਸੱਭਿਆਚਾਰ ਦਾ ਪ੍ਰਸਾਰ ਹੁੰਦਾ, ਪ੍ਰਿੰਸੀਪਲ ਡਾ. ਮਹਿਲ ਸਿੰਘ ਮੇਲੇ ਦਾ ਮਹੱਤਵ ਬਿਆਨ ਕਰਦੇ ਹਨ। ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਇਸ ਦਾ ਸਿਹਰਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਸਿਰ ਬੰਨ੍ਹਦਿਆਂ ਕਹਿੰਦੇ ਹਨ ਕਿ ਜਦੋਂ ਤੋਂ ਉਨ੍ਹਾਂ ਕਾਲਜ ਦੀ ਵਾਗਡੋਰ ਸੰਭਾਲੀ ਹੈ, ਕਾਲਜ ਨਿੱਤ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਲੋਕਾਂ, ਆਪਣੇ ਵਿਰਸੇ ਅਤੇ ਸੱਭਿਆਚਾਰ ਪ੍ਰਤੀ ਜਾਗਰੂਕਤਾ ਕਰਦਾ ਇਹ ਮੇਲਾ ਭਾਰਤ ਦੇ ਪ੍ਰਮੁੱਖ ਪੁਸਤਕ ਮੇਲਿਆਂ ਵਿਚ ਸ਼ਾਮਲ ਹੋ ਗਿਆ ਹੈ। ਪੁਸਤਕਾਂ ਦੇ ਵਣਜਾਰਿਆਂ ਲਈ ਚਾਅ ਤੇ ਸਕੂਨ ਵਾਲੀ ਗੱਲ ਰਹੀ ਕਿ ਪੁਸਤਕ ਪ੍ਰੇਮੀਆਂ ਦਿਲ ਖੋਲ੍ਹ ਕੇ ਤੇ ਝੋਲੇ ਭਰ ਨੇ ਕਰੋੜ ਰੁਪਏ ਤੋਂ ਵੱਧ ਦੀਆਂ ਕਿਤਾਬਾਂ ਖ਼ਰੀਦੀਆਂ।

ਖੋਜ ਰਸਾਲਾ ਸੰਵਾਦ, ਵਿਦਿਆਰਥੀਆਂ ਦਾ ਰਸਾਲਾ ਦਰਬਾਰ ਅਤੇ ਗੁਰਮੁਖ ਸਿੰਘ ਗੁਰਮੁਖ ਦੀ ਪੁਸਤਕ ਸ਼ਹੀਦਾਨ-ਏ-ਨਨਕਾਣਾ ਦੀ ਨਵੀਂ ਛਾਪ ਅਤੇ ਇਸ ਦਾ ਡਾ. ਹਰਦੇਵ ਸਿੰਘ, ਇੰਚਾਰਜ ਸਿੱਖ ਖੋਜ ਕੇਂਦਰ ਵੱਲੋਂ ਕੀਤਾ ਗਿਆ ਪੰਜਾਬੀ ਅਨੁਵਾਦ ਨਨਕਾਣਾ ਸਾਹਿਬ ਦੇ ਸ਼ਹੀਦ ਪੁਸਤਕਾਂ ਪਾਠਕ ਨੂੰ ਅਰਪਤ ਕੀਤੀਆਂ ਗਈਆਂ।



ਨਾਰੀ ਕਵੀ ਦਰਬਾਰ ਜ਼ਹੀਨ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦੀ ਰਹਿਨੁਮਾਈ ਵਿਚ ਭੁਪਿੰਦਰ ਕੌਰ ਪ੍ਰੀਤ, ਨੀਤੂ ਅਰੋੜਾ, ਬਿਪਨਪ੍ਰੀਤ, ਸਿਮਰਿਤ ਗਗਨ, ਸਿਮਰਨ ਅਕਸ, ਸੁਰਿੰਦਰ ਨੀਰ, ਸਿਮਰਨ, ਜਸਪ੍ਰੀਤ ਨੇ ਆਪੋ-ਆਪਣੇ ਕਲਾਮ ਦੇ ਜ਼ਰੀਏ ਨਾਰੀ ਮਨ ਤੇ ਸਮਾਜਿਕ ਸੁਆਲਾਂ ਦੇ ਮੁਖਾਤਬ ਸੰਵੇਦਨਾਵਾਂ ਦਾ ਪ੍ਰਗਟਾਟਾ ਕੀਤਾ। ਸੱਭਿਆਚਾਰਕ ਪ੍ਰੋਗਰਾਮ ਵਿਚ ਨੌਜਵਾਨ ਕਲਾਕਾਰ ਬਨੀ ਜੌਹਲ ਨੇ ਆਪਣੀ ਕਲਾ ਨਾਲ ਸਰੋਤਿਆਂ ਨੂੰ ਝੂਮਣ ਲਗਾ ਦਿੱਤਾ।ਕਾਲਜ ਵਿਦਿਆਰਥੀਆਂ ਨੇ ਫੈਰੇ ਫਲਿਊਡ ਪ੍ਰੋਗਰਾਮ ਅਧੀਨ ਪੰਜਾਬ ਦੀਆਂ ਕਾਵਿ ਗਾਥਾਵਾਂ ਦੀ ਜੁਗਲਬੰਦੀ ਪੇਸ਼ ਕੀਤੀ। ਢਲਦਾ ਸੂਰਜ ਪਿੱਛੇ ਆਪਣਾ ਸਰੂਰ ਛੱਡ ਕੇ ਜਾ ਰਿਹਾ ਸੀ, ਲੋਕ ਨਾਚ ਗਿੱਧੇ ਵਿਚ ਪੈਂਦੀਆਂ ਬੋਲੀਆਂ, ਵੱਜਦੀਆਂ ਤਾੜੀਆਂ ਤੇ ਅੱਡੀਆਂ ਦੀ ਧਮਕ ਦੇ ਨਾਲ ਖ਼ਾਲਸਾ ਕਾਲਜ ਦਾ ਜ਼ੱਰਾ-ਜ਼ੱਰਾ ਨੱਚਦਾ ਲੱਗ ਰਿਹਾ ਸੀ।

ਪੰਜਾਬੀ ਭਵਨ ਸਰੀ ਦੇ ਸੰਸਥਾਪਕ ਸੁੱਖੀ ਬਾਠ, ਢਾਹਾਂ ਪੁਰਸਕਾਰ ਦੇ ਸੰਸਥਾਪਕ ਬਰਜਿੰਦਰ ਸਿੰਘ ਬੁਰਜ ਢਾਹਾਂ ਅਤੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਚੇਅਰਪਰਸਨ ਅਜਾਇਬ ਸਿੰਘ ਚੱਠਾ ਦੇ ਦਿਲ ਦੀ ਇਕੋ ਆਵਾਜ਼ ਸੀ ਕਿ ਰਹਿੰਦੇ ਭਾਵੇਂ ਸੱਤ ਸਮੁੰਦਰ ਪਾਰ ਹਾਂ, ਪਰ ਦਿਲ ਹਮੇਸ਼ਾ ਪੰਜਾਬ ਵਿਚ ਹੀ ਧੜਕਦਾ ਹੈ। ਜਿੱਥੇ ਵੀ ਰਹੀਦਾ ਹੈ, ਸਾਡਾ ਉਦੇਸ਼ ਸਾਹਿਤ, ਸਿਹਤ ਅਤੇ ਵਿੱਦਿਆ ਦਾ ਪ੍ਰਸਾਰ ਕਰਨਾ ਹੈ ਹੀ ਰਹਿੰਦਾ ਹੈ।

**ਦੂਸਰਾ ਦਿਨ: ਬਾਬੇ ਭੰਗੜਾ ਪਾਉਂਦੇ**

ਇਸ ਉਤਸਵ ਦਾ ਪੜੁੱਲ ਬੰਨ੍ਹਣ ਵਾਲੇ ਪੰਜਾਬੀ ਵਿਭਾਗ ਲਈ ਇਹ ਖ਼ਾਸ ਦਿਨ ਸੀ। ਉਨ੍ਹਾਂ ਬਾਬਿਆਂ ਨੂੰ ਯਾਦ ਕਰਨਾ ਬਣਦਾ ਸੀ, ਜਿਹਨਾਂ ਨੇ ਖਿੱਤੇ ਵਿਚ 1949 ਵਿਚ ਸਭ ਤੋਂ ਪਹਿਲਾਂ ਐੱਮ. ਏ. ਪੰਜਾਬੀ ਸ਼ੁਰੂ ਕਰਕੇ ਪਝੱਤਰ ਸਾਲ ਪਹਿਲਾਂ ਇਸ ਕਾਲਜ ਵਿਚ ਪੰਜਾਬੀ ਦੀ ਉਚੇਰੀ ਸਿੱਖਿਆ ਦਾ ਮੁੱਢ ਬੰਨ੍ਹਿਆ, ਜੋ ਅੱਜ ਤੱਕ ਚੱਲ ਰਹੀ ਹੈ। ਸੁਆਲ ਇਹ ਸੀ ਕਿ ਕਦੋਂ ਤੱਕ ਚੱਲਦੀ ਰਹੇਗੀ ? ਪੰਜਾਬੀ ਦੀ ਉਚੇਰੀ ਸਿੱਖਿਆ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਬਾਰੇ ਡਾ. ਭੁਪਿੰਦਰ ਸਿੰਘ ਦੇ ਸੰਚਾਲਨ ਵਿਚ ਹੋਈ ਪੈਨਲ ਚਰਚਾ ਪ੍ਰਿੰਸੀਪਲ ਡਾ. ਮਹਿਲ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਗੁਰਮੁਖ ਸਿੰਘ, ਦਿੱਲੀ ਯੂਨੀਵਰਸਿਟੀ ਦੇ ਡਾ. ਕੁਲਵੀਰ ਗੋਜਰਾ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ ਦੇ ਡਾ. ਨਰੇਸ਼ ਕੁਮਾਰ, ਡਾ. ਪਰਮਜੀਤ ਸਿੰਘ ਢੀਂਗਰਾ ਅਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਨਵੀਂ ਸਿੱਖਿਆ ਨੀਤੀ ਦੇ ਹਵਾਲੇ ਨਾਲ ਸਿਲੇਬਸ ਤੋਂ ਲੈ ਕੇ ਵਿਦਿਆਰਥੀਆਂ ਦੇ ਸੰਕਟ ਤੱਕ ਹਰ ਮਸਲੇ ਨੂੰ ਰਿੜਕਿਆ। ਨੁਕਤਾ ਇਹ ਨਿਕਲਿਆ ਕਿ ਇਤਿਹਾਸ ਵਿਚ ਜਦੋਂ ਵੀ ਚੁਣੌਤੀਆਂ ਮਿਲੀਆਂ ਪੰਜਾਬੀ ਭਾਸ਼ਾ ਤਾਕਤਵਰ ਹੋ ਕੇ ਨਿਕਲੀ, ਭਵਿੱਖ ਵਿਚ ਵੀ ਪੰਜਾਬੀ ਵਿਕਾਸ ਕਰੇਗੀ।

ਪਦਮਸ਼੍ਰੀ ਡਾ. ਸੁਰਜੀਤ ਪਾਤਰ ਦੀ ਰਹਿਨੁਮਾਈ ਵਿਚ ਲੋਕ ਮੰਚ ਪੰਜਾਬ ਦੇ ਪ੍ਰਧਾਨ ਸੁਰਿੰਦਰ ਸੁੰਨੜ, ਪੰਜਾਬ ਕਲਾ ਪ੍ਰੀਸ਼ਦ ਦੇ ਜਨਰਲ ਸਕੱਤਰ ਡਾ. ਲਖਵਿੰਦਰ ਜੌਹਲ ਦੀ ਖ਼ਸੂਸੀ ਹਾਜ਼ਰੀ ਤੇ ‘ਹੁਣ’ ਦੇ ਸੰਪਾਦਕ ਸੁਸ਼ੀਲ ਦੁਸਾਂਝ ਸੰਚਾਲਨ ਵਿਚ ਰਵਿੰਦਰ ਸਹਿਰਾਅ (ਅਮਰੀਕਾ), ਇੰਦਰਜੀਤ ਸਿੰਘ ਪੁਰੇਵਾਲ (ਅਮਰੀਕਾ), ਡਾ. ਕਰਨੈਲ ਸ਼ੇਰਗਿੱਲ (ਇੰਗਲੈਂਡ) ਅਤੇ ਹਰਕੰਵਲ ਸਾਹਿਲ (ਕੈਨੇਡਾ), ਸਵਰਨਜੀਤ ਸਵੀ, ਦਰਸ਼ਨ ਬੁੱਟਰ, ਜਸਵੰਤ ਜ਼ਫਰ, ਸੁਸ਼ੀਲ ਦੁਸਾਂਝ, ਬਲਵਿੰਦਰ ਸੰਧੂ, ਵਿਜੇ ਵਿਵੇਕ, ਭੁਪਿੰਦਰਪ੍ਰੀਤ, ਗੁਰਤੇਜ ਕੋਹਾਰਵਾਲਾ, ਹਰਮੀਤ ਵਿਦਿਆਰਥੀ, ਵਿਸ਼ਾਲ, ਵਾਹਿਦ, ਰਮਨ ਸੰਧੂ, ਡਾ. ਵਿਕਰਮ, ਤਰਸੇਮ, ਕਿਰਤਪਾਲ, ਗੁਰਜੰਟ ਰਾਜੇਆਣਾ, ਅਜੇਪਾਲ ਢਿੱਲੋਂ, ਰਣਧੀਰ, ਸੁਖਦੀਪ ਔਜਲਾ, ਨਵਾਬ ਖਾਨ ਅਤੇ ਹਰ ਮਨ ਨੇ ਸਮਕਾਲ ਤੇ ਸੰਵੇਦਨਸ਼ੀਲਤਾ ਦੇ ਸੁਆਲਾਂ ਮੁਖਾਤਿਬ ਹੁੰਦਿਆਂ ਆਪਣੀ ਕਾਵਿਕ ਰੰਗਤ ਦੇ ਨਕਸ਼ ਉੱਕਰੇ।

ਸੱਭਿਆਚਾਰਕ ਪਿੜ ਵਿਚ ‘ਜੀਅ ਨ੍ਹੀ ਜਾਣ ਨੂੰ ਕਰਦਾ ਰੰਗਲੀ ਦੁਨੀਆ ਤੋਂ’ ਦਾ ਹੋਕਾ ਦੇਣ ਵਾਲੇ ਪੰਜਾਬੀ ਲੋਕ ਗਾਇਕੀ ਦੇ ਸਿਰਨਾਵੇਂ ਪੰਮੀ ਬਾਈ ਨੇ ਖ਼ਾਲਸਾ ਕਾਲਜ ਦੇ ਵਿਹੜੇ ਵਿਚ ਸੰਜੋਈਆਂ ਆਪਣੀਆਂ ਯਾਦਾਂ ਦੀ ਪੂਣੀ ਕੱਤੀ। ਆਪਣੇ ਜਾਣੇ-ਪਛਾਣੇ ਅੰਦਾਜ਼ ਵਿਚ ਗਾਇਕੀ ਨਾਲ ਪੰਮੀ ਬਾਈ ਦੇ ਦਿਲਾਂ ਦੀਆਂ ਧੜਕਣਾਂ ਦੀ ਰਫ਼ਤਾਰ ਵਧਾਈ।

ਚੇਤਿਆਂ ਦੀ ਚੰਗੇਰ ਭਰੇ ਇਸ ਸੰਵਾਦ ਵਿਚ ਗੁਰਭੇਜ ਗੁਰਾਇਆ ਤੇ ਡਾ. ਰਮਿੰਦਰ ਕੌਰ ਦੀ ਵੀ ਉਚੇਚੀ ਸ਼ਮੂਲੀਅਤ ਰਹੀ।ਅਖ਼ੀਰ ਉਹ ਘੜੀ ਆਈ, ਜਦੋਂ ਕਦੇ ਕਾਲਜ ਦੇ ਗੱਭਰੂ ਰਹੇ ਹੁਣ ਜ਼ਿੰਦਗੀ ਦੇ ਸੱਠ ਮਰਹਲੇ ਤੋਂ ਵੱਧ ਪਾਰ ਕਰ ਚੁੱਕੇ ਬਾਬੇ ਗੱਭਰੂਆਂ ਨੇ ਪ੍ਰੋ. ਬਲਬੀਰ ਸਿੰਘ ਕੋਹਲਾ ਦੇ ਨਾਲ ਬਾਬਿਆਂ ਵਾਲਾ ਭੰਗੜਾ ਪਾ ਕੇ ਜਵਾਨਾਂ ਨੂੰ ਉਂਗਲੀਆਂ ਚੱਬਣ ਲਈ ਮਜਬੂਰ ਕਰ ਦਿੱਤਾ।

**ਤੀਸਰਾ ਦਿਨ: ਆਰਟੀਫ਼ੀਸ਼ੀਅਲ ਇੰਟੈਲੀਜੈਂਸ ਖ਼ਤਰਾ ਜਾਂ ਤਰੱਕੀ ?**

ਅੰਮ੍ਰਿਤਸਰ ਸਾਹਿਤ ਉਤਸਵ ਦੀ ਇਹੀ ਖ਼ਾਸੀਅਤ ਹੈ। ਇਕ ਸਿਰਾ ਰਿਵਾਇਤ ਦਾ ਫੜ ਕੇ ਰੱਖਦੈ ਤੇ ਸਮੇਂ ਦੇ ਨਾਲ ਬਰ ਮੇਚ ਕੇ ਵੀ ਚੱਲਦੈ। ਤੀਜਾ ਦਿਨ ਅੱਜ ਦੀ ਨਵੀਂ ਤਕਨੀਕ ਤੇ ਇਸ ਦੇ ਲੜ ਬੱਝੀਆਂ ਭਵਿੱਖ ਦੀਆਂ ਚੁਣੌਤੀਆਂ ਦੇ ਨਾਂਅ ਰਿਹਾ। ਗੱਲ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਤੁਰੀ। ਮੁੱਖ ਬੁਲਾਰੇ ਪੰਜਾਬੀ ਚਿੰਤਕ ਡਾ. ਅਮਰਜੀਤ ਸਿੰਘ ਗਰੇਵਾਲ, ਏ.ਆਈ. ਮਾਹਰ ਸ. ਨਵਜੋਤ ਸਿੰਘ ਤੁੰਗ, ਡਾ. ਕੁਲਜੀਤ ਕੌਰ, ਪ੍ਰੋ. ਹਰਿਭਜਨ ਸਿੰਘ ਨੇ ਸੂਤਰਧਾਰ, ਡਾ. ਮਨੀ ਅਰੋੜਾ ਦੇ ਨਾਲ ਏ.ਆਈ. ਨਾਲ ਪੈਦਾ ਹੋਣ ਵਾਲੀਆਂ ਚੁਣੌਤੀਆਂ ਅਤੇ ਰੁਜ਼ਗਾਰ ਦੇ ਪੈਦਾ ਹੋਣ ਵਾਲੇ ਨਵੇਂ ਮੌਕਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਗੱਲ ਤੁਰੀ ਕਿ ਏ.ਆਈ. ਬਹੁਤ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਖੇਤਰ ਵਿਚ ਵੱਡੀਆਂ ਕੰਪਨੀਆਂ ਖਰਬਾਂ ਡਾਲਰ ਨਿਵੇਸ਼ ਕਰ ਰਹੀਆਂ ਹਨ, ਜਿਸ ਕਰਕੇ ਆਉਣ ਵਾਲਾ ਸੰਸਾਰ ਏ.ਆਈ. ’ਤੇ ਪੂਰੀ ਤਰ੍ਹਾਂ ਨਿਰਭਰ ਹੋਵੇਗਾ। ਇਸ ਵਿਚ ਪੰਜਾਬੀ ਦੇ ਦਖ਼ਲ ਲਈ ਸੋਸ਼ਲ ਮੀਡੀਆ ’ਤੇ ਸਹੀ ਪੰਜਾਬੀ ਵਰਤਣਾ ਲਾਜ਼ਮੀ ਹੈ ਤਾਂ ਜੋ ਪੰਜਾਬੀ ਦਾ ਸਹੀ ਡਾਟਾ ਵਿਕਸਿਤ ਹੋ ਸਕੇ। ਭਵਿੱਖ ਵਿਚ ਇਸ ਖੇਤਰ ਵਿਚ ਵੱਡੀ ਗਿਣਤੀ ਵਿਚ ਰੋਜ਼ਗਾਰ ਦੇ ਰਸਤੇ ਖੁੱਲ੍ਹਣਗੇ।

ਮਸਨੂਈ ਬੁੱਧੀ ਦੀਆਂ ਸਿੰਥੇਟਿਕ ਗੱਲਾਂ ਤੋਂ ਬਾਅਦ ਦਿਲ ਦੀਆਂ ਤਰਬਾਂ ਛੇੜਨ ਵਾਲੇ ਸੰਗੀਤ ਦੀ ਗੱਲ ਹੋਣੀ ਲਾਜ਼ਮੀ ਹੈ। ਇੰਚਾਰਜ ਮੈਡਮ ਰੋਜ਼ੀ ਦੀ ਦੇਖਰੇਖ ਹੇਠ ਕਾਲਜ ਦੇ ਵਿਦਿਆਰਥੀਆਂ ਵੱਲੋਂ ਸੂਫੀਆਨਾ ਸੰਗੀਤ ਦਾ ਅਲਾਪ ਲੱਗਿਆ। ਉਤਸਵ ਦਾ ਅਗਲਾ ਮੋੜ ਮੁੜਦਿਆਂ ਪੰਜਾਬੀ ਨਾਟਕਾਂ ਵਿਚ 1947 ਦੇ ਦਰਦ ਵਾਲੀ ਪੇਟੀ ਖੁੱਲ੍ਹੀ, ਡਾ. ਹਰਿਭਜਨ ਸਿੰਘ ਭਾਟੀਆ, ਪ੍ਰਸਿੱਧ ਨਾਟ-ਨਿਰਦੇਸ਼ਕ ਅਤੇ ਨਾਟ-ਚਿੰਤਕ ਸ੍ਰੀ ਕੇਵਲ ਧਾਲੀਵਾਲ, ਪ੍ਰਸਿੱਧ ਪੰਜਾਬੀ ਨਾਟਕਕਾਰ ਅਤੇ ਨਾਟ-ਚਿੰਤਕ ਜਗਦੀਸ਼ ਸਚਦੇਵਾ ਸੂਤਰਧਾਰ ਡਾ. ਹਰਭਜਨ ਸਿੰਘ ਢਿੱਲੋਂ ਦੇ ਨਾਲ 1947 ਦੇ ਦਰਦ ਨੂੰ ਪੰਜਾਬੀ ਨਾਟਕਕਾਰਾਂ ਆਪਣੇ ਨਾਟਕਾਂ ਵਿਚ ਕਿਵੇਂ ਅਤੇ ਕਿੰਨਾ ਕੁ ਪੇਸ਼ ਕੀਤਾ। ਇਸ ਗੱਲ ਦੀ ਨਿਸ਼ਾਨਦੇਹੀ ਕੀਤੀ। ਕਹਿ ਲਵੋ ਕਿ ਵੰਡ ਦੀ ਪੀੜ ਨੂੰ ਰੰਗਮੰਚ ਦੇ ਰੰਗਾਂ ਵਿੱਚੋਂ ਟੋਹ-ਟੋਹ ਕੇ ਵੇਖਿਆ। ਨੁਕਤਾ ਉਭਰਿਆ ਕਿ 1947 ਦੀ ਦੇਸ਼ ਆਜ਼ਾਦੀ ਨਾਲੋਂ ਦੇਸ਼ ਦੀ ਵੰਡ ਨੇ ਪੰਜਾਬੀਆਂ ਨੂੰ ਜ਼ਿਆਦਾ ਪ੍ਰਭਾਵਿਤ ਕੀਤਾ, ਜਿਸ ਦਾ ਦਰਦ ਅਜੇ ਵੀ ਪੁਰਾਣੀ ਪੀੜ੍ਹੀ ਦੇ ਲੋਕ ਆਪਣੇ ਦਿਲਾਂ ਵਿਚ ਲਈ ਫਿਰਦੇ ਹਨ। ਇਹ ਦਰਦ ਪੰਜਾਬੀ ਸਾਹਿਤ ਦੀ ਹਰ ਵਿਧਾ ਵਿਚ ਪੇਸ਼ ਹੋਇਆ, ਪਰ ਪੰਜਾਬੀ ਨਾਟਕ ਨੇ ਇਸ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ।

ਸੱਭਿਆਚਾਰਕ ਸ਼ਾਮ ਵਿਚ ਪ੍ਰਸਿੱਧ ਪੰਜਾਬੀ ਗਾਇਕ ਕੰਵਰ ਗਰੇਵਾਲ ਅਤੇ ਪਦਮਸ਼੍ਰੀ ਪੂਰਨ ਚੰਦ ਵਡਾਲੀ ਦੇ ਵੱਖੋ-ਵੱਖਰੇ ਅੰਦਾਜ਼ ਦੀ ਖ਼ੁਮਾਰੀ ਸਿਰ ਚੜ੍ਹ ਕੇ ਬੋਲਣ ਲੱਗੀ।ਖਚਾਖਚ ਭਰਿਆ ਪੰਡਾਲ ਕਿਲਕਾਰੀਆਂ ਮਾਰਨ ਲਈ ਮਜਬੂਰ ਹੋਇਆ। ਜਾਂਦੇ-ਜਾਂਦੇ ਪੰਜਾਬੀ ਲੋਕ ਸਾਜ਼ਾਂ ਦੀ ਜੁਗਲਬੰਦੀ ਨੇ ਅਹਿਸਾਸ ਕਰਾਇਆ ਕਿ ਬੀਟ ਤੇ ਸਪੀਡ ਦੀ ਭੀੜ ਵਿਚ ਪੰਜਾਬੀ ਬੰਦੇ ਦਾ ਦਿਲ ਅੱਜ ਵੀ ਪੰਜਾਬੀ ਲੋਕ ਸਾਜ਼ਾਂ ਤੇ ਧੁਨਾਂ ’ਤੇ ਨੱਚਦਾ ਹੈ।

**ਚੌਥਾ ਦਿਨ: ਵੰਡ ਅਤੇ ਵਿਰਾਸਤ**

ਅੰਮ੍ਰਿਤਸਰ ਆਪਣੀ ਵਿਰਾਸਤ ਪੱਖੋਂ ਬਹੁਤ ਅਮੀਰ ਹੈ। ਏਥੇ ਸਾਂਝੀਵਾਲਤਾ ਦਾ ਪ੍ਰਤੀਕ ਹਰਿਮੰਦਰ ਸਾਹਿਬ ਹੈ, ਦੁਰਗਿਆਣਾ ਮੰਦਰ ਅਤੇ ਬਾਲਮੀਕ ਮੰਦਰ ਏਥੋਂ ਦੀ ਪ੍ਰਾਚੀਨਤਾ ਦੀ ਗਵਾਹੀ ਭਰਦੇ ਹਨ। ਦਰਬਾਰ ਸਾਹਿਬ ਵਿਚਲੀ ਧੁੱਪ ਘੜੀ ਸਾਡੀ ਵਿਗਿਆਨਕ ਸੋਚ ਦਾ ਪ੍ਰਗਟਾਵਾ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੱਸਦੀ ਹੈ ਕਿ ਸਾਡੀ ਸਾਹਿਤਕ ਪ੍ਰੰਪਰਾ ਬਹੁਤ ਅਮੀਰ ਹੈ। ਧਨੀ ਰਾਮ ਚਾਤ੍ਰਿਕ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਸਾਡੀ ਨਵੀਂ ਚੇਤਨਾ ਦੇ ਪ੍ਰਤੀਕ ਹਨ। ਮਦਨ ਲਾਲ ਢੀਂਗਰਾ, ਊਧਮ ਸਿੰਘ ਅਤੇ ਸੋਹਣ ਸਿੰਘ ਭਕਨਾ ਸਾਡੀ ਆਜ਼ਾਦੀ ਦੀ ਲੜਾਈ ਦੇ ਨਾਇਕ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਬਾਇਸ ਬਣੀ ‘ਅੰਮ੍ਰਿਤਸਰ ਸਿਫਤੀ ਦਾ ਘਰ’ ਸਿਰਲੇਖ ਹੇਠ ਹੋਈ ਚਰਚਾ। ਇਹ ਚਰਚਾ ਵਿਰਾਸਤੀ ਥਾਵਾਂ ਦੀ ਸੁਰੱਖਿਆ ਅਤੇ ਪ੍ਰਚਾਰ ਕਰਨ ਵਾਲੀ ਸੰਸਥਾ ਇਨਟੈਕ ਪੰਜਾਬ ਦੇ ਸਹਿਯੋਗ ਨਾਲ ਹੋਈ, ਜਿਸ ਦੇ ਸੂਬਾ ਕਨਵੀਨਰ ਮੇਜਰ ਜਨਰਲ ਬਲਵਿੰਦਰ ਸਿੰਘ, ਡਾ. ਸਰਬਜੀਤ ਸਿੰਘ ਮਾਨ (ਕਪੂਰਥਲਾ) ਅਤੇ ਗਗਨਦੀਪ ਸਿੰਘ (ਅੰਮ੍ਰਿਤਸਰ) ਜਾਣਕਾਰੀ ਦਿੱਤੀ ਕਿ ਇਨਟੈਕ ਰਾਸ਼ਟਰੀ ਪੱਧਰ ਦਾ ਟਰੱਸਟ ਹੈ, ਜਿਸ ਦੀ ਸਥਾਪਨਾ 1985 ਵਿਚ ਹੋਈ, ਜਿਸ ਦਾ ਮਕਸਦ ਸੱਭਿਆਚਾਰ ਦੀ ਸੁਰੱਖਿਆ ਤੇ ਪਾਸਾਰ ਕਰਨਾ ਹੈ।

ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਇਮਾਰਤਸਾਜ਼ੀ ਦੀ ਵਿਰਾਸਤ ਦਾ ਕਿੱਸਾ ਇਸ ਤਰ੍ਹਾਂ ਤੋਰਿਆ ਕਿ ਅੰਮ੍ਰਿਤਸਰ ਦੀ ਵਿਰਾਸਤ ਦੀ ਸ਼ਾਨ ਦਰਬਾਰ ਸਾਹਿਬ ਹੈ, ਜਿਸ ਦੀ ਨੀਂਹ ਕਿਸੇ ਦੂਸਰੇ ਫ਼ਿਰਕੇ ਦੇ ਫ਼ਕੀਰ ਨੇ ਰੱਖੀ। ਇਮਾਰਤੀ ਵਿਰਾਸਤ ਵਿਚ ਖ਼ਾਲਸਾ ਕਾਲਜ ਦਾ ਨਾਂਅ ਦੂਸਰੇ ਨੰਬਰ ’ਤੇ ਆਉਂਦਾ ਹੈ। ਇਸ ਦੀਆਂ ਇੱਟਾਂ ਦਾ ਲਾਲ ਰੰਗ ਮਨੁੱਖੀ ਸਰੀਰ ਵਿਚ ਚੱਲਦੇ ਲਹੂ ਦਾ ਪ੍ਰਤੀਕ ਹੈ। ਇੱਥੇ ਇਕੋ ਵੇਲੇ ਦੁਆ ਖਾਨਾ, ਦਵਾ ਖਾਨਾ ਅਤੇ ਗਿਆਨ ਖਾਨਾ ਬਣਾਇਆ ਗਿਆ, ਭਾਵ ਖ਼ਾਲਸਾ ਕਾਲਜ ਦੀ ਸਥਾਪਨ ਸਮੇਂ ਡਿਸਪੈਂਸਰੀ, ਗੁਰਦੁਆਰਾ ਸਾਹਿਬ ਅਤੇ ਕਾਲਜ ਦਾ ਨੀਂਹ-ਪੱਥਰ ਨਾਲੋਂ-ਨਾਲ ਰੱਖਿਆ ਗਿਆ ਸੀ।



ਗੁਰੂ ਹਰਗੋਬਿੰਦ ਸਾਹਿਬ ਦੀ ਮੁਗਲਾਂ ਨਾਲ ਹੋਈ ਪਹਿਲੀ ਲੜਾਈ ਵਾਲੀ ਥਾਂ ’ਤੇ ਇਸ ਦੀ ਸਥਾਪਨਾ ਹੋਈ ਹੈ ਅਤੇ ਮੌਸਮ ਦੇ ਹਿਸਾਬ ਨਾਲ ਕਮਰਿਆਂ ਦੀ ਬਣਤਰ ਅਜਿਹੀ ਹੈ ਕਿ ਇਹ ਗਰਮੀਆਂ ਵਿਚ ਠੰਢੇ ਅਤੇ ਸਰਦੀਆਂ ਵਿਚ ਨਿੱਘੇ ਰਹਿੰਦੇ ਹਨ। ਇਹ ਮਨੁੱਖਤਾ ਦੀ ਸੇਵਾ ਬਿਨਾਂ ਕਿਸੇ ਭੇਦਭਾਵ ਦੇ ਕਰਦਾ ਆ ਰਿਹਾ ਹੈ। ਇਸ ਮੌਕੇ ਅਰਥ ਸ਼ਾਸਤਰੀ ਅਤੇ ਪਰਵਾਸੀ ਸਾਹਿਤਕਾਰ ਡਾ. ਪ੍ਰੇਮ ਮਾਨ ਦੀ ਮੌਜੂਦਗੀ ਦੇ ਡੂੰਘੇ ਅਰਥ ਸਨ।

ਵਿਰਾਸਤ ਦੀ ਗੱਲ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਗੀਤ ਗਜ਼ਲਾਂ ਰਾਹੀਂ ਸੰਗੀਤ ਦੇ ਰੰਗ ਵਿਚ ਰੰਗਿਆ। ਜ਼ਿੰਦਗੀ ਦੀ ਬਾਤ ਪਾਉਂਦੀ ਕਹਾਣੀ ਦੀ ਗੱਲ ਕਰਦਿਆਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਮਨੁੱਖੀ ਸੰਵੇਦਨਾ ਦੀ ਗੱਲ ਛੋਹੀ।ਉਹਨਾਂ ਦੱਸਿਆ ਕਿਵੇਂ ਸੰਤਾਲੀ ਦੀ ਵੰਡ ਨੇ ਸੰਵੇਦਨਾ ਖ਼ਤਮ ਕੀਤੀ, ਮਨੁੱਖ ਹੈਵਾਨ ਬਣਿਆ, ਬਾਵਜੂਦ ਇਸ ਦੇ ਵਿਰਲਿਆਂ ਨੇ ਮਨੁੱਖਤਾ ਨੂੰ ਸ਼ਰਮਸਾਰ ਹੋਣ ਤੋਂ ਬਚਾਈ ਰੱਖਿਆ। ਪੰਜਾਬੀ ਦੀਆਂ ਕਈ ਕਹਾਣੀਆਂ ਨੇ ਹੈਵਾਨੀਅਤ ਦੇ ਮੁਕਾਬਲੇ ਇਨਸਾਨੀਅਤ ਦੀ ਜਿੱਤ ਦਾ ਝੰਡਾ ਬੁਲੰਦ ਕੀਤਾ। ਵਰਿਆਮ ਸੰਧੂ ਦੀਆਂ ਆਪਣੀਆਂ ਅਤੇ ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਹਨੇਰੇ ਸਮਿਆਂ ਵਿਚ ਦਿਲਾਂ ਵਿਚ ਦੱਬੀ ਗਈ ਸੰਵੇਦਨਾ ਦੀਆਂ ਲਿਸ਼ਕਾਂ ਦੀ ਮਿਸਾਲ ਪੇਸ਼ ਕਰਦੀਆਂ ਰਹੀਆਂ।

ਕਬਰ ਜਿਨ੍ਹਾਂ ਦੀ ਜੀਵੇ ਹੂ ਦਾ ਮੁਹਾਵਰਾ ਲੈ ਕੇ ਗੁਰਮੁਖ ਸਿੰਘ ਐੱਮ. ਏ. ਦੇ ਜਥੇ ਵੱਲੋਂ ਪੇਸ਼ ਕੀਤੀ ਗਈ ਕਵੀਸ਼ਰੀ ਰਾਹੀਂ ਕਵੀਸ਼ਰ ਜੋਗਾ ਸਿੰਘ ਜੋਗੀ ਦੀ ਯਾਦ ’ਚ ਅਕੀਦਤ ਭੇਟ ਕੀਤੀ ਗਈ। ਕਵੀਸ਼ਰੀ ਦੇ ਹੁਨਰ ਦੀ ਬਾਤ ਪਾਉਂਦਿਆਂ ਗੁਰਮੁਖ ਸਿੰਘ ਨੇ ਫ਼ੁਰਮਾਇਆ ਕਿ ਕਵੀਸ਼ਰੀ ਅਜਿਹੀ ਕਲਾ ਹੈ, ਜੋ ਸਾਡੇ ਧਰਮ, ਇਤਿਹਾਸ ਅਤੇ ਸੱਭਿਆਚਾਰ ਨੂੰ ਮਿਲਵੇਂ ਰੂਪ ਵਿਚ ਪੇਸ਼ ਕਰਦੀ ਹੈ। ਗਾਇਕ ਗੁਰਪ੍ਰੀਤ ਗਿੱਲ ਤੇ ਜਰਨੈਲ ਰੱਤੋਕੇ ਨੇ ਆਪੋ ਆਪਣੀ ਗਾਇਕੀ ਦੇ ਅੰਦਾਜ਼ ਨਾਲ ਜਦੋਂ ਪੁੱਛਿਆ ਕਿ ਐ ਪੰਜਾਬ ਕਰਾਂ ਕੀ ਸਿਫਤ ਤੇਰੀ ਤਾਂ ਸੁਰ, ਸੰਗੀਤ ਤੇ ਸਮੂਹਿਕ ਨਾਦ ਦਾ ਵੱਖਰਾ ਨਜ਼ਾਰਾ ਬੱਝਿਆ।

**ਪੰਜਵਾਂ ਦਿਨ: ਵਾਸ-ਪ੍ਰਵਾਸ**

ਪੰਜਵੇਂ ਤੇ ਆਖ਼ਰੀ ਦਿਨ ਵਿਛੜਨ ਤੋਂ ਪਹਿਲਾਂ ਮਿੱਟੀ ਤੋਂ ਵਿੱਛੜ ਕੇ ਸੱਤ ਸਮੁੰਦਰ ਪਾਰ ਜਾ ਵੱਸਣ ਵਾਲਿਆਂ ਦੇ ਦਿਲ ਦੀ ਹੂਕ ਸੁਣਾਈ ਦਿੱਤੀ। ਮਨੁ ਪਰਦੇਸੀ ਜੇ ਥੀਐ ਦੇ ਹਵਾਲੇ ਨਾਲ ਸਿੱਖ ਪ੍ਰਵਾਸੀ ਭਾਈਚਾਰੇ, ਪੰਜਾਬ ਦੇ ਪ੍ਰਵਾਸ ਅਤੇ ਚੁਣੌਤੀਆਂ ਬਾਰੇ ਸਿੱਖ ਰਿਸਰਚ ਇੰਸਟੀਚਿਊਟ, ਅਮਰੀਕਾ ਦੇ ਸੰਸਥਾਪਕ ਸ. ਹਰਿੰਦਰ ਸਿੰਘ ਨੇ ਗੱਲ ਤੋਰਦਿਆਂ ਕਿਹਾ ਕਿ ਸਿੱਖ ਸ਼ੁਰੂ ਤੋਂ ਹੀ ਵਿਸ਼ਵ-ਵਿਆਪੀ ਸੋਚ ਦਾ ਧਾਰਨੀ ਸੀ ਤੇ ਹੁਣ ਵਿਸ਼ਵ ਦੇ ਬਹੁਤੇ ਦੇਸ਼ਾਂ ਵਿਚ ਸਿੱਖਾਂ ਦਾ ਵਾਸਾ ਹੈ, ਪਰ ਕੁਝ ਕਾਰਨਾਂ ਕਰਕੇ ਸਿੱਖਾਂ ਨੂੰ ਹਰ ਮੁਸੀਬਤ ਦਾ ਕਾਰਨ ਦੱਸਿਆ ਜਾ ਰਿਹਾ ਹੈ ਅਤੇ ਬਦਨਾਮ ਕੀਤਾ ਜਾ ਰਿਹਾ ਹੈ, ਜਿਸ ਲਈ ਸਿੱਖਾਂ ਸੰਬੰਧੀ ਸਹੀ ਕਿਸਮ ਦਾ ਡਾਟਾ ਇਕੱਤਰ ਕਰਨ ਦੀ ਜ਼ਰੂਰਤ ਹੈ। ਸਿੱਟਾ ਇਹ ਨਿਕਲਿਆ ਕਿ ਪੰਜਾਬੀਆਂ ਦੀਆਂ ਮੁਸੀਬਤਾਂ ਦਾ ਹੱਲ ਸਿਆਸਤ ਨੇ ਲੱਭਣਾ ਹੈ, ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਿਆਸੀ ਆਗੂਆਂ ਨੂੰ ਜਵਾਬਦੇਹ ਬਣਾਉਣ ਨਹੀਂ ਤਾਂ ਪੰਜਾਬ ਬਰਬਾਦ ਹੋ ਜਾਵੇਗਾ।

ਗਾਇਕ ਬੀਰ ਸਿੰਘ ਨੇ ਆਪਣੀ ਸੂਫੀਆਨਾ ਗਾਇਕੀ ਨਾਲ ‘ਸਭ ਦੀ ਖੈਰ ਹੋਵੇ’ ਦਾ ਹੋਕਾ ਦਿੱਤਾ। ਇਸ ਮੌਕੇ ਰੋਜ਼ਾਨਾ ਅਜੀਤ ਦੇ ਕਾਰਜਕਾਰੀ ਸੰਪਾਦਕ ਸ. ਸਤਨਾਮ ਸਿੰਘ ਮਾਣਕ ਨੇ ਉਤਸਵ ਦੇ ਰਾਹੀਂ ਸਿਰਜੇ ਗਏ ਸ਼ਬਦ ਚੇਤਨਾ ਦੇ ਵਿਸਮਾਦੀ ਅਨੁਭਵ ਨਵੀਂ ਪੀੜ੍ਹੀ ਲਈ ਸ਼ੁੱਭ ਸ਼ਗਨ ਦੱਸਿਆ।

ਮੇਲਾ ਵਿਛੜਣ ਤੋਂ ਪਹਿਲਾਂ ਮੇਲੇ ਦੀ ਮਸਤੀ ਚੇਤਿਆਂ ਵਿਚ ਸਦੀਵੀ ਭਰਨ ਵਾਸਤੇ ਕਾਲਜ ਦੀ ਝੂਮਰ ਦੀ ਟੀਮ ਨੇ ਝੂਮਰ ਨਾਲ ਝੂਮਣ ਲਈ ਮਜਬੂਰ ਕਰ ਦਿੱਤਾ। ਮੇਲੀਆਂ ਦਾ ਮੁੜਨ ਨੂੰ ਦਿਲ ਕਿੱਥੇ ਕਰਦਾ ਹੈ, ਉਹ ਫੇਰ ਮੁੜ ਆਉਣ ਦੀ ਆਸ ਨਾਲ, ਪੁਸਤਕਾਂ ਦੇ ਝੋਲੇ ਸੰਭਾਲੀ, ਸ਼ਬਦਾਂ ਦੇ ਸਫ਼ਰ ਵੱਲ ਹੋ ਤੁਰੇ।

ਮੋਬਾ. : 98180-03625







## ਬਾਲ ਕੋਨਾ

### ਮੇਰੀ ਗੁੱਡੀ

ਮੇਰੀ ਗੁੱਡੀ ਚੜ੍ਹ ਗਈ ਅਸਮਾਨੀ,
ਕਰੇਗੀ ਇਹ ਆਪਣੀ ਮਨਮਾਨੀ,
ਮੇਰੀ ਗੁੱਡੀ ਚੜ੍ਹ ਗਈ ਅਸਮਾਨੀ।
ਤਿਓਹਾਰ ਬਸੰਤ ਦਾ ਆਉਂਦਾ ਹੈ,
ਬੜਾ ਹੀ ਮਨ ਨੂੰ ਭਾਉਂਦਾ ਹੈ,
ਇਉਂ ਲੱਗਦਾ ਆ ਗਈ ਜਵਾਨੀ,
ਮੇਰੀ ਗੁੱਡੀ ਚੜ੍ਹ ਗਈ ਅਸਮਾਨੀ।
ਪਾਪਾ ਦੇ ਨਾਲ ਗਿਆ ਬਜ਼ਾਰ,
ਚੀਨੀ ਡੋਰ ਨਾ ਲਿਆਇਆ ਯਾਰ,
ਨਹੀਂ ਪਹੁੰਚਾਉਣੀ ਕਿਸੇ ਨੂੰ ਹਾਨੀ,
ਮੇਰੀ ਗੁੱਡੀ ਚੜ੍ਹ ਗਈ ਅਸਮਾਨੀ।
ਪੇਚੇ ’ਤੇ ਪੇਚਾ ਜਦ ਲਵੇਗੀ ਇਹ,
ਆਈ ਬੋ ਕਰ ਮੁਸਕਾਵੇਗੀ ਇਹ,
‘ਗੋਗੀ’ ਕਰਵਾਊ ਚੇਤੇ ਨਾਨੀ,
ਮੇਰੀ ਗੁੱਡੀ ਚੜ੍ਹ ਗਈ ਅਸਮਾਨੀ।

—ਗੋਗੀ ਜ਼ੀਰਾ

### ਪਤੰਗ

ਪਤੰਗ ਨਾ ਉਡਾਉਣੇ,
ਦੇਖ ਦੇਖ ਮਨ ਪ੍ਰਚਾਵਾਂਗਾ ਮੈਂ।
ਦੇਖ ਦੇਖ ਚਾਈਨਾ ਡੋਰ,
ਲੱਖਾਂ ਲਾਹਨਤਾਂ ਪਾਵਾਂਗਾ ਮੈਂ।
ਚਾਵਲ ਗੁੜ ਵਾਲੇ ਪੀਲੇ,
ਚਾਹ ਨਾਲ ਖਾਵਾਂਗਾ ਮੈਂ।
ਖ਼ੁਸ਼ੀਆਂ, ਸੁੱਖ ਸ਼ਾਂਤੀ ਬਖਸ਼ੇ ਦਾਤਾ,
ਗੁਣ ਉਸ ਦੇ ਗਾਵਾਂਗਾ ਮੈਂ।
ਸਿਰ ਸਜਾ ਦਸਤਾਰ ਸੋਹਣੀ,
ਕੁੜਤਾ ਪਜਾਮਾ ਪਾਵਾਂਗਾ ਮੈਂ।
ਨਾ ਵਰਤੋਂ ਡੋਰ ਚਾਈਨਾ,
ਲਿਖ ਲਿਖ ਸਮਝਾਵਾਂਗਾ ਮੈਂ।

—ਸਰਬਜੀਤ ਸੰਗਰੂਰਵੀ



ਸੁਖਪ੍ਰੀਤ ਕੌਰ, ਅੱਠਵੀਂ, ਬਾਬਾ ਫਰੀਦ ਪਬਲਿਕ ਸਕੂਲ, ਫਰੀਦਕੋਟ



ਸੁਖਪ੍ਰੀਤ ਕੌਰ, ਅੱਠਵੀਂ, ਬਾਬਾ ਫਰੀਦ ਪਬਲਿਕ ਸਕੂਲ, ਫਰੀਦਕੋਟ





ਸਾਨੀਆ ਮੋਹਨ, ਚੌਥੀ, ਇਕਲਵਿਆ ਸਕੂਲ, ਜਲੰਧਰ





ਸ਼ਗੁਨ ਮੋਹਨ, ਛੇਵੀਂ, ਇਕਲਵਿਆ ਸਕੂਲ, ਜਲੰਧਰ



ਨਿਮਰਤ ਕੌਰ, ਯੂ ਕੇ ਜੀ, ਸੇਕਰਡ ਹਾਰਟ ਕਾਨਵੈਂਟ ਸਕੂਲ, ਠੱਕਰਪੁਰ, ਪੱਟੀ